# ਦਰਸਨੁ ਦੇਖਣੈ ਕਾ ਚਾਉ

## ਬੀਬੀ ਗੁਰਦੀਪ ਕੌਰ ਜੀ ਦੀਆਂ ਜੀਵਨ ਝਲਕਾਂ



ਸੁਸ਼ੀਲ ਕੌਰ

# Darshan Dekhne Ka Chao

By Sushil Kaur

ਸਭ ਹੱਕ ਰਾਖਵੇਂ ਹਨ

ਪਹਿਲੀ ਵਾਰ ੨੦੧੦

ਕੰਪਿਊਟਰ ਸੈਟਿੰਗ
ਫੌਜ ਪ੍ਰੋਡਕਸ਼ਨ
(ਅੰਮ੍ਰਿਤਪਾਲ ਸਿੰਘ ਤੇ ਤੇਜਿੰਦਰ ਪਾਲ ਸਿੰਘ)

www.hemkuntgurdeepkaur.com

ਛਾਪਕ
ਕਪੂਰ ਪ੍ਰਿਟਿੰਗ ਪ੍ਰੈਸ
ਜਲੰਧਰ

# ਸਮਰਪਿਤ

ਪੁੱਠੀਆਂ ਖੱਲਾਂ ਲੁਹਾਣ ਵਾਲੇ
ਦਸ਼ਮੇਸ਼ ਪਿਤਾ ਦੇ ਸ਼ੇਰ ਪੁੱਤਰ ਭਾਈ ਜੈ ਸਿੰਘ
ਅਤੇ ਉਸਦੇ ਸਾਥੀਆਂ ਨੂੰ ,
ਜਿਨ੍ਹਾਂ ਨੇ ਸਮੇ ਦੇ ਜ਼ੁਲਮੀ ਹਾਕਮਾਂ ਨੂੰ
'ਜਗਤ ਗੁਰ ਸੁਆਮੀ'
ਕਹਿਣ ਦੀ ਥਾਂ
'ਕਲਿਜੁਗ ਕੇ ਕਾਮੀ'
ਕਹਿਣ ਦਾ ਜੇਰਾ ਕੀਤਾ
ਅਤੇ ਅਣਮਨੁੱਖੀ ਤਸ਼ੱਦਦ ਸਹਾਰਦਿਆਂ
ਸਿੱਖ ਇਤਿਹਾਸ ਦੇ ਸ਼ਹੀਦੀਆਂ
ਅਤੇ ਕੁਰਬਾਨੀਆਂ ਭਰੇ ਨੂਰਾਨੀ ਇਤਿਹਾਸ ਵਿਚ
ਸੁਨਹਿਰੀ ਪੰਨੇ ਹੋਰ ਜੜ ਦਿੱਤੇ।

ਤਤਕਰਾ


੧ ਸੱਚੀ ਸੇਵਾ.................................................. ੭
੨ ਝਾਤ..................................................੯
੩ ਬੀਬੀ ਗੁਰਦੀਪ ਕੌਰ........................................੧੧
੪ ਏਕ ਪਲਕ ਸੁਖ ਸਾਧ ਸਮਾਗਮ ਕੋਟ ਬੈਕੁੰਠਹ ਪਾਂਏ............੧੩
੫ ਗੁਰ ਨਾਨਕ ਮਿਲਿਆ ਆਇ....................................੨੦
੬ ਸੁਨਹੁ ਲੋਕਾ ਮੈ ਪ੍ਰੇਮ ਰਸ ਪਾਇਆ...............................੨੬
੭ ਮੌਤ ਦੇ ਸੁਨਹਿਰੇ ਪਲ...........................................੩੧
੮ ਦਰਸਨੁ ਦੇਖਣੈ ਕਾ ਚਾਉ......................................੩੮
੯ ਭਾਈ ਸੁਰਿੰਦਰ ਸਿੰਘ ਜੀ........................................੪੩
੧੦ ਗੁਰੂ ਮਾਂ...................................................੪੫
੧੧ ਸੁੰਦਰ ਕਲਪਨਾ ਦੀ ਤਸਵੀਰ..................................੪੫
੧੨ ਸਰਦਾਰ ਤਰਸੇਮ ਸਿੰਘ ਅਤੇ ੧੯੮੪ ਦੇ ਦੰਗੇ................੫੫
੧੩ ਕੇਸਰੀ ਕੇਸਕੀ................................................੬੮
੧੪ ਸੁਗੰਧੀਆਂ...................................................੭੦
੧੫ ਅਮਲੀ ਰਿਖਸ਼ੇ ਵਾਲਾ.........................................੭੭
੧੬ ਪ੍ਰਗਟ ਗੁਰਾਂ ਕੀ ਦੇਹਿ.........................................੮੦
੧੭ ਸਾਈਕਲ ਸਵਾਰ...............................................੮੫

੧੮ ਭਾਈ ਲਾਭ ਸਿੰਘ....................................੯੪

੧੯ ਤੀਸਰਾ ਪ੍ਰਛਾਵਾਂ....................................੧੦੧

੨੦ ਘੋੜੇ ਵਾਲਾ ਲੜਕਾ....................................੧੦੪

੨੧ ਦੇਹਿ ਸ਼ਿਵਾ ਬਰ ਮੋਹਿ ਇਹੈ..............................੧੦੫

੨੨ ਅਸੀਂ ਸਿੱਖ ਹਾਂ....................................੧੧੩

੨੩ ਰਾਮ ਤੇ ਸ੍ਰੀ ਰਾਮ ਚੰਦ੍ਰ ਜੀ..............................੧੧੮

੨੪ ਸ਼ਹੀਦ ਸਿੰਘ....................................੧੨੧

੨੫ ਬੇਗਮ ਪੁਰਾ....................................੧੪੩

੨੬ ਪਿਆਰੀ ਦਾ ਪਿਆਰਾ ਰਵਿਦਾਸ..........................੧੪੮

੨੭ ਬਾਬੇ ਨਾਨਕ ਦੀ ਗੁਰਗੱਦੀ ਤੇ ਰਵਿਦਾਸ....................੧੫੬

੨੮ ਜਿਨ੍ਹਾਂ ਪੁੱਠੀਆਂ ਖੱਲਾਂ ਲੁਹਾਈਆਂ..........................੧੭੨

੨੯ ਸਾਂਝੇ ਸਿਵਿਆਂ ਦੀ ਲੋਅ..............................੧੮੧

੩੦ ਬਲਿਹਾਰੀ ਕੁਦਰਤਿ ਵਸਿਆ..............................੧੮੭

੩੧ ਬ੍ਰਹਮੰਡੀ ਊਰਜਾ ਦਾ ਹੜ੍ਹ..............................੨੧੭

੩੨ ਦੋ ਸ਼ਬਦ....................................੨੨੧




ੴ ਸਤਿਗੁਰ ਪ੍ਰਸਾਦਿ

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ

RishiKesh UTTARANCHAL 0135 - 430229

Brigadier
JASWANT SINGH SANDHU
Chairman
Hemkunt Trust, Rishikesh
Ph. : 0135 - [illegible]


ਮਿਤੀ. 1-6-2010

## ਸੱਚੀ ਸੇਵਾ

ਬੀਬੀ ਸੁਸ਼ੀਲ ਕੌਰ ਨੇ ਇਹ ਕਿਤਾਬ ਲਿਖ ਕੇ ਸੱਚੀ ਸੇਵਾ ਕੀਤੀ ਹੈ। ਇਸ ਵੇਲੇ ਕੌਮ ਨੂੰ ਨਸ਼ਿਆਂ ਅਤੇ ਪਤਿਤ ਪੁਣੇ ਦੀਆਂ ਬੜੀਆਂ ਵੱਡੀਆਂ ਢਾਹਾਂ ਲੱਗੀਆਂ ਹੋਈਆਂ ਹਨ।ਸਾਡੀ ਨੌਜਵਾਨ ਪੀੜ੍ਹੀ ਗੁਰੂ ਘਰ ਨਾਲ ਸਬੰਧਿਤ ਸੱਚੀਆਂ ਸਾਖੀਆਂ ਤੋਂ ਮੁਨਕਰ ਹੀ ਨਹੀਂ ਸਗੋਂ ਕਈ ਵਾਰ ਉਨ੍ਹਾਂ ਦਾ ਮਜ਼ਾਕ ਉਡਾਉਂਦੀ ਵੀ ਦੇਖੀ ਗਈ ਹੈ।ਇਸ ਕਿਤਾਬ ਅੰਦਰ ਵਰਨਣ ਕੀਤੀਆਂ ਘਟਨਾਵਾਂ ਬਹੁਤ ਨੇੜੇ ਦੀਆਂ ਹਨ।ਤਾਜ਼ਾ ਹਨ।ਇਨ੍ਹਾਂ ਘਟਨਾਵਾਂ ਦੇ ਚਸ਼ਮਦੀਦ ਗਵਾਹ ਵੀ ਹਨ।ਇਸ ਲਈ ਇਸ ਕਿਤਾਬ ਵਿਚ ਲਿਖੀਆਂ ਸਚਾਈਆਂ ਤੋਂ ਸਾਡੇ ਬੱਚੇ ਨਾਂਹ ਨਹੀਂ ਕਰ ਸਕਦੇ।ਆਸ ਕੀਤੀ ਜਾਂਦੀ ਹੈ ਕਿ ਉਨ੍ਹਾਂ ਦਾ ਬਾਗੀ ਹੋਇਆ ਮਨ ਗੁਰਮਤਿ ਦੀ ਵਿਰੋਧਤਾ ਛੱਡ ਕੇ ਗੁਰੂ ਪ੍ਰੇਮ ਵਲ ਪ੍ਰੇਰਿਆ ਜਾਵੇਗਾ।।ਗੁਰਮਤਿ ਦੀ ਵਿਸ਼ੇਸ਼ਤਾ,ਮਹਾਨਤਾ ਅਤੇ ਵਡਿਆਈ ਤੋਂ ਜਾਣੂੰ ਹੋ ਸਕੇਗਾ।ਇਹ ਇਕ ਬੜੀ ਵੱਡੀ ਸਫਲਤਾ ਹੋਵੇਗੀ।

ਬੀਬੀ ਗੁਰਦੀਪ ਕੌਰ ਜੀ ਰਿਸ਼ਤੇ ਵਿਚ ਮੇਰੇ ਚਾਚੀ ਜੀ ਸਨ।ਹੇਮ ਕੁੰਟ ਸਾਹਿਬ ਪਰ ਵਰਤੀਆਂ ਅਚੰਭੇ ਵਾਲੀਆਂ ਘਟਨਾਵਾਂ ਮੈਨੂੰ ਦੱਸਦੇ ਰਹਿੰਦੇ ਸਨ।ਮੇਰਾ ਆਪਣਾ ਵੀ ਹੇਮਕੁੰਟ ਸਾਹਿਬ ਨਾਲ ਪਿਛਲੇ ੪੦ ਸਾਲਾਂ ਦਾ ਸਬੰਧ ਹੈ। ਇਸ ਲਈ ਕਿਤਾਬ ਵਿਚ ਲਿਖੀਆਂ ਗਈਆਂ ਘਟਨਾਵਾਂ ਦੀ ਸਚਾਈ ਦਾ ਮੈਨੂੰ ਪੂਰਾ ਪਤਾ ਹੈ।

ਜਿਥੇ ਮੈਂ ਸੁਸ਼ੀਲ ਕੌਰ ਨੂੰ ਇਹ ਕਿਤਾਬ ਲਿਖਣ ਦੀ ਮੁਬਾਰਕਬਾਦ ਦਿੰਦਾ ਹਾਂ, ਉਥੇ ਮੈਂ ਅਬਰੇ ਰਹਿਮਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕਰਦਾ ਹਾਂ,ਕਿ ਉਹ ਸੁਸ਼ੀਲ ਕੌਰ ਨੂੰ ਲੰਬੀ ਆਯੂ ਬਖ਼ਸ਼ਣ ਅਤੇ ਕੌਮ ਦੀ ਹੋਰ ਸੇਵਾ ਕਰਨ ਦਾ ਬਲ ਬਖਸ਼ਣ।

ਜਸਵੰਤ ਸਿੰਘ ਸੰਧੂ(ਬਰਿਗੇਡੀਅਰ)

ਪ੍ਰਧਾਨ

ਹੇਮਕੁੰਟ ਟਰੱਸਟ

# ਝਾਤ

ਕਾਲੇ ਸਿਆਹ ਬਦਲਾਂ ਵਿਚੋਂ ਚੰਨ ਨੇ 'ਝਾਤ..!' ਕਿਹਾ।ਜਿਸਨੇ ਇਹ ਨਜ਼ਾਰਾ ਦੇਖ ਲਿਆ,ਉਸਨੇ ਰੰਗ ਮਾਣ ਲਿਆ।ਉਹ ਤਾਂ ਨਿੱਤ ਕਾਲੀਆਂ ਘਟਾਵਾਂ ਦਾ ਸੀਨਾ ਚੀਰ ਚੀਰ ਸੋਹਣੇ ਚੰਨ ਦਾ ਮੂੰਹ ਦੇਖਣ ਲਈ ਹੱਥ ਪੈਰ ਮਾਰਨ ਲੱਗਿਆ।ਚੰਨ-ਮੁੱਖੜੇ ਦੇ ਦਰਸ਼ਨ ਝਲਕਾਰੇ ਦੇ ਗੀਤ ਗਾਉਣ ਲੱਗਿਆ।ਭਲਾ.. !ਉਹ ਚੰਨ ਦੀ ਹੋਂਦ ਤੋਂ ਮੁਨਕਰ ਕਿਵੇਂ ਹੋ ਸਕੇ?ਪਰ ਜਿਸਨੇ 'ਝਾਤ..!'ਦਾ ਨਜ਼ਾਰਾ ਦੇਖਿਆ ਹੀ ਨਹੀਂ,ਉਸਨੂੰ ਚੰਦ੍ਰਮਾ ਦੀ ਗੱਲ ਉਤੇ ਵਿਸ਼ਵਾਸ ਕਿਵੇਂ ਆਵੇ?ਉਹ ਤਾਂ ਚੰਦ ਦੀਆਂ ਗੱਲਾਂ ਕਰਨ ਵਾਲੇ ਦਾ ਮਖੌਲ ਉਡਾਏਗਾ..।'ਝਾਤ..!'ਦੇ ਨਜ਼ਾਰੇ ਉਤੇ ਮਰ ਮਿਟਣ ਵਾਲੇ ਨੂੰ ਪਾਗਲ ਕਹੇਗਾ।

ਇਹ ਵੀ ਤਾਂ ਹੋ ਸਕਦਾ ਹੈ ਕਿ ਕੋਈ ਮਖੌਲ ਓਡਾਉਣ ਦੀ ਥਾਂ,ਜਾਂ ਪਾਗਲ ਕਹਿਣ ਦੀ ਥਾਂ 'ਝਾਤ' ਵਾਲੀ ਗੱਲ ਉਤੇ ਯਕੀਨ ਕਰ ਲਵੇ ਤੇ ਫਿਰ ਆਪਣੇ ਮਨ-ਅਕਾਸ਼ ਉਤੇ ਚੜ੍ਹੀ ਜਨਮਾਂ ਜਨਮਾਂ ਦੇ ਪਾਪਾਂ ਦੀ ਮੈਲ ਨੂੰ ਚੰਨ-ਪ੍ਰੀਤਮ ਦੀ ਯਾਦ ਵਿਚ ਬ੍ਰਿਹੜੇ ਦੇ ਸੁੱਚੇ ਹੰਝੂਆਂ ਦੀ ਝੜੀ ਲਗਾ ਕੇ ਸਾਫ ਸੁਥਰਿਆਂ ਕਰ ਲਵੇ।ਸੇਵਾ ਸਿਮਰਨ ਦੀ ਘਾਲਣਾ ਨਾਲ ਮਨ-ਵੇਹੜਾ ਸੰਵਾਰ ਲਵੇ।ਚੰਨ ਮਾਹੀ ਆਵੇ...!ਚੰਨ-ਚਾਨਣੀ ਦੀਆਂ ਰੰਗਲੀਆਂ ਖੇਡਾਂ ਨਾਲ ਉਸਨੂੰ ਭਾਗ ਲਾਵੇ ਤੇ ਫਿਰ...ਉਹ ਤਾਂ ਬੱਸ ਆਪਣੇ ਚੰਨ ਦੀ ਚਕੋਰੀ ਬਣ ਕੇ ਹੀ ਰਹਿ ਜਾਵੇ।ਰਹਿ ਨਾ ਸਕੇ ਚੰਨ ਬਾਝੋਂ।ਜੀਅ ਨਾ ਸਕੇ ਚੰਨ ਤੋਂ ਬਿਨਾ।ਲਗਨ ਵਿਚ ਲੀਨ ਹੋਈ ਚਕੋਰੀ ਤੋਂ ਹਿੱਲ ਨਾ ਹੋਵੇ ਤੇ ਉਸਦੀ ਧੌਣ ਆਪਣੇ ਆਪ ਉਸੇ ਪਾਸੇ ਹੀ ਮੁੜੀ ਜਾਵੇ..ਜਿੱਧਰ ਉਸਦਾ ਚੰਨ ਜਾਂਦਾ ਪਿਆ ਹੋਵੇ।

ਬੀਬੀ ਗੁਰਦੀਪ ਕੌਰ ਜੀ ਦੇ ਜੀਵਨ ਦੀਆਂ ਇਲਾਹੀ ਝਾਤਾਂ...!ਜਿਨ੍ਹਾਂ ਰਾਹੀਂ ਉਸਦੇ ਸੋਹਣੇ ਚੰਨ ਨੇ ਉਸਦੀ ਪਤੰਗ ਨੂੰ ਧੁਰ ਅਸਮਾਨੀ ਚੜ੍ਹਇਆ ਤੇ ਪ੍ਰੇਮ-ਖਿੱਚਾਂ ਦੇ ਤੁਣਕੇ ਮਾਰ ਮਾਰ ਉਸਨੂੰ ਉਸਦੀ ਅਪੂਰਣਤਾ ਵਿਚੋਂ ਕੱਢ ਕੇ ਆਪਣੀ ਪੂਰਣਤਾ ਦੀਆਂ ਛੋਹਾਂ ਬਖਸ਼ੀਆਂ।

ਉਸ ਮਿੱਠੜੇ ਚੰਨ ਦੀਆਂ ਝਾਤਾਂ ਦਾ ਵਰਨਣ ਕਰਨ ਦੀ ਹਿੰਮਤ ਮੇਰੇ ਵਿਚ ਕਿੱਥੇ?ਇਹ ਤਾਂ ਉਸ ਨੂਰੋ ਨੂਰ ਮਾਹੀ ਦੀ ਰੰਗ ਰੰਗੇਤੜੀ ਬੀਬੀ ਗੁਰਦੀਪ ਕੌਰ ਜੀ ਦੀ ਹੱਲਾ ਸ਼ੇਰੀ ਸੀ,ਜਿਸਨੇ ਮੇਰੇ ਹੱਥ ਕਲਮ ਫੜਾ ਦਿੱਤੀ ਤੇ ਮੈ ਅੱਜ ਉਸ ਦੀਆਂ ਯਾਦਾਂ ਦੇ ਖਜਾਨੇ ਵਿਚੋਂ ਕੁਝ ਸੁੱਚੇ ਮੋਤੀ ਚੁਗ ਕੇ,ਸੰਗਤਾਂ ਦੇ ਚਰਨਾਂ ਵਿਚ ਭੇਟ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ।

ਮੈ ਆਪਣੇ ਪ੍ਰਭਾਵਾਂ ਨੂੰ ਪੂਰੀ ਤਰ੍ਹਾਂ ਪ੍ਰਗਟ ਕਰਨ ਵਿਚ ਅਸਮਰੱਥ ਰਹੀ ਹਾਂ।ਇਸ ਦਾ ਕਾਰਨ ਇਹ ਹੈ ਕਿ ਮੈ ਜੀਵਨ ਦੇ ਹਰ ਪੱਖ ਨੂੰ ਬੀਬੀ ਜੀ ਦੀਆਂ ਨਜ਼ਰਾਂ ਨਾਲ ਦੇਖਦੀ ਹੋਈ ਨੇ ਸਚਾਈ ਲਿਖਣ ਦੀ ਕੋਸ਼ਿਸ਼ ਕੀਤੀ ਹੈ।ਹੋਰ ਵੀ ਬਹੁਤ ਸਾਰੀਆਂ ਖਾਮੀਆਂ ਰਹਿ ਗਈਆਂ ਹੋਣਗੀਆਂ।ਜਿਨ੍ਹਾਂ ਲਈ ਮੈ ਖਿਮਾ ਦੀ ਜਾਚਿਕ ਹਾਂ।

ਸਤਿਗੁਰੂ ਜੀ ਦੇ ਦਾਸਾਂ ਦੀ ਦਾਸ ਦਾਸਰੀ

ਸੁਸ਼ੀਲ ਕੌਰ

# ਬੀਬੀ ਗੁਰਦੀਪ ਕੌਰ ਜੀ



ਬੀਬੀ ਗੁਰਦੀਪ ਕੌਰ ਜੀ ਦੇ ਮਾਤਾ ਪਿਤਾ ਧਾਰਮਿਕ ਖਿਆਲਾਂ ਦੇ ਸਨ। ਉਨ੍ਹਾਂ ਦੇ ਪਿਤਾ ਜੀ ਸਰਦਾਰ ਬਹਾਦਰ ਸਰਦਾਰ ਧਰਮ ਸਿੰਘ ਜੀ ਅੰਗਰੇਜ਼ਾਂ ਦੀ ਹਕੂਮਤ ਸਮੇ ਆਨਰੇਰੀ ਮੈਜਿਸਟ੍ਰੇਟ ਸਨ।ਸਿੰਘ ਸਭਾ ਲਹਿਰ ਵਿਚ ਉਨ੍ਹਾਂ ਨੇ ਮਹਤੱਵ ਪੂਰਨ ਯੋਗ ਦਾਨ ਪਾਇਆ। ਖਾਲਸਾ ਕਾਲਜ ਅੰਮ੍ਰਿਤਸਰ ਅਤੇ ਹੋਰ ਕਈ ਖਾਲਸਾ ਸਕੂਲਾਂ ਦੀ ਸਥਾਪਨਾ ਲਈ ਉਨ੍ਹਾਂ ਨੇ ਕਰੜੀ ਘਾਲਣਾ ਘਾਲੀ।ਬੀਬੀ ਜੀ ਨੂੰ ਧਾਰਮਿਕ ਵੀਚਾਰ ਤਾਂ ਵਿਰਸੇ ਵਿਚੋਂ ਹੀ ਮਿਲੇ ਹੋਏ ਸਨ।ਪਰ ਜਦੋਂ ਉਨ੍ਹਾਂ ਨੇ ਵਿਧਵਾ ਜੀਵਨ ਵਿਚ, ਦੀਨ-ਦੁਨੀਆਂ ਦੇ ਮਾਲਿਕ ਨੂੰ ਹੀ ਆਪਣਾ ਸੱਚਾ ਸੁਹਾਗ ਮੰਨ ਲਿਆ ਤਾਂ ਉਨ੍ਹਾਂ ਦਾ ਜੀਵਨ **ਇਸ਼ਕ ਹਕੀਕੀ** ਦੇ ਮਜੀਠੇ ਰੰਗਾਂ ਨਾਲ ਭਰ ਗਿਆ।ਉਨ੍ਹਾਂ ਦੀਆਂ ਅਖੀਆਂ ਵਿਚੋਂ ਵਗਦੀਆਂ ਪ੍ਰੇਮ-ਹੰਝੂਆ ਦੀਆਂ ਧਾਰਾਂ ਇਸ ਗਲ ਦੀ ਗਵਾਹੀ ਭਰਦੀਆਂ ਸਨ ਕਿ ਸੰਤਾਂ ਦੇ ਮਾਰਗ ਉਤੇ ਚਲਣ ਵਾਲੀ ਅਤੇ ਧਰਮ ਦੀ ਪਉੜੀ ਚੜ੍ਹਨ ਵਾਲੀ ਉਸ ਵਡਭਾਗਣ ਨੇ ਆਪਣੀ ਦਿਵਾਨਗੀ ਦੇ ਸਹਾਰੇ ਖੰਡਾਂ-ਬ੍ਰਹਮੰਡਾਂ ਦੇ ਵਾਲੀ ਨੂੰ ਪਾਉਣ ਲਈ ਉਚੀਆਂ ਉਡਾਰੀਆਂ ਮਾਰੀਆਂ ਹਨ,ਵਸਲ-ਰਸ ਦੀ ਮਿਠਾਸ ਨਾਲ ਮੂੰਹ ਮਿੱਠਾ ਕੀਤਾ ਹੈ ਤੇ ਪ੍ਰੀਤ-ਮਿਲਣੀਆਂ ਦੇ ਅਨੰਦ-ਮਈ ਪਲ ਹੰਢਾਏ ਹਨ।ਦਰਸ਼ਨ-ਝਲਕਾਂ ਦੀਆਂ ਗਲਾਂ ਕਰਦੇ ਹੋਏ,ਜਦੋਂ ਉਹ ਅਖੀਆਂ ਬੰਦ ਕਰਕੇ ਲਿਵ ਲੀਨ ਹੋ ਜਾਂਦੇ ਤਾਂ ਉਨ੍ਹਾਂ ਦਾ ਚੇਹਰਾ ਤਪ-ਸਾਧਨਾਂ ਦੀ ਸੂਹੀ ਚਮਕ ਨਾਲ ਲਿਸ਼ਕ ਜਾਂਦਾ ਸੀ।ਉਨ੍ਹਾਂ ਦੀ ਸੋਚ ਗੁਰਮਤਿ ਦੀ ਸੋਚ ਸੀ।ਜੀਵਨ-

ਖੇਡ ਦੀ ਹਰ ਬਾਜੀ ਨੂੰ ਉਹ ਗੁਰਬਾਣੀ ਦੇ ਝਰੋਖੇ ਥਾਣੀ ਦੇਖਦੇ ਸਨ।ਉਨ੍ਹਾਂ ਦੇ ਮਿੱਠੇ ਬੋਲਾਂ ਵਿਚ ਗੁਰਬਾਣੀ ਦਾ ਅਸਰ ਸੀ।

ਕਈ ਲੋਕ ਰੂਹਾਨੀ ਜੀਵਨ ਦੀਆਂ ਅਲੌਕਿਕ ਗੱਲਾਂ ਛੁਪਾਣ ਵਿਚ ਹੀ ਬਿਹਤਰੀ ਸਮਝਦੇ ਹਨ ਪਰ ਬ੍ਰਿਹੋਂ ਚੋਟਾਂ ਖਾਣ ਵਾਲੀ ਉਸ **ਸੱਚੀ ਸੁਹਾਗਣ** ਦਾ ਵਿਸ਼ਵਾਸ ਸੀ ਕਿ ਜੇਕਰ ਗੁਰੂ ਦੀ ਅਪਾਰ ਕ੍ਰਿਪਾ ਦੁਆਰਾ ਕੋਈ ਕ੍ਰਿਸ਼ਿਮਾਂ ਦੇਖਣ ਦਾ ਅਨੁਭਵ ਪ੍ਰਾਪਤ ਹੁੰਦਾ ਹੈ ਤਾਂ ਗੁਰੂ-ਚਰਨਾਂ ਨਾਲ ਜੁੜੀਆਂ ਸੰਗਤਾਂ ਵਿਚ ਬੈਠ ਕੇ ਗੁਰੂ-ਪ੍ਰੇਮ ਦੀ ਗੱਲ ਸਾਂਝੀ ਕਰਨੀ ਚਾਹੀਦੀ ਹੈ।ਗੁਰੂ-ਪ੍ਰੇਮ ਦੀ ਸੁਗੰਧੀ ਖਿਲਾਰ ਕੇ ਹੀ ਅਸੀਂ ਦੂਜਿਆਂ ਨੂੰ ਗੁਰਮਤਿ ਵਲ ਪ੍ਰੇਰਨ ਵਿਚ ਕਾਮਯਾਬ ਹੋ ਸਕਦੇ ਹਾਂ।ਕੀ ਜਾਣੀਏ ? ਕਦੋਂ ਕੋਈ ਗੁਰੂ-ਪ੍ਰੇਮ ਦੀ ਗੱਲ ਸੁਣ ਕੇ ਸਤਿਗੁਰਾਂ ਦੇ ਪ੍ਰੇਮ ਦਾ ਕਿਣਕਾ ਮਨ ਵਿਚ ਵਸਾ ਲਵੇ ਤੇ ਗੁਰੂ ਪ੍ਰੇਮ ਦੀ ਮਹਿਕ ਦੇ ਪਿਛੇ ਲੱਗ ਤੁਰੇ...।

ਉਹ ਜਬਰ-ਜੁਲਮ ਦੇ ਭਿਅੰਕਰ ਪਰਬਤਾਂ ਨਾਲ ਟੱਕਰਾਂ ਲੈਣ ਵਾਲੇ ਕਲਗੀਧਰ ਦੇ ਸ਼ੇਰ ਪੁੱਤਰਾਂ ਵੱਲ ਰੀਝ ਰੀਝ ਕੇ ਦੇਖਦੇ ਸਨ।ਸੱਚ ਦੇ ਰਾਹੀਆਂ ਨੂੰ ਤਸੀਹਿਆਂ ਦੇ ਬੇਲਣੇ ਵਿਚ ਪੀੜ ਹੁੰਦਾ ਦੇਖ ਕੇ ਕਹਿੰਦੇ ਸਨ,-" **ਜਿਹੜਾ ਗੰਨਾਂ ਬੇਲਣੇਂ ਵਿਚ ਪੀੜ ਹੋਵੇਗਾ,ਰਸ ਉਸੇ ਵਿਚੋਂ ਹੀ ਨਿਕਲੇਗਾ...।ਜਿਹੜਾ ਪੀੜ ਹੋਣ ਦੇ ਡਰ ਤੋਂ ਖੇਤ ਵਿਚ ਖੜ੍ਹਾ ਫਿਕਰਾਂ ਝੋਰਿਆਂ ਵਿਚ ਹੀ ਗਲ ਕੇ ਸੜ ਗਿਆ ਉਸ ਨੇ ਕਿਸੇ ਦੇ ਕੰਮ ਨਹੀਂ ਆਉਣਾਂ...।**"


ਯਤੀਮੀ ਦੇ ਸੇਕ ਨਾਲ ਲੂਸਦੇ ਬੱਚਿਆਂ ਲਈ ਉਹ ਦਾਦੀ ਮਾਂ ਦੀ ਠੰਡੀ ਮਿੱਠੀ ਛਾਂ ਬਣ ਕੇ ਬਹੁੜਦੇ ਸਨ।ਉਨ੍ਹਾਂ ਦੀ ਕਠਿਨ ਤੇ ਅਣਥੱਕ ਮੇਹਨਤ ਨਾਲ ਮਰਦੀਆਂ ਮੁਕਦੀਆਂ ਜਿੰਦਾਂ ਵਿਚ ਨਵਾਂ ਜੀਵਨ ਪੁੰਗਰਦਾ ਸੀ।ਪੰਥ ਲਈ ਸਿੱਖੀ ਸਿਦਕ ਨਿਭਾਉਣ ਵਾਲੇ ਸ਼ਹੀਦਾਂ ਦੇ ਬੱਚਿਆਂ ਦੇ ਦੁਖਦੇ ਦਿਲਾਂ ਉਤੇ,ਜਦੋਂ ਉਹ ਹਮਦਰਦੀ ਦੇ ਫਹੇ ਰੱਖਦੇ ਸੀ ਤਾਂ ਸ਼ਹੀਦਾਂ ਦੇ ਲਾਵਾਰਸਾਂ ਨੂੰ ਆਪਣੇ ਵਿਰਸੇ ਵਿਚੋਂ ਮਿਲੀ ਸੂਰਮਗਤੀ ਦਾ ਅਹਿਸਾਸ ਹੁੰਦਾ ਸੀ।ਪਵਿੱਤਰ ਖੂਨ ਵਿਚ ਅਣਖ ਦੀ ਰੌਅ ਰੁਮਕਦੀ ਸੀ ਅਤੇ ਗੁਰਸਿੱਖੀ ਦੀਆਂ ਲੱਗਰਾਂ ਫੱਟਦੀਆਂ ਸਨ।

ਬੀਬੀ ਜੀ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਕਈਆਂ ਦੇ ਜੀਵਨ ਗੁਰਸਿੱਖੀ ਦੇ ਰੰਗ ਵਿਚ ਰੰਗੇ ਗਏ। ਬੇਮੁਖਾਂ ਦੇ ਜੀਵਨ ਵਿਚ ਗੁਰੂ-ਪ੍ਰੇਮ ਦੀ ਚੰਗਿਆੜੀ ਭਖਾਉਣੀ ਬਹੁਤ ਹੀ ਉਚੱਾ ਸੁੱਚਾ ਕਰਮ ਹੈ ਤੇ ਬੀਬੀ ਗੁਰਦੀਪ ਕੌਰ ਜੀ ਨੇ ਇਹ ਕਰਮ ਨਿਭਾਉਣ ਦਾ ਮੌਕਾ ਕਦੀ ਭੀ ਹੱਥੋਂ ਖੁੰਝਣ ਨਹੀਂ ਸੀ ਦਿੱਤਾ।

***********************************

# ਏਕ ਪਲਕ ਸੁਖ ਸਾਧ ਸਮਾਗਮ ਕੋਟ ਬੈਕੁੰਠਹ ਪਾਂਏ

ਕਿਸੇ ਮੈਗਜ਼ੀਨ ਵਿਚੋਂ ਮੇਰਾ ਲਿਖਿਆ ਹੋਇਆ ਲੇਖ ਪੜ੍ਹ ਕੇ ਬੀਬੀ ਗੁਰਦੀਪ ਕੌਰ ਜੀ ਨੇ ਉਸ ਮੈਗਜ਼ੀਨ ਦੇ ਸੰਪਾਦਕ ਕੋਲੋਂ ਮੇਰਾ ਥਹੁ-ਪਤਾ ਲਿਆ ਅਤੇ ਆਪਣੇ ਪਿੰਡ ਸਰਹਾਲੀ (ਤਰਨ ਤਾਰਨ)ਤੋਂ ਮੇਰੇ ਕੋਲ ਲੁਧਿਆਣੇ ਪਹੁੰਚੇ।ਜੁਲਾਈ ਮਹੀਨੇ ਦੇ ਹੁੰਮਸ-ਭਰੇ ਦਿਨ,ਲੰਬੇ ਪੈਂਡੇ ਗੱਛਦੀ ਆਈ ਬਜ਼ੁਰਗ ਸਰਦਾਰਨੀ ਦੇ ਹਾਵ-ਭਾਵ ਅਤੇ ਸੰਤਾਂ ਵਾਲੀ ਉਚੀ ਸੁੱਚੀ ਸੁਰਤੀ-ਬਿਰਤੀ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ।ਆਪਣੇ ਆਉਣ ਦਾ ਮਨੋਰਥ ਦਸਦੇ ਹੋਏ ਉਸ ਨੇ ਬੜੇ ਦ੍ਰਿੜ ਵਿਸ਼ਵਾਸ ਨਾਲ ਕਿਹਾ,-"**ਤੇਰੇ ਕੋਲੋਂ ਸੱਚੇ ਪਾਤਿਸ਼ਾਹ ਨੇ ਸੇਵਾ ਲੈਣੀ ਹੈ।ਤੂੰ ਹੇਮਕੁੰਟ ਸਾਹਿਬ ਵਾਰੇ ਕਿਤਾਬ ਲਿਖਣੀ ਹੈ।**" ਇਹ ਗੱਲ ਕਹਿੰਦਿਆ ਹੀ ਉਸਦੀਆਂ ਅੱਖੀਆਂ ਮੁੰਦ ਹੋ ਗਈਆਂ।ਇਲਾਹੀ ਮੰਡਲਾਂ ਦੀ ਵਸਨੀਕ,ਜਾ ਪਹੁੰਚੀ ਆਪਣੇ ਪਿਆਰੇ ਪ੍ਰੀਤਮ ਕੋਲ..ਤੇ ਰੰਗੀ ਗਈ, ਰੂਹ ਦੀਆਂ ਗਹਿਰਾਈਆਂ ਤੱਕ।ਸੁੱਧ ਬੁੱਧ ਬਿਸਰਾਈ ਆਪਣੇ ਰੰਗਲੇ ਕੰਤ ਦੀਆਂ ਰੰਗਲੀਆਂ ਬਾਤਾਂ ਸੁਣਾਈ ਜਾਵੇ..।ਪ੍ਰਭੂ-ਪ੍ਰੀਤਮ ਦੀਆਂ ਦਰਸ਼ਨ ਝਲਕਾਂ ਬਾਰੇ ਦੱਸਦਿਆਂ ਉਸਦੇ ਪ੍ਰੇਮ-ਵੈਰਾਗ ਦੇ ਹੰਝੂ ਸੁੱਚੇ ਮੋਤੀਆਂ ਦੀਆਂ ਲੜੀਆਂ ਬਣ ਬਣ ਉਸਦੇ ਗੋਰੇ ਨੂਰਾਨੀ ਮੁੱਖ ਉਤੇ ਸਜਣ ਲੱਗੇ।ਦੁਸ਼ਟ ਦਮਨ ਦੇ ਪਿਆਰ ਵਿਚ ਭਿੱਜੀ ਹੋਈ, ਤਪ-ਸਥਾਨ ਦੇ ਸੋਹਣੇ ਨਜ਼ਾਰਿਆਂ ਦਾ ਵਰਣਨ ਇਸ ਤਰ੍ਹਾਂ ਕਰਨ ਲੱਗੀ..।ਜਿਵੇਂ ਉਹ ਸਭ ਕੁਝ ਅੱਖੀਂ ਦੇਖ ਰਹੀ ਹੋਵੇ ਤੇ ਉਸਦਾ ਪਿਆਰਾ ਪ੍ਰੀਤਮ ਉਸਨੂੰ ਦਰਸ਼ਨ ਦੇ ਕੇ ਰੀਝਾ ਰਿਹਾ ਹੋਵੇ ।ਯਾਦਾਂ ਵਿਚ ਹੀ ਐਨੀ ਲੀਨ ਹੋ ਗਈ ਕਿ ਉਨ੍ਹਾਂ ਘਟਨਾਵਾਂ ਨੂੰ ਆਪਣੇ ਆਪ ਉਤੇ ਵਾਪਰਦਾ ਮਹਿਸੂਸ ਕਰਦੀ ਹੋਈ ਨਜਰ ਆਉਣ ਲੱਗੀ।



ਬੀਬੀ ਜੀ ਦੀਆਂ ਗੱਲਾਂ ਬੜੀਆਂ ਦਿਲਚਸਪ ਲਗ ਰਹੀਆਂ ਸੀ ਪਰ ਮੈਂ ਕਦੀ ਹੇਮ-ਕੁੰਟ ਸਾਹਿਬ ਦੀ ਯਾਤਰਾ ਨਹੀਂ ਸੀ ਕੀਤੀ।ਇਸ ਲਈ ਕਿਤਾਬ ਲਿਖਣ ਦੀ ਗਲ ਸੰਭਵ ਨਹੀਂ ਸੀ ਲੱਗ ਰਹੀ।ਹਨੇਰਾ ਪੈਂਦਾ ਦੇਖ ਉਹ ਆਪਣੀ ਸਤਸੰਗਣ ਦੇ ਘਰ ਜਾਣ ਲਈ ਤਿਆਰ ਹੋ ਗਏ।ਵਿਦਾ ਕਰਨ ਲਗਿਆਂ ਜਦੋਂ ਮੈਂ ਉਨ੍ਹਾਂ ਨੂੰ ਨਾਲ ਲੈ ਕੇ ਘਰ ਦੇ ਗੇਟ 'ਤੇ ਪਹੁੰਚੀ ਤਾਂ ਹੇਮ-ਕੁੰਟ ਸਾਹਿਬ ਬਾਰੇ ਕੁਝ ਨਾ ਲਿਖ ਸਕਣ ਦੀ ਬੇਬਸੀ ਦੱਸੀ।ਪਰ ਉਨ੍ਹਾਂ ਨੇ ਮੇਰੀ ਗਲ ਵਲ ਕੋਈ ਧਿਆਨ ਹੀ ਨਾ ਦਿੱਤਾ ਤੇ ਸਤਿਗੁਰਾਂ ਦੀ ਯਾਦ ਵਿਚ ਅੱਖੀਆਂ ਮੀਟੀ ਆਪਣਾ ਇਕ ਹੱਥ ਉਚਾ ਕਰ ਕੇ ਕਿਹਾ,-"**ਗੁਰੂ ਨਾਨਕ ਦੇਵ ਜੀ ਦੇ ਹੱਥ ਵਿਚੋਂ ਤੈਨੂੰ ਪ੍ਰਕਾਸ਼ ਆਏਗਾ ਤੇ ਫਿਰ ਤੂੰ ਲਿਖੇਂਗੀ।**"ਇਹ ਕਹਿ ਕੇ ਉਹ ਚਲੇ ਗਏ।

ਦੂਜੇ ਦਿਨ ਮੈਨੂੰ ਪਤਾ ਨਹੀਂ ਕੀ ਹੋ ਗਿਆ।ਪਹਿਲਾਂ ਤਾਂ ਇਸ ਤਰ੍ਹਾਂ ਕਦੀ ਭੀ ਨਹੀਂ ਸੀ ਹੋਇਆ।ਮੇਰੀ ਨੀਂਦ ਇਕ ਘੰਟਾ ਪਹਿਲਾਂ ਹੀ ਖੁਲ੍ਹ ਗਈ।ਰੋਜ਼ਾਨਾ ਜ਼ਿੰਦਗੀ ਦੇ ਕਾਰ ਵਿਹਾਰ ਤੋਂ ਵੇਹਲੀ ਹੋ ਕੇ ਮੈਂ ਤਿਆਰ ਹੋਈ ਅਤੇ ਨੌਕਰੀ ਲਈ ਦੂਜੇ ਸ਼ਹਿਰ ਜਾਣ ਵਾਸਤੇ ਬੱਸ ਲੈਣ ਤੁਰ ਪਈ।ਪਰ ਅਜ ਸੜਕਾਂ ਦੇਖ ਕੇ ਕੁਝ ਅਜੀਬ ਜਿਹਾ ਲੱਗ ਰਿਹਾ ਸੀ। ਜਿਥੋਂ ਬੱਸ ਲੈਣੀ ਸੀ ਉਥੇ ਵੀ ਰੋਜ਼ ਮਿਲਣ ਵਾਲੀਆਂ ਸਵਾਰੀਆਂ ਵਿਚੋਂ ਕੋਈ ਨਜ਼ਰ ਨਹੀਂ ਸੀ ਆ ਰਿਹਾ । ਬੱਸ ਅੱਡੇ ਤੋਂ ਥੋੜੀ ਦੂਰ ਇਕ ਗੁਰਦਵਾਰੇ ਵਿਚੋਂ ਪਹਿਲਾਂ ਤਾਂ ਹਰ ਰੋਜ਼ ਇਸ ਵੇਲੇ ਕੀਰਤਨ ਦੀ ਅਵਾਜ਼ ਆਉਂਦੀ ਹੁੰਦੀ ਸੀ।ਅਜ ਓਧਰ ਵੀ ਚੁੱਪ ਦਾ ਵਰਤਾਰਾ ਸੀ। ਘੜੀ ਦੇਖੀ ਤਾਂ ਪਤਾ ਲੱਗਾ ਕਿ ਮੈਂ ਤਾਂ ਇਕ ਘੰਟਾ ਪਹਿਲਾਂ ਹੀ ਇਥੇ ਪਹੁੰਚ ਗਈ ਹਾਂ।ਆਪਣੀ ਗਲਤੀ ਦਾ ਅਹਿਸਾਸ ਹੋਇਆ।ਫਿਰ ਇਹ ਫੈਸਲਾ ਕੀਤਾ ਕਿ ਵਾਪਿਸ ਘਰ ਜਾਣ ਨਾਲੋਂ ਚੰਗਾ ਹੈ ਕਿ ਮੈਂ ਸਮਾਂ ਬਿਤਾਉਣ ਲਈ ਗੁਰਦੁਆਰੇ ਜਾ ਕੇ ਮੱਥਾ ਟੇਕ ਆਉਂਦੀ ਹਾਂ।

ਉਸ ਛੋਟੇ ਜਿਹੇ ਗੁਰਦੁਆਰੇ ਪਹੁੰਚੀ ਤਾਂ ਦੇਖਿਆ ਕਿ ਗ੍ਰੰਥੀ ਸਿੰਘ ਨਿਤਨੇਮ ਦੀ ਅਰਦਾਸ ਕਰਕੇ ਗੁਰਦੁਆਰੇ ਤੋਂ ਬਾਹਰ ਆ ਰਿਹਾ ਹੈ।ਰਾਗੀ ਸਿੰਘ ਹਾਲੇ ਪਹੁੰਚੇ ਨਹੀਂ ਸਨ।ਮੈਂ ਅੰਦਰ ਗਈ ਤਾਂ ਉਥੇ ਹੋਰ ਕੋਈ ਨਹੀਂ ਸੀ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿਚ ਮੱਥਾ ਟੇਕ ਕੇ ਜਦੋਂ ਸਿਰ ਉਪਰ ਚੁੱਕਿਆ ਤਾਂ ਮੇਰੀ ਨਜ਼ਰ ਕੰਧ ਉਤੇ ਲੱਗੀ ਸ੍ਰੀ ਗੁਰੂ ਨਾਨਕ ਦੇਵ ਜੀ ਫੋਟੋ ਉਤੇ ਪਈ ।ਇਕ ਝਟਕਾ ਜਿਹਾ ਵੱਜਿਆ,ਜਦੋਂ ਦੇਖਿਆ ਕਿ **ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੱਥ ਦੀ ਹਥੇਲੀ ਉਤੇ ਪ੍ਰਕਾਸ਼ ਦਾ ਇਕ ਟਿੱਕਾ ਜਗਮਗਾ ਰਿਹਾ ਹੈ।**ਆਪਣੀਆਂ ਹੀ ਨਜ਼ਰਾਂ ਉਤੇ ਯਕੀਨ ਨ ਆਵੇ।ਇਉਂ ਲੱਗੇ ਜਿਵੇਂ ਦਿਮਾਗ ਨੇ ਸੋਚਣਾ ਬੰਦ ਕਰ ਦਿੱਤਾ ਹੋਵੇ।।ਸਿਰ ਤੋਂ ਪੈਰਾਂ ਤੱਕ ਪ੍ਰੇਮ-ਝਰਨ੍ਹਾਟਾਂ ਦੀਆਂ ਲਹਿਰਾਂ ਚੱਲ ਪਈਆਂ।ਨਜ਼ਰਾਂ ਪ੍ਰਕਾਸ਼ ਦੇ ਟਿੱਕੇ ਵਿਚ ਟਿਕ ਗਈਆਂ।ਫਿਰ ਹੱਥ ਦੀ ਹਥੇਲੀ ਭੀ ਦਿਖਣੋ ਹਟ ਗਈ।ਟਿੱਕੇ ਦਾ ਪ੍ਰਕਾਸ਼ ਵਡਾ ਹੋਈ ਜਾਵੇ। ਮੇਰੀਆਂ ਨਜ਼ਰਾਂ ਨੂੰ ਖਿੱਚਦਾ ਹੋਇਆ ਕਿਸੇ ਹੋਰ ਹੀ ਅਗਮ-ਅਥਾਹ ਪ੍ਰਕਾਸ਼ ਦੇ ਅੰਬਾਰਾਂ ਵਲ ਲਈ ਜਾਵੇ।ਜਿਥੇ ਸਿਰਫ ਪ੍ਰਕਾਸ਼ ਹੀ ਪ੍ਰਕਾਸ਼ ਸੀ...ਅੱਤਿ ਸੋਹਲ ,ਸੁੰਦਰ...ਅੱਤਿ ਸੁਖਾਵਾਂ...!

ਪ੍ਰੇਮ-ਕੰਬਣੀਆਂ ਸੁੰਨ ਕਰੀ ਜਾਣ ਤੇ ਮੈਥੋਂ ਖੜ੍ਹਿਆਂ ਨਾ ਜਾਵੇ।ਮੈਂ ਬੈਠ ਗਈ ਉਥੇ ਹੀ..।ਪਤਾ ਨਹੀਂ ਕਿੰਨੀ ਕੁ ਦੇਰ ਬੈਠੀ ਰਹੀ।ਜਦੋਂ ਕੀਰਤਨੀਏ ਸਿੰਘਾਂ ਨੇ ਆ ਕੇ ਕੀਰਤਨ ਕਰਨਾ ਸ਼ੁਰੂ ਕੀਤਾ ਤਾਂ ਮੈਨੂੰ ਆਪਣੇ ਆਪ ਦੀ ਸੋਝੀ ਹੋਈ।

ਪ੍ਰਕਾਸ਼ ਦੀ ਝਲਕ ਆਪਣਾ ਰੰਗ ਦਿਖਾ ਕੇ ਅਲੋਪ ਹੋ ਗਈ ।ਕਰਾਮਾਤੀ ਢੰਗ ਨਾਲ ਬੀਬੀ ਜੀ ਦੇ ਬਚਨ ਸੱਚੇ ਹੋਣ ਦਾ ਖਿਆਲ ਆਇਆ ਤਾਂ ਮੈਂ ਸਭ ਕੁੱਝ ਭੁਲ ਭੁਲਾ ਕੇ,ਉਸ ਘਰ ਵਲ ਤੁਰ ਪਈ,ਜਿਥੇ ਉਨ੍ਹਾਂ ਨੇ ਰੈਣ-ਬਸੇਰਾ ਕਰਨਾ ਸੀ।ਜਾ ਕੇ ਬੜੀ ਉਤਸੁਕਤਾ ਨਾਲ ਬੀਬੀ ਜੀ ਨੂੰ ਉਨ੍ਹਾਂ ਦੇ ਬਚਨ ਸੱਚੇ ਹੋਣ ਦਾ ਸਾਰਾ ਬਿਰਤਾਂਤ ਸੁਣਾਉਣ ਪਿਛੋਂ ਇਉਂ ਲਗਿਆ ਜਿਵੇਂ **ਉਨ੍ਹਾਂ ਨੂੰ ਇਹ ਸਭ ਕੁਝ ਹੋ**

**ਜਾਣ ਦਾ ਪਹਿਲਾਂ ਹੀ ਯਕੀਨ ਸੀ।** ਉਨ੍ਹਾਂ ਅੱਖੀਆਂ ਮੀਟੀਆਂ ਤੇ ਦੋਨੋ ਹੱਥ ਜੋੜ ਕੇ ਪ੍ਰੇਮ-ਹੰਝੂਆਂ ਦੀ ਬੋਲੀ ਵਿਚ ਸਤਿਗੁਰਾਂ ਦੇ ਚਰਨਾ ਵਿਚ ਸ਼ੁਕਰਾਨੇ ਦੀ ਅਰਦਾਸ ਕੀਤੀ ਤੇ ਹਫਤੇ ਵਿਚ ਹੀ ਮੇਰੇ ਨਾਲ

ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦਾ ਪ੍ਰੋਗਰਾਮ ਬਣਾ ਲਿਆ। ਬੀਬੀ ਜੀ ਦੀਆਂ ਅਸੀਸਾਂ



ਪ੍ਰਾਪਤ ਕਰਕੇ ਮੈਨੂੰ ਇਉਂ ਲੱਗੇ ਜਿਵੇਂ ਇਲਾਹੀ ਪ੍ਰਕਾਸ਼ ਦੀ ਇੱਕ ਝਲਕ ਨੇ ਮੇਰੀ ਜਨਮਾ ਜਨਮਾ ਦੀ ਮੈਲ ਧੋ ਦਿੱਤੀ ਹੋਵੇ।ਤੇ ਮੈਂ ਨਵੀਂ ਨਰੋਈ ਹੋ ਗਈ ਹੋਵਾਂ।ਦੁਨਿਆਵੀ ਲਾਲਸਾਵਾਂ ਭੁੱਲ ਗਈਆਂ।ਦੁਸ਼ਟ-ਦਮਨ ਦੀ ਸਪਤ ਸ੍ਰਿੰਗ ਦੀ ਹੁਸੀਨ ਵਾਦੀ ਦੇ ਰੰਗ ਮਾਣ ਕੇ ਕੁਝ ਲਿਖਣ ਦੇ ਸੁਪਨੇ ਸਜਾਉਂਦੀ ਹੋਈ ਮੈਂ ਆਪਣੇ ਘਰ ਪਹੁੰਚੀ।ਜਦੋਂ ਪਰਿਵਾਰ ਅਤੇ ਰਿਸ਼ਤੇਦਾਰਾਂ ਵਿਚ ਇਸ ਗੱਲ ਦਾ ਪਤਾ ਲੱਗਿਆ ਤਾਂ ਕਿਸੇ ਨੂੰ ਵੀ ਚੰਗਾ ਨਾ ਲਗਿਆ।ਕੋਈ ਮੇਰਾ ਮਖੌਲ ਉਡਾਉਣ ਲੱਗਿਆ।ਕਿਸੇ ਨੇ ਕੋਸਣਾ ਸ਼ੁਰੂ ਕਰ ਦਿੱਤਾ ਤੇ ਇਕ ਨੇ ਤਾਂ ਇਹ ਭੀ ਕਹਿ ਦਿਤਾ ਕਿ ਬੀਬੀ ਗੁਰਦੀਪ ਕੌਰ ਰਿੱਧੀਆਂ ਸਿੱਧੀਆਂ ਦੇ ਚੱਕਰ ਵਿਚ ਫਸੀ ਹੋਈ ਹੈ ਤੇ ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਫੋਟੋ ਉਤੇ ਹੱਥ ਦੀ ਹਥੇਲੀ ਵਿਚੋਂ ਪ੍ਰਕਾਸ਼ ਦਿਖਾ ਕੇ ਆਪਣੇ ਪਿੱਛੇ ਲਗਾ ਲਿਆ ਹੈ ।

ਮੈਂ ਕਿਸੇ ਦੀ ਗੱਲ ਦਾ ਗੁੱਸਾ ਨਾ ਕੀਤਾ।ਸਭ ਦੀਆਂ ਸੁਣ ਕੇ ਮੇਰੇ ਮਨ ਵਿਚ ਇਹੀ ਖਿਆਲ ਆਇਆ ਕਿ ਕਲ੍ਹ ਤਕ ਮੈਂ ਭੀ ਤਾਂ ਅਜਿਹੀਆਂ ਗੱਲਾਂ ਨੂੰ ਰਿੱਧੀਆਂ ਸਿੱਧੀਆਂ ਕਹਿ ਕੇ ਨਿਖੇਧੀ ਕਰਦੀ ਸੀ।ਪਰ ਅਜ ਜਦੋਂ ਪ੍ਰਤੱਖ ਰੂਪ ਵਿਚ ਮੇਰੇ ਨਾਲ ਵਾਪਰ ਗਿਆ ਤਾਂ ਸਚਾਈ ਤੋਂ ਇਨਕਾਰ ਕਿਉਂ ਕਰਾਂ..?ਪ੍ਰਕਾਸ਼ ਦੀਆਂ ਕਿਰਨਾ ਨਾਲ ਠੰਡੇ-ਠਾਰ ਹੋਏ ਮੇਰੇ ਦਿਲ ਨੇ ਕਿਹਾ;-" ਬੀਬੀ ਜੀ ਨੇ ਤੈਨੂੰ ਦੁਨਿਆਵੀ ਭੁੱਖਾਂ ਦੇ ਖੂਹ ਵਿਚੋਂ ਬਾਹੋਂ ਫੜ ਕੇ,ਧੂਅ ਕੇ ਬਾਹਰ ਕੱਢਿਆ ਹੈ ਅਤੇ ਇਲਾਹੀ ਰੰਗਾਂ ਦੀ ਕਿਰਨ ਜਗਾ ਕੇ ਜੀਵਨ ਵਿਚ ਨਵਾਂ ਰੰਗ ਭਰਿਆ ਹੈ।ਹੁਣ ਤੂੰ ਪਿੱਛੇ ਮੁੜ ਕੇ ਨਾ ਦੇਖ ...!ਅੱਗੇ ਚੱਲ...!ਰਿੱਧੀਆਂ ਸਿੱਧੀਆਂ ਤੋਂ ਡਰਨ ਦੀ ਥਾਂ ਰਿੱਧੀਆ ਸਿੱਧੀਆਂ ਦੇ ਰਚਨਹਾਰੇ ਕਰਤਾ-ਪੁਰਖ ਅੱਗੇ ਅਰਦਾਸ ਕਰ...!**ਪਹਿਲਾਂ ਰਿੱਧੀਆਂ ਸਿੱਧੀਆਂ ਦੀ ਦਿਲਚਸਪ ਅਵਸਥਾ ਤਕ ਪਹੁੰਚ ਤਾਂ ਸਹੀ ...!"**

ਮੈਂ ਬੀਬੀ ਜੀ ਦੀ ਉਂਗਲੀ ਫੜ ਕੇ ਤੁਰ ਪਈ। ਉਨ੍ਹਾਂ ਦੀ ਸੰਗਤ ਵਿਚ ਹੇਮ ਕੁੰਟ ਸਾਹਿਬ ਦੀ ਯਾਤਰਾ ਕੀਤੀ।ਧੁਰ-ਦਰਗਾਹੋਂ ਬਖਸ਼ੀਆਂ ਸ਼ਖਸ਼ੀਅਤਾਂ ਕੋਲੋਂ ਉਨ੍ਹਾਂ ਦੀਆਂ ਹੱਡ ਬੀਤੀਆਂ (ਦਰਸ਼ਨ ਝਲਕਾਂ ਅਤੇ ਇਲਾਹੀ ਕੌਤਕ) ਸੁਣ ਕੇ 'ਅਲੌਕਿਕ ਝਲਕਾਂ ਸ੍ਰੀ ਹੇਮ ਕੁੰਟ ਸਾਹਿਬ'(ਪਹਿਲੇ ਛਪ ਚੁੱਕੀ ਕਿਤਾਬ )ਲਈ ਕਥਾ ਕਹਾਣੀਆਂ ਇਕੱਠੀਆਂ ਕਰਨ ਦੇ ਆਹਰੇ ਲੱਗ ਗਈ। ਭਗਤੀ ਭੰਡਾਰਾਂ ਨਾਲ ਮਾਲੋ ਮਾਲ ਹੋਏ ਪ੍ਰਾਣੀਆਂ ਨਾਲ ਮੇਲ ਮਿਲਾਪ ਕਰਵਾਉਣ ਲਈ,ਬੀਬੀ ਜੀ ਮੈਨੂੰ ਉਨ੍ਹਾਂ ਦਰਸ਼ਨ-ਅਭਿਲਾਖੀਆਂ

ਦੇ ਘਰੀਂ ਲੈ ਕੇ ਗਏ ਜਿਨ੍ਹਾਂ ਦੇ ਮੇਲ ਮਿਲਾਪ ਨਾਲ ਮਨ ਗੁਰੂ ਦੀਆਂ ਪ੍ਰੇਮ-ਡੋਰਾਂ ਵਿਚ ਬਝੱਦਾ ਗਿਆ।ਗੁਰਸਿੱਖੀ ਜੀਵਨ ਦੀਆਂ ਰਹਿਮਤਾਂ ਦੀ ਸੋਝੀ ਹੋਣ ਲੱਗੀ।ਸੁਆਰਥੀ ਲੋਕਾਂ ਦੀਆਂ ਠੱਗੀਆਂ ਧੋਖੇਬਾਜ਼ੀਆਂ ਤੇ ਝੂਠ-ਫਰੇਬਾਂ ਦੇ ਛਕੰਜਿਆ ਵਿਚ ਫਸ ਫਸ ਕੇ ਮੈ ਹੰਭ ਚੁੱਕੀ ਸੀ।ਪਰ ਹੁਣ ਚੰਗੇ ਭਾਗਾਂ ਨਾਲ ਉਨ੍ਹਾਂ ਗੁਰਮੁਖ ਜੀਊੜਿਆ ਨਾਲ ਸਾਂਝਾਂ ਪੈ ਰਹੀਆਂ ਸਨ ਜਿਹਨਾਂ ਦਾ ਜੀਵਨ ਦਇਆ ਧਰਮ ਦੇ ਉਚੇ ਸੁੱਚੇ ਕਰਮਾ ਦੀ ਸੁੰਦ੍ਰਤਾ ਨਾਲ ਸ਼ਿੰਗਾਰਿਆ ਹੋਇਆ ਸੀ ਤੇ ਨਾਮ-ਬਾਣੀ ਦੇ ਪਰਮ-ਰਸ ਨਾਲ ਰਸਿਆ ਹੋਇਆ ਸੀ। ਗੁਰੂ-ਦਰਸ਼ਨਾਂ ਦੇ ਨੂਰਾਨੀ ਫੁੱਲਾਂ ਦੀਆਂ ਸੁਗੰਧੀਆਂ ਨਾਲ ਮਹਿਕੇ ਗੁਰੂ-ਜਨਾਂ ਦੇ ਜੀਵਨ ਵਿਚ ਗੁਰੂ ਪ੍ਰੇਮ ਦੀ ਮਿਠਾਸ ਵੇਖ,ਮਨੁੱਖਾ ਜੀਵਨ ਦੀ ਅਸਲੀ ਖੱਟੀ ਦਾ ਪਤਾ ਲੱਗਿਆ।

**ਸੇਈ ਸੁੰਦਰ ਸੋਹਣੇ ॥ ਸਾਧ ਸੰਗਿ ਜਿਨ ਬੈਹਣੇ॥ ( ਪੰਨਾਂ ੧੩੨)**

'ਅਲੌਕਿਕ ਝਲਕਾਂ' ਲਿਖਣ ਦੇ ਬਹਾਨੇ ਬੀਬੀ ਜੀ ਦੀ ਸੰਗਤ ਵਿਚ ਜ੍ਹਿਨਾਂ ਸੁੰਦਰ-ਸੋਹਣਿਆਂ ਦਾ ਸੰਗ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਸਭਨਾ ਦੀਆਂ ਯਾਦਾਂ ਜ਼ਿੰਦਗੀ ਦਾ ਅਸਲੀ ਸਰਮਾਇਆ ਬਣ ਕੇ ਦਿਲ ਵਿਚ ਹਮੇਸ਼ਾਂ ਲਈ ਸੱਜੀਆਂ ਪਈਆਂ ਹਨ ਪਰ ਇ੍ਹਨਾਂ ਸਾਰੀਆਂ ਮਿਲਣੀਆਂ ਵਿਚੋਂ,ਇਕ ਮਿਲਣੀ ਦਾ ਅਜਬ ਨਜ਼ਾਰਾ ਸੀ।ਬੀਬੀ ਗੁਰਦੀਪ ਕੌਰ ਜੀ ਮੈਨੂੰ ਨਾਲ ਲੈ ਕੇ ਮਾਤਾ ਰਾਮ ਕੌਰ ਜੀ ਦੇ ਘਰ ਪਠਾਨਕੋਟ ਗਏ। ਘਰ ਦੇ ਚੁਬਾਰੇ ਵਿਚ ਅਸੀਂ ਚਾਰ ਦਿਨ ਰਹੀਆਂ । ਦਿਨ ਰਾਤ ਨਾਮ ਬਾਣੀ ਦੀ ਝੜੀ ਲਗੀ ਰਹੀ। ਪ੍ਰੇਮ ਦੇ ਅਨਿਆਲੇ ਬਾਣਾਂ ਨੇ ਗੂੜ੍ਹੀ ਛਹਿਬਰ ਲਗਾਈ ਰੱਖੀ। ਮਾਤਾ ਰਾਮ ਕੌਰ ਜੀ ਆਪਣੇ ਕਲਾ-ਧਾਰ ਸਤਿਗੁਰੂ ਦੀਆਂ ਨੂਰਾਨੀ ਝਲਕਾਂ ਅਤੇ ਚਮਤਕਾਰੀ ਖੇਡਾਂ ਦਾ ਜ਼ਿਕਰ ਕਰਦੇ ਹੋਏ ਆਪਣੇ ਪ੍ਰੀਤਮ ਤੋਂ ਬਲਿਹਾਰੀ ਜਾ ਰਹੇ ਸਨ।ਤਪ-ਸਾਧਨਾ ਅਤੇ ਮਹਾਂ ਪੁਰਸ਼ਾ ਦੇ ਮੇਲ ਮਿਲਾਪ ਦੀਆਂ ਗਲਾਂ ਸੁਣਾਂਦੇ ਹੋਏ ਰੂਹਾਨੀਅਤ ਦੇ ਰਾਹਾਂ ਦੀਆਂ ਭੇਦ ਭਰੀਆਂ ਗੰਢਾਂ ਖੋਲ੍ਹ ਰਹੇ ਸਨ ਤੇ ਬੀਬੀ ਗੁਰਦੀਪ ਕੌਰ ਜੀ ਪ੍ਰੇਮ-ਮੂਰਤੀ ਬਣੇ ਹੋਏ ਆਪਣੀਆਂ ਪ੍ਰੀਤ-ਮਿਲਣੀਆਂ ਸੁਣਾਉਂਦੇ ਹੋਏ ਹੰਝੂਆਂ ਦੇ ਹਾਰ ਪ੍ਰੋ ਪ੍ਰੋ ਕੇ ਆਪਣੇ ਰੰਗਲੇ ਕੰਤ ਦੇ ਗਲੇ ਵਿਚ ਸਜਾਈ ਜਾ ਰਹੇ ਸਨ।ਦੋਨੋ ਅੰਕ-ਸਹੇਲੜੀਆਂ ਆਪਣੇ ਸਰਵ-ਕਲਾ-ਸਮਰਥ ਕੰਤੜੇ ਦੇ ਪ੍ਰੇਮ ਵਿਚ ਗੜੁੰਦ ਰਹੀਆਂ।

**ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥**

**ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ॥**

**ਸਾਚੇ ਸਾਹਿਬ ਸਭਿ ਗੁਣ ਅਉਗਣ ਸਭ ਅਸਾਹ॥ (ਪੰਨਾਂ੧੭)**

ਗੁਰੂ ਨਾਨਕ ਦੇਵ ਜੀ ਦੀ ਫੋਟੋ ਦੇ ਹੱਥ ਦੀ ਹਥੇਲੀ ਵਿਚੋਂ ਪ੍ਰਕਾਸ਼ ਦਾ ਦ੍ਰਿਸ਼ ਦੇਖਣ ਪਿਛੋਂ ਮੇਰਾ ਅਲੌਕਿਕ ਦੁਨੀਆਂ ਦੇ ਅਸਚਰਜ ਰੰਗਾਂ ਵਿਚ ਵਿਸ਼ਵਾਸ਼ ਬਣ ਚੁੱਕਾ ਸੀ।ਫਿਰ ਭੀ ਮੈਨੂੰ ਮਾਤਾ ਰਾਮ ਕੌਰ ਜੀ ਦੀਆਂ ਕਈ ਗਲਾਂ ਦੀ ਸਮਝ ਨਹੀਂ ਸੀ ਲੱਗ ਰਹੀ।ਕਦੀ ਉਹ ਅਜਿਹੇ ਸਾਧੂਆਂ ਦੀ ਗੱਲ ਕਰਦੇ ਜਿਹੜੇ ਆਪਣੇ ਜਿਸਮ ਦੇ ਅੰਗਾਂ ਨੂੰ ਅਲੱਗ ਅਲੱਗ ਕਰ ਕੇ ਖਲਾਰ ਲੈਂਦੇ ਤੇ ਫਿਰ ਆਪੇ ਉਨ੍ਹਾਂ ਨੂੰ ਜੋੜ ਕੇ ਨਵੇਂ ਨਿਰੋਏ ਹੋ ਜਾਂਦੇ।ਤੇ ਕਦੀ ਉਹ ਆਪਣੇ ਘਰ ਵਿਚ ਸੁੱਤਿਆਂ ਪਿਆਂ ਹੀ ਹੇਮ ਕੁੰਟ ਦੇ ਪ੍ਰਬਤਾਂ

ਦੀਆਂ ਚੜ੍ਹਾਈਆਂ ਚੜ੍ਹਦੀ ਹੋਈ ਦੇ ਪੈਰਾਂ ਵਿਚ ਹੋਏ ਜ਼ਖਮ ਤੇ ਝਰੀਟਾਂ ਦੀ ਗੱਲ ਕਰਦੇ।ਉਨ੍ਹਾਂ ਦੀਆਂ ਗੱਲਾਂ ਓਪਰੀਆਂ ਜਿਹੀਆਂ ਲਗਦੀਆਂ ਪਰ ਇਕ ਡਰ ਸੀ ਕਿ ਮੈਂ ਕਿਧਰੇ ਕੋਈ ਗੁਸਤਾਖੀ ਨਾ ਕਰ ਜਾਵਾਂ ਇਸ ਲਈ ਸਤਿਗੁਰਾਂ ਦਾ ਅਟੱਲ ਹੁਕਮ ਸਮਝ ਕੇ ਉਨ੍ਹਾਂ ਦੀਆਂ ਹੱਡ-ਬੀਤੀਆਂ ਦਾ ਜ਼ਿਕਰ ਉਨ੍ਹਾਂ ਦੇ ਸ਼ਬਦਾਂ ਵਿਚ ਹੀ ਲਿਖਿਆ।

ਮਾਤਾ ਜੀ ਨੂੰ ਉਸ ਚੁਬਾਰੇ ਦੀ ਖਿੜਕੀ ਅੱਗੇ ਬੈਠ ਕੇ,ਚੜ੍ਹਦੇ ਸੂਰਜ ਦੀ ਟਿੱਕੀ ਉਤੇ ਨਜ਼ਰ ਟਿਕਾ ਕੇ,ਕਿੰਨੀ ਕਿੰਨੀ ਦੇਰ ਤਕ ਧਿਆਨ ਲਗਾਉਂਦਿਆਂ ਨੂੰ ਮੈ ਅਖੀਂ ਦੇਖਿਆ।ਸੱਤਰ ਸਾਲ ਦੀ ਉਮਰ ਵਿਚ ਤਾਂ ਐਨਕ ਤੋਂ ਬਿਨਾ ਕੋਈ ਹੀ ਰਹਿ ਸਕਦਾ ਹੈ ਪਰ ਉਹ ਐਨਕ ਤੋਂ ਬਿਨਾ ਸੂਰਜ ਉਤੇ ਨਜ਼ਰ ਟਿਕਾ ਕੇ, ਸੂਰਜ ਦੇ ਪ੍ਰਕਾਸ਼ ਵਿਚੋਂ ਸੂਰਜਾਂ ਨੂੰ ਬਨਾਉਣ ਵਾਲੇ ਦੇ ਪ੍ਰਕਾਸ਼ ਨਾਲ ਇਕ ਸੁਰ ਹੋ ਜਾਂਦੇ ਸੀ।ਉਹ ਉਸ ਇਲਾਹੀ ਨੂਰ ਉਤੇ ਨਜ਼ਰਾਂ ਜਮਾਉਂਦੇ ਸਨ ਜਿਸ ਦੇ ਨੂਰ ਤੋਂ ਸੂਰਜ ਦਾ ਨੂਰ ਪੈਦਾ ਹੋਇਆ।ਹਾਂ..! ਜਿਸ ਦੇ ਨੂਰ ਤੋਂ ਸਾਰੀ ਸ੍ਰਿਸ਼ਟੀ ਦਾ ਨੂਰ ਪੈਦਾ ਹੋਇਆ ਤੇ ਜਿਸ ਦੇ ਨੂਰ ਤੋਂ ਮਾਤਾ ਰਾਮ ਕੌਰ ਦੇ ਆਪਣੇ ਮਨ-ਮੰਦਰ ਦੀ ਲੋਅ ਦਾ ਦੀਵਾ ਜਗ-ਮਗਾ ਰਿਹਾ ਸੀ।ਇਹੋ ਜਿਹੇ ਪ੍ਰਤੱਖ ਨਜ਼ਾਰੇ ਦੇਖ ਕੇ ਮਨ ਵਿਚ ਆਇਆ ਕਿ ਜੇ ਸਾਡੇ ਕੋਲ ਕੋਈ ਅਜਿਹੀ ਅਸਾਧਾਰਣ ਸ਼ਕਤੀ ਨਹੀਂ ਹੈ ਤਾਂ ਸਾਨੂੰ ਦੂਜਿਆਂ ਦੀ ਪਹੁੰਚ ਉਤੇ ਸ਼ੱਕ ਨਹੀਂ ਕਰਨਾ ਚਾਹੀਦਾ। ਬਾਬਾ ਦੀਪ ਸਿੰਘ ਜੀ ਜੇਕਰ ਇਕ ਹੱਥ ਉਤੇ ਸੀਸ ਧਰ ਕੇ ਦੂਜੇ ਹੱਥ ਨਾਲ ਖੰਡਾ ਚਲਾ ਸਕਦੇ ਹਨ ਤਾਂ ਰੂਹਾਨੀ ਤਾਕਤਾਂ ਨਾਲ ਕੁਝ ਵੀ ਹੋ ਸਕਦਾ ਹੈ।ਗੁਰਬਾਣੀ ਵਿਚ ਅਨੇਕਾਂ ਫੁਰਮਾਨ ਹਨ ਜੋ ਸਾਡੇ ਮੂੜ੍ਹ ਮਨਾ ਨੂੰ ਸਮਝਾਉਂਦੇ ਹਨ ਕਿ ਕਲਾ ਧਾਰ ਨਿਰੰਕਾਰ ਕੋਲ ਮੂਰਖਾਂ ਨੂੰ ਸਿਅਣੇ ਅਤੇ ਸਿਆਣਿਆਂ ਨੂੰ ਮੂਰਖ ਬਣਾਉਣ ਦੀ ਸ਼ਕਤੀ ਹੈ,ਇਸਤ੍ਰੀ ਨੂੰ ਪੁਰਖ ਅਤੇ ਪੁਰਖ ਨੂੰ ਇਸਤ੍ਰੀ ਬਣਾਉਣ ਦੀ ਸਮਰੱਥਾ ਹੈ ਅਤੇ ਅਸਮਾਨ ਨੂੰ ਧਰਤੀ ਤੇ ਧਰਤੀ ਨੂੰ ਅਸਮਾਨ ਵਿਚ ਬਦਲ ਦੇਣ ਦੀ ਤਾਕਤ ਹੈ।

**ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ॥**

**ਧਰਤੀ ਤੇ ਅਕਾਸ ਚਢਾਵੈ ਚਢੈ ਅਕਾਸ ਗਿਰਾਵੈ॥੨॥**

**ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥**

**ਖਲ ਮੂਰਖ ਤੇ ਪੰਡਿਤ ਕਰਿਬੋ ਪੰਡਿਤ ਤੇ ਮੁਗਧਾਰੀ॥**

**ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥ਪੰਨਾਂ੧੨੫੨**

ਸਰਵ-ਕਲਾ-ਸਮਰੱਥ ਵਾਹਿਗੁਰੂ ਕਈ ਵਾਰੀ ਆਪਣੀਆਂ ਸ਼ਕਤੀਆਂ ਮਾਤਾ ਰਾਮ ਕੌਰ ਜੀ ਵਰਗੇ ਭਗਤ-ਜਨਾਂ ਰਾਹੀਂ ਵੀ ਵਰਤਾ ਲੈਂਦਾ ਹੈ। ਉਸਦੇ ਘਰ ਕੁਝ ਵੀ ਅਸੰਭਵ ਨਹੀਂ ਹੈ।ਇਹ ਵੀ ਸੱਚ ਹੈ ਕਿ ਕਈ ਪਖੰਡੀ ਸਾਧੂ ਕਲਪਨਿਕ ਗਲਾਂ ਕਰਕੇ ਭੋਲੇ-ਭਾਲੇ ਲੋਕਾਂ ਨੂੰ ਬੇਵਕੂਫ ਬਣਾਉਣ ਵਿਚ ਕਾਮਯਾਬ ਹੋ ਜਾਂਦੇ ਹਨ ਪਰ ਇਹ ਵੀ ਸੱਚ ਹੈ ਕਿ ਜੇ ਸਾਡਾ ਕਿਸੇ ਉਚੀ ਥਾਂ ਉਤੇ ਹੱਥ ਨਹੀਂ ਪਹੁੰਚਦਾ ਤਾਂ ਇਸਦਾ ਇਹ ਮਤਲਬ ਨਹੀਂ ਹੈ ਕਿ ਕੋਈ ਵੀ ਉਥੇ ਪਹੁੰਚ ਨਹੀਂ ਸਕਦਾ।

ਕਿਤਾਬ ਛਪਵਾ ਕੇ ਸੰਗਤਾਂ ਤਕ ਪਹੁੰਚਾਉਣ ਲਈ ਮੈਂ ਬੀਬੀ ਜੀ ਦੇ ਨਾਲ ਕੁਝ ਦਿਨ ਰਿਖੀਕੇਸ਼ ਗੁਰਦੁਆਰੇ ਵਿਚ ਡੇਰੇ ਲਗਾਏ। ਕਿਤਾਬ ਦੇ ਬਹਾਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰੇਮ-ਰੱਤਿਆਂ ਨਾਲ ਗਲਾਂ-ਬਾਤਾਂ ਕਰਨ ਦਾ ਮੌਕਾ ਮਿਲਿਆ **ਜਿਹਨਾਂ ਦੇ ਦਰਸ਼ਨ ਦਿਦਾਰੇ ਕਰਨ ਨਾਲ 'ਖਾਲਸਾ ਮੇਰੋ ਰੂਪ ਹੈ ਖਾਸ॥' ਦੀ ਸਚਾਈ ਪ੍ਰਗਟ ਹੁੰਦੀ ਸੀ। ਉਹ ਦਸ਼ਮੇਸ਼ ਪਿਤਾ ਦੀ ਪ੍ਰੇਮ-ਮਸਤੀ ਵਿਚ ਝੂੰਮਦੇ ਹੋਏ ਸੂਲਾਂ,ਕੰਕਰਾਂ ਅਤੇ ਦ੍ਹਗਦੇ ਅੰਗਿਆਰਾਂ ਉਤੇ ਚੱਲ ਕੇ, ਦਸ਼ਮੇਸ਼ ਪਿਤਾ ਦੇ ਉਸ ਸੱਚ ਦੇ ਦੀਵੇ ਦੀ ਲੋਅ ਜਗਾਉਂਦੇ ਸੀ ਜਿਹੜਾ ਸਿਰਫ ਕੁਰਬਾਨੀਆਂ ਤੇ ਸ਼ਹੀਦੀਆਂ ਦੇ ਤੇਲ ਨਾਲ ਹੀ ਜਗਦਾ ਹੈ।** ਬੀਬੀ ਜੀ ਆਪਣੇ ਚੋਜੀ ਪ੍ਰੀਤਮ ਦੇ ਇਨ੍ਹਾਂ ਸ਼ੇਰ ਬੱਚਿਆ ਨਾਲ ਵਿਚਾਰ ਸਾਂਝੇ ਕਰਦੇ,ਉਨ੍ਹਾਂ ਨੂੰ ਦੇਖ ਦੇਖ ਨਿਹਾਲ ਹੁੰਦੇ ਅਤੇ ਉਨ੍ਹਾਂ ਤੋਂ ਆਪਣੀ ਮਮਤਾ ਨਿਛਾਵਰ ਕਰਦੇ।

ਬੀਬੀ ਜੀ ਨਾਲ ਮੇਲ ਜੋਲ ਕਰਦਿਆਂ ੧੭ ਸਾਲ ਬੀਤ ਗਏ ਤਾਂ ਫਿਰ ਮੇਰੀ ਜ਼ਿੰਦਗੀ ਵਿਚ ਇਕ ਐਸਾ ਮੋੜ ਆਇਆ ਕਿ ਮੇਰਾ ਕੈਨੇਡਾ ਆਉਣ ਦਾ ਪੌਗਰਾਮ ਬਣ ਗਿਆ। ਹੋਰ ਸਭ ਚੀਜਾਂ ਨਾਲੋਂ ਗੁਰਦੁਵਾਰੇ ਵਿਚ ਲਗੀ ਗੁਰੂ ਨਾਨਕ ਦੇਵ ਜੀ ਦੀ ਫੋਟੋ ਨਾਲੋਂ ਅਲੱਗ ਹੋਣਾ ਜ਼ਿਆਦਾ ਔਖਾ ਸੀ। ਕਿਉਂਕਿ ਇਹ ਹੁਣ ਮੇਰੀ ਜ਼ਿੰਦਗੀ ਦਾ ਇਕ ਅਨਿੱਖੜਵਾਂ ਅੰਗ ਬਣ ਚੁੱਕੀ ਸੀ। ਹਰ ਰੋਜ਼ ਬਸ ਫੜਨ ਲਈ ਘਰੋਂ ਪਹਿਲਾਂ ਹੀ ਤੁਰ ਪੈਣਾ ਤੇ ਗੁਰੁਦੁਆਰੇ ਜਾ ਵੜਨਾ ...। ਨੀਝਾਂ ਲਾ ਲਾ ਕੇ ਫੋਟੋ ਵੱਲ ਦੇਖਣਾ ਤੇ ਪ੍ਰਕਾਸ਼ ਦੀ ਉਡੀਕ ਕਰਨੀ...। ਬੇਸ਼ਕ ਮੇਰੀ ਆਸ ਕਦੀ ਭੀ ਪੂਰੀ ਨਾ ਹੋਈ....! ਕਦੀ ਭੀ ਨਾ .....! ਫਿਰ ਭੀ ਮੈਂ ਉਸ ਤੋਂ ਬਿਨਾ ਰਹਿ ਨਹੀਂ ਸੀ ਸਕਦੀ। ਉਸ ਵਲ ਦੇਖ ਕੇ ਪ੍ਰਕਾਸ਼ ਲਈ ਰੀਝਣਾ ਅਤੇ ਪ੍ਰਕਾਸ਼ ਦੀ ਯਾਦ ਵਿਚ ਗੁੰਮ ਹੋ ਜਾਣਾ... ਮੇਰੀ ਆਦਤ ਬਣ ਗਈ ਸੀ। ਗੁਰਸਿੱਖੀ ਸਿਧਾਂਤਾਂ ਅਨੁਸਾਰ ਬੁੱਤ-ਪੂਜਾ ਦੇ ਵਿਰੋਧ ਦੀ ਸੋਝੀ ਵੀ ਸੀ, ਫਿਰ ਵੀ ਇਸ ਤਸਵੀਰ ਨਾਲ ਮੇਰਾ ਕੁਝ ਇਹੋ ਜਿਹਾ ਲਗਾਵ ਹੋ ਗਿਆ ਕਿ ਇਸ ਤੋਂ ਬਿਨਾ ਰਿਹਾ ਨਹੀਂ ਸੀ ਜਾਂਦਾ। ਗੁਰਦਵਾਰੇ ਦੇ ਪ੍ਰਬੰਧਕਾਂ ਨੂੰ ਬੇਨਤੀ ਕਰਕੇ, ਮੈ ਉਹ ਫੋਟੋ ਪ੍ਰਾਪਤ ਕਰ ਲਈ ਅਤੇ ਆਪਣੇ ਨਾਲ ਹੀ ਕੈਨੇਡਾ ਲੈ ਆਈ। ਇਥੇ ਆ ਕੇ ਉਸਨੂੰ ਸੋਹਣੀ ਥਾਂ ਸਜਾਇਆ। ਪਹਿਲਾਂ ਵਾਂਗ ਹੀ ਉਸਨੂੰ ਦੇਖ ਕੇ ਪ੍ਰਕਾਸ਼ ਦੀ ਆਸ ਲਗਾਉਣ ਦੀ ਆਦਤ ਬਣੀ ਰਹੀ।

ਇਕ ਦਿਨ ਆਪਣੀ ਚੁੰਨੀ ਦੇ ਲੜ ਨਾਲ ਬੜੀ ਸ਼ਰਧਾ-ਭਾਵਨਾਂ ਨਾਲ ਹਥਾਂ ਵਿਚ ਫੋਟੋ ਨੂੰ ਫੜ ਕੇ ਫੋਟੋ ਦਾ ਸ਼ੀਸ਼ਾ ਅਤੇ ਫਰੇਮ ਸਾਫ ਕਰ ਰਹੀ ਸੀ,ਕਿ ਮੇਰੀ ਨਜ਼ਰ ਖਿੜਕੀ ਵਿਚ ਪਏ ਪਾਣੀ ਨਾਲ ਭਰੇ ਸ਼ੀਸ਼ੇ ਦੇ ਗਲਾਸ ਉਤੇ ਪਈ। ਜਿਸ ਵਿਚ ਸੂਰਜ ਦੀਆਂ ਸਿੱਧੀਆਂ ਕਿਰਨਾਂ ਪੈ ਰਹੀਆਂ ਸਨ ਅਤੇ ਨਾਲ ਹੀ ਖਿੜਕੀ ਥੱਲੇ, ਫਰਸ਼ ਉਤੇ ਸਤਰੰਗੀ ਪੀਂਘ ਦੇ ਰੰਗਾਂ ਦਾ ਇਕ ਦਿਲ-ਕਸ਼ ਨਜ਼ਾਰਾ ਵੀ ਬਣਿਆ ਹੋਇਆ ਸੀ ।ਰੰਗਾਂ ਦੇ ਸੁੱਹਪਣ ਨੇ ਐਸੀ ਖਿੱਚ ਪਾਈ ਕਿ ਮੇਰਾ ਸਿਮਰਨ ਸ਼ੁਰੂ ਹੋ ਗਿਆ। ਸਿਮਰਨ ਵਿਚ ਲੀਨ ਹੋਈ ਦੀਆਂ ਨਜਰਾਂ ਰੰਗਾਂ ਉਤੇ ਟਿਕੀਆਂ ਰਹੀਆਂ। ਹੌਲੀ ਹੌਲੀ ਰੰਗ ਗਾਇਬ ਹੋ ਗਏ। ਫਰਸ਼ ਰੰਗ-ਵਿਹੂਣਾ ਹੋ ਗਿਆ...। ਉਥੇ ਕੁਝ ਵੀ ਨਾ ਰਿਹਾ...। ਫਿਰ ਪਾਣੀ ਦੇ ਗਲਾਸ ਵਲ ਦੇਖ ਕੇ ਸਮਝ ਆਈ ਕਿ ਸੂਰਜ ਦੀਆਂ ਕਿਰਨਾ ਨੇ ਗਲਾਸ ਵਿਚ ਪਏ ਪਾਣੀ ਦੀ ਸੰਗਤ ਕੀਤੀ ।ਜਿਸ ਦੇ ਫਲਸਰੂਪ ਅਕਾਸ਼ ਵਿਚ ਸਜਣ ਵਾਲੇ ਸਤਰੰਗੀ ਪੀਂਘ ਦੇ ਰੰਗਾਂ ਨੇ ਫਰਸ਼ ਨੂੰ ਸਜਾ ਦਿੱਤਾ। ਸੂਰਜ ਥੋੜ੍ਹਾ ਪਰ੍ਹੇ ਹੋਇਆ,ਗਲਾਸ ਦੇ ਪਾਣੀ ਨਾਲੋਂ ਸੂਰਜ ਕਿਰਨਾ ਦਾ ਰਿਸ਼ਤਾ ਟੁੱਟਦਿਆਂ ਹੀ

ਰੰਗ ਗਾਇਬ ਹੋ ਗਏ।ਫਰਸ਼ ਪਹਿਲਾਂ ਵਰਗਾ ਹੀ ਹੋ ਗਿਆ।ਰੰਗਾਂ ਦੀ ਫੇਰੀ ਦਾ ਕਾਰਨ ਤਾਂ ਸੂਰਜ ਸੀ।ਫਰਸ਼ ਨੂੰ ਰੰਗ-ਵਿਹੂਣਾ ਦੇਖ ਕੇ,ਹੱਥੀਂ ਫੜੀ ਫੋਟੋ ਦੇ ਪ੍ਰਕਾਸ਼-ਵਿਹੂਣੇ ਹੋਣ ਦੇ ਰਾਜ਼ ਦਾ ਵੀ ਪਤਾ ਲੱਗ ਗਿਆ।

ਉਹ ਤਾਂ ਬੀਬੀ ਗੁਰਦੀਪ ਕੌਰ ਜੀ ਰਾਹੀਂ ਖੇਡੀ ਗਈ ਕਲਾ-ਧਾਰ ਦੀ ਕੋਈ ਰੰਗ-ਰੰਗੀਲੀ ਗੋਹਜ ਭਰੀ ਅਗੰਮੀ ਖੇਡ ਸੀ..।ਇਲਾਹੀ ਰੰਗਾਂ ਦੀ ਫੇਰੀ ਸੀ।ਜਿਸ ਰਾਹੀਂ ਮੈਨੂੰ ਇਕ ਦਿਨ ਪਹਿਲਾਂ ਹੀ ਦਸ ਦਿੱਤਾ ਗਿਆ ਸੀ ਕਿ ਇਸ ਫੋਟੋ ਰਾਹੀਂ ਬਾਬੇ ਨਾਨਕ ਦੇ ਹੱਥ ਦੀ ਹਥੇਲੀ ਤੋਂ ਬਖਸ਼ਿਸ਼ ਹੋਣੀ ਹੈ।

### ਪ੍ਰਭ ਜੁ ਬਸੈ ਸਾਧ ਕੀ ਰਸਨਾ-

ਬੀਬੀ ਜੀ ਦੇ ਬਚਨਾਂ ਰਾਹੀਂ ਇਥੇ ਪ੍ਰਕਾਸ਼ ਆਇਆ ਤੇ ਮੇਰੀਆਂ ਨਜ਼ਰਾਂ 'ਤੇ ਬਖਸ਼ਿਸ਼ ਕਰਕੇ ਚਲੇ ਗਿਆ।ਨਾ ਉਹ ਪ੍ਰਕਾਸ਼ ਕਿਸੇ ਹੋਰ ਨੇ ਦੇਖਿਆ ਤੇ ਨਾ ਹੀ ਫੇਰ ਕਦੀ ਮੈਨੂੰ ਦਿਖਿਆ।ਬਥੇਰੀਆਂ ਉਡੀਕਾਂ ਕੀਤੀਆਂ...!ਪਰ ਉਹ ਨਾ ਆਇਆ..!ਕਦੀ ਭੀ ਨਾ....!

### ਸਾਧੂ ਬੋਲੇ ਸਹਿਜ ਸੁਭਾਇ॥ਸਾਧ ਦਾ ਬੋਲਿਆ ਬਿਰਥਾ ਨਾ ਜਾਏ॥

ਮੇਹਰਾਂ ਵਾਲੇ ਸਤਿਗੁਰੂ ਨੇ ਬੀਬੀ ਜੀ ਦੇ ਬਚਨਾ ਨਾਲ ਇਸ ਫੋਟੋ ਰਾਹੀਂ ਕਲਾ ਵਰਤਾ ਕੇ ਮੇਰੇ ਵਰਗੀ ਨੀਚਾਂ ਤੋਂ ਭੀ ਨੀਚ ਨੂੰ ਪ੍ਰਕਾਸ਼ ਦਾ ਅਜਬ ਨਜ਼ਾਰਾ ਦਿਖਾ ਕੇ ਬੀਬੀ ਜੀ ਦੇ ਬਚਨਾਂ ਉਤੇ ਫੁਲ ਚੜ੍ਹਾਉਣ ਦੀ ਸੋਝੀ ਬਖਸ਼ੀ।

## ਏਕ ਪਲਕ ਸੁਖ ਸਾਧ ਸਮਾਗਮ ਕੋਟ ਬੈਕੁੰਠਹ ਪਾਂਏ॥(ਪੰਨਾਂ ੧੨੦੯)

ਸੱਚੀਂ!ਬੀਬੀ ਜੀ ਦੀ ਪਹਿਲੀ ਮਿਲਣੀ ਨੇ ਹੀ ਮੈਨੂੰ ਲੱਖਾਂ ਸਵਰਗਾਂ ਦਾ ਨਜ਼ਾਰਾ ਇਸ ਫੋਟੋ ਰਾਹੀਂ ਬਖਸ਼ ਦਿੱਤਾ। ਸਾਧੂ ਦੀ ਸੰਗਤ ਦਾ ਇਲਾਹੀ ਫਲ ਮੇਰੀ ਝੋਲੀ ਵਿਚ ਇਸ ਤਰ੍ਹਾਂ ਪਿਆ ਕਿ ਉਸਨੇ ਮੇਰਾ ਗੁਣ ਔਗੁਣ ਕੋਈ ਨਾ ਵਿਚਾਰਿਆ।ਜਿਵੇਂ ਸੂਰਜ ਕਿਰਨਾਂ ਨੇ ਗਲਾਸ ਦੇ ਪਾਣੀ ਨੂੰ ਅਪਣਾਇਆ ਤੇ ਇਕ ਰੰਗਲਾ ਦ੍ਰਿਸ਼ ਪੇਸ਼ ਕੀਤਾ।ਪਾਣੀ ਦੀ ਪਵਿੱਤ੍ਰਤਾ ਜਾਂ ਅਪਵਿੱਤ੍ਰਤਾ ਨੂੰ ਨਹੀ ਦੇਖਿਆ।ਉਸੇ ਤਰ੍ਹਾਂ ਹੀ ਬੀਬੀ ਜੀ ਦੀ ਸੰਗਤ ਨੇ ਮੇਰੇ ਅਵਗੁਣੀ ਭਰੇ ਜੀਵਨ ਦੇ ਕਾਲੇ ਹਨੇਰੇ ਵਿਚ ਇਲਾਹੀ ਚਾਨਣ ਦੀ ਕਿਰਨ ਦਿਖਾ ਕੇ ਰੂਹਾਨੀਅਤ ਦੇ ਚਾਨਣ ਮੁਨਾਰੇ ਦਾ ਰਾਹ ਦਸ ਦਿੱਤਾ।ਮੇਰੇ ਜੀਵਨ ਦੇ ਰਸਤੇ ਬਦਲ ਗਏ।

ਹੁਣ ਇਸ ਫੋਟੋ ਦੀ ਖਿੱਚ ਪਹਿਲੇ ਵਾਲੀ ਨਾ ਰਹੀ ।ਇਸ ਗਲ ਦੀ ਸਮਝ ਆ ਗਈ ਕਿ ਬਖਸ਼ਿਸ਼ ਤਾਂ ਸਾਧ-ਕਿਰਪਾ ਕਰਕੇ ਹੋਈ ਸੀ।ਸੋਭਾ ਸਿੰਘ ਦੀ ਚਿੱਤਰੀ ਹੋਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਫੋਟੋ ਕਰਕੇ ਨਹੀਂ ਹੋਈ ਸੀ।ਇਹ ਫੋਟੋ ਤਾਂ ਬੀਬੀ ਜੀ ਦੇ ਬਚਨ ਸੱਚੇ ਹੋਣ ਲਈ ਇਕ ਸਾਧਨ ਬਣੀ ਸੀ।

ਕਣ ਕਣ ਵਿਚ ਰਮੇ ਹੋਏ ਰਾਮ ਪਿਆਰੇ ਨੇ ਪਤਾ ਨਹੀਂ ਕਦੋਂ,ਕਿਥੋਂ ਤੇ ਕਿਵੇਂ ਆਪਣੀ ਜੋਤ ਪ੍ਰਗਟਾ ਕੇ ਕਿਸੇ ਨੂੰ ਆਪਣੇ ਰੰਗ ਵਿਚ ਰੰਗ ਕੇ ਅਲੌਕਿਕਿ ਨਜਾਰਿਆਂ ਦੀ ਬਖਸ਼ਿਸ਼ ਕਰ ਦੇਣੀ ਹੈ। ਕਹਿੰਦੇ ਹਨ ਕੋਇਲ ਮੌਕਾ ਭਾਲ ਕੇ ਕਾਂ ਅਤੇ ਕਾਊਣੀ ਦੀ ਗੈਰ ਹਾਜਰੀ ਵਿਚ ਉਨ੍ਹਾਂ ਦੇ ਆ੍ਲਣੇ ਵਿਚ ਜਾ ਕੇ ਉਨ੍ਹਾਂ ਦੇ ਆਂਡੇ ਕਿਧਰੇ ਲੁਕਾ ਕੇ ਨਸ਼ਟ ਕਰ ਦਿੰਦੀ ਹੈ ਅਤੇ ਆਪਣੇ ਆਂਡੇ ਉਥੇ ਰੱਖ ਆਉਂਦੀ ਹੈ। ਕਾਂ ਅਤੇ ਕਾਉਣੀ ਆਪਣੇ ਆਂਡੇ ਸਮਝ ਕੇ ਆਂਡਿਆਂ ਦੀ ਦੇਖ ਭਾਲ ਕਰਦੇ ਹਨ।ਬੱਚੇ ਨਿਕਲਦੇ ਹਨ।ਕਾਲਾ ਰੰਗ ਭੁਲੇਖਾ ਪਾਈ ਰੱਖਦਾ ਹੈ।ਕਾਂ ਤੇ ਕਾਊਣੀ ਆਪਣੇ ਬੱਚੇ ਸਮਝ ਕੇ ਮਮਤਾ ਨਿਛਾਵਰ ਕਰਦੇ ਹੋਏ ਪਾਲਣਾ ਪੋਸਣਾ ਕਰਦੇ ਹਨ।ਬੱਚੇ ਕੁਝ ਵੱਡੇ ਹੁੰਦੇ ਹਨ।ਬੋਲੀ ਸਮਝਣ  ਲਗਦੇ ਹਨ ਤਾਂ ਕੋਇਲ ਕਾਂ ਦੇ ਆ੍ਲਣੇ ਦੇ ਆਲੇ ਦੁਆਲੇ ਗੇੜੇ ਕਢਦੀ ਹੋਈ ਆਪਣੀ ਬੋਲੀ ਬੋਲਦੀ ਹੈ। ਬੱਚਿਆਂ ਦੇ ਦਿਲਾਂ ਵਿਚ ਮਮਤਾ ਜਗਾਉਂਦੀ ਹੋਈ ਆਪਣੀ ਪਛਾਣ ਕਰਵਾਉਂਦੀ ਹੈ।ਬੱਚੇ ਉਡਾਰੂ ਹੁੰਦੇ ਹਨ ਤਾਂ ਕੋਇਲ ਦੇ ਨਾਲ ਉਡ ਜਾਂਦੇ ਹਨ।

ਇਸੇ ਤਰ੍ਹਾਂ ਹੀ ਜਦੋਂ ਕਿਸੇ ਪ੍ਰਾਣੀ ਦੇ ਪੂਰਬਲੇ ਜਨਮਾਂ ਦੇ ਅੰਕੁਰ ਫੁੱਟਦੇ ਹਨ ਤਾਂ ਸਾਧੂ ਸੰਤਾਂ ਨਾਲ ਮੇਲ ਮਿਲਾਪ ਹੁੰਦਾ ਹੈ।ਰੱਬੀ ਬੋਲੀ ਬੋਲਣ ਵਾਲੇ ਸੰਤ ਧੁਰ ਕੀ ਬਾਣੀ ਅਲਾਪਦੇ ਹੋਏ ਸੰਸਾਰੀ ਜੀਵਾਂ ਨੂੰ ਉਨ੍ਹਾਂ ਦੇ ਮੂਲ ਦੀ ਜਾਣ-ਪਛਾਣ ਕਰਵਾਉਂਦੇ ਹਨ।ਜਨਮਾਂ ਜਨਮਾਂ ਦੇ ਵਿਛੜੇ ਪ੍ਰਾਣੀਆਂ ਨੂੰ ਆਪਣੇ ਮਜਬੂਤ ਖੰਭਾ ਉਤੇ ਬਿਠਾ ਕੇ ਇਲਾਹੀ-ਮੰਡਲਾਂ ਦੀਆਂ ਫੇਰੀਆਂ ਵੀ ਮਰਵਾ ਦਿੰਦੇ ਹਨ।ਇਲਾਹੀ ਮੰਡਲ ਦੀ ਝਾਤ ਪੁਆ ਕੇ ਅਸਲੀ ਠਿਕਾਣੇ ਦਾ ਥਹੁ-ਪਤਾ ਦੱਸ ਦਿੰਦੇ ਹਨ।ਫਿਰ ਮਨ ਨੂੰ ਖਿੱਚਾਂ ਪੈਂਦੀਆਂ ਹਨ।ਵੈਰਾਗਿਆ ਮਨ ਸੰਤਾਂ ਦੀ ਸੰਗਤ ਤੋਂ ਬਿਨਾ ਰਹਿ ਨਹੀਂ ਸਕਦਾ।ਉੜ ਉੜ ਕੇ ਉਨ੍ਹਾਂ ਦੇ ਚਰਨ-ਕੰਵਲਾਂ ਨਾਲ ਜਾ ਲਿਪਟਦਾ ਹੈ।ਸਾਧ-ਸੰਗਤ ਬਿਨਾਂ ਹੋਰ ਕੁਝ ਦਿਸਦਾ ਹੀ ਨਹੀਂ।ਰੰਗੇ ਹੋਇਆਂ ਨੂੰ  ਦੇਖ ਕੇ ਉਨ੍ਹਾਂ ਦੇ ਮਜੀਠੇ ਰੰਗਾਂ ਵਿਚ ਰੰਗੀਜ ਹੋਣ ਲਈ ਜੀਅੜਾ ਲੋਚਦਾ ਹੈ।ਸੁਰਤੀ ਨਾਮ ਬਾਣੀ ਦੀ ਕਮਾਈ ਵਿਚ ਖੁੱਭਦੀ ਹੈ।ਭਾਗਾਂ ਵਾਲੀ ਘੜੀ ਆਉਂਦੀ ਹੈ ਪੂਰਬਲੇ ਜਨਮਾਂ ਦੇ ਸ਼ੁਭ ਕਰਮ ਰੰਗ ਲਿਆਉਂਦੇ ਹਨ।**ਸੱਚੇ ਸੁਹਾਗ** ਨੂੰ ਮਿਲਣ ਲਈ ਮਨ ਲੋਚਦਾ ਹੈ।**ਅਸਲੀ ਮਾਲਿਕ** ਦੇ ਨਾਮ ਵਿਚ ਲੀਨ ਹੋ ਕੇ ਸ਼ਬਦ ਵਿਚ ਮਰਨ ਦੀ ਸ਼ੁਭ ਘੜੀ ਆਉਂਦੀ ਹੈ।ਦਸਮ ਦੁਆਰ ਦੇ ਬਜਰ ਕਪਾਟ ਖੁਲ੍ਹਦੇ ਹਨ।ਰਾਗ,ਰੰਗ,ਰਸ,ਮਹਿਕ ਵਿਚ ਗੜੁੰਦ ਹੋ ਕੇ **ਸੱਚੀ ਸੁਹਾਗਣ** ਬਣਨ ਦਾ ਵੇਲਾ ਆਉਂਦਾ ਹੈ।ਸ਼ਗਨਾਂ ਵੇਲੇ ਕਰੋੜਾਂ ਦੀਵਿਆਂ ਦੀ ਦੀਪ ਮਾਲਾ ਹੁੰਦੀ ਹੈ।ਦੇਵੀ ਦੇਵਤੇ ਤੇ ਰਿਸ਼ੀ ਮੁਨੀ ਸਾਰੇ ਬਰਾਤੀ ਬਣ ਕੇ ਆਉਂਦੇ ਹਨ।।

****************************

# ਗੁਰ ਨਾਨਕ ਮਿਲਿਆ ਆਇ

ਬੀਬੀ ਗੁਰਦੀਪ ਕੋਰ ਜੀ ਦੀ ਉਮਰ ੯੪ ਸਾਲ ਤੋਂ ਉਪਰ ਹੋ ਚੁੱਕੀ ਸੀ।ਬਿਰਧ ਹੋਣ ਕਰਕੇ ਉਹ ਮੇਰੀ ਚਿੱਠੀ ਦਾ ਜਵਾਬ ਆਪ ਨਹੀਂ ਲਿਖ ਸਕਦੇ ਸੀ।ਆਪਣੀ ਨੂੰਹ ਬੀਬੀ ਗੁਰਵੰਤ ਕੌਰ ਕੋਲੋਂ ਲਿਖਵਾਂਦੇ ਸਨ।ਇਕ ਵਾਰੀ ਗੁਰਵੰਤ ਨੇ ਚਿੱਠੀ ਵਿਚ ਲਿਖਿਆ,-"ਬੀਬੀ ਜੀ ਹੁਣ ਬਹੁਤ ਹੀ ਬੇਬਸ ਹੋ ਗਏ ਹਨ।ਤੁਰਿਆ ਨਹੀਂ ਜਾਂਦਾ।ਬੜੀ ਮੁਸ਼ਕਿਲ ਨਾਲ ਆਸਰਾ ਲੈ ਕੇ ਜਾਂ ਵਾਕਰ ਨਾਲ ਆਪਣੇ ਕਮਰੇ ਤੋਂ ਵਾਸ਼ਰੂਮ ਤਕ ਜਾਂਦੇ ਹਨ।ਪਰ ਫੇਰ ਵੀ ਆਪਣਾ ਆਪ ਸੋਹਣਾ ਸਾਂਭ ਲੈਂਦੇ ਹਨ। ਹੋਰ ਸਤਿਗੁਰਾਂ ਨੇ ਮੇਰੀ ਤਾਂਘ ਪੂਰੀ ਕਰ ਦਿਤੀ ਹੈ।ਬੀਬੀ ਜੀ ਦੀ ਅਸੀਸ ਨਾਲ ਅੰਮ੍ਰਿਤ ਵੇਲੇ ਦੀ ਬਖਸ਼ਿਸ਼ ਹੋਈ ਹੈ।ਮੈਂ ਸਵੇਰੇ ਸਾਢੇ ਤਿੰਨ ਵਜੇ ਉਠਦੀ ਹਾਂ,ਇਸ਼ਨਾਨ ਕਰਕੇ,ਚਾਹ ਬਣਾਕੇ ਬੀਬੀ ਜੀ ਦੇ ਕਮਰੇ ਵਿਚ ਲੈ ਜਾਂਦੀ ਹਾਂ ਤੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਕੇ,ਗੁਰੂ ਸਾਹਿਬ ਜਿੰਨੀ ਕੁ ਬਖਸ਼ਿਸ਼ ਕਰਦੇ ਹਨ ਬਾਣੀ ਪੜ੍ਹਦੀ ਹਾਂ ਪਰ ਤੁਸੀਂ ਹੈਰਾਨ ਹੋਵੋਂਗੇ ਕਿ ਬੀਬੀ ਜੀ ਉਤੇ ਐਨੀ ਕਿਰਪਾ ਹੈ ਕਿ ਹਰ ਤੇਰਾਂ ਚੌਦਾਂ ਦਿਨਾਂ ਪਿਛੋਂ ਸਹਿਜ ਪਾਠ ਦਾ ਭੋਗ ਪਾ ਕੇ ਦੁਬਾਰਾ ਅਰੰਭ ਕਰ ਲੈਂਦੇ ਹਨ।ਸੱਚ ਦਸਾਂ...! ਭੈਣ ਜੀ!ਬੀਬੀ ਜੀ ਅੱਵਲ ਤਾਂ ਸੇਵਾ ਕਰਵਾਉਂਦੇ ਹੀ ਨਹੀਂ ਪਰ ਜਿੰਨੀ ਕੁ ਕਰਵਉਂਦੇ ਹਨ,ਉਸ ਵਿਚੋਂ ਖੁਸ਼ੀ ਅਤੇ ਆਨੰਦ ਮਿਲਦਾ ਹੈ।ਪਿਛਲੇ ਸਾਲ ਬੀਬੀ ਜੀ ਹੇਮ-ਕੁੰਟ ਸਾਹਿਬ ਦੀ ਯਾਤਰਾ ਪੂਰੀ ਨਹੀਂ ਕਰ ਸਕੇ।ਸਿਰਫ ਗੋਬਿੰਦ ਘਾਟ ਤਕ ਹੀ ਜਾ ਸਕੇ।ਐਤਕੀਂ ਦੇਖੀਏ...!"

ਚਿੱਠੀ ਮਿਲਣ ਤੋਂ ਥੋੜੇ ਦਿਨ ਮਗਰੋਂ ਅੰਮ੍ਰਿਤਸਰ ਤੋਂ ਕਿਸੇ ਗੁਰੂ ਪਿਆਰੇ ਦਾ ਫੋਨ ਆਇਆ ਕਿ ਬੀਬੀ ਜੀ ਬਹੁਤ ਬਿਮਾਰ ਹਨ ਤੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ ਹੈ।ਡਾਕਟਰਾਂ ਨੂੰ ਕੋਈ ਆਸ ਨਹੀਂ ਹੈ ਪਰ ਪਰਿਵਾਰ ਦੇ ਮੈਂਬਰਾਂ ਦੀ ਮਰਜ਼ੀ ਅਨੁਸਾਰ ਸਾਹ ਲੈਣ ਵਾਲੀਆਂ ਮਸ਼ੀਨਾਂ ਲਗਾ ਕੇ ਉਨ੍ਹਾਂ ਦੇ ਸਾਹਾਂ ਦਾ ਦੌਰ ਕਾਇਮ ਕੀਤਾ ਹੋਇਆ ਹੈ।ਪਰਿਵਾਰ ਜ਼ਿਆਦਾ ਤੋਂ ਜ਼ਿਆਦਾ ਪੈਸੇ ਖਰਚ ਕੇ ਵੀ ਬੀਬੀ ਜੀ ਨੂੰ ਜੀਊਂਦੇ ਰੱਖਣ ਲਈ ਯਤਨਸ਼ੀਲ ਹੈ। ਪਰ ਨਾਮ-ਬਾਣੀ ਦੀਆਂ ਕਮਾਈਆਂ ਵਾਲੇ ਬੀਬੀ ਜੀ ਦੇ ਸੰਗੀ ਸਾਥੀ ਇਹ ਸੋਚ ਰਹੇ ਹਨ ਕਿ ਇਸ ਵੇਲੇ ਬੀਬੀ ਜੀ ਦੇ ਸਰੀਰ ਨਾਲ ਕੋਈ ਜ਼ਿਆਦਤੀ ਕਰਨੀ ਗੁਰਮਤਿ ਅਨੁਸਾਰ ਠੀਕ ਨਹੀਂ ਹੈ।

ਜਿੰਦਗੀ ਅਤੇ ਮੌਤ ਵਿਚਕਾਰ ਲਟਕਣ ਦੀ ਖਬਰ ਸੁਣ ਕੇ ਮੇਰੇ ਦਿਲ ਉਤੇ ਗਹਿਰਾ ਅਸਰ ਹੋਇਆ।ਬੀਬੀ ਜੀ ਨਾਲ ਬਿਤਾਏ ਹੋਏ ਪਲਾਂ ਦੀਆਂ ਯਾਦਾਂ ਆਉਣ ਲਗੀਆਂ ਪਰ ਮੈ ਮਨ ਦੇ ਵਹਾਓ ਨੂੰ ਅਰਦਾਸ ਵਿਚ ਲੀਨ ਕਰਨ ਦੇ ਮਨੋਰਥ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਜਾ ਕੇ ਸ਼ਬਦ ਪੜ੍ਹਨ ਲਗ ਪਈ-

**ਜਾਇ ਬਸਹੁ ਵਡਭਾਗਣੀ ਸਖੀਏ ਸੰਤਾਂ ਸੰਗ ਸਮਾਈਐ॥**

ਤਹ ਦੂਖ ਨ ਭੂਖ ਨ ਰੋਗ ਬਿਆਪੈ ਚਰਨ ਕਮਲ ਲਿਵ ਲਾਈਏ॥

ਤਹ ਜਨਮ ਨ ਮਰਣੁ ਨ ਆਵਣ ਜਾਣਾ ਨਿਹਚਲ ਸਰਣੀ ਪਾਈਐ॥

ਪ੍ਰੇਮ ਬਿਛੋਹੁ ਨ ਮੋਹ ਬਿਆਪੈ ਨਾਨਕ ਹਰਿ ਏਕੁ ਧਿਆਈਐ॥

ਦ੍ਰਿਸਟ ਧਾਰਿ ਮਨੁ ਬੇਧਿਆ ਪਿਆਰੇ ਰਤੜੇ ਸਹਿਜ ਸੁਭਾਏ॥

ਸੇਜ ਸੁਹਾਵੀ ਸੰਗਿ ਮਿਲਿ ਪ੍ਰੀਤਮ ਅਨਦ ਮੰਗਲ ਗੁਣ ਗਾਏ॥

ਸਖੀ ਸਹੇਲੀ ਰਾਮ ਰੰਗ ਰਾਤੀ ਮਨ ਤਨ ਇਛ ਪੁਜਾਏ॥

ਨਾਨਾਕ ਅਚਰਜ ਅਚਰਜੁ ਸਿਉ ਮਿਲਿਆ ਕਹਣਾ ਕਛੂ ਨਾ ਜਾਏ॥

( ਪੰਨਾਂ ੮੦੩)

ਵਡਭਾਗਣੀ ਸਖੀ ਦੁੱਖਾਂ ਭੁੱਖਾਂ ਨਾਲ ਭਰੀ ਦੁਨੀਆਂ ਛੱਡ ਕੇ ਕਿੱਥੇ ਜਾ ਰਹੀ ਹੈ..?ਸਤਿਗੁਰਾਂ ਨੇ ਉਸ ਬੇਗਮਪੁਰੇ ਦਾ ਦ੍ਰਿਸ਼ ਇਸ ਸ਼ਬਦ ਰਾਹੀਂ ਦਰਸਾ ਦਿੱਤਾ।ਜਿਸ ਰੰਗਲੇ ਕੰਤ ਦੇ ਪਿਆਰ ਨਾਲ ਉਸ ਰੰਗ-ਰੱਤੜੀ ਦਾ ਦਿਲ ਵਿ੍ਨਿਆਂ ਹੋਇਆ ਸੀ, ਹੁਣ ਉਸਦੇ ਮਿਲਾਪ ਦੀ ਘੜੀ ਆਣ ਪਹੁੰਚੀ...।ਅਨੰਦ ਮੰਗਲ ਗੁਣ ਗਾਣ ਦਾ, ਸ਼ਗਨਾਂ ਦਾ ਵੇਲਾ ਆ ਗਿਆ।ਹੰਝੂਆਂ ਦੀਆਂ ਧਾਰਾਂ ਵਹਾਉਂਦਿਆਂ, ਇਸ ਸ਼ਬਦ ਵਿਚ ਲੀਨ ਹੋ ਕੇ,ਮੈ ਆਪਣੀ ਸਖੀ ਸਹੇਲੀ ਨੂੰ ਉਸਦੇ ਸੱਚੇ ਸੁਹਾਗ ਦੇ ਦੇਸ਼ ਵਿਦਾ ਕਰਨ ਲੱਗੀ।ਬੀਬੀ ਜੀ ਦੀ ਆਤਮਿਕ ਅਵੱਸਥਾ ਨੂੰ ਅਚਰਜ ਰੂਪ ਵਾਹਿਗੁਰੂ ਦੇ ਰੰਗਾਂ ਵਿਚ ਰੰਗ ਹੋਣ ਦੇ ਸੁਪਨੇ ਸਜਾ ਰਹੀ ਸੀ ਕਿ ਇਕ ਗੁਰਮੁਖ ਪ੍ਰਾਣੀ ਦੀ ਦੱਸੀ ਹੋਈ ਹੱਡ ਬੀਤੀ ਯਾਦ ਆ ਗਈ।ਉਸ ਨੇ ਦੱਸਿਆ ਸੀ ਕਿ ਇਕ ਵਾਰੀ ਉਹ ਨਗਰ ਕੀਰਤਨ ਦੇ ਲਾਹੇ ਪ੍ਰਾਪਤ ਕਰਕੇ ਘਰ ਜਾ ਰਿਹਾ ਸੀ ਕਿ ਉਸਦਾ ਐਕਸੀਡੈਂਟ ਹੋ ਗਿਆ।ਬਿਹੋਸ਼ੀ ਦੀ ਹਾਲਤ ਵਿਚ ਸੜਕ ਦੇ ਕੰਢੇ ਪਏ ਹੋਏ ਨੂੰ ਚੁੱਕ ਕੇ ਕੋਈ ਹਸਪਤਾਲ ਲਿਜਾ ਰਿਹਾ ਸੀ ਕਿ ਉਸਨੂੰ ਹੋਸ਼ ਆਉਣੀ ਸ਼ੁਰੂ ਹੋ ਗਈ।ਉਸਨੇ ਦੇਖਿਆ ਕਿ ਉਹ ਸਵਾਸ-ਗਿਰਾਸ ਵਾਹਿਗੁਰੂ...ਵਾਹਿਗੁਰੂ..ਉਚਾਰ ਰਿਹਾ ਹੈ ਤੇ ਸਾਹਾਂ ਅੰਦਰ ਅੰਤਾਂ ਦੇ ਰਸੀਲੇ ਰਸ ਦੀ ਪੀਂਘ ਪਈ ਹੋਈ ਸੀ।ਮਨ ਵਿਸਮਾਦੀ ਖੁਸ਼ੀਆਂ ਖੇੜਿਆਂ ਨਾਲ ਭਰਿਆ ਹੋਇਆ ਸੀ।ਅੱਖੀਆਂ ਖੋਲ੍ਹੀਆਂ ਤਾਂ ਬਾਹਰ ਬਜ਼ਾਰ ਦੇ ਭੀੜ-ਭੜੱਕੇ ਵਾਲੀ ਥਾਂ,ਜਿੱਥੋਂ ਉਹ ਹਰ ਰੋਜ਼ ਲੰਘਦਾ ਸੀ,ਪਛਾਣੀ ਨਾ ਜਾਵੇ।ਸਭ ਕੁਝ ਐਨਾ ਸੋਹਣਾ ਲੱਗੇ ਕਿ ਜਿਵੇਂ ਕੋਈ ਸਵਰਗੀ ਨਜ਼ਾਰਾ ਹੋਵੇ।ਆਪਣਾ ਸਰੀਰ ਦੇਖਿਆ ਤਾਂ ਇਓਂ ਲੱਗੇ ਜਿਵੇਂ ਕਿਸੇ ਪਰਾਏ ਦੇ ਜਿਸਮ ਵਲ ਦੇਖ ਰਿਹਾ ਹੋਵੇ ਜਿਸਦੇ ਕੇਸ ਖੁਲ੍ਹੇ ਪਏ ਸਨ,ਸਿਰ ਉਤੇ ਸੱਟ ਲੱਗਣ ਨਾਲ ਕੱਪੜੇ ਲਹੂ ਨਾਲ ਭਿੱਜੇ ਹੋਏ, ਬਾਂਹ ਟੁੱਟੀ ਹੋਈ, ਅਤੇ ਖੱਬੇ ਹੱਥ ਦਾ ਅੰਗੂਠਾ ਆਪਣੀ ਥਾਂ ਤੋਂ ਹਿੱਲ ਕੇ ਬੜੇ ਅਜੀਬ ਜਿਹੇ ਢੰਗ ਨਾਲ ਥੱਲੇ ਲਟਕ ਰਿਹਾ ਸੀ।ਟੁੱਟੇ ਹੋਏ ਅੰਗਾਂ ਦੇ ਦਰਦ ਤੋਂ ਨਿਰਲੇਪ ਰਹਿ ਕੇ ਉਹ ਸਿਰਫ ਆਪਣੇ ਅੰਦਰਲੀ ਮਸਤੀ ਵਿਚ ਡੁੱਬਿਆ ਹੋਇਆ ਸਿਮਰਨ ਵਿਚ ਲੀਨ ਸੀ।ਆਪਣਾ ਹੀ ਸਰੀਰ ਉਸਨੂੰ ਆਪਣਾ ਨਹੀਂ ਲਗ ਰਿਹਾ ਸੀ।ਉਸਦੇ ਸਥੂਲ ਸਰੀਰ ਵਿਚ ਰਹਿਣ ਵਾਲਾ ਉਹ ਕੋਈ ਹੋਰ

ਸੀ ਜਿਹੜਾ ਆਤਮ-ਰਸ ਦੇ ਘੁੱਟ ਭਰ ਰਿਹਾ ਸੀ। ਹਰ ਪਾਸੇ ਇਲਾਹੀ ਨਜਾਰੇ ਦਾ ਪ੍ਰਕਾਸ਼ ਸੀ ਪਰ ਇਸ ਅਨੁਭਵ ਦਾ ਅਸਰ ਜ਼ਿਆਦਾ ਦੇਰ ਨਾ ਰਹਿ ਸਕਿਆ। ਹੌਲੀ ਹੌਲੀ ਉਹ ਰਸ ਗੁਆਚਣ ਲੱਗਿਆ ਅਤੇ ਸਰੀਰਕ ਦਰਦਾਂ ਜਾਗਣ ਲੱਗ ਪਈਆਂ,ਵਾਹਿਗੁਰੂ ਵਾਹਿਗੁਰੂ ਦਾ ਉਚਾਰਣ ਹਾਏ ਹਾਏ ਵਿਚ ਬਦਲ ਗਿਆ। ਇਸ ਘਟਨਾਂ ਨਾਲ ਉਸਨੂੰ ਇਸ ਗੋਹਜ ਦਾ ਪਤਾ ਲੱਗ ਗਿਆ ਕਿ ਜਿਵੇਂ **ਡਾਕਟਰ ਬਿਹੋਸ਼ੀ ਦਾ ਟੀਕਾ ਲਗਾ ਕੇ ਜਿਸਮ ਦੀ ਚੀਰ-ਫਾੜ ਕਰ ਲੈਂਦੈ ਹਨ ਉਸੇ ਤਰ੍ਹਾਂ ਹੀ ਨਾਮ-ਰਸ ਦਾ ਟੀਕਾ ਵੀ ਬੰਦੇ ਨੂੰ ਸਰੀਰਕ ਦਰਦਾਂ ਦਾ ਪਤਾ ਨਹੀਂ ਲਗਣ ਦਿੰਦਾ। ਡਾਕਟਰ ਤਾਂ ਕੇਵਲ ਸਰੀਰਕ ਦਰਦਾਂ ਵਲੋਂ ਹੀ ਬੇਖਬਰ ਕਰਦੇ ਹਨ ਪਰ ਆਤਮਿਕ-ਰਸ ਦਾ ਟੀਕਾ ਸਰੀਰਕ ਕਸ਼ਟਾਂ ਤੋਂ ਅਵੇਸਲਾ ਹੀ ਨਹੀਂ ਸਗੋਂ ਨਾਮ ਦੇ ਮਜੀਠੇ ਰੰਗਾਂ-ਰਸਾਂ ਦੀ ਛਹਿਬਰ ਨਾਲ ਤਨ ਤੇ ਮਨ ਦੋਨਾ ਨੂੰ ਹੀ ਸਿੰਜ ਦਿੰਦਾ ਹੈ।**



ਫਿਰ **ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ** ਦੀ ਲਿਖੀ ਹੋਈ ਵਾਰਤਾ ਯਾਦ ਆਈ ਕਿ ਇਕ ਵਾਰੀ ਉਨ੍ਹਾਂ ਦੇ ਪਿਤਾ ਜੀ ਹਸਪਤਾਲ ਵਿਚ ਪਏ ਜ਼ਿੰਦਗੀ ਅਤੇ ਮੌਤ ਦੇ ਵਿਚਕਾਰ ਲਟਕ ਰਹੇ ਸਨ। ਡਾਕਟਰਾਂ ਨੇ ਜਵਾਬ ਦੇ ਦਿੱਤਾ ਪਰ ਭਾਈ ਸਾਹਿਬ ਦੇ ਜਪਜੀ ਸਾਹਿਬ ਦੀ 'ਮੰਨੇ ਕੀ ਗਤਿ ਕਹੀ ਨਾ ਜਾਏ॥ 'ਵਾਲੀ ਪਉੜੀ ਦੇ ਪਾਠ ਕਰਨ ਦੀ ਸ਼ਕਤੀ ਨੇ ਉਨ੍ਹਾਂ ਦੇ ਪਿਤਾ ਜੀ ਨੂੰ ਮੌਤ ਦੇ ਮੂੰਹ ਵਿਚੋਂ ਬਾਹਰ ਕੱਢ ਕੇ ਰੱਬੀ-ਬਾਣੀ ਦੇ ਰਸ ਵਿਚ ਐਨਾ ਡੁਬੋ ਦਿੱਤਾ ਕਿ ਉਨ੍ਹਾਂ ਉਤੇ ਬਿਮਾਰੀ ਦੀ ਕਿਸੇ ਵੀ ਤਕਲੀਫ ਦਾ ਕੋਈ ਅਸਰ ਨਾ ਰਿਹਾ। ਦੁੱਖਾਂ ਦਰਦਾਂ ਦੇ ਅਸਰ ਤੋਂ ਨਿਰਲੇਪ ਹੀ ਨਹੀਂ, ਸਗੋਂ ਦਰਦਾਂ ਨਾਲ ਪਿੰਜ ਹੋਏ ਜਿਸਮ ਵਿਚ ਅਤੇ ਜੀਵਨ ਦੇ ਅੰਤਲੇ ਸਮੇ ਦੀ ਬਿਮਾਰੀ ਦੇ ਦੁੱਖ ਸਹਿੰਦਿਆਂ ਹੰਬ ਚੁੱਕੇ ਮਨ ਵਿਚ ਇਲਾਹੀ ਰਸ ਦੀਆਂ ਲਹਿਰਾਂ ਚਲ ਪਈਆਂ। ਪਲਾਂ ਵਿਚ ਹੀ ਅਗੰਮੀ ਖੇਡ ਦਾ ਵਰਤਾਰਾ ਹੋ ਗਿਆ ਤੇ ਫਿਰ ਉਨ੍ਹਾਂ ਦਾ ਉਸ ਰੰਗ-ਰਸ ਵਿਚੋਂ ਨਿਕਲਣ ਨੂੰ ਦਿਲ ਨਾ ਕਰੇ। ਡਾਕਟਰ ਉਨ੍ਹਾਂ ਨੂੰ ਦੇਖ ਕੇ ਹੈਰਾਨ ਹੋਈ ਜਾਣ, ਪਰ ਉਹ ਅੰਮ੍ਰਿਤ-ਬਾਣੀ ਦੇ ਰਸ ਨਾਲ ਸਿੰਜੇ ਹੋਏ ਇਹ ਹੀ ਕਹੀ ਜਾ ਰਹੇ ਸੀ,-" ਮੇਰੇ ਕਾਨੋਂ ਮੇਂ ਮੰਨੇ ਕੀ ਪਉੜੀ ਗੂੰਜ ਰਹੀ ਹੈ..!ਮੁਝੇ ਰਸ ਆ ਰਹਾ ਹੈ..! ਮੁਝੇ ਮਤ ਬੁਲਾਓ....!"

ਕਾਸ਼....!ਇਸ ਵੇਲੇ ਬੀਬੀ ਜੀ ਵੀ ਆਤਮਿਕ-ਰਸ ਵਿਚ ਲੀਨ ਹੋ ਕੇ ਸਰੀਰਕ ਦੁਖਾਂ ਤਕਲੀਫਾਂ ਦੇ ਅਸਰਾਂ ਤੋਂ ਨਿਰਲੇਪ ਹੋਣ ਦੀ ਅਵਸਥਾ ਹੰਢਾ ਰਹੇ ਹੋਣ। ਗਰਭ ਅਵੱਸਥਾ ਵਿਚ ਵੀ ਤਾਂ ਅਸੀਂ ਨਾਮ-ਰਸ ਦੇ ਸਹਾਰੇ ਪੁੱਠੇ ਟੰਗੇ ਹੋਏ,ਜੀਵ ਆਤਮਾ ਨੂੰ ਤਨ ਦੇ ਕੱਪੜੇ ਪੁਆਣ ਲਈ ਨੌਂ ਮਹੀਨੇ ਗੁਜਾਰ ਲੈਂਦੇ ਹਾਂ ਤੇ ਜਦੋਂ ਗਰਭ ਵਿਚੋਂ ਨਿਕਲਦਿਆਂ ਹੀ ਨਾੜੂ ਕੱਟਣ ਨਾਲ ਮਾਂ ਦੇ ਗਰਭ ਨਾਲੋਂ ਰਿਸ਼ਤਾ ਟੁੱਟਦਾ ਹੈ ਤਾਂ ਨਾਮ ਰਸ ਦੀ ਭੁੱਖ ਦੁਨਿਆਵੀ ਰਸਾਂ ਦੀ ਭੁੱਖ ਵਿਚ ਬਦਲ ਜਾਂਦੀ ਹੈ। ਨਾਮ ਰਸ ਦੇ ਗਟਾਕ ਪੀਣ ਦੀ ਥਾਂ ਬੱਚਾ ਦੁੱਧ ਲਈ ਰੋਂਦਾ ਹੈ। ਕਾਸ਼..! ਅੱਜ ਕਿਰਪਾ ਕਰਕੇ ਬੀਬੀ ਜੀ ਦਾ ਰੰਗਲਾ ਕੰਤ ਉਨ੍ਹਾਂ ਦਾ ਦੁਨੀਆਵੀ ਰਸਾਂ ਨਾਲ ਜੁੜਿਆ ਹੋਇਆ ਨਾੜੂਆ ਕੱਟ ਕੇ ਆਪਣੇ ਰਸਾਂ ਦੇ ਅੰਗੀਂ ਸਮਾ ਲਵੇ...!ਡਾਕਟਰਾਂ ਦੇ ਟੀਕੇ ਨੇ ਬੀਬੀ ਜੀ ਨੂੰ ਸਰੀਰਕ ਤੌਰ 'ਤੇ ਬਿਹੋਸ਼ ਕੀਤਾ ਹੋਇਆ ਹੋਵੇ ਪਰ ਸਤਿਗੁਰਾਂ ਦੇ ਨਾਮ-ਰਸ ਦੇ ਟੀਕੇ ਨੇ ਇਲਾਹੀ-ਰੰਗ-ਰਸ ਦੀ ਬਰਸਾਤ ਲਗਾਈ ਹੋਈ ਹੋਵੇ। ਵਾਹਿਗੁਰੂ

ਕਿਰਪਾ ਕਰੇ...!ਅਜ ਬੀਬੀ ਜੀ ਦੀ ਬਿਹੋਸ਼ੀ ਭੀ ਕਿਸੇ ਅਜਿਹੇ ਸਿਮਰਨ ਦੇ ਰੰਗ-ਰਸ ਨਾਲ ਸਜੀ ਹੋਈ ਹੋਵੇ...! ਸਰੀਰਕ ਦਰਦਾਂ ਦਾ ਦੁਖ ਸਿਰਫ ਦੇਖਣ ਵਾਲਿਆਂ ਨੂੰ ਹੀ ਦਿਸੇ।ਉਨ੍ਹਾਂ ਉਤੇ ਕਿਸੇ ਦੁਖ ਦਰਦ ਦਾ ਅਸਰ ਨਾ ਹੋਵੇ।ਇਸ ਵੇਲੇ ਤਾਂ ਸੱਚੀ ਦਰਗਾਹ ਦਾ ਲੇਖਾ ਜੋਖਾ ਹੋ ਰਿਹਾ ਹੋਵੇਗਾ...।

**ਧੁਰਿ ਮਸਤਿਕ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ॥**

**ਜਮ ਕੰਕਰ ਮਾਰ ਬਿਦਾਰਿਆ ਹਰ ਦਰਗਹ ਲਏ ਛਡਾਇ॥**

**( ਸ਼ਲੋਕ ਮ:੪,ਪੰਨਾ ੧੪੨੮)**

ਬੀਬੀ ਜੀ ਜੀਉਂਦੇ ਜੀਅ ਨਨਕਾਣਾ ਸਾਹਿਬ ਦੀ ਯਾਤਰਾ ਸਮੇਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਝਲਕਾਰੇ ਨਾਲ ਨਿਹਾਲ ਹੋਏ ਸੀ ਤੇ ਅਜ ਭੀ ਤਾਂ ਉਹ ਬਹੁੜੀ ਕਰੇਗਾ ਹੀ.....!ਗੁਰੂ ਦੇ ਲੜ ਲਗਿਆਂ ਦੀ ਅੰਤਮ ਸਮੇਂ ਦੀ ਬਿਹੋਸ਼ੀ ਦੀਆਂ ਰਮਜ਼ਾਂ ਸਤਿਗੁਰੂ ਆਪ ਹੀ ਜਾਣਦਾ ਹੈ।ਉਸ ਵੇਲੇ ਤਾਂ ਅਣਦਿਸਦੀ ਦੁਨੀਆਂ ਦੇ ਵਾਸੀਆਂ ਦਾ ਆਉਣਾ ਜਾਣਾ ਬਣਿਆ ਹੋਇਆ ਹੁੰਦਾ ਹੈ।ਮਾੜੇ ਕਰਮਾਂ ਵਾਲਿਆਂ ਲਈ,

**ਪਕਿੜ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥**

**(ਬਾਰਾਮਾਹ)**

ਜਮ ਆਉਂਦੇ ਹਨ,ਜਾਨ ਕਢ ਕੇ ਲੈ ਜਾਂਦੇ ਹਨ ਪਰ ਕੋਲ ਬੈਠਿਆਂ ਸੰਗੀ-ਸਾਥੀਆਂ ਨੂੰ ਕੁਝ ਪਤਾ ਨਹੀਂ ਲਗਦਾ।ਇਸੇ ਤਰ੍ਹਾਂ ਹੀ ਗੁਰਮੁਖਾਂ ਲਈ ਭੀ ਅੰਤਮ ਸਮੇਂ ਇਲਾਹੀ ਦੁਨੀਆਂ ਦੇ ਵਸਨੀਕ ਆਉਂਦੇ ਹਨ।ਹਵਾਵਾਂ ਵਿਚ ਇਤਰ ਘੋਲਦੇ ਹੋਏ ਫੁਲਾਂ ਦੀ ਵਰਖਾ ਕਰਦੇ ਹਨ ਪਰ ਕੋਲ ਬੈਠੈ ਸਾਰੀਆਂ ਗੱਲਾਂ ਤੋਂ ਬੇਖਬਰ ਹੀ ਰਹਿ ਜਾਂਦੇ ਹਨ।

ਦਸਵੇਂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੀਬੀ ਗੁਰਦੀਪ ਕੌਰ ਜੀ ਨੂੰ ਦਰਸ਼ਨ ਝਲਕਾਂ ਦੇ ਕੇ ਇਲਾਹੀ ਰੰਗਾਂ ਦੇ ਅਨੁਭਵ ਕਰਵਾਏ ਸੀ।ਜਾਂ ਇਉਂ ਕਹਿ ਲਵੋ ਕਿ ਉਨ੍ਹਾਂ ਦੇ ਜੀਵਨ ਵਿਚ ਕੁਝ ਐਸੀਆਂ ਸੁਲੱਖਣੀਆਂ ਘੜੀਆਂ ਆਈਆਂ ਕਿ ਜਦੋਂ ਉਨ੍ਹਾਂ ਦੀ ਸੁਰਤ ਦੀਆਂ ਉਡਾਰੀਆਂ ਓਂਕਾਰ ਦੇ ਦੇਸ਼ ਦੇ ਹਦ ਬੰਨੇ ਛੂਹਣ ਲਗੀਆਂ,ਜਿਥੇ ਚੋਜੀ ਪ੍ਰੀਤਮ ਨੇ ਨੂਰਾਨੀ ਦਰਸ਼ਨ ਦਿਦਾਰੇ ਦੇ ਕੇ ਰੂਹਾਨੀ ਖੁਸ਼ੀਆਂ ਬਖਸ਼ੀਆਂ। ਗੁਰਸਿੱਖ ਜੀਊੜੇ ਇਸ ਸੁਰਤ ਦੇ ਚੜ੍ਹਾਓ ਵਿਚ ਰਹਿ ਕੇ ਨਾਮ ਸਿਮਰਨ ਦੀ ਘਾਲਣਾ ਨਾਲ ਆਪਣੇ ਜੀਵਨ ਵਿਚ ਇਲਾਹੀ ਰੰਗਾਂ ਦੀ ਲਗਾਤਾਰਤਾ ਲੈ ਆਉਂਦੇ ਹਨ।ਫਿਰ 'ਮੈਂ ਮੇਰੀ' ਦਾ ਝਗੜਾ ਖਤਮ ਹੋ ਜਾਂਦਾ ਹੈ ਅਤੇ 'ਤੂੰ ਤੇਰੀ 'ਦੇ ਪਸਾਰੇ ਦੀ ਹੋਂਦ ਵਿਚ ਜੀਊਣ ਦੀ ਬਖਸ਼ਿਸ਼ ਹੁੰਦੀ ਹੈ।ਬੀਬੀ ਜੀ ਲਿਵ ਦੀ ਲਗਾਤਾਰਤਾ ਨੂੰ ਲੋਚਦੇ ਰਹਿੰਦੇ ਸੀ।ਕਾਸ਼! ਇਸ ਆਖਰੀ ਵੇਲੇ ਸਦੀਵੀ ਲਿਵ ਦੀ ਮੰਗ ਪੂਰੀ ਕਰਕੇ ਕਰਤਾ ਪੁਰਖ ਉਨ੍ਹਾਂ ਨੂੰ ਹਮੇਸ਼ਾ ਹਮੇਸ਼ਾ ਲਈ ਆਪਣੇ ਚਰਨੀ ਲਗਾ ਲਵੇ....!

**ਬਾਬਾ ਬਿਖੁ ਦੇਖਿਆ ਸੰਸਾਰੁ॥**

**ਰਖਿਆ ਕਰਹੁ ਗੁਸਾਈ ਮੇਰੇ ਮੈ ਨਾਮ ਤੇਰਾ ਅਧਾਰ॥**

**ਪੰਨਾਂ ੩੮੨**

ਏਨਾ ਕਹਿੰਦਿਆਂ ਹੀ ਉਹ ਆਪਣੇ ਗੁਰੂ ਗੋਸਈਂ ਦੇ ਚਰਨਾ ਵਿਚ ਢੇਰੀ ਹੋ ਜਾਂਦੇ ਸੀ।ਕੀ ਉਨ੍ਹਾਂ ਦੇ ਪ੍ਰੇਮ-ਵੈਰਾਗ ਦੇ ਸੁੱਚੇ ਹੰਝੂਆਂ ਦੀ ਕੀਮਤ ਨਹੀਂ ਪਏਗੀ ? ਸ਼ਰਣ ਪਿਆਂ ਦੀ ਲਾਜ ਰਖਣ ਵਾਲਾ ਆਪਣੇ ਦਰ ਤੋਂ ਖਾਲੀ ਭੇਜ ਦੇਵੇਗਾ ?ਜਿਸ ਨੇ ਸਾਰੀ ਜਿੰਦਗੀ ਉਨ੍ਹਾਂ ਨੂੰ ਰੰਡੇਪੇ ਦਾ ਇਕੱਲ ਮਹਿਸੂਸ ਨਹੀਂ ਹੋਣ ਦਿਤਾ,ਅੰਗ ਸੰਗ ਹੋਣ ਦਾ ਅਹਿਸਾਸ ਦੁਆ ਕੇ ਉਨ੍ਹਾਂ ਨੂੰ ਕਈ ਵਾਰੀ ਅਸਚਰਜ-ਜਨਕ ਬਖਸ਼ਿਸ਼ਾਂ ਦੇ ਰੰਗ ਦਿਖਾਏ ਤੇ ਇਲਾਹੀ ਰੰਗਾਂ ਨਾਲ ਨਿਹਾਲ ਕਰਨ ਲਈ ਦਰਸ਼ਨ ਝਲਕਾਂ ਦੀ ਬਖਸ਼ਿਸ਼ਿ ਕੀਤੀ।ਉਹ ਅੰਤੀ ਵਾਰ ਕਿਉਂ ਨਾ ਸਹਾਈ ਹੋਵੇਗਾ?ਇਹੀ ਤਾਂ ਵੇਲਾ ਹੈ ਜਦੋਂ ਉਸਦੇ ਰੰਗਲੇ ਕੰਤ ਨੇ ਆ ਕੇ ਬਾਂਹ ਪਕੜਨੀ ਹੈ।

**ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ॥**

**ਕਰੁ ਮਹਿ ਭੁਜਾ ਗਹੀ ਕਟਿ ਜਮ ਕੀ ਫਾਸੀ ਰਾਮ॥**

**( ਪੰਨਾਂ ੮੪੬ )**


ਦੂਜੇ ਦਿਨ ਕਿਸੇ ਗੁਰੂ ਪਿਆਰੇ ਨੇ ਫੋਨ ਰਾਹੀਂ ਬੀਬੀ ਜੀ ਦੇ ਗੁਰ-ਪੁਰੀ ਸਿਧਾਰਨ ਦਾ ਅੱਖੀਂ ਡਿੱਠਾ ਹਾਲ ਸੁਣਾਉਂਦਿਆਂ ਕਿਹਾ ਕਿ ਬਿਹੋਸ਼ੀ ਦੀ ਹਾਲਤ ਵਿਚ ਹੀ ਬਿਨਾ ਕਿਸੇ ਨਾਲ ਕੋਈ ਗਲ ਕੀਤਿਆਂ ੯ ਦਸੰਬਰ ੨੦੦੩ ਨੂੰ ਬੀਬੀ ਜੀ ਗੁਰ ਪੁਰੀ ਸਿਧਾਰ ਗਏ।ਇਲਾਕੇ ਦੀ ਮੰਨੀ ਪ੍ਰਮੰਨੀ ਸਰਦਾਰਨੀ ਦੇ ਸਸਕਾਰ ਉਤੇ ਆਮ ਲੋਕਾਂ ਦੀ ਭੀੜ ਦੇ ਨਾਲ ਨਾਲ ਉਹ ਲੋਕੀਂ ਵੀ ਮੋਜੂਦ ਸਨ,ਜਿੰਨ੍ਹਾਂ ਨਾਲ ਉਨ੍ਹਾਂ ਦੀ ਗੁਰੂ ਘਰ ਦੀ ਸਾਂਝ ਸੀ।ਜਿੰਨ੍ਹਾਂ ਸਾਧੂਆਂ ਸੰਤਾਂ ਨਾਲ ਮਿਲਕੇ ਉਨ੍ਹਾਂ ਰੂਹਾਨੀਅਤ ਦੀਆਂ ਮੰਜ਼ਿਲਾਂ ਤਹਿ ਕੀਤੀਆਂ ਤੇ ਜਿਨ੍ਹਾਂ ਪਿਆਰਿਆਂ ਕੋਲ ਉਹ ਆਪਣੇ ਰੰਗਲੇ ਕੰਤ ਦੀਆਂ ਰੰਗਲੀਆਂ ਖੇਡਾਂ ਦਾ ਜ਼ਿਕਰ ਦਿਲ ਖੋਲ੍ਹ ਕੇ ਕਰ ਲੈਂਦੇ ਸੀ।

ਬੀਬੀ ਜੀ ਦੇ ਸਸਕਾਰ ਸਮੇਂ ਇਕ ਗਲ ਚਰਚਾ ਦਾ ਵਿਸ਼ਾ ਬਣੀ ਰਹੀ।ਜਦੋਂ ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਵਾ ਕੇ ਤਿਆਰ ਕੀਤਾ ਤਾਂ ਪੰਜ ਅੰਮ੍ਰਿਤ ਧਾਰੀ,ਸ਼ਸ਼ਤਰਾਂ ਨਾਲ ਸਜੇ ਹੋਏ ਸਿੰਘ ਪਤਾ ਨਹੀਂ ਕਿਥੋਂ ਆ ਗਏ।ਸਰਦਾਰ ਉਪਿੰਦਰ ਜੀਤ ਸਿੰਘ ਜੀ(ਬੀਬੀ ਜੀ ਦਾ ਬੇਟਾ) ਕੋਲ ਉਨ੍ਹਾਂ ਨੇ ਬੀਬੀ ਜੀ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ।ਇਲਾਹੀ ਸੂਰਤਾਂ ਅਤੇ ਨੂਰਾਨੀ ਤੇਜ ਪ੍ਰਤਾਪ ਵਾਲੇ ਸਿੰਘਾਂ ਦੇ ਦਰਸ਼ਨ ਕਰ ਕੇ ਨਿਹਾਲ ਹੋ ਰਹੇ ਉਪਿੰਦਰ ਜੀਤ ਸਿੰਘ ਸੋਚ ਰਹੇ ਸੀ ਕਿ ਇਹ ਅਲੌਕਿਕਿ ਜਲੌ ਵਾਲੇ ਖਾਲਸੇ ਕਿੱਥੋਂ ਆਏ..?ਉਹ ਉਨ੍ਹਾਂ ਨੂੰ ਬੀਬੀ ਜੀ ਕੋਲ ਲੈ ਗਏ ਅਤੇ ਬੜੇ ਆਦਰ ਸਤਿਕਾਰ ਨਾਲ ਬੀਬੀ ਜੀ ਦੇ ਪੰਜ ਭੂਤਕ ਸਰੀਰ ਦੇ ਦਰਸ਼ਨ ਕਰਵਾਏ। ਸ਼ਮਸ਼ਾਨ ਭੂਮੀ ਵਿਚ ਬੀਬੀ ਜੀ ਦੇ ਸਰੀਰ ਨੂੰ ਅਗਨੀ ਭੇਟ ਕਰਨ ਸਮੇਂ ਪਰਿਵਾਰ ਵਲੋਂ ਨਿਯੁਕਤ ਕੀਤਾ ਪਿੰਡ ਦੇ ਗੁਰਦਵਾਰੇ ਦਾ ਗ੍ਰੰਥੀ-ਸਿੰਘ ਅਰਦਾਸ ਕਰਨ ਲਗਾ ਤਾਂ ਉਹ ਪੰਜ ਪਿਆਰੇ ਉਸਦੇ ਅੱਗੇ ਆਣ ਖੜੋਤੇ।ਉਸ ਨੂੰ ਰੋਕ ਕੇ ਉਨ੍ਹਾਂ ਨੇ ਆਪ ਜਪੁਜੀ ਸਾਹਿਬ

ਦਾ ਪਾਠ ਆਰੰਭ ਕਰ ਦਿਤਾ। ਇਲਾਹੀ ਰਸ-ਰੰਗ ਦਾ ਮੀਂਹ ਵਰ੍ਹਾਉਂਦੀ ਉਨ੍ਹਾਂ ਦੀ ਮਿੱਠੀ ਰਸਨਾਂ ਰਾਹੀਂ ਉਚਾਰ ਹੋ ਰਹੀ ਅੰਮ੍ਰਿਤ ਬਾਣੀ ਨੇ ਸਿਵਿਆਂ ਨੂੰ ਸਵਰਗੀ ਰੰਗ ਵਿਚ ਰੰਗ ਦਿੱਤਾ। ।ਪਾਠ ਦੀ ਸਮਾਪਤੀ ਪਿਛੋਂ ਉਨਾਂ ਆਪ ਹੀ ਅਰਦਾਸ ਕੀਤੀ। ਪ੍ਰੀਵਾਰ ਦੇ ਜੀਆਂ ਨੇ ਅਤੇ ਸੰਗੀਆਂ ਸਾਥੀਆਂ ਨੇ ਫਿਰ ਉਨ੍ਹਾਂ ਨੂੰ ਕਿਧਰੇ ਨਾ ਦੇਖਿਆ। ਪੂਰੀ ਕੋਸ਼ਿਸ਼ ਕਰਨ ਉਤੇ ਭੀ ਇਸ ਗਲ ਦੇ ਭੇਦ ਦਾ ਪਤਾ ਨਹੀਂ ਲਗਿਆ। **"ਖਾਲਸਾ ਮੇਰੋ ਰੂਪ ਹੈ ਖਾਸ॥ "** ਦੀ ਦਿੱਖ ਦੇਣ ਵਾਲੇ ਦਰਸ਼ਨੀ ਸਿੰਘ ਕਿਸੇ ਦੀ ਪਛਾਣ ਵਿਚ ਨਾ ਆਏ। 'ਇਹ ਕੌਣ ਹਨ ?' 'ਇਹ ਕਿਥੋਂ ਆਏ ਹਨ ?' ਲੋਕਾਂ ਨੇ ਤੇ ਘਰ ਦਿਆਂ ਨੇ ਇਕ ਦੂਜੇ ਤੋਂ ਪੁੱਛਿਆ। ਪਰ ਇਸ ਦਾ ਜਵਾਬ ਕਿਸੇ ਕੋਲ ਨਹੀਂ ਸੀ। ਗੁਰੁ ਫਰਮਾਨ ਹੈ,

**ਸਾਧਸੰਗਿ ਧਰਮਰਾਇ ਕਰੇ ਸੇਵਾ॥ ਸਾਧ ਕੈ ਸੰਗਿ ਸੋਭਾ ਸੁਰ ਦੇਵਾ॥   ਗਉੜੀ ਸੁਖਮਨੀ ਪੰਨਾਂ ੨੭੧**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਧੁਰ ਦਰਗਾਹੋਂ ਆਈ ਬਾਣੀ ਤਾਂ ਅਟੱਲ ਸਚਾਈ ਹੈ। ਇਸ ਉਤੇ ਕਿੰਤੂ ਤਾਂ ਕੀਤਾ ਹੀ ਨਹੀਂ ਜਾ ਸਕਦਾ। ਤੇ ਇਹ ਭੀ ਸਚਾਈ ਹੈ ਕਿ ਬੀਬੀ ਜੀ ਸਾਧੂ ਸੰਤਾਂ ਦੀ ਸੰਗਤ ਵਿਚ ਹੀ ਰਹਿੰਦੇ ਸਨ। ਜੇ ਘਰ ਵਿਚ ਹਨ ਤਾਂ ਸ੍ਰੀ ਗੁਰੂ ਸਾਹਿਬ ਜੀ ਦੀ ਸੱਚੀ ਸੰਗਤ ਵਿਚ ਬਹੁਤਾ ਸਮਾ ਬਿਤਾਉਂਦੇ ਸਨ। ਜੇ ਕਰ ਜੀਉਂਦੇ ਜੀਅ ਉਨ੍ਹਾਂ ਦੇ ਜੀਵਨ ਵਿਚ ਗੈਬੀ ਰੰਗਾਂ ਦੀ ਬਹਾਰ ਸੀ ਤਾਂ ਅੰਤਿਮ ਸਮਾਂ ਕਿਵੇਂ ਖਾਲੀ ਰਹਿ ਸਕਦਾ ਸੀ...?



**ਬੀਬੀ ਗੁਰਦੀਪ ਕੌਰ ਜੀ ਦੇ ਸੱਜੇ ਪਾਸੇ ਉਨ੍ਹਾਂ ਦੇ ਭਰਾ ਜੀ ਅਤੇ ਭੈਣ ਜੀ।**

# ਸੁਨਹੁ ਲੋਕਾ ਮੈ ਪ੍ਰੇਮ ਰਸ ਪਾਇਆ

ਇਕ ਵਾਰੀ ਇਕ ਮੰਨੇ ਪ੍ਰਮੰਨੇ ਸੁਘੜ ਸਿਆਣੇ ਸਿੰਘ ਸਾਹਿਬ ਬੀਬੀ ਗੁਰਦੀਪ ਕੌਰ ਜੀ ਦੇ ਜੀਵਨ ਵਿਚ ਵਾਪਰੇ ਦਰਸ਼ਨ ਝਲਕਾਰਿਆਂ ਵਾਰੇ ਵਿਚਾਰ ਪ੍ਰਗਟ ਕਰਦੇ ਹੋਏ ਕਹਿੰਦੇ ਕਿ ਜੇ ਕਰ ਭਗਤੀ ਰਾਹਾਂ ਉਤੇ ਚਲਦਿਆਂ,ਕੋਈ ਗੈਬੀ ਦੁਨੀਆਂ ਦਾ ਅਦਭੁੱਤ ਨਜ਼ਾਰਾ ਦਿਖਦਾ ਹੈ ਤਾਂ ਉਸਦਾ ਜ਼ਿਕਰ ਆਮ ਲੋਕਾਂ ਕੋਲ ਨਹੀਂ ਕਰਨਾ ਚਾਹੀਦਾ।ਕਿਉਂਕਿ ਰਿੱਧੀਆਂ, ਸਿੱਧੀਆਂ,ਅੰਤਰਯਾਤਮਾ ਅਤੇ ਭਵਿੱਖ ਬਾਣੀ ਸੱਚੀ ਹੋ ਜਾਣੀ,ਇਹ ਸਭ ਰਸਤੇ ਦੀਆਂ ਗਲਾਂ ਹਨ।ਮੰਜ਼ਿਲ ਉਤੇ ਪਹੁੰਚਣ ਤੋਂ ਪਹਿਲਾਂ ਜੇਕਰ ਅਸੀਂ ਰਸਤੇ ਵਿਚ ਆਏ ਖੂਬਸੂਰਤ ਨਜ਼ਾਰਿਆਂ ਵਿਚ ਹੀ ਉਲਝ ਗਏ ਤਾਂ ਮੰਜ਼ਿਲ ਉਤੇ ਪਹੁੰਚਣ ਦੀ ਗਲ ਭੁੱਲ ਜਾਵੇਗੀ।ਭਗਤੀ ਦੇ ਰਾਹਾਂ ਵਿਚ ਹਉਮੈ ਦੀ ਤਿਲਕਣਬਾਜ਼ੀ ਤੋਂ ਬਚਣਾ ਅਤਿੱ ਕਠਿਨ ਹੁੰਦਾ ਹੈ।ਭਗਤੀ ਮਾਰਗ ਦੀਆਂ ਉਚੀਆਂ ਤੇ ਕਠਿਨ ਪੌੜੀਆਂ ਚੜ੍ਹਦਾ ਪ੍ਰਾਣੀ,ਹਉਮੈ ਦੀ ਤਿਲਕਣ ਵਿਚ ਫਸ ਕੇ ਜਦੋਂ ਡਿਗ ਪੈਂਦਾ ਹੈ ਤਾਂ ਉਸਦੇ ਸੱਟਾਂ ਚੋਟਾਂ ਲਗਦੀਆਂ ਹਨ।ਜਿੰਨਾ ਉਪਰ ਜਾ ਕੇ ਡਿਗੇਗਾ ਓਨੀਆਂ ਹੀ ਸੱਟਾਂ ਵੀ ਵਧੇਰੇ ਲਗਣਗੀਆਂ।ਫਿਰ ਦੁਬਾਰਾ ਪਉੜੀਆਂ ਚੜਨੀਆਂ ਔਖੀਆਂ ਹੋ ਜਾਂਦੀਆਂ ਹਨ।ਅਜਿਹੀ ਸਥਿਤੀ ਵਿਚ ਰਿੱਧੀਆਂ ਸਿੱਧੀਆਂ ਦੀ ਚੇਟਕ ਨੇ ਸੰਤ,ਮਹਾਂਪੁਰਸ਼ ਹੋਣ ਦੀ ਛਵੀ ਬਣਾਈ ਹੋਈ ਹੁੰਦੀ ਹੈ।ਸੱਟਾਂ ਚੋਟਾਂ ਖਾ ਕੇ ਜਦੋਂ ਕੋਲ ਕੁਝ ਨਹੀਂ ਭੀ ਨਹੀਂ ਰਹਿੰਦਾ ਤਾਂ ਗੁਰੂ ਬਣਨ ਦਾ ਚਸਕਾ ਲੋਕਾਂ ਵਿਚ ਛਵੀ ਬਣਾਈ ਰਖਣ ਲਈ ਝੂਠ ਬੋਲਣ ਲਈ ਮਜਬੂਰ ਕਰ ਦਿੰਦਾ ਹੈ।ਬਾਬੇ ਬਣ ਕੇ ਗੱਦੀ ਉਤੇ ਟਿਕੇ ਰਹਿਣ ਲਈ ਕਈ ਤਰਾਂ ਦੇ ਭੇਖ ਤੇ ਪਖੰਡ ਕਰਨੇ ਪੈਂਦੇ ਹਨ।ਬੰਦਾ ਰੱਬ ਦਾ ਪਿਆਰ ਤੇ ਰਬ ਦੀ ਬੰਦਗੀ ਦਾ ਰਾਹ ਛਡ ਕੇ ਆਪਣੀ ਇਜ਼ਤ ਪੱਤ ਦੀ ਰਾਖੀ ਲਈ ਸਾਰੀ ਸ਼ਕਤੀ ਖਰਚ ਕਰਨ ਲੱਗ ਪੈਂਦਾ ਹੈ।

ਸਾਧੂ ਸੰਤਾਂ ਦੀ ਸੰਗਤ,ਪਿਛਲੇ ਜਨਮਾਂ ਦੀ ਭਗਤੀ,ਸੋਹਣੀ ਕੁਦਰਤ ਦੇ ਨਜ਼ਾਰੇ ਅਤੇ ਨਾਮ ਬਾਣੀ ਦੀ ਘਾਲਣਾ ਕਈ ਵਾਰ ਭਾਗਾਂ ਵਾਲਿਆਂ ਦੀ ਸੁਰਤ ਨੂੰ ਐਸੇ ਹੁਲਾਰੇ ਬਖਸ਼ ਦਿੰਦੇ ਹਨ ਕਿ ਉਹ ਕਰਤੇ ਦੀ ਕੁਦਰਤ ਦੇ ਉਹ ਗੋਹਜ ਭਰੇ ਰੰਗ ਦੇਖ ਲੈਂਦੇ ਹਨ ਜਿਹੜੇ ਸਾਨੂੰ ਆਮ ਜਿੰਦਗੀ ਵਿਚ ਨਹੀਂ ਦਿਖਦੇ। ਪਲ ਦੋ ਪਲ ਲਈ ਅਦਭੁੱਤ ਨਜ਼ਾਰੇ ਦੇਖਣ ਦੇ ਪਿਛੋਂ ਅਸੀਂ ਫਿਰ ਉਹੋ ਜਿਹੇ ਹੀ ਹੋ ਜਾਂਦੇ ਹਾਂ,ਜਿਹੋ ਜਿਹੇ ਪਹਿਲਾਂ ਸੀ। ਇਸ ਲਈ ਚੰਗੀ ਗਲ ਹੈ,ਜੇਕਰ ਅਸੀਂ ਰੌਲਾ ਪਾਉਣ ਦੀ ਥਾਂ ਉਸ ਅਦ੍ਰਿਸ਼ਟ ਅਗੋਚਰ ਦੀਆਂ ਭੇਦ-ਭਰੀਆਂ ਗਲਾਂ ਨੂੰ ਆਪਣੇ ਅੰਦਰ ਹੀ ਛੁਪਾ ਲਈਏ।

ਬੀਬੀ ਗੁਰਦੀਪ ਕੌਰ ਜੀ ਨੂੰ ਹੇਮਕੁੰਟ ਸਾਹਿਬ ਦੀ ਧਰਤੀ ਉਤੇ ਜੋ ਬਖਸ਼ਿਸ਼ਾਂ ਪ੍ਰਾਪਤ ਹੋਈਆਂ,ਉਨ੍ਹਾਂ ਵਾਰੇ ਵਿਚਾਰ ਪੇਸ਼ ਕਰਦਿਆਂ ਸਿੰਘ ਸਾਹਿਬ ਨੇ ਹੇਮ-ਕੁੰਟ ਸਾਹਿਬ ਦੀ ਧਰਤੀ ਨੂੰ ਰੱਜ ਕੇ ਸਲਾਹਿਆ।ਸੰਤ-ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੁਗਾਂ-ਜੁਗਾਂਤਰਾਂ ਦੀ ਤਪ-ਸਾਧਨਾ ਪਿਛੋਂ

ਕਰਤਾ ਪੁਰਖ ਦੇ ਹੁਕਮ ਅਨੁਸਾਰ ਜਨਮ ਲੈਣ ਵਾਰੇ ਲਿਖੀ ਹੋਈ ਬਚਿੱਤ੍ਰ ਨਾਟਕ ਦੀ ਬਾਣੀ ਪਿਆਰ-ਭਿੱਜੀ ਰਸਨਾ ਨਾਲ ਸੁਣਾਉਂਦੇ ਹੋਏ ਉਹ ਗੁਰੂ ਜੀ ਦੇ ਪ੍ਰੇਮ ਪ੍ਰਕਾਸ਼ ਦੇ ਰੰਗ ਵਿਚ ਰੰਗੇ ਗਏ।ਮਸਤੀ ਦੇ ਲੋਰ ਵਿਚ ਆ ਕੇ ਉਨ੍ਹਾਂ ਨੂੰ ਭੁੱਲ ਗਿਆ ਕਿ ਉਹ ਕਿਸੇ ਓਪਰੇ ਬੰਦੇ ਨਾਲ ਆਪਣੇ ਡਰਾਇੰਗ ਰੂਮ ਵਿਚ ਬੈਠੇ ਆਪਾ ਫਰੋਲ ਰਹੇ ਹਨ।ਉਨ੍ਹਾਂ ਨੇ ਆਪਣੀ ਹੱਡ-ਬੀਤੀ ਸੁਣਾਉਣੀ ਸ਼ੁਰੂ ਕਰ ਦਿਤੀ।ਉਨ੍ਹਾਂ ਦੱਸਿਆ ਕਿ ਉਦੋਂ ਹੇਮਕੁੰਟ ਸਾਹਿਬ ਦੇ ਗੁਰਦਵਾਰੇ ਨਹੀਂ ਸੀ ਬਣੇ।ਬਹੁਤ ਪੁਰਾਣੀ ਗਲ ਹੈ ਕਿ ਉਨ੍ਹਾਂ ਨੂੰ ਕਿਸੇ ਕੋਲੋਂ ਪਤਾ ਲੱਗਿਆ ਕਿ ਹੇਮਕੁੰਟ ਸਾਹਿਬ ਦੇ ਅੰਮ੍ਰਿਤ ਸਰੋਵਰ ਵਿਚ ਰਾਤ ਦੇ ਦੋ ਵਜੇ ਦੇਵੀ ਦੇਵਤੇ ਇਸ਼ਨਾਨ ਕਰਨ ਆਉਂਦੇ ਹਨ।ਇਹ ਨਜ਼ਾਰਾ ਦੇਖਣ ਲਈ ਉਨ੍ਹਾਂ ਦੇ ਦਿਲ ਵਿਚ ਬੜੀ ਤੀਬਰ ਭਾਵਨਾ ਜਾਗ ਪਈ।ਸਤਿਗੁਰਾਂ ਨੇ ਕ੍ਰਿਪਾ ਕੀਤੀ ਤੇ ਉਹ ਆਪਣੀ ਪਤਨੀ ਅਤੇ ਇਕ ਹੋਰ ਦੋਸਤ ਪਰਿਵਾਰ ਨਾਲ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਚਲੇ ਗਏ।ਰਾਤ ਦੇ ਦੋ ਵਜੇ ਦੇਵੀ ਦੇਵਤਿਆਂ ਦੇ ਇਸ਼ਨਾਨ ਦਾ ਸਵਰਗੀ ਨਜ਼ਾਰਾ ਦੇਖਣ ਦੇ ਸੁਪਨੇ ਸਜਾਉਂਦੇ ਹੋਏ ਉਹ ਦੁਸ਼ਟ ਦਮਨ ਦੇ ਤਪ-ਸਥਾਨ ਦੀ ਯਾਤਰਾ ਕਰਦੇ ਹੋਏ ਧੁਰ ਪਹੁੰਚੇ।ਮੰਨੀ ਪ੍ਰਮੰਨੀ ਹਸਤੀ ਨੂੰ ਕਿਸੇ ਤਰ੍ਹਾਂ ਉਪਰ ਰਹਿਣ ਦੀ ਆਗਿਆ ਭੀ ਮਿਲ ਗਈ,ਜਿਥੇ ਆਮ ਯਾਤਰੂਆਂ ਲਈ ਮਨਾਹੀ ਸੀ।

ਉਦੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਛੋਟੀ ਸੀ।ਸਰੋਵਰ ਕੰਢੇ ਇਕ ਛੋਟਾ ਜਿਹਾ ਹਾਲ ਕਮਰਾ ਸੀ।ਉਸਦੀ ਇਕ ਨੁੱਕਰੇ ਸੇਵਾਦਾਰ ਲਈ ਅਤੇ ਲੰਗਰ ਲਈ ਥਾਂ ਬਣਾਈ ਹੋਈ ਸੀ।ਵਿਚਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਸੁੱਖ-ਆਸਣ ਸਰੂਪ ਵਿਚ ਸਜੇ ਹੋਏ ਅਤੇ ਇਕ ਨੁੱਕਰ ਵਿਚ ਸਿੰਘ ਸਾਹਿਬ ਆਪਣੇ ਸਾਥੀਆਂ ਨਾਲ ਕੁਝ ਕੰਬਲ ਥੱਲੇ ਵਿਛਾ ਕੇ ਅਤੇ ਕੁਝ ਕੰਬਲ ਉਪਰ ਲੈ ਕੇ ਸੌਂ ਗਏ।ਪਰ ਸਿੰਘ ਸਾਹਬਿ ਨੂੰ ਨੀਂਦ ਕਿਥੇ? ਬਾਕੀ ਸਾਥੀ ਤਾਂ ਉਚੀਆਂ ਚੜ੍ਹਾਈਆਂ ਚੜ੍ਹ ਕੇ ਥਕਾਵਟ ਨਾਲ ਚੂਰ ਹੋਏ ਸੌਂ ਗਏ ਪਰ ਸਿੰਘ ਸਾਹਿਬ ਰਾਤ ਦੇ ਦੋ ਵਜੇ ਦੀ ਉਡੀਕ ਕਰਨ ਲੱਗੇ।

ਆਖਰ ਸਮਾਂ ਆਇਆ।ਹਿਮਾਲਾ ਪਰਬਤ ਦੀਆਂ ਉਚਿਆਈਆਂ ਉਤੇ ਸੋਭਦੇ ਸਪਤ ਸ੍ਰਿੰਗ ਵਿਚ ਪਸਰੀ ਸਿਰੇ ਦੀ ਚੁੱਪ ਨੂੰ ਕਿਸੇ ਨੇ ਅੰਮ੍ਰਿਤ ਸਰੋਵਰ ਵਿਚ ਟੁੱਭੀ ਮਾਰ ਕੇ ਤੋੜਿਆ ਤਾਂ ਸਿੰਘ ਸਾਹਿਬ ਨੇ ਜਾ ਕੇ ਹੌਲੀ ਜਿਹੀ ਗੇਟ ਦਾ ਅੰਦਰੋਂ ਲਗਿਆ ਕੁੰਡਾ ਖੋਲਿਆ ਤੇ ਬਾਹਰ ਜਾ ਕੇ ਗੇਟ ਬੰਦ ਕਰ ਦਿੱਤਾ।ਉਨ੍ਹਾਂ ਇਕ ਸਿੰਘ ਨੂੰ ਸਰੋਵਰ ਵਿਚ ਇਸ਼ਨਾਨ ਕਰਦੇ ਦੇਖਿਆ।ਸਰੋਵਰ ਕੰਢੇ ਪਹੁੰਚ ਕੇ ਉਨ੍ਹਾਂ ਦਾ ਦਿਲ ਕੀਤਾ ਕਿ ਉਹ ਭੀ ਇਸ਼ਨਾਨ ਕਰਨ ਪਰ ਕਛਿਹਰਾ ਤੇ ਤੌਲੀਆ ਤਾਂ ਉਨ੍ਹਾਂ ਦੀ ਪਤਨੀ ਨੇ ਇਕ ਥੈਲੇ ਵਿਚ ਪਾ ਕੇ ਆਪਣਾ ਸਿਰਹਾਣਾ ਬਣਾਇਆ ਹੋਇਆ ਸੀ। ਜੇਕਰ ਵਾਪਸ ਜਾ ਕੇ ਪਤਨੀ ਕੋਲੋਂ ਮੰਗਦੇ ਤਾਂ ਉਸਨੇ ਐਨੀ ਠੰਢ ਵਿਚ ਇਸ਼ਨਾਨ ਕਰਨ ਤੋਂ ਰੋਕ ਦੇਣਾ ਸੀ ਤੇ ਨਾਲੇ ਸਾਰਿਆਂ ਦੀ ਨੀਂਦ ਖਰਾਬ ਹੋਣੀ ਸੀ।ਇਹਨਾ ਸੋਚਾਂ ਵਿਚ ਹੀ ਫਸੇ ਹੋਏ ਸੀ ਕਿ ਇਸ਼ਨਾਨ ਕਰਨ ਵਾਲੇ ਸਿੰਘ ਨੇ ਸਰੋਵਰ ਤੋਂ ਬਾਹਰ ਆ ਕੇ ਸੁੱਕੇ ਤੌਲੀਏ ਨਾਲ ਆਪਣਾ ਪਿੰਡਾ ਪੂੰਝਿਆ ਅਤੇ ਕਛਿਹਰਾ ਬਦਲਿਆ।ਤਦ ਸਿੰਘ ਸਾਹਿਬ ਨੇ ਕੋਲ ਜਾ ਕੇ ਬੇਨਤੀ ਕੀਤੀ ਕਿ ਉਹ ਉਸਨੂੰ ਇਸ਼ਨਾਨ ਕਰਨ ਲਈ ਆਪਣਾ ਗਿੱਲਾ ਕਛਿਹਰਾ ਅਤੇ ਤੌਲੀਆ ਦੇ ਦੇਣ..।ਅਗੋਂ ਉਸਨੇ ਕਛਿਹਰਾ ਤੇ ਤੌਲੀਆ ਦੇ ਕੇ ਨਾਲ ਹੀ ਇਕ ਤੇਲ ਦੀ ਸ਼ੀਸ਼ੀ ਫੜਾ ਕੇ ਕਿਹਾ ਕਿ ਪਹਿਲਾਂ ਪਿੰਡੇ ਉਤੇ ਤੇਲ ਮਲ ਲਵੋ,ਫਿਰ ਠੰਢ ਘਟ ਲਗੇਗੀ। ਸਿੰਘ ਸਾਹਿਬ

ਨੇ ਗਿੱਲਾ ਕਛਿਹਰਾ ਪਹਿਨ ਕੇ ਫਟਾ ਫਟ ਸ਼ੀਸ਼ੀ ਵਿਚੋਂ ਤੇਲ ਕਢ ਕੇ ਪਿੰਡੇ ਉਤੇ ਮਲਿਆ ਤੇ ਇਸ਼ਨਾਨ ਕਰਕੇ ਕਛਿਹਰਾ ਤੌਲੀਆ ਵਾਪਿਸ ਕਰਕੇ ਗੁਰਦਵਾਰਾ ਸਾਹਿਬ ਵਲ ਮੂੰਹ ਕੀਤਾ।ਜਦੋਂ ਸਰੋਵਰ ਵਲ ਪਿੱਠ ਕਰਕੇ ਮੁੜੇ ਹੀ ਸੀ ਤਾਂ ਉਨ੍ਹਾਂ ਨੂੰ ਆਪਣੀ ਪਿੱਠ ਉਤੇ ਕੋਈ ਥਾਪੜਾ ਦਿੰਦਾ ਹੋਇਆ ਮਹਿਸੂਸ ਹੋਇਆ। ਜਦ ਪਿਛੇ ਮੁੜ ਕੇ ਦੇਖਿਆ ਤਾਂ ਉਥੇ ਕੋਈ ਭੀ ਨਹੀਂ ਸੀ।ਇਕ ਦੰਮ ਹੱਕੇ ਬੱਕੇ ਹੋ ਕੇ ਸੋਚਣ ਲੱਗੇ ਕਿ ਉਹ ਸਿੰਘ ਕਿੱਥੇ ਚਲੇ ਗਿਆ ਜਿਸ ਨੇ ਮੈਨੂੰ ਗਿੱਲਾ ਕਛਿਹਰਾ,ਤੌਲੀਆ ਤੇ ਤੇਲ ਦੀ ਸ਼ੀਸ਼ੀ ਦੇ ਕੇ ਇਸ਼ਨਾਨ ਕਰਵਾਇਆ।ਹੁਣੇ ਹੀ ਤਾਂ ਉਹ ਉਨ੍ਹਾਂ ਦੇ ਕੋਲ ਖੜ੍ਹਾ ਸੀ।ਐਨੀ ਛੇਤੀ ਕਿਥੇ ਛਪਨ ਹੋ ਗਿਆ... ? ਪੂਰਨਮਾਸ਼ੀ ਦੇ ਖਿੜੇ ਹੋਏ ਚਾਨਣ ਵਿਚ ਦੂਰ ਦੂਰ ਤੱਕ ਦੇਖਣ ਤੇ ਵੀ ਕੋਈ ਨਜ਼ਰ ਨਾ ਆਇਆ।ਗੁਰਦਵਾਰਾ ਸਾਹਿਬ ਵਿਚੋਂ ਕੋਈ ਬਾਹਰ ਨਹੀਂ ਆਇਆ।ਇਹੀ ਇਕ ਦਰਵਾਜਾ ਹੈ ਜੋ ਬੰਦ ਹੈ।ਸੇਵਾਦਾਰ ਸੁੱਤਾ ਪਿਆ ਹੈ।ਆਲੇ ਦੁਆਲੇ ਦੇ ਦੂਰ ਵਸਦੇ ਪਿੰਡਾਂ ਵਿਚੋਂ ਕੋਈ ਅੱਧੀ ਰਾਤੀਂ ਕਿਵੇਂ ਆ ਸਕਦਾ ਹੈ?ਅਖੀਰ ਸਿੰਘ ਸਾਹਿਬ ਨੂੰ ਯਕੀਨ ਹੋ ਗਿਆ ਕਿ ਇਹ ਤਾਂ ਉਹੀ ਸਵਰਗੀ ਨਜ਼ਾਰਾ ਸੀ,ਜਿਸ ਨੂੰ ਦੇਖਣ ਦੀ ਲੋਚਾ ਨਾਲ ਉਹ ਆਏ ਸੀ।ਕਲਾ-ਧਾਰ ਸਤਿਗੁਰੂ ਨੇ ਰੀਝ ਪੂਰੀ ਕਰਨ ਲਈ ਦੇਵੀ-ਦੇਵਤਿਆਂ ਦੀ ਥਾਂ ਸਿੰਘ ਸਾਹਿਬ ਦੇ ਦਰਸ਼ਨ ਕਰਵਾ ਕੇ ਉਸ ਕੋਲੋਂ ਥਾਪੜਾ ਦੁਆ ਦਿੱਤਾ।ਸਿੰਘ ਨਾਲ ਮੇਲ ਮਿਲਾਪ ਦੀ ਅਸਚਰਜ ਖੇਡ ਵਾਰੇ ਸੋਚ ਕੇ ਸਿੰਘ ਸਾਹਿਬ ਨੂੰ ਅਕਹਿ ਖੁਸ਼ੀ ਹੋਈ ਤੇ ਉਹ ਅਗੰਮ ਅਗੋਚਰ ਕਰਤਾ ਪੁਰਖ ਦੇ ਸ਼ੁਕਰਾਨੇ ਕਰਨ ਵਿਚ ਜੁੜ ਗਏ।

ਭਾਗਾਂ ਭਰੀ ਘੜੀ ਦੀ ਯਾਦ ਦੀ ਖੁਮਾਰੀ ਵਿਚ ਸਿੰਘ ਸਾਹਿਬ ਨੇ ਸਾਰੀ ਗਲ ਸੁਣਾ ਦਿੱਤੀ।ਇਹ ਵੀ ਦੱਸ ਦਿੱਤਾ ਕਿ ਯਾਤਰਾ ਤੋਂ ਵਾਪਿਸ ਆਣ ਪਿਛੋਂ ਉਨ੍ਹਾਂ ਨੂੰ ਸਿੱਖ ਜਗਤ ਦੀ ਸਭ ਤੋਂ ਉਚੀ ਪਦਵੀ ਨਾਲ ਸਨਮਾਨਤ ਕੀਤਾ ਗਿਆ।ਪਰ ਸਾਰੀ ਗੱਲ ਸੁਣਾਉਣ ਪਿਛੋਂ ਉਨ੍ਹਾਂ ਨੂੰ ਖਿਆਲ ਆਇਆ ਕਿ ਉਨ੍ਹਾਂ ਨੂੰ ਇਹ ਹੱਡ ਬੀਤੀ ਕਿਸੇ ਨੂੰ ਨਹੀਂ ਸੀ ਸੁਨਾਉਣੀ ਚਾਹੀਦੀ।ਗਲਤੀ ਦਾ ਅਹਿਸਾਸ ਹੋਇਆ ਤਾਂ ਉਨ੍ਹਾਂ ਆਪਣੀਆਂ ਠੋਸ ਦਲੀਲਾਂ ਦੇ ਸਹਾਰੇ ਗਲਤੀ ਸੁਧਾਰਨ ਦੀ ਕੋਸ਼ਿਸ਼ ਕਰਦਿਆਂ ਬੜੇ ਸੁਲਝੇ ਹੋਏ ਢੰਗ ਨਾਲ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਹੇਮਕੁੰਟ ਸਾਹਿਬ ਜਾ ਕੇ ਇਹੋ ਜਿਹੀਆਂ ਘਟਨਾਵਾਂ ਇਸ ਕਰਕੇ ਵਾਪਰ ਜਾਂਦੀਆਂ ਹਨ,ਕਿ ਜਦੋ ਅਸੀਂ ਪ੍ਰਭੂ-ਪ੍ਰੇਮ ਵਿਚ ਲੀਨ ਹੋ ਕੇ ਅਤੇ ਸੋਹਣੀ ਕੁਦਰਤ ਦੇ ਰੰਗਾਂ ਦਾ ਅਸਰ ਕਬੂਲਦੇ ਹੋਏ ਕਰਤੇ ਦੀ ਰਚਨਾ ਵਿਚੋਂ ਕਰਤਾ ਪੁਰਖ ਨੂੰ ਨਿਹਾਰਦੇ ਹੋਏ ਆਪਣੇ ਆਪ ਨੂੰ ਅਤੇ ਘਰ-ਬਾਰ ਦੇ ਝੰਜਟਾਂ ਨੂੰ ਭੁਲਕੇ ਸਿਰਜਨਹਾਰੇ ਵਿਚ ਹੀ ਲੀਨ ਹੋ ਜਾਂਦੇ ਹਾਂ,ਤਾਂ ਸਾਡੀ ਮਾਨਸਿਕ ਅਵਸਥਾ ਬਹੁਤ ਉਚੀ ਹੋ ਜਾਂਦੀ ਹੈ।ਸਾਡੀ ਸੁਰਤੀ ਬਿਰਤੀ ਬਦਲ ਜਾਂਦੀ ਹੈ ਜਿਸ ਕਰਕੇ ਕਈ ਅਲੌਕਿਕ ਗੱਲਾਂ ਹੋ ਜਾਂਦੀਆਂ ਹਨ।ਉਨ੍ਹਾਂ ਗੱਲ ਬਦਲਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਸਿੰਘ ਸਾਹਿਬ ਆਪਣੀ ਕੀਤੀ ਉਤੇ ਪਾਣੀ ਫੇਰਨ ਵਿਚ ਅਸਫਲ ਰਹੇ।

ਕਹਿੰਦੇ ਨੇ ਤਪ ਕਰਨ ਪਿਛੋਂ ਰਾਜ ਮਿਲਦਾ ਹੈ ਅਤੇ ਰਾਜ ਕੋਈ ਸਥਿਰ ਰਹਿਣ ਵਾਲੀ ਚੀਜ਼ ਨਹੀਂ ਹੈ। ਕਈ ਵਾਰੀ ਇਸ ਤਰ੍ਹਾਂ ਵੀ ਹੋ ਜਾਂਦਾ ਹੈ ਕਿ ਤਖਤਾਂ ਉਤੇ ਬਿਠਾ ਕੇ,ਕਰਤਾ ਪੁਰਖ ਆਪਣੇ ਪਿਆਰਿਆਂ ਕੋਲੋਂ ਜਗਤ ਦੇ ਭਲੇ ਲਈ ਉਚੇ ਸੁੱਚੇ ਕਰਮ ਕਰਵਾ ਲੈਂਦਾ ਹੈ।ਦੇਸ਼ ਕੌਮ ਲਈ ਕੀਤੀਆਂ ਸਾਧਾਰਨ ਵਿਅਕਤੀਆਂ ਦੀਆਂ ਕੁਰਬਾਨੀਆਂ ਜਾਂ ਸੇਵਾਵਾਂ ਦਾ ਸਮਾਜ ਵਿਚ ਐਨਾ ਅਸਰ ਨਹੀਂ ਹੁੰਦਾ

ਜਿਨਾਂ ਕਿਸੇ ਮੰਨੇ ਪ੍ਰੰਮਨੇ ਵਿਅਕਤੀ ਦੀ ਕਰਨੀ ਦਾ ਹੁੰਦਾ ਹੈ। ਤਖਤਾਂ ਉਪਰ ਬੈਠੇ ਹੋਇਆਂ ਦੀ ਕੀਤੀ ਹੋਈ ਸੇਵਾ ਗੂੜ੍ਹੇ ਰੰਗ ਲਿਆਂਉਂਦੀ ਹੈ। ਸਿੰਘ ਸਾਹਿਬ ਦੀਆਂ ਸੇਵਾਵਾਂ ਨੂੰ ਯਾਦ ਕਰਕੇ ਕਿਹਾ ਜਾ ਸਕਦਾ ਹੈ ਕਿ ਦੇਵੀ ਦੇਵਤਿਆ ਦੇ ਦਰਸ਼ਨ ਕਰਨ ਦੀ ਥਾਂ ਹੇਮਕੁੰਟ ਸਰੋਵਰ ਵਿਚ ਰਾਤ ਦੇ ਦੋ ਵਜੇ ਇਸ਼ਨਾਨ ਕਰ ਰਹੇ ਸਿੰਘ ਕੋਲੋਂ ਥਾਪੜਾ ਲੈ ਕੇ ਉਸ ਗੁਰਸਿਖ ਨੇ ਵੀ ਗੁਰਸਿਖੀ ਦੀ ਸ਼ਾਨ ਲਈ ਕੁਝ ਐਸੀਆਂ ਸੇਵਾਵਾਂ ਹੀ ਕੀਤੀਆਂ।

ਜਦੋਂ ਸਿੱਖ ਪੰਥ ਨੂੰ ਘੋਰ ਅਤਿਆਚਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਤਾਂ ਉਸ ਵੇਲੇ ਸਿੰਘ ਸਾਹਿਬ ਨੇ ਬਚਿੱਤ੍ਰ ਨਾਟਕ ਵਿਚ ਲਿਖੀਆਂ ਹੋਈਆਂ ਵੀਰ ਰਸ ਦੀਆਂ ਕਵਿਤਾਵਾਂ ਬੜੇ ਜੋਸ਼ੀਲੇ ਸੁਰਾਂ ਵਿਚ ਗਾ ਕੇ ਮਰਦੀਆਂ ਮੁਕਦੀਆਂ ਜਿੰਦਾਂ ਵਿਚ ਰੂਹ ਫੂਕ ਦਿੱਤੀ। ਜੋਸ਼ੀਲੇ ਭਾਸ਼ਨਾਂ ਨਾਲ ਸਿੱਖ ਪੰਥ ਨੂੰ ਹਲੂਣਾ ਦਿੱਤਾ। ਨੌਜਵਾਨਾਂ ਦੇ ਸੀਨਿਆਂ ਵਿਚ ਪੰਥ ਦੀ ਚੜ੍ਹਦੀ ਕਲਾ ਲਈ ਸ਼ਹੀਦੀਆਂ ਦਾ ਜਾਮ ਪੀਣ ਦੀ ਲਾਲਸਾ ਜਾਗੀ।

ਕਈ ਸੇਵਾਵਾਂ ਲੋਕਾਂ ਦੀਆਂ ਨਜ਼ਰਾਂ ਵਿਚ ਆਈਆਂ ਪਰ ਕਈ ਮਹਾਨ ਸੇਵਾਵਾਂ ਉਨ੍ਹਾਂ ਗੁਪਤ ਰੂਪ ਵਿਚ ਵੀ ਕੀਤੀਆਂ।

ਬਹੁਤੀ ਵਾਰੀ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਉਚੀਆਂ ਕੁਰਸੀਆਂ ਉਤੇ ਬੈਠ ਕੇ ਬੰਦਾ ਆਪਣੀ ਕੁਰਸੀ ਦੀ ਸਲਾਮਾਤੀ ਲਈ ਮਿਹਨਤ ਕਰਨ ਲੱਗ ਪੈਂਦਾ ਹੈ। ਸ਼ੁਹਰਤ ਪਿਆਰੀ ਲੱਗਣ ਲੱਗ ਪੈਂਦੀ ਹੈ। ਗੁਰੂ ਵਲ ਮੂੰਹ ਕਰਕੇ ਗੁਰਮੁਖ ਹੋਣ ਦੀ ਥਾਂ ਕੁਰਸੀ ਦੀ ਰੱਖਿਆ ਕਰਦਾ ਹੋਇਆ ਕੁਰਸੀ-ਮੁੱਖ ਹੋ ਜਾਂਦਾ ਹੈ। ਲੋਕਾਂ ਵਿਚ ਸ਼ਵ੍ਹੀ ਬਣਾਉਣ ਦੀ ਭੁੱਖ ਗੁਰਮੁੱਖ ਨੂੰ **ਕੈਮਰਾ-ਮੁੱਖ** ਬਣਾ ਦਿੰਦੀ ਹੈ। ਅਖਬਾਰਾਂ ਦੀਆਂ ਸੁਰਖੀਆਂ ਅਤੇ ਟੀ.ਵੀ. ਦੇ ਪਰਦੇ ਉਤੇ ਸਜੇ ਰਹਿਣ ਨਾਲ ਜੀਅ ਪਰਚਿਆ ਰਹਿੰਦਾ ਹੈ। ਇਸ ਲਈ ਉਹ ਪ੍ਰੈਸ ਵਾਲਿਆਂ ਦੇ ਕੈਮਰਿਆਂ ਦਾ ਖਾਸ ਧਿਆਨ ਰੱਖਦਾ ਹੈ। ਜਦੋਂ ਮੀਡੀਆ ਵਾਲਿਆਂ ਦੀ ਮੇਹਰਬਾਨੀ ਨਾਲ ਉਹ ਕੈਮਰਾ-ਮੁੱਖ ਬਣ ਜਾਂਦਾ ਹੈ ਤਾਂ ਫਿਰ ਗੁਰਮੁੱਖਤਾ ਦੀਆਂ ਗੱਲਾਂ ਦਾ ਚੇਤਾ ਭੁੱਲਣਾ ਸ਼ੁਰੂ ਹੋ ਜਾਂਦਾ ਹੈ। ਗੁਰੂ-ਪ੍ਰੇਮ ਦੇ ਸੇਂਜੇ ਦੀ ਹਰਿਆਵਲ ਦੀ ਥਾਂ ਜੀਵਨ ਦੁਨਿਆਵੀ ਸ਼ੋਹਰਤ ਦੀ ਖੁਸ਼ਕੀ ਨਾਲ ਭਰ ਜਾਂਦਾ ਹੈ। ਚਲਾਕੀਆਂ ਤੇ ਚੁਸਤੀਆਂ ਦਾ ਸੇਕ ਤੀਖਣ ਬੁੱਧੀ ਵਾਲਿਆਂ ਦੀ ਸੁਰਤੀ ਨੂੰ ਵੀ ਭੁਆਂ ਕੇ ਰੱਖ ਦਿੰਦਾ ਹੈ।

ਗੁਰੂਮਤਿ ਦੇ ਸਿਧਾਂਤਾਂ ਉਤੇ ਆਪਣੇ ਸਿਧਾਂਤਾਂ ਦੀ ਪੁੱਠ ਚਾੜ੍ਹ ਕੇ ਸੰਗਤਾਂ ਵਿਚ ਪ੍ਰਚਾਰ ਕਰਨ ਵਾਲਿਆਂ ਦੇ ਸੀਨਿਆਂ ਵਿਚੋਂ ਜਦੋਂ ਗੁਰੂ ਲਈ ਭੈ-ਭਾਵਨੀ ਉਡ ਜਾਂਦੀ ਹੈ ਤਾਂ ਉਹ ਆਪਣੇ ਸਿਧਾਂਤਾਂ ਦੀ ਰਾਖੀ ਲਈ ਸਾਰਾ ਜੋਰ ਲਗਾ ਦਿੰਦੇ ਹਨ।

ਤਖਤ ਉਤੇ ਬੈਠੇ ਰਾਜੇ ਨੂੰ ਆਪਣੀ ਪਰਜਾ ਦਾ ਦਿਲ ਜਿੱਤਣ ਲਈ ਇਸ ਗਲ ਦਾ ਖਿਆਲ ਰਖਣਾ ਪੈ ਜਾਂਦਾ ਹੈ ਕਿ ਕੋਈ ਉਸ ਨੂੰ ਜਾਣੇ ਅਣਜਾਣੇ ਵਿਚ ਭੀ ਕੁਝ ਕਹਿ ਨਾ ਜਾਵੇ। ਇਸ ਲਈ ਉਸ ਭਲੇ ਪੁਰਸ਼(ਸਿੰਘ ਸਾਹਿਬ) ਨੂੰ ਭੀ ਇਸ ਗਲ ਦੀ ਸੋਝੀ ਸੀ ਕਿ ਅਜਿਹੀਆਂ ਚਮਤਕਤਰਾਂ ਵਾਲੀਆਂ ਗਲਾਂ ਨਾ ਹੀ ਸਾਰਿਆਂ ਨਾਲ ਹੁੰਦੀਆਂ ਹਨ ਤੇ ਨਾ ਹੀ ਸਾਰੇ ਲੋਕੀਂ ਇਹਨਾਂ ਗੱਲਾਂ ਦੀ ਸਚਾਈ ਨੂੰ ਮੰਨਦੇ

ਹਨ।ਸੋ ਲੋਕਾਂ ਵਿਚ ਆਪਣੀ ਉਚ ਪਦਵੀ ਦੀ ਛਵੀ ਬਣਾਈ ਰੱਖਣ ਲਈ ਚੰਗਾ ਹੈ ਕਿ ਇਹੋ ਜਿਹੀ ਗੱਲ ਕੀਤੀ ਹੀ ਨਾ ਜਾਵੇ..।ਇਹੋ ਜਿਹੀ ਗੱਲ ਕਰਨ ਦਾ ਕੀ ਫਾਇਦਾ ਜਿਹੜੀ ਕਿਸੇ ਇਕ ਨੂੰ ਚੰਗੀ ਲੱਗੇ ਅਤੇ ਹਜ਼ਾਰਾਂ ਲੋਕਾਂ ਨੂੰ ਉਸ ਉਤੇ ਵਿਸ਼ਵਾਸ਼ ਨਾ ਆਵੇ ਤੇ ਉਹ ਉਸਦਾ ਮਜ਼ਾਕ ਉਡਾਉਣ..!

ਕਰਤੇ ਦੀਆਂ ਅਗੰਮੀ ਖੇਡਾਂ ਨੂੰ ਕਰਤਾ ਹੀ ਜਾਣੇ..!ਕਈ ਵਾਰੀ ਏਦਾਂ ਵੀ ਹੋ ਜਾਂਦਾ ਹੈ ਕਿ ਕਿਸੇ ਮੰਨੀ ਪ੍ਰਮੰਨੀ ਹਸਤੀ ਨੂੰ ਸਜ਼ਾ ਸੁਣਾਈ ਜਾਵੇ ਤਾਂ ਉਹ ਖਬਰ ਅੱਗ ਵਾਂਗੂੰ ਫੈਲ ਜਾਂਦੀ ਹੈ।ਲੋਕੀਂ ਉਸ ਗੱਲ ਦੀ ਤਹਿ ਤੱਕ ਜਾਂਦੇ ਹਨ।ਫਿਰ ਦੱਬੀਆਂ ਘੁੱਟੀਆਂ ਕਈ ਗੰਢਾਂ ਖੁਲ੍ਹਦੀਆਂ ਹਨ।ਸਜ਼ਾ ਦੇਣ ਵਾਲਿਆਂ ਅਤੇ ਸਜ਼ਾ ਪਾਉਣ ਵਾਲਿਆਂ ਦੀ ਇਕੋ ਜਿਹੀ ਟੱਕਰ ਸਮੇ ਸੰਗਤਾਂ ਨੂੰ ਸੱਚ ਖੋਜਣ ਲਈ,ਗੂੜ੍ਹੀ ਨੀਂਦ ਤੋਂ ਜਾਗਣ ਲਈ ਮਜਬੂਰ ਹੋਣਾ ਪੈਂਦਾ ਹੈ।ਅਜਿਹੀ ਹਾਲਤ ਵਿਚ ਸੱਚ ਦੀਆਂ ਜੜ੍ਹਾਂ ਫਰੋਲਣ ਦਾ ਕੰਮ ਸੰਗਤ ਦੇ ਹਿੱਸੇ ਆ ਜਾਂਦਾ ਹੈ।

ਪਰ ਬੀਬੀ ਗੁਰਦੀਪ ਕੌਰ ਜੀ ਨੂੰ ਕਦੀ ਅਜਿਹੀ ਛਹਵੀ ਬਣਾਉਣ ਦੀ ਲੋੜ ਮਹਿਸੂਸ ਨਹੀਂ ਸੀ ਹੋਈ।ਉਹ ਤਾਂ ਬਸ ਆਪਣੇ ਰੰਗਲੇ ਕੰਤ ਦੇ ਪ੍ਰੇਮ-ਹੜ ਵਿਚ ਰੁੜ੍ਹੀ ਜਾਂਦੀ ਕਿਸੇ ਦੀ ਪ੍ਰਵਾਹ ਨਹੀਂ ਸੀ ਕਰਦੀ।ਕੋਈ ਉਸ ਦੀ ਚਮਤਕਾਰ ਦੀ ਗਲ ਸੁਣ ਕੇ ਕੀ ਕਹੇਗਾ?ਇਸ ਬਾਰੇ ਸੋਚਣ ਦੀ ਉਸ ਕੋਲ ਫੁਰਸਤ ਹੀ ਨਹੀਂ ਸੀ।**ਉਸਦੇ ਇਸ਼ਕ ਮਜੀਠੇ ਵਿਚ ਜਾਨ ਸੀ।**ਉਸ ਨੂੰ ਤਾਂ ਬਸ ਆਪਣੀ ਦਿਵਾਨਗੀ ਉਤੇ ਭਰੋਸਾ ਸੀ। ਗੁਰੂ-ਪ੍ਰੇਮ ਦੀਆਂ ਸਾਂਝਾਂ ਪਾ ਕੇ ਕਦੀ ਉਸ ਨੂੰ ਰੱਜ ਨਹੀਂ ਸੀ ਆਇਆ। ਉਹ ਤਾਂ ਬਸ ਇਹ ਹੀ ਸੋਚਦੀ ਸੀ ਕਿ ਇਲਾਹੀ ਰੰਗਾਂ ਦੀਆਂ ਗੱਲਾਂ ਕਰਨ ਨਾਲ ਇਲਾਹੀ ਰੰਗਾਂ ਨੂੰ ਪਾਉਣ ਦੀ ਭੁੱਖ ਲਗਦੀ ਹੈ।ਬੰਦਾ ਦਇਆ ਧਰਮ ਦਾ ਜੀਵਨ ਬਤੀਤ ਕਰਕੇ ਸਿਮਰਨ ਦੀ ਘਾਲਣਾ ਨਾਲ ਇਲਾਹੀ ਰੰਗਾਂ ਵਲ ਖਿਚਿਆ ਜਾਂਦਾ ਹੈ ਤੇ ਕਈ ਵਾਰੀ ਗੱਲਾਂ ਗੱਲਾਂ ਵਿਚ ਹੀ ਗੁਰੂ-ਪ੍ਰੇਮ ਤੋਂ ਸੱਖਣੇ ਲੋਕਾਂ ਦੇ ਦਿਲਾਂ ਵਿਚ ਭੀ ਗੁਰੂ-ਪ੍ਰੇਮ ਦੀ ਚਿਣਗ ਜਾਗ ਪੈਂਦੀ ਹੈ ਅਤੇ ਉਹਨਾਂ ਦੇ ਜੀਵਨ ਦਾ ਰੁਖ ਬਦਲ ਜਾਂਦਾ ਹੈ।ਇਸ ਲਈ ਉਹ ਇਹ ਸ਼ਬਦ ਪੜ੍ਹਦੀ ਹੋਈ ਕਦੀ ਥੱਕਦੀ ਨਹੀਂ ਸੀ:-

**ਸੁਨਹੁ ਲੋਕਾ ਮੈ ਪ੍ਰੇਮ ਰਸ ਪਾਇਆ ॥**

**ਪੰਨਾਂ ੩੭੦**

***********************************

# ਮੌਤ ਦੇ ਸੁਨਹਿਰੇ ਪਲ

ਲੁਧਿਆਣਾ ਨਿਵਾਸੀ ਸ: ਗੁਰਭਗਤ ਸਿੰਘ ਬਾਹੀਆ ਨੇ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਜਾਂਦਿਆਂ ਗੋਬਿੰਦ ਘਾਟ ਵਿਖੇ ਰੈਣ ਬਸੇਰਾ ਕੀਤਾ।ਅੰਮ੍ਰਿਤ ਵੇਲੇ ਦੀ ਸੰਭਾਲ ਕਰਨ ਲਈ ਉਹ ਰਾਤੀਂ ਤਿੰਨ ਵਜੇ ਉਠ ਕੇ ਇਸ਼ਨਾਨ ਕਰਨ ਲਈ ਵਾਸ਼ਰੂਮ ਗਏ ਤਾਂ ਅੰਦਰ ਉਨ੍ਹਾਂ ਦਾ ਦੋ ਅਣਡਿੱਠੀ ਦੁਨੀਆਂ ਦੇ ਵਸਨੀਕਾਂ ਨਾਲ ਵਾਸਤਾ ਪੈ ਗਿਆ।ਇਕ ਸੋਹਣੇ ਸਰੂਪ ਵਾਲਾ ਜਿਸ ਨੇ ਚਿੱਟੇ ਕਪੜੇ ਪਾਏ ਹੋਏ ਸਨ ਅਤੇ ਦੂਜਾ ਕਾਲਾ ਕਲੂਟਾ ਭੈੜੀ ਸ਼ਕਲ ਵਾਲਾ, ਜਿਸ ਨੇ ਕਾਲੇ ਰੰਗ ਦੇ ਕਪੜੇ ਪਾਏ ਹੋਏ ਸਨ।ਕਾਲੇ ਕੱਪੜਿਆਂ ਵਾਲਾ ਬਾਹੀਆ ਸਾਹਿਬ ਨੂੰ ਮਾਰੀ ਕੁੱਟੀ ਜਾਵੇ ਅਤੇ ਚਿੱਟੇ ਕੱਪੜਿਆਂ ਵਾਲਾ ਕਾਲੇ ਕੱਪੜਿਆਂ ਵਾਲੇ ਦੀ ਮਾਰ ਕੁੱਟ ਤੋਂ ਬਚਾਈ ਜਾਵੇ।ਦੋਨੋ ਹੀ ਚੰਗੀਆਂ ਮਾੜੀਆਂ ਸ਼ਕਤੀਆਂ ਦੇ ਪ੍ਰਤੀਕ ਸਨ। ਕਾਲੇ ਕੱਪੜਿਆਂ ਵਾਲੇ ਨੇ ਜੋਰ ਦੀ ਧੱਕਾ ਮਾਰਿਆ ਤਾਂ ਬਾਹੀਆ ਸਾਹਿਬ ਦਾ ਸਿਰ ਪਾਈਪ ਵਿਚ ਜਾ ਵੱਜਾ।

ਮਾਰ ਕੁੱਟ ਖਾਂਦੇ ਅਤੇ ਕੁੱਟ ਤੋਂ ਬਚਦੇ ਹੋਏ ਬਾਹੀਆ ਸਾਹਿਬ ਡਿਗਦੇ ਢਹਿੰਦੇ ਕਿਸੇ ਤਰ੍ਹਾਂ ਵਾਸ਼ਰੂਮ ਵਿਚੋਂ ਬਾਹਰ ਨਿਕਲੇ। ਸਾਰਾ ਸਰੀਰ ਪਸੀਨੇ ਨਾਲ ਗੜੁੱਚ ਅਤੇ ਐਨੀ ਬੁਰੀ ਹਾਲਤ ਵੇਖ ਕੇ ਉਨ੍ਹਾਂ ਦੀ ਪਤਨੀ ਬੀਬੀ ਨਿਹਾਲ ਕੌਰ,ਬੀਬੀ ਗੁਰਦੀਪ ਕੌਰ ਅਤੇ ਹੋਰ ਸੰਗਤ ਘਬਰਾ ਗਈ।ਕੁਦਰਤੀ ਹੀ ਨਾਲ ਦੇ ਕਮਰੇ ਵਿਚ ਇਕ ਲੇਡੀ ਡਾਕਟਰ ਬੀਬੀ ਹਰਭਜਨ ਕੌਰ ਜੀ ਠਹਿਰੇ ਹੋਏ ਸਨ।ਛੇਤੀ ਹੀ ਓਨ੍ਹਾਂ ਨੂੰ ਬੁਲਾਇਆ ਗਿਆ। ਉਸ ਵੇਲੇ ਬਾਹੀਆ ਸਾਹਿਬ ਨੂੰ ਕੱਚੀਆਂ ਤਰੇਲੀਆਂ ਆ ਰਹੀਆਂ ਸਨ ਅਤੇ ਸਾਹ ਵੀ ਰੁਕ ਰੁਕ ਕੇ ਆ ਰਿਹਾ ਸੀ।ਕੁਝ ਦੇਰ ਪਿਛੋਂ ਸਾਹ ਆਉਣਾ ਉਕੱਾ ਹੀ ਬੰਦ ਹੋ ਗਿਆ।ਪੂਰੀ ਜਾਂਚ ਪੜਤਾਲ ਕਰਨ ਪਿਛੋਂ ਡਾਕਟਰ ਨੇ ਬਾਹੀਆ ਸਾਹਿਬ ਨੂੰ ਮ੍ਰਿਤਕ ਕਰਾਰ ਕਰ ਦਿੱਤਾ ਗਿਆ।ਸੰਗਤਾਂ ਵਿਚੋਂ ਕੁਝ ਸਿਆਣਿਆਂ ਨੇ ਨਬਜ਼ਾਂ ਟੋਹੀਆਂ, ਧੜਕਣ ਨੋਟ ਕੀਤੀ ਅਤੇ ਮੌਤ ਬਾਰੇ ਯਕੀਨ ਹੋ ਗਿਆ।

ਰੌਲਾ ਰੱਪਾ ਸੁਣ ਕੇ ਇਕ ਗੁਰਮੁਖ ਪਿਆਰੇ ਆ ਗਏ। ਉਨ੍ਹਾਂ ਸੰਗਤ ਨੂੰ ਚੁੱਪ ਹੋਣ ਦਾ ਇਸ਼ਾਰਾ ਕੀਤਾ ਅਤੇ ਬਾਹੀਆ ਸਾਹਿਬ ਦੇ ਮ੍ਰਿਤਕ ਸਰੀਰ ਕੋਲ ਖੜ੍ਹੇ ਹੋ ਕੇ ਸੁਰਤੀ ਇਕਾਗਰ ਕਰਕੇ ਬੜੀ ਹੀ ਸੁਰੀਲੀ ਅਵਾਜ਼ ਵਿਚ ਪੰਜ ਵਾਰੀ ਇਹ ਸ਼ਬਦ ਪੜ੍ਹਿਆ,-

**ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੇ॥**

**ਨਮਸਕਾਰ ਡੰਡਉਤਿ ਬੰਦਨਾ॥ ਅਨਿਕ ਬਾਰ ਜਾਉ ਬਾਰੈ॥ ਪੰਨਾਂ ੮੨੨**

ਬੀਬੀ ਗੁਰਦੀਪ ਕੌਰ ਜੀ ਨੇ ਬਾਹੀਆ ਸਾਹਿਬ ਦਾ ਜੀਵਨ ਦਾਨ ਮੰਗਣ ਲਈ

**" ਪ੍ਰਭ ਭਾਵੇ ਬਿਨੁ ਸਾਸ ਤੇ ਰਾਖੇ" ਪੰਨਾਂ ੨੭੭**

ਇਸ ਤੁਕ ਦਾ ਜਾਪ ਕਰਨਾ ਸ਼ੁਰੂ ਕਰ ਕੇ ਬਿਨਾ ਸਾਹਾਂ ਤੋਂ ਵੀ ਜੀਉਂਦੇ ਰਖਣ ਵਾਲੇ ਸਤਿਗੁਰਾਂ ਅਗੇ ਜੋਦੜੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ। ਉਨ੍ਹਾਂ ਨੂੰ ਆਪਣੇ ਸਾਹਿਬ ਉਤੇ ਭਰੋਸਾ ਸੀ ਕਿ ਸੰਗਤ ਦੀ ਅਰਦਾਸ ਸੁਣ ਕੇ ਪ੍ਰਾਣ-ਦਾਤਾ ਬਾਹੀਆ ਸਾਹਿਬ ਨੂੰ ਜੀਵਨ ਦਾਨ ਬਖਸ਼ ਦੇਵੇਗਾ।ਸੋ ਉਹ ਸਤਿਗੁਰੂ ਅਗੇ ਅਰਦਾਸ ਕਰਨ ਲਈ ਸੰਗਤ ਨੂੰ ਨਾਲ ਲੈ ਕੇ ਦਰਬਾਰ ਸਾਹਿਬ ਦੇ ਅੰਦਰ ਚਲੇ ਗਏ।

ਸੰਗਤ ਕੀਰਤਨ ਵਿਚ ਮਗਨ ਸੀ।ਸਰਦਾਰ ਸ਼ਮਸ਼ੇਰ ਸਿੰਘ ਜੀ (ਹੇਮਕੁੰਟ ਟ੍ਰੱਸਟ ਦੇ ਸਾਬਕਾ ਪ੍ਰਧਾਨ) ਨੇ ਮਾਈਕ ਲੈ ਕੇ ਸੰਗਤ ਤੋਂ ਕੀਰਤਨ ਭੰਗ ਕਰਨ ਦੀ ਖਿਮਾ ਮੰਗੀ ਅਤੇ ਬਾਹੀਆ ਸਾਹਿਬ ਦੇ ਜੀਵਨ ਦਾਨ ਲਈ ਸੰਗਤ ਨੂੰ ਅਰਦਾਸ ਵਿਚ ਧਿਆਨ ਜੋੜਨ ਲਈ ਪ੍ਰੇਰਿਆ। ਅਰਦਾਸ ਦੀ ਸਮਾਪਤੀ ਪਿਛੋਂ ਸਾਰੇ ਬਾਹੀਆ ਸਾਹਿਬ ਦੇ ਕਮਰੇ ਵਲ ਆ ਰਹੇ ਸਨ ਕਿ ਗੁਰਦਵਾਰੇ ਦੀਆਂ ਪੌੜੀਆਂ ਵਿਚ ਮਾਤਾ ਰਾਮ ਕੌਰ ਜੀ ਨੂੰ ਬਾਹੀਆ ਸਾਹਿਬ ਦਾ ਸੂਖਮ ਸਰੀਰ ਦਿਖਿਆ।ਦੋਨੋਂ ਹੱਥ ਜੋੜ ਕੇ ਬਾਹੀਆ ਸਾਹਿਬ ਦੇ ਮ੍ਰਿਤਕ ਸਰੀਰ ਨੇ ਮਾਤਾ ਜੀ ਨੂੰ ਗੁਰ ਫਤਿਹ ਗਜਾਈ।ਗੁਰੂ ਦੀ ਬਖਸ਼ਿਸ਼ਿ ਨਾਲ ਗੁੱਝੀਆਂ ਰਮਜ਼ਾਂ ਸਮਝਣ ਵਾਲੇ ਮਾਤਾ ਜੀ ਜਾਣ ਗਏ ਕਿ ਸੱਚੇ ਪਾਤਿਸ਼ਾਹ ਨੇ ਮੇਹਰ ਕਰ ਦਿੱਤੀ ਹੈ।ਜਦੋਂ ਸਾਰਿਆਂ ਨੇ ਕਮਰੇ ਵਿਚ ਪਹੁੰਚੇ ਕੇ ਉਹਨਾਂ ਦੇ ਮੂੰਹ ਤੋਂ ਕੱਪੜਾ ਉਤਾਰ ਕੇ ਦੇਖਿਆ ਤਾਂ ਬਾਹੀਆ ਸਾਹਿਬ ਦੇ ਜਿਸਮ ਵਿਚ ਹਰਕਤ ਆ ਰਹੀ ਸੀ।ਦੇਖਦਿਆਂ ਦੇਖਦਿਆਂ ਸਾਹਾਂ ਦਾ ਦੌਰ ਸ਼ੁਰੂ ਹੋ ਗਿਆ।



ਐਨਾ ਵੱਡਾ ਇਲਾਹੀ ਕ੍ਰਿਸ਼ਮਾ ਦੇਖ ਸਾਰੀ ਸੰਗਤ ਵਿਚ ਖੁਸ਼ੀਆਂ ਦੀ ਲਹਿਰ ਦੌੜ ਗਈ। ।ਮੋਇਆਂ ਨੂੰ ਜੀਵਨ ਦਾਨ ਬਖਸ਼ਣ ਵਾਲੇ ਦੇ ਚਰਨਾਂ ਵਿਚ ਸਭ ਦੇ ਸਿਰ ਝੁਕ ਗਏ।ਗੁਰਬਾਣੀ ਪੜ੍ਹਨ ਅਤੇ ਵਿਚਾਰਨ ਵਾਲਿਆਂ ਨੂੰ ਜਮਾਂ ਬਾਰੇ ਗਿਆਨ ਤਾਂ ਹੁੰਦਾ ਹੀ ਹੈ ਪਰ ਸਾਰੀ ਸੰਗਤ ਦੇ ਦਿਲ ਵਿਚ ਬਾਹੀਆ ਸਾਹਿਬ ਦੀ ਜ਼ੁਬਾਨੀ ਉਨ੍ਹਾਂ ਦੀ ਹੱਡ-ਬੀਤੀ ਸੁਣਨ ਦੀ ਉਤਸੁਕਤਾ ਸੀ।

ਸੰਗਤ ਦੇ ਪੁੱਛਣ 'ਤੇ ਉਨ੍ਹਾਂ ਦਸਿਆ ਕਿ ਜਦੋਂ ਉਨ੍ਹਾਂ ਦੇ ਮੂੰਹ ਉਤੇ ਕੱਪੜਾ ਤਾਣਿਆ ਹੋਇਆ ਸੀ ਤਾਂ ਉਨ੍ਹਾਂ ਦੇ ਸਰੀਰ ਵਿਚੋਂ ਉਨ੍ਹਾਂ ਦਾ ਸੂਖਮ ਸਰੀਰ ਨਿਕਲ ਕੇ ਸੰਗਤ ਦੇ ਨਾਲ ਨਾਲ ਗੁਰਦਵਾਰਾ ਸਾਹਿਬ ਦੇ ਅੰਦਰ ਪਹੁੰਚਿਆ।ਉਥੇ ਉਨ੍ਹਾਂ ਨੇ ਸਭ ਕੁਝ ਹੁੰਦਾ ਦੇਖਿਆ। ਉਨ੍ਹਾਂ ਬੀਬੀ ਗੁਰਦੀਪ ਕੌਰ ਜੀ ਨੂੰ ਦਸਿਆ ਕਿ ਉਹ ਗੁਰਦਵਾਰੇ ਦੇ ਅੰਦਰ ਕਿਹੜੀ ਥਾਂ ਉਤੇ ਅਰਦਾਸ ਵਿਚ ਮਗਨ ਸਨ ਅਤੇ ਬਾਕੀ ਸੰਗਤ ਦੇ ਖੜ੍ਹੇ ਹੋਣ ਦੀ ਥਾਂ ਵੀ ਦਸ ਦਿੱਤੀ।ਕਿਸ ਤਰ੍ਹਾਂ ਸਰਦਾਰ ਸ਼ਮਸ਼ੇਰ ਸਿੰਘ ਨੇ ਕੀਰਤਨੀਏਂ ਸਿੰਘਾਂ ਕੋਲੋਂ ਮਾਈਕ ਲੈ ਕੇ ਅਰਦਾਸ ਕੀਤੀ।ਸਾਰਾ ਦ੍ਰਿਸ਼ ਦੱਸ ਦਿੱਤਾ।ਪੌੜੀਆਂ ਵਿਚ ਮਾਤਾ ਰਾਮ ਕੌਰ ਜੀ ਨੂੰ

ਫਤਿਹ ਗਜਾਉਣ ਦੀ ਗੱਲ ਵੀ ਦੱਸ ਦਿੱਤੀ।ਸਭ ਨੂੰ ਪਤਾ ਸੀ ਕਿ ਬਾਹੀਆ ਸਾਹਿਬ ਮ੍ਰਿਤਕ ਰੂਪ ਵਿਚ ਕਮਰੇ ਵਿਚ ਪਏ ਹਨ ਪਰ ਉਨ੍ਹਾਂ ਦੇ ਮੂਹੋਂ ਦਰਬਾਰ ਸਾਹਿਬ ਵਿਚਲਾ ਸਾਰਾ ਦ੍ਰਿਸ਼ ਹੂ-ਬਹੂ ਉਸੇ ਤਰ੍ਹਾਂ ਹੀ ਸੁਣ ਕੇ ਸੰਗਤਾਂ ਦੇ ਸਾਹਮਣੇ ਮੌਤ ਦੇ ਪਿਛੋਂ ਜੀਵ ਆਤਮਾ ਦੇ ਦਰਬਾਰ ਸਾਹਿਬ ਵਿਚ ਪੁਹੁੰਚਣ ਦੀਆਂ ਭੇਤ ਭਰੀਆਂ ਗੰਢਾਂ ਖਲ੍ਹ ਰਹੀਆਂ ਸੀ।

ਦੁਬਾਰਾ ਸਾਹਾਂ ਦਾ ਦੌਰ ਚਲਣ ਤੱਕ ਬਾਹੀਆ ਸਾਹਿਬ ਆਪਣੇ ਸਰੀਰ ਤੋਂ ਅਲਗ ਹੋ ਕੇ ਜੋ ਜੋ ਦੇਖਦੇ ਤੇ ਸੁਣਦੇ ਰਹੇ, ਸੰਗਤਾਂ ਉਨ੍ਹਾਂ ਦੇ ਮੂੰਹੋਂ ਸੁਣ ਕੇ ਅਸਚਰਜ ਹੋ ਰਹੀਆਂ ਸਨ ਤੇ ਜੀਵਨ ਦਾਨ ਦੇਣ ਵਾਲੇ ਦਾਤਾਰ ਪਿਤਾ ਦੇ ਚਰਨਾਂ ਤੋਂ ਬਲਿਹਾਰੀ ਜਾ ਰਹੀਆਂ ਸੀ।

ਸੰਗਤ ਵਿਚ ਮੌਤ ਦੀਆਂ ਭੇਦ ਭਰੀਆਂ ਗੱਲਾਂ ਹੋ ਰਹੀਆਂ ਸੀ ਕਿ ਇਕ ਬਜੁਰਗ ਨੇ ਆਪਣੀ **ਮੌਤ ਦੇ ਹੰਢਾਏ ਹੋਏ ਪਲਾਂ** ਦੀ ਕਹਾਣੀ ਸੁਣਾਉਣ ਦੀ ਆਗਿਆ ਮੰਗੀ।ਹੱਡ-ਬੀਤੀ ਦੱਸਦਿਆਂ ਉਸਨੇ ਕਿਹਾ,-"ਇਕ ਵਾਰੀ ਮੈ ਸਖਤ ਬਿਮਾਰ ਹੋ ਗਿਆ।ਬਚਣ ਦੀ ਕੋਈ ਆਸ ਨਹੀਂ ਸੀ।ਘਰ ਵਿਚ ਇਕੱਲਾ ਹੀ ਸੀ।ਕਿਸੇ ਗਵਾਂਢੀ ਨੇ ਮੈਨੂੰ ਹਸਪਤਾਲ ਪਹੁੰਚਾ ਦਿੱਤਾ। ਡਾਕਟਰ ਨੇ ਮੈਨੂੰ ਪ੍ਰਾਈਵੇਟ ਕਮਰਾ ਦੇ ਦਿੱਤਾ। ਮੇਰਾ ਗਵਾਂਢੀ ਮੇਰੇ ਲਈ ਕੁਝ ਜਰੂਰੀ ਚੀਜਾਂ ਲੈਣ ਲਈ ਆਪਣੇ ਘਰ ਚਲੇ ਗਿਆ ਤੇ ਨਰਸ ਨੂੰ ਮੇਰਾ ਧਿਆਨ ਰੱਖਣ ਲਈ ਕਹਿ ਗਿਆ।ਡਾਕਟਰ ਦੇ ਬੁਲਾਉਣ ਕਰਕੇ ਨਰਸ ਮੈਨੂੰ ਇਕੱਲਿਆਂ ਛੱਡ ਕੇ ਚਲੇ ਗਈ।ਮੈ ਕੀ ਦੇਖਦਾ ਹਾਂ ਕਿ ਦੋ ਭੂਤਨੀਆਂ ਮੇਰੇ ਕੋਲ ਆ ਕੇ ਖੜ੍ਹ ਗਈਆਂ।ਇਕ ਨੇ ਮੇਰੇ ਹੱਥ ਉਤੇ ਲੱਗੀ ਹੋਈ ਗੁਲੂ ਕੋਸ ਵਾਲੀ ਸੂਈ ਹਿਲਾ ਕੇ ਦੂਜੀ ਨੂੰ ਕਿਹਾ;-'ਇਥੇ ਕਰੋਲਾ ਕਰੋਲੀ ਕਰਦੀਆਂ ਹਾਂ..।'

ਸੂਈ ਹਿਲਾਉਂਦਿਆਂ ਹੀ ਮੇਰਾ ਹੱਥ ਸੁੱਜਣਾ ਸ਼ੁਰੂ ਹੋ ਗਿਆ।ਮੈਨੂੰ ਯਕੀਨ ਹੋ ਗਿਆ ਕਿ ਮੈ ਜਮਾਂ ਦੇ ਵੱਸ ਪੈ ਗਿਆ ਹਾਂ ਤੇ ਮੇਰੀ ਮੌਤ ਦਾ ਇੰਤਜ਼ਾਮ ਹੋ ਰਿਹਾ ਹੈ।ਮੈ ਤੜਫ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕੀਤਾ।ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਹੇ ਮੇਰੇ ਸੱਚੇ ਪਾਤਿਸ਼ਾਹ! ਇਸ ਵੇਲੇ ਤਾਂ ਤੈਨੂੰ ਆਉਣਾ ਚਾਹੀਦਾ ਸੀ..। ਬੇਸ਼ਕ ਮੈ ਅੰਮ੍ਰਿਤ ਨਹੀਂ ਛਕਿਆ ਪਰ ਮੈ ਤੈਨੂੰ ਪਿਆਰ ਕਰਦਾ ਹਾਂ..! ਬਾਣੀ ਪੜ੍ਹਦਾ ਰਿਹਾ ਹਾਂ....!ਤਾਂ ਉਸ ਵੇਲੇ ਮੇਰੇ ਸਾਹਮਣੇ ਭੂਤਨੀਆਂ ਦੀ ਥਾਂ ਅਤਿ ਸੁੰਦਰ ਪ੍ਰਕਾਸ਼ ਨਾਲ ਲਿਖਿਆ ਹੋਇਆ 'ਮਨ ਜੀਤੇ ਜਗ ਜੀਤ॥'ਆ ਗਿਆ।ਫਿਰ ਮਨ ਵਿਚ ਫੁਰਨਾ ਆਇਆ ਕਿ ਹੁਣ ਕਿਹੜੀ ਬਾਣੀ ਪੜ੍ਹਾਂ ਜਿਸ ਨਾਲ ਮੇਰਾ ਧਿਆਨ ਪੂਰੀ ਤਰ੍ਹਾਂ ਰੱਬ ਨਾਲ ਜੁੜ ਜਾਵੇ।

ਮੈ ਦੇਖਿਆ ਕਿ ਮੇਰਾ ਸਥੂਲ ਸਰੀਰ ਬਿਸਤਰੇ ਉਤੇ ਪਿਆ ਹੈ ਅਤੇ ਮੈ ਆਪਣੇ ਸੂਖਸ਼ਮ ਸਰੀਰ ਦੇ ਰੂਪ ਵਿਚ ਸਥੂਲ ਸਰੀਰ ਵਿਚੋਂ ਨਿਕਲ ਕੇ ਬਿਸਤਰੇ ਦੇ ਕੋਲ ਖੜਾ ਹਾਂ।ਹੱਡ-ਮਾਸ ਦੇ ਸਰੀਰ ਵਿਚੋਂ ਨਿਕਲ ਕੇ ਮੈ ਆਪਣੇ ਆਪ ਨੂੰ ਹਲਕੇ ਫੁਲ ਵਰਗੇ ਸੋਹਲ ਸੁਖਾਵੇਂ ਅਕਾਰ ਵਿਚ ਦੇਖ ਰਿਹਾ ਸੀ ਪਰ ਉਸ ਭਾਫ ਜਿਹੀ ਦੇ ਬਣੇ ਅਕਾਰ ਵਿਚ ਸਮਝਣ, ਸੋਚਣ ਤੇ ਦੇਖਣ ਦੀ ਸ਼ਕਤੀ ਸਥੂਲ ਸਰੀਰ ਨਾਲੋਂ ਕਿਤੇ ਜ਼ਿਆਦਾ ਸੀ।ਸਰੀਰ ਛੱਡਣ ਦੇ ਨਾਲ ਹੀ ਮੈਨੂੰ ਦੁਨੀਆਂ ਛੁੱਟਣ ਦਾ ਅਹਿਸਾਸ ਵੀ ਹੋਇਆ ਤੇ ਸੱਭ ਤੋਂ ਪਹਿਲੇ ਮੈਨੂੰ ਆਪਣੇ ਛੋਟੇ ਬੇਟੇ ਦਾ ਖਿਆਲ ਆ ਕੇ ਇਹ ਗਿਆਨ ਹੋਇਆ ਕਿ ਜਿਸ ਤੋਂ ਬਿਨਾ

ਮੈ ਇਕ ਪਲ ਭੀ ਰਹਿ ਨਹੀਂ ਸੀ ਸਕਦਾ ਹੁਣ ਉਹ ਵੀ ਸਾਰੀ ਦੁਨੀਆਂ ਦੇ ਨਾਲ ਨਾਲ ਬੇਗਾਨਾ ਲਗਣ ਲਗ ਪਿਆ ਹੈ।ਮੋਹ ਮਾਇਆ ਦਾ ਜਾਲ ਟੁਟਦਿਆਂ ਦੇਰ ਨਾ ਲੱਗੀ।ਪਲਾਂ ਵਿਚ ਹੀ ਸਭ ਕੁਝ ਓਪਰਾ ਲੱਗਣ ਲਗ ਪਿਆ।ਸਥੂਲ ਸਰੀਰ ਅਤੇ ਦੁਨੀਆਂ ਨੂੰ ਛੱਡਣਾਂ ਕੋਈ ਔਖਾ ਨਾ ਲੱਗਿਆ।ਬੜੇ ਅਰਾਮ ਨਾਲ ਸਭ ਕੁਝ ਬਿਗਾਨਾ ਹੋ ਗਿਆ।ਫਿਰ ਅਤਿੱ ਦੀਆਂ ਮਿਠੀਆਂ...!ਮਿੱਠੀਆਂ ਤੋਂ ਵੀ ਮਿੱਠੀਆਂ ਧੁਨੀਆਂ ਵਿਚ ਬਾਬੇ ਨਾਨਕ ਦੀ ਆਰਤੀ ਸੁਣਾਈ ਦੇਣ ਲੱਗੀ।

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**

**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥**

ਗਾਉਣ ਵਾਲਾ ਕੋਈ ਨਾ ਦਿਖੇ ਪਰ ਅਨੇਕਾਂ ਸੁਰੀਲੇ ਸਾਜ਼ਾਂ ਨਾਲ ਗਾ ਹੋ ਰਹੇ ਆਰਤੀ ਦੇ ਬੋਲਾਂ ਨਾਲ ਸਾਰਾ ਬ੍ਰਹਮੰਡ ਗੂੰਜਦਾ ਸੁਣਾਈ ਦੇਵੇ।ਮੈ ਸੋਚਦਾ ਸੀ ਕਿ ਮੈ ਬੜਾ ਵੱਡਾ ਸੰਗੀਤ ਪ੍ਰੇਮੀ ਹਾਂ ਪਰ ਉਸ ਸੰਗੀਤ ਦੇ ਮੁਕਾਬਲੇ 'ਤੇ ਤਾਂ ਦੁਨੀਆਂ ਦਾ ਮਿੱਠੇ ਤੋਂ ਮਿਠਾ ਸੰਗੀਤ ਵੀ ਕਾਵਾਂ ਰੌਲੀ ਹੀ ਸੀ।ਮੈਨੂੰ ਲੱਗਿਆ ਕਿ ਇਹ ਗੰਧਰਵਾਂ ਦਾ ਸੰਗੀਤ ਹੈ।ਕਿਸੇ ਦੇਵ ਪੁਰੀ ਦੇ ਸੁਰ ਮੇਰੇ ਕੰਨੀਂ ਪੈ ਰਹੇ ਹਨ।

ਇਕ ਪਾਸੇ ਸਵਰਗੀ ਸੰਗੀਤ ਦੇ ਰਸ ਦੀ ਬਰਸਾਤ ਦਾ ਸੇਂਜਾ ਹੋ ਰਿਹਾ ਸੀ ਤੇ ਦੂਜੇ ਪਾਸੇ ਇਲਾਹੀ ਪ੍ਰਕਾਸ਼ ਦੇ ਰੰਗਾਂ ਦਾ ਮੇਲਾ ਲੱਗਿਆ ਹਇਆ ਸੀ।ਮੈ ਉੜਿਆ ਜਾ ਰਿਹਾ ਸੀ।ਅਨੇਕਾਂ ਪ੍ਰਕਾਰ ਦੇ ਰੰਗਾਂ ਦੇ ਅੰਬਾਰਾਂ ਵਿਚ ਲਹਿਰਾਉਂਦਾ ਹੋਇਆ ਖੰਡਾਂ ਬ੍ਰਹਮੰਡਾਂ ਵਿਚ ਤਾਰੀਆਂ ਲਗਾ ਰਿਹਾ ਸੀ।ਐਨਾ ਦੂਰ ਚਲੇ ਗਿਆ ਕਿ ਮੈਨੂੰ ਇਹ ਧਰਤੀ ਇਕ ਗੋਲੇ ਦੇ ਰੂਪ ਵਿਚ ਨਜਰੀਂ ਆਉਣ ਲੱਗੀ।ਮੇਰੀਆਂ ਨਜ਼ਰਾਂ ਵਿਚ ਅਜਿਹੀ ਸ਼ਕਤੀ ਆ ਗਈ ਕਿ ਮੈਨੂੰ ਇਸ ਧਰਤੀ ਦੀ ਸੂਰਜ ਦੁਆਲੇ ਘੁੰਮਣ ਦੀ ਗਤੀ ਅਤੇ ਆਪਣੇ ਆਪ ਦੁਆਲੇ ਘੁੰਮਣ ਦੀ ਗਤੀ..।ਦੋਨੋਂ ਗਤੀਆਂ ਹੀ ਨਜ਼ਰੀਂ ਆਉਣ ਲੱਗੀਆਂ।ਇਕੋ ਹੀ ਸਮੇ ਐਨਾ ਕੁਝ ਦੇਖਣ ਦੀ,ਸੁਣਨ ਦੀ ਅਤੇ ਰੰਗ ਮਾਨਣ ਦੀ ਸਮਰੱਥਾ ਪਤਾ ਨਹੀਂ ਮੇਰੇ ਵਿਚ ਕਿਥੋਂ ਆ ਗਈ।ਮੈਂ ਕਈ ਤਰ੍ਹਾਂ ਦੇ ਖੰਡਾਂ ਬ੍ਰਹਮੰਡਾਂ ਵਿਚ ਘੁੰਮਦਾ ਫਿਰਾਂ... ।ਸੂਰਜ ਵਿਚੋਂ ਨਿਕਲ ਕੇ ਬਾਹਰ ਉਡਣ ਵਾਲੀਆਂ ਅੱਗ ਦੀਆਂ ਪਰਤਾਂ ਦੇ ਵਿਚੋਂ ਦੀ ਲੰਘਦੇ ਹੋਏ ਨੂੰ ਸੇਕ ਨਾ ਲੱਗੇ।ਅਸਲ ਵਿਚ ਜਿਹੜੇ ਜਿਸਮ ਨੂੰ ਸੇਕ ਲੱਗਣਾ ਸੀ ਉਹ ਤਾਂ ਹਸਪਤਾਲ ਵਿਚ ਪਿਆ ਹੋਇਆ ਸੀ।ਹੁਣ ਤਾਂ ਮੈਨੂੰ ਲਾਲ ਸੂਹੀਆਂ ਅੱਗ ਦੀਆਂ ਪਰਤਾਂ ਵਿਚੋਂ ਦੀ ਲੰਘਦੇ ਹੋਏ ਨੂੰ ਖੰਡਾਂ ਬ੍ਰਹਮੰਡਾਂ ਨੂੰ ਬਣਾਉਣ ਵਾਲੇ ਦੇ ਤੇਜ ਪਰਤਾਪ ਦੀ ਛੋਹ ਠੰਡ ਪਾ ਰਹੀ ਸੀ।ਇਕ ਖੰਡ ਕੁਝ ਇਹੋ ਜਿਹਾ ਸੀ ਕਿ ਜਿੱਥੇ ਦੀ ਮਿੱਟੀ ਇਸ ਤਰ੍ਹਾਂ ਰਿੱਝ ਰਿਹੀ ਸੀ ਜਿਵੇਂ ਤੇਜ ਅੱਗ ਉਤੇ ਰੱਖਿਆ ਪਾਣੀ ਦਾ ਪਤੀਲਾ ਉਬਾਲੇ ਖਾ ਰਿਹਾ ਹੋਵੇ।ਪਤਾ ਨਹੀਂ ਕਿਉਂ, ਉਹ ਮਿੱਟੀ ਉਬਲਣ ਵਾਲਾ ਦ੍ਰਿਸ਼ ਮੈਨੂੰ ਭੁਲਦਾ ਨਹੀਂ ਹੈ।ਕਦੀ ਕਦੀ ਉਸਦਾ ਖਿਆਲ ਆਉਂਦਾ ਰਹਿੰਦਾ ਹੈ।

ਅਖੀਰ ਮੈ ਇਕ ਬਹੁਤ ਹੀ ਵੱਡੇ ਅਸਮਾਨ ਵਿਚ ਪਹੁੰਚ ਗਿਆ।ਜਿਥੇ ਇਕ ਲੰਬੀ ਕਤਾਰ ਵਿਚ ਦੇਵਤੇ ਆਪਣੇ ਆਪਣੇ ਸਿੰਘਾਸਨਾਂ ਉਤੇ ਸਜੇ ਬੈਠੇ ਸਨ।ਸਥੂਲ ਰੂਪ ਵਿਚ ਨਹੀਂ..। ਇਹ ਸਭ ਕੁਝ ਨੂਰਾਨੀ ਪ੍ਰਕਾਸ਼ ਦੀਆਂ ਰਿਸ਼ਮਾਂ ਵਿਚ ਹੀ ਉਘੜਿਆ ਹੋਇਆ ਦ੍ਰਿਸ਼ ਸੀ।ਸੋਹਣੇ ਸੁਨੱਖੇ ਦੇਵਤਿਆਂ ਦੇ ਚੇਹਰਿਆਂ ਦੇ ਹਾਵ-ਭਾਵ ਦੇਖ ਕੇ ਹੀ ਉਨ੍ਹਾਂ ਦੇ ਦਿਲਾਂ ਦੀਆਂ ਗੱਲਾਂ ਦੀ ਸਮਝ ਪੈ ਰਹੀ ਸੀ।ਦੇਵਤਿਆਂ

ਦੇ ਮੁਕਟਾਂ ਅਤੇ ਗਹਿਣਿਆਂ ਉਤੇ ਕੀਤੀ ਹੋਈ ਸੁੰਦਰ ਕਾਰੀਗਰੀ ਦੇ ਨਮੂੰਨਿਆਂ ਦੀ ਨਿੱਕੀ ਨਿੱਕੀ ਸੁਹੱਪਣ ਮਨ-ਮੋਹਕ ਸੀ।ਜਿਵੇਂ ਅੱਗ ਦੀਆਂ ਲਾਟਾਂ ਵਲ-ਵਲੇਵੇਂ ਖਾਂਦੀਆਂ ਹਨ ਉਸੇ ਤਰ੍ਹਾਂ ਹੀ ਉਨ੍ਹਾਂ ਦੇ ਪਹਿਰਾਵਿਆਂ ਦੇ ਕੱਪੜੇ ਲਹਿਰਾਂਦੇ ਸਨ।ਨਿੱਕੀਆਂ ਵੱਡੀਆਂ ਸਾਰੀਆਂ ਚੀਜ਼ਾਂ ਨੂੰ ਬੜੀ ਬਰੀਕੀ ਨਾਲ ਦੇਖਦਾ ਅਤੇ ਸਮਝਦਾ ਹੋਇਆ ਮੈ ਅਨਹਦੀ ਧੁਨੀਆਂ ਅਤੇ ਪ੍ਰਕਾਸ਼ ਦੇ ਇਲਾਹੀ ਰੰਗਾਂ-ਰਸਾਂ ਨਾਲ ਭਰਿਆ ਹੋਇਆ ਸੀ।

ਜਦੋਂ ਮੈ ਇਨ੍ਹਾਂ ਦੇਵਤਿਆਂ ਦੇ ਕੋਲ ਪਹੁੰਚਾ ਤਾਂ ਲੰਬੀ ਕਤਾਰ ਦੇ ਵਿਚਕਾਰ ਬੈਠੇ ਦੋ ਦਵੇਤਿਆਂ ਨੇ ਮੇਰੇ ਵਲ ਦੇਖਕੇ ਆਪਸ ਵਿਚ ਨਜ਼ਰਾਂ ਮਿਲਾ ਕੇ ਕੋਈ ਗੱਲ ਕੀਤੀ।ਜਾਂਦਿਆਂ ਹੀ ਮੈਂ ਉਨ੍ਹਾਂ ਦੇ ਚਰਨਾਂ ਵਿਚ ਮੱਥਾ ਟੇਕ ਦਿੱਤਾ।ਜਦੋਂ ਮੇਰਾ ਸਿਰ ਉਨ੍ਹਾਂ ਦੇ ਪੈਰਾਂ ਵਿਚ ਟਿਕਿਆਂ ਹੋਇਆ ਸੀ ਤਾਂ ਮੈਨੂੰ ਖਿਆਲ ਆਇਆ ਕਿ ਹੁਣ ਮੈ ਇਨ੍ਹਾਂ ਕੋਲੋਂ ਮੰਗਾਂ... ਤਾਂ ਕੀ ਮੰਗਾਂ..? ਮੰਗਣ ਨੂੰ ਕੁਝ ਨਾ ਲੱਭੇ....।ਤਾਹੀਓਂ ਖਬਰ....!ਉਸੇ ਵੇਲੇ ਹੀ ਗੰਧਰਵਾਂ ਦੇ ਗਾਇਨ ਵਿਚ ਹੋ ਰਹੀ ਅਰਤੀ ਦੀ ਸਮਾਪਤੀ ਦੇ ਬੋਲਾਂ ਨੇ ਮੈਨੂੰ ਮੇਰੀ ਮੰਗ ਦੱਸ ਦਿੱਤੀ;-

ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥

"ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ॥"

ਮੈਨੂੰ ਸਮਝ ਆ ਗਈ ਕਿ ਮੈ ਅੰਮ੍ਰਿਤ (ਕਿਰਪਾ ਜਲ) ਦੀ ਦਾਤ ਮੰਗਣੀ ਹੈ।ਇਸ ਦੇ ਪਿਛੋਂ ਕੀ ਹੋਇਆ..?ਕੁਝ ਪਤਾ ਨਹੀਂ ਲੱਗਿਆ..।ਮੈਨੂੰ ਸਿਰਫ ਏਨਾ ਹੀ ਯਾਦ ਹੈ ਕਿ ਮੈ ਹਸਪਤਾਲ ਵਿਚ ਆਪਣੇ ਬਿਸਤਰੇ ਉਤੇ ਲੇਟਿਆ ਹੋਇਆ ਸੀ।ਮੇਰੀ ਸਰੀਰਕ,ਮਾਨਸਿਕ ਅਤੇ ਆਤਮਿਕ ਹਾਲਤ ਵਿਚ ਖੇੜਾ ਹੀ ਖੇੜਾ ਸੀ।ਮੇਰੇ ਤਨ ਮਨ ਵਿਚ ਇਲਾਹੀ ਰਸ ਦਾ ਸੇਂਜਾ ਹੀ ਸੇਂਜਾ ਸੀ।ਦੇਵ ਲੋਕ ਦੇ ਰੰਗ-ਰਸ ਦੀ ਘੂਕੀ ਚੜ੍ਹੀ ਹੋਈ ਸੀ।

ਮੈ ਦੇਖਿਆ ਨਰਸ ਮੇਰੇ ਕੋਲ ਖੜੀ ਸੀ ਤੇ ਮੇਰਾ ਬੁਰੀ ਤਰ੍ਹਾਂ ਸੁੱਜਿਆ ਹੋਇਆ ਹੱਥ ਦੇਖ ਕੇ ਘਬਰਾਈ ਹੋਈ ਮੈਨੂੰ ਕਹਿ ਰਹੀ ਸੀ;-"ਪਲੀਜ਼..! ਮੈਨੂੰ ਮੁਆਫ ਕਰਨਾ...।ਇਹ ਸਭ ਮੇਰੀ ਗਲਤੀ ਨਾਲ ਹੋਇਆ ਹੈ....।ਮੈ ਹੁਣੇ ਹੀ ਦਵਾਈ ਲਿਆਉਂਦੀ ਹਾਂ ਜਿਸ ਨਾਲ ਸੋਜ ਹਟ ਜਾਵੇਗੀ।" ਉਸਨੂੰ ਵਿਚਾਰੀ ਨੂੰ ਕੀ ਪਤਾ ਕਿ ਇਹ ਤਾਂ ਭੂਤਨੀਆਂ ਦਾ ਕਾਰਾ ਹੈ।

ਡਾਕਟਰ ਆਇਆ,ਮੈ ਆਪਣੇ ਹੱਥ ਨੂੰ ਲੁਕੋ ਕੇ ਨਰਸ ਨੂੰ ਝਿੜਕਾਂ ਤੋਂ ਬਚਾਉਣ ਦੀ ਕੋਸ਼ਿਸ਼ ਵਿਚ ਸੀ ਪਰ ਡਾਕਟਰ ਮੇਰੀ ਤੰਦਰੁਸਤੀ ਦੇਖ ਕੇ ਹੈਰਾਨ ਸੀ।ਉਸਨੂੰ ਕਮਰੇ ਵਿਚ ਵੜਦਿਆਂ ਹੀ ਕੁਝ ਚੰਗਾ ਚੰਗਾ ਮਹਿਸੂਸ ਹੋਇਆ।ਕੁਝ ਦੇਰ ਤੱਕ ਹੈਰਾਨਗੀ ਨਾਲ ਮੇਰੇ ਵਲ ਦੇਖਦਾ ਰਿਹਾ ਤੇ ਫਿਰ ਮਰਨ ਕੰਢੇ ਪਏ ਹੋਏ ਨੂੰ ਠੀਕ ਹੋਣ ਦਾ ਯਕੀਨ ਦੁਆ ਕੇ, ਹਸਪਤਾਲ ਤੋਂ ਛੁੱਟੀ ਦੇ ਕੇ ਉਹ ਕਿਸੇ ਦੂਜੇ ਮਰੀਜਾਂ ਨੂੰ ਦੇਖਣ ਚਲੇ ਗਿਆ।

ਅਖੀਆਂ ਮੀਟੀ, ਬਿਸਤਰੇ ਉਤੇ ਪਿਆ ਹੋਇਆ ਮੈ ਆਪਣੀ ਮੌਤ ਦੀ ਯਾਤਰਾ ਦੇ ਸੁਨਹਿਰੀ ਪਲਾਂ ਦੇ ਭੰਡਾਰਾਂ ਨੂੰ ਦਿਲ-ਧਰਤੀ ਉਤੇ ਸਜਾ ਰਿਹਾ ਸੀ ਕਿ ਮੇਰੇ ਲਈ ਜਰੂਰੀ ਚੀਜਾਂ ਲੈਣ ਗਿਆ ਹੋਇਆ ਮੇਰਾ ਗਵਾਂਢੀ ਆਣ ਪਹੁੰਚਾ।ਨਾਲ ਹੀ ਰਿਸ਼ਤੇਦਾਰਾਂ ਦਾ ਆਉਣਾ ਜਾਣਾ ਵੀ ਸ਼ੁਰੂ ਹੋ ਗਿਆ।ਉਨ੍ਹਾਂ ਨੇ ਮੇਰਾ ਧਿਆਨ ਉਖਾੜਨ ਦੀ ਕੋਈ ਕਸਰ ਨਾ ਛੱਡੀ।ਮੈ ਅੱਖੀਆਂ ਮੀਟ ਮੀਟ ਅੰਦਰਲੀ ਦੁਨੀਆਂ ਦੇ ਰੰਗਾਂ ਵਿਚ ਡੁੱਬਣ ਲਈ ਬਥੇਰੇ ਹੰਬਲੇ ਮਾਰੇ ਪਰ ਜਿਹੜੇ ਲੋਕੀ ਆਪਣੇ ਘਰਾਂ ਦਾ ਕੰਮ ਕਾਰ ਛੱਡ ਕੇ ਮੇਰਾ ਹਾਲ ਪੁਛਣ ਲਈ ਹਸਪਤਾਲ ਪਹੁੰਚੇ ਸੀ ਉਹ ਮੈਨੂੰ ਬਿਨ ਬੁਲਾਇਆਂ ਹੀ ਕਿਵੇਂ ਜਾ ਸਕਦੇ ਸੀ? ਹੁਣ ਵੀ ਇਸ ਘਟਨਾਂ ਨੂੰ ਯਾਦ ਕਰਕੇ ਬੜਾ ਅਨੰਦ ਆਉਂਦਾ ਹੈ ਪਰ ਮੈਨੂੰ ਹਮੇਸ਼ਾਂ ਇਹ ਖਿਆਲ ਘੇਰੀ ਰੱਖਦਾ ਹੈ ਕਿ ਕੀ ਇਹ ਸੱਚ ਮੁੱਚ ਮੌਤ ਹੀ ਸੀ ਜਾਂ ਕੋਈ ਸੁਪਨਾ ਸੀ।"

ਬੜੇ ਹੀ ਭਾਵੁਕ ਹੋ ਕੇ ਆਪਣੀ ਹੱਡ-ਬੀਤੀ ਸੁਣਾਉਣ ਪਿਛੋਂ ਬਜੁਰਗ ਨੇ ਸੰਤ ਪੁਰਸ਼ ਕੋਲੋਂ ਇਸ ਭੇਦ-ਭਰੀ ਘਟਨਾ ਦੀ ਸਚਾਈ ਜਾਨਣ ਲਈ ਬੇਨਤੀ ਕੀਤੀ।ਕਮਰੇ ਵਿਚ ਬੈਠੇ ਬਾਕੀ ਸਾਰੇ, ਜਿਹੜੇ ਬਜੁਰਗ ਦੀ ਵਾਰਤਾ ਨੂੰ ਬੜੀ ਦਿਲਚਸਪੀ ਨਾਲ ਸੁਣ ਰਹੇ ਸੀ, ਉਨ੍ਹਾਂ ਦੇ ਮਨਾਂ ਵਿਚ ਵੀ ਮੌਤ ਦੇ ਸਵਰਗੀ ਦ੍ਰਿਸ਼ ਦੀ ਸਚਾਈ ਜਾਨਣ ਦੀ ਤੀਬਰ ਇੱਛਾ ਦੇਖ ਕੇ, ਸੰਤਾਂ ਦੇ ਪ੍ਰਭੂ-ਪ੍ਰੇਮ ਦੀ ਖੁਮਾਰੀ ਨਾਲ ਭਰੇ ਹੋਏ ਨੈਣ ਮੁੰਦ ਹੋ ਗਏ।ਬੜੀ ਹੀ ਮਧੁਰ ਧੁਨੀ ਵਿਚ ਉਨ੍ਹਾਂ ਨੇ ਨਿਰੰਕਾਰੀ ਬਾਣੀ ਦਾ ਉਚਾਰਣ ਕਰਨਾ ਸ਼ੁਰੂ ਕਰ ਦਿੱਤਾ -

**ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ਸਤਿਗੁਰੁ ਮੇਰਾ ਮਾਰਿ ਜੀਵਾਲੈ (ਅੰਕ ੧੧੪੨)**

ਫਿਰ ਲੋਰ ਵਿਚ ਆ ਕੇ ਬਾਬਾ ਨੰਦ ਸਿੰਘ ਜੀ ਦੇ ਮੁਖਾਰਬਿੰਦ 'ਚੋਂ ਉਚਾਰਿਆ ਹੋਇਆ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇ ਦਾ ਇਕ ਬ੍ਰਿਤਾਂਤ ਸੁਣਾਉਂਦਿਆ ਬਚਨ ਕੀਤਾ ਕਿ ਤਰਨ ਤਰਨ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਸ਼ੁਰੂ ਸੀ।ਇਕ ਪਿੰਡ ਦੇ ਦੋ ਗੁਰਸਿੱਖਾਂ ਨੇ ਗੁਰੂ ਜੀ ਦੇ ਚਰਨਾਂ ਵਿਚ ਭੇਟ ਕਰਨ ਲਈ ਦਸਵੰਧ ਦੀ ਮਾਇਆ ਇਕੱਠੀ ਕੀਤੀ ਅਤੇ ਕੁਝ ਦਿਨਾ ਲਈ ਸੇਵਾ ਕਰਨ ਲਈ ਘਰੋਂ ਤੁਰ ਪਏ।ਪੈਦਲ ਜਾਂਦਿਆਂ ਨੂੰ ਰਸਤੇ ਵਿਚ ਰਾਤ ਪੈ ਗਈ।ਇਕ ਲੋਭੀ ਬੰਦਾ ਉਨ੍ਹਾਂ ਨੂੰ ਰੈਣ-ਬਸੇਰਾ ਕਰਵਾਉਣ ਲਈ ਆਪਣੇ ਘਰ ਲੈ ਗਿਆ।ਉਸਨੇ ਖਾਣੇ ਵਿਚ ਜ਼ਹਿਰ ਮਿਲਾ ਕੇ ਗੁਰਸਿੱਖਾਂ ਨੂੰ ਮਾਰ ਕੇ ਮਾਇਆ ਕਾਬੂ ਕਰ ਲਈ ਅਤੇ ਲਾਸ਼ਾਂ ਰਸਤੇ ਵਿਚ ਸੁੱਟ ਦਿੱਤੀਆਂ।ਦੂਜੇ ਦਿਨ ਪਿੰਡ ਦੇ ਲੋਕਾਂ ਨੇ ਅਣਜਾਣ ਰਾਹੀਆਂ ਦੀਆਂ ਲਾਸ਼ਾਂ ਸਮਝ ਕੇ ਸਸਕਾਰ ਕਰ ਦਿੱਤਾ।

ਬਹੁਤ ਦਿਨ ਬੀਤ ਜਾਣ ਪਿਛੋਂ ਵੀ ਜਦੋਂ ਗੁਰਸਿੱਖ ਵਾਪਿਸ ਘਰ ਨਾ ਪਹੁੰਚੇ ਤਾਂ ਉਨ੍ਹਾਂ ਦੀਆਂ ਪਤਨੀਆਂ ਵੀ ਗੁਰੂ ਘਰ ਦੀ ਸੇਵਾ ਕਰਨ ਦੀ ਭਾਵਨਾ ਨਾਲ ਤੁਰ ਪਈਆਂ।ਉਸੇ ਪਿੰਡ ਪਹੁੰਚ ਕੇ ਉਨ੍ਹਾਂ ਨੂੰ ਵੀ ਪਿੰਡ ਦੀ ਧਰਮਸਾਲਾ ਵਿਚ ਰੈਣ-ਬਸੇਰਾ ਕਰਨਾ ਪਿਆ।ਉਨ੍ਹਾਂ ਨੂੰ ਪਿੰਡ ਦੇ ਲੋਕਾਂ ਤੋਂ ਪਤਾ ਲੱਗਿਆ ਕਿ ਉਨ੍ਹਾਂ ਦੇ ਪਤੀਆਂ ਦਾ ਸਸਕਾਰ ਹੋ ਚੁੱਕਿਆ ਹੈ।ਉਹ ਦੋਨੋਂ ਸ਼ਮਸ਼ਾਨ ਭੂਮੀਂ ਪਹੁੰਚੀਆਂ।ਸਿਵਿਆਂ ਵਿਚੋਂ ਹੱਡੀਆਂ ਚੁੱਕੀਆਂ, ਆਪਣੇ ਕੰਨਾਂ ਨੂੰ ਲਗਾ ਕੇ ਉਨ੍ਹਾਂ ਵਿਚੋਂ ਵਾਹਿਗੁਰੂ ਦੇ

ਸਿਮਰਨ ਦੀ ਧੁਨੀਆਂ ਸੁਣ ਕੇ ਆਪਣੇ ਪਤੀਆਂ ਦੀਆਂ ਹੱਡੀਆਂ ਨੂੰ ਪਛਾਣਿਆਂ ਤੇ ਫਿਰ ਪ੍ਰੇਮ-ਭਾਵਨਾਂ ਨਾਲ ਆਪਣੇ ਮੱਥੇ ਉਤੇ ਲਗਾਣ ਪਿਛੋਂ ਹੱਡੀਆਂ ਆਪਣੀਆਂ ਝੋਲੀਆਂ ਵਿਚ ਪਾ ਲਈਆਂ।

ਉਹ ਗੁਰੂ ਜੀ ਦੇ ਚਰਨਾਂ ਵਿਚ ਪਹੁੰਚੀਆਂ।ਭਰੇ ਦਿਵਾਨ ਵਿਚ ਜਦੋਂ ਉਨ੍ਹਾਂ ਨੇ ਹੱਡੀਆਂ ਦੀਆਂ ਪੋਟਲੀਆਂ ਗੁਰੂ ਜੀ ਦੇ ਚਰਨਾਂ ਵਿਚ ਰੱਖੀਆਂ ਤਾਂ ਹਰ ਪਾਸੇ ਵਾਹਿਗੁਰੂ ਨਾਮ ਦੀਆਂ ਅੱਤਿ ਮਿੱਠੀਆਂ ਧੁਨੀਆਂ ਅਤੇ ਸੁਗੰਧੀਆਂ ਫੈਲ ਗਈਆਂ।ਪੋਟਲੀਆਂ ਵਿਚੋਂ ਐਨੀਆਂ ਮਿੱਠੀਆਂ ਧੁਨੀਆਂ ਅਤੇ ਸੁਗੰਧੀਆਂ ਦੇ ਅੰਬਾਰ ਉਡਦੇ ਦੇਖ ਕੇ ਸੰਗਤ ਹੈਰਾਨ ਹੋ ਰਹੀ ਸੀ।ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਕੇ ਬੀਬੀਆਂ ਨੇ ਸਾਰੀ ਵਿਥਿਆ ਸੁਣਾਉਂਦਿਆਂ ਹੋਇਆਂ ਕਿਹਾ ਕਿ ਉਨ੍ਹਾਂ ਦੇ ਪਤੀਆਂ ਦੇ ਰੋਮ ਰੋਮ ਵਿਚੋਂ ਵਾਹਿਗੁਰੂ ਨਾਮ ਦੀ ਧੁਨੀ ਸੁਣਾਈ ਦਿੰਦੀ ਸੀ ਇਸੇ ਕਰਕੇ ਹੀ ਉਨ੍ਹਾਂ ਦੀਆਂ ਹੱਡੀਆਂ ਵੀ ਸਾਰੇ ਵਾਤਾਵਰਣ ਵਿਚ ਸਿਮਰਨ ਤੇ ਸੁਗੰਧੀਆਂ ਫੈਲਾ ਰਹੀਆਂ ਹਨ।ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦੋ ਚਿੱਟੀਆਂ ਚਾਦਰਾਂ ਮੰਗਵਾ ਕੇ ਉਨ੍ਹਾਂ ਪੋਟਲੀਆਂ ਉਤੇ ਪੁਆ ਦਿੱਤੀਆਂ।

ਮੋਇਆਂ ਨੂੰ ਜਿਵਾਉਣ ਵਾਲੇ ਸਤਿਗੁਰੂ ਜੀ ਨੇ ਮੇਹਰ ਦੀ ਨਜਰ ਕੀਤੀ ਤਾਂ ਦੋਨੋ ਚਿੱਟੀਆਂ ਚਾਦਰਾਂ ਉਪਰ ਨੂੰ ਉਠਣ ਲੱਗੀਆਂ।ਫਿਰ ਚਾਦਰਾਂ ਥੱਲੇ ਡਿਗ ਪਈਆਂ ਅਤੇ ਵਿਚੋਂ ਦੋਨੋਂ ਗੁਰਮੁੱਖ ਪਿਆਰੇ ਪਰਣੈ ਹੋਏ ਹੋਏ, ਸਤਿਗੁਰੂ ਜੀ ਦੇ ਸਨਮੁਖ ਖੜ੍ਹੇ ਦਿਖਾਈ ਦੇਣ ਲੱਗੇ।

ਨਾਮ ਬਾਣੀ ਦੇ ਰਸੀਆਂ ਦੀਆਂ ਹੱਡੀਆਂ ਵੀ ਸਤਿਗੁਰੂ ਜੀ ਦੀ ਮੇਹਰ ਦ੍ਰਿੱਸ਼ਟੀ ਨਾਲ ਜੀਉਂਦੇ ਜਾਗਦੇ ਮਨੁੱਖਾਂ ਦਾ ਰੂਪ ਧਾਰ ਲੈਂਦੀਆਂ ਹਨ।ਮੌਤ ਪਿਛੋਂ ਜੀਵਨ ਪ੍ਰਾਪਤ ਕਰਨ ਦੀ ਅਸਚਰਜ ਵਾਰਤਾ ਸੁਣਾ ਕੇ ਸੰਤ ਪੁਰਸ਼ ਨੇ ਬਜੁਰਗ ਨੂੰ ਵਿਸ਼ਵਾਸ ਦੁਆਇਆ ਕਿ ਉਸ ਦੀ ਹੱਡ ਬੀਤੀ ਕੋਈ ਸੁਪਨਾ ਨਹੀਂ ਹੈ ਉਹ ਸੱਚੀਂ ਮੁੱਚੀ ਹੀ ਮਰ ਕੇ ਜੀਉਂਦਾ ਹੋਇਆ ਹੈ ਪਰ ਉਸਨੂੰ ਇਸ ਗੱਲ ਦੀ ਸੋਝੀ ਹੋਣੀ ਚਾਹੀਦੀ ਹੈ ਕਿ ਜਮਾਂ ਦੀ ਮਾਰ ਤੋਂ ਛੁਟਕਾਰਾ ਪਾਉਣ ਸਮੇ ਉਸਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਸਹਾਈ ਹੋਈ ਹੈ ਅਤੇ ਫਿਰ ਪ੍ਰਕਾਸ਼ ਵਿਚ ਲਿਖੇ ਹੋਏ "**ਮਨਿ ਜੀਤੈ ਜਗੁ ਜੀਤੁ**" ਦੇ ਦਰਸ਼ਨਾਂ ਨੇ ਉਸ ਨੂੰ ਬ੍ਰਹਮ-ਮੰਡਲ ਵਿਚ ਪਹੁੰਚਾ ਦਿੱਤਾ,ਜਿਥੇ ਅਨੰਤ ਕਾਲ ਤੋਂ ਹੀ ਨਿਰੰਕਾਰੀ ਬਾਣੀ ਦਾ ਨੂਰ ਵ੍ਹਰ ਰਿਹਾ ਹੈ।ਦੇਵ ਪੁਰੀ ਵਿਚ ਜਾ ਕੇ ਸ੍ਰੀ ਗੁਰੂ ਨਾਨਾਕ ਦੇਵ ਜੀ ਦੇ ਧੁਰ ਦਰਗਾਹੀ ਫੁਰਮਾਨ ਨੇ ਹੀ ਇਹ ਗਲ ਸਮਝਾਈ ਕਿ ਮਨੁੱਖਾ ਜੀਵਨ ਦੀ ਅਸਲੀ ਪ੍ਰਾਪਤੀ 'ਕਿਰਪਾ ਜਲ' ਵਿਚ ਹੀ ਹੈ।

ਸੰਤ ਪੁਰਸ਼ ਨੇ ਬਜੁਰਗ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਦਿੰਦਿਆਂ ਹੋਇਆਂ ਸਮਝਾਇਆ ਕਿ ਜਿਸ ਅੰਮ੍ਰਿਤ ਦੀ ਦਾਤ ਲਈ ਦੇਵੀ ਦੇਵਤੇ ਭੀ ਤਰਸਦੇ ਹਨ ਉਹ (ਕਿਰਪਾ ਜਲ) ਸਿਰਫ ਮਨੁਖੀ ਜੀਵਨ ਵਿਚ ਨਾਮ ਬਾਣੀ ਦੀ ਘਾਲਣਾਂ ਨਾਲ ਹੀ ਮਿਲਦਾ ਹੈ।ਗੁਰਬਾਣੀ ਦਾ ਫੁਰਮਾਨ ਹੈ ਕਿ ਦੇਵ-ਲੋਕ ਦੇ ਵਾਸੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਮਨੁਖਾ ਦੇਹੀ ਲਈ ਤਰਸਦੇ ਹਨ।ਪਰ ਬਜੁਰਗ ਤਾਂ ਦੇਵ ਲੋਕ ਪਹੁੰਚ ਕੇ ਦੇਵਤਿਆਂ ਕੋਲੋਂ ਹੀ ਕ੍ਰਿਪਾ ਜਲ ਮੰਗਣ ਲੱਗ ਪਿਆ..।

ਬਾਹੀਆ ਸਾਹਿਬ ਦੇ ਮ੍ਰਿਤਕ ਸਰੀਰ ਨੂੰ ਦੁਬਾਰਾ ਜੀਵਨ ਦਾਨ ਮਿਲਣ ਦਾ ਪ੍ਰਤੱਖ ਨਜ਼ਾਰਾ ਦੇਖ ਕੇ, ਬਜੁਰਗ ਦੀ ਹੱਡ-ਬੀਤੀ ਸੁਣ ਕੇ ਅਤੇ ਸੰਤ ਪੁਰਸ਼ ਕੋਲੋਂ ਮੋਇਆਂ ਨੂੰ ਜੀਵਾਉਣ ਵਾਲੇ ਦੇ ਇਲਾਹੀ

ਬਚਨ ਸੁਣ ਕੇ ਸੰਗਤ ਮੌਤ ਦੇ ਰਹੱਸਮਈ ਗੋਹਜ ਦੀਆਂ ਸੋਚਾਂ ਵਿਚ ਡੁੱਬੀ ਹੋਈ ਸੀ।ਜਮਾਂ ਦੀ ਮਾਰ ਦਾ ਡਰ ਅਤੇ ਸਰੀਰ ਦਾ ਚੋਲਾ ਛੱਡਣ ਪਿਛੋਂ ਮੌਤ ਦੇ ਸੁਨਹਿਰੀ ਪਲਾਂ ਵਿਚ ਮਹਾਂ ਅਨੰਦ ਦੀ ਪ੍ਰਾਪਤੀ ਦੀਆਂ ਰੰਗੀਨੀਆਂ,ਦੋਨਾਂ ਪਾਸਿਆਂ ਦੀਆਂ ਭੇਦ ਭਰੀਆਂ ਗੱਲਾਂ ਉਤੇ ਵਿਚਾਰ ਵਟਾਂਦਰੇ ਹੋ ਰਹੇ ਸੀ ਕਿ ਦਰਬਾਰ ਵਿਚੋਂ ਰਹਿਰਾਸ ਸਾਹਿਬ ਦੇ ਪਾਠ ਅਰੰਭ ਹੋਣ ਦੀ ਅਵਾਜ਼ ਸੁਣਾਈ ਦਿੱਤੀ।ਮੌਤ ਦੀ ਹਕੀਕਤ ਦੀਆਂ ਡੂੰਘੀਆਂ ਸੋਚਾਂ ਵਿਚ ਡੁੱਬੀ ਹੋਈ ਸੰਗਤ ਕਮਰੇ ਵਿਚੋਂ ਬਾਹਰ ਨਿਕਲੀ ਤੇ ਦਰਬਾਰ ਸਾਹਿਬ ਵਲ ਤੁਰ ਪਈ।

ਸੰਧਿਆ-ਕਾਲ ਨੇ ਬਾਬੇ ਨਾਨਕ ਦੀ ਆਰਤੀ ਦੀਆਂ ਰੰਗੀਨੀਆਂ ਦੇ ਜਲਵੇ ਦਿਖਾਉਣੇ ਸ਼ੁਰੂ ਕੀਤੇ ਹੋਏ ਸਨ।ਗਗਨ ਰੂਪੀ ਥਾਲ ਵਿਚ ਸੂਰਜ ਦਾ ਦੀਵਾ ਚੰਦ੍ਰਮਾ ਦੇ ਦੀਵੇ ਨੂੰ ਜੀ ਆਇਆਂ ਕਹਿੰਦਾ ਹੋਇਆ ਆਪ ਵਿਦਾਇਗੀ ਲੈ ਰਿਹਾ ਸੀ।ਦਿਨ ਤੇ ਰਾਤ ਦੇ ਮਿਲਾਪ ਨੇ ਧਰਤੀ ਅਤੇ ਅਸਮਾਨ ਵਿਚਕਾਰ ਮਸਤੀ ਦੀ ਧੂੜ ਭੁੱਕੀ ਹੋਈ ਸੀ।ਲਹਿੰਦੇ ਸੂਰਜ ਦੀਆਂ ਲਾਲੀਆਂ ਨੇ ਪਹਾੜਾਂ ਦੀਆਂ ਸਿਖਰਾਂ ਨੂੰ ਸੁਨਹਿਰੇ ਲੇਪ ਨਾਲ ਲਿਸ਼ਕਾਇਆ ਹੋਇਆ ਸੀ।ਗੁਰੂ ਘਰ ਦੇ ਪੈਰਾਂ ਵਿਚ ਵਗਦੀ ਨਦੀ ਦਾ ਸ਼ੂੰਕਦਾ ਹੋਇਆ ਪਾਣੀ ਸੱਚੇ ਨਾਮ ਦੀ ਧੁਨ ਸੁਣਾ ਰਿਹਾ ਸੀ।ਸ਼ਾਮ ਦੇ ਘੁਸਮੁਸੇ ਵਿਚ ਪ੍ਰਕਾਸ਼ ਹਨੇਰੇ ਦੇ ਗਲੇ ਲੱਗ ਕੇ ਵਿਦਾ ਹੋ ਰਿਹਾ ਸੀ।ਦਰਬਾਰ ਸਾਹਿਬ ਅੰਦਰੋਂ ਰਹਿਰਾਸ ਸਾਹਿਬ ਦਾ ਪਾਠ ਸ਼ੁਰੂ ਹੋਇਆ।ਲਾਉਡ ਸਪੀਕਰ ਰਾਹੀਂ **'ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ॥'** ਦੀ ਗੂੰਜ ਧਰਤ-ਅਸਮਾਨ ਵਿਚ ਥਰਰਾਉਂਦੀ ਹੋਈ ਹਰ ਪਾਸੇ ਪਸਰੀ ਤੇ ਤਪ ਸਥਾਨ ਦੀ ਕੁਦਰਤੀ ਸੁੰਦ੍ਰਤਾ ਵਿਚ ਵਸ ਰਹੇ ਕਰਤੇ ਦੀ ਹੋਂਦ ਦਾ ਅਹਿਸਾਸ ਦੁਆ ਗਈ।**' ਗਾਵਨਿ ਤੁਧ ਨੋ ਪਵਣੁ ਪਾਣੀ ਬੈਸੰਤਰੁ ॥'** ਦੀ ਅਵਾਜ ਨੇ, ਤਪ-ਸਥਾਨ ਦੀ ਵਾਦੀ ਵਿਚ ਪੌਣ ,ਪਾਣੀ ਤੇ ਬੈਸੰਤਰ ਦੇ ਮੂਹੋਂ ਗਾ ਹੋ ਰਹੇ ਕਾਦਰ ਦੇ ਗੀਤਾਂ ਦੇ ਦ੍ਰਿਸ਼-ਚਿੱਤਰ ਪੇਸ਼ ਕਰਨੇ ਸ਼ੁਰੂ ਕਰ ਦਿਤੇ।

***************

# ਦਰਸਨੁ ਦੇਖਣੈ ਕਾ ਚਾਉ



**ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਸਮੇ ਬੀਬੀ ਗੁਰੰਵਤ ਕੌਰ ਜੀ ਅਤੇ ਗੋਬਿੰਦ ਘਾਟ ਦੇ ਗ੍ਰੰਥੀ ਸਿੰਘ ਦੇ ਵਿਚਕਾਰ ਬੀਬੀ ਗੁਰਦੀਪ ਕੌਰ ਜੀ ਖੜ੍ਹੇ ਹਨ।**

ਸੰਨ ੨੦੦੨ ਵਿਚ ਬੀਬੀ ਜੀ ਨੇ ਹੇਮਕੁੰਟ ਸਾਹਿਬ ਦੀ ਆਖਰੀ ਯਾਤਰਾ ਬੀਬੀ ਗੁਰਵੰਤ ਕੌਰ (ਬੀਬੀ ਜੀ ਦੀ ਨੂੰਹ) ਦੇ ਨਾਲ ਕੀਤੀ।ਬੁਢਾਪੇ ਦੀ ਅਵਸਥਾ ਵਿਚ ਉਨ੍ਹਾਂ ਦੇ ਸੋਹਲ ਜਿਹੇ ਸਰੀਰ ਦੇ ਸੁੱਖ ਅਰਾਮ ਦਾ ਧਿਆਨ ਰਖਣਾ ਅਤੇ ਖੇਚਲ ਤੋਂ ਬਚਾਉਣਾ ਗੁਰਵੰਤ ਦੀ ਖਾਸ ਜਿੰਮੇਵਾਰੀ ਸੀ। ਗੋਬਿੰਦ ਘਾਟ ਪਹੁੰਚ ਕੇ ਬੀਬੀ ਜੀ ਬਿਮਾਰ ਹੋ ਗਏ। ਡਾਕਟਰ ਨੇ ਉਨ੍ਹਾਂ ਨੂੰ ਔਖੀਆਂ ਘਾਟੀਆਂ ਦੇ ਰਾਹੇ ਪੈਣ ਦੀ ਆਗਿਆ ਨਾ ਦਿਤੀ।ਬੇਬਸੀ ਦੀ ਹਾਲਤ ਵਿਚ ਉਹ ਸੰਗਤਾਂ ਨੂੰ ਗੋਬਿੰਦ ਧਾਮ ਦੇ ਰਾਹ ਉਤੇ ਜਾਂਦਿਆ ਦੇਖਦੇ ਰਹੇ।ਫਿਰ ਵੈਰਾਗ ਮਈ ਹਾਲਤ ਵਿਚ ਨਿਸ਼ਾਨ ਸਾਹਿਬ ਦੇ ਥੜ੍ਹੇ ਕੋਲ ਆ ਬੈਠੇ।ਤੇ ਇਕ ਪੁਰਾਣੀ ਯਾਦ ਵਿਚ ਲੀਨ ਹੋ ਕੇ ਅੱਖੀਆਂ ਮੀਟ ਲਈਆਂ।

ਚਾਲੀ ਸਾਲ ਪਹਿਲੇ,ਹੇਮਕੁੰਟ ਸਾਹਿਬ ਆਉਣ ਵਾਲੇ ਯਾਤਰੀਆਂ ਦੀ ਗਿਣਤੀ ਬਹੁਤ ਥੋੜੀ ਹੁੰਦੀ ਸੀ।ਕੋਈ ਵਿਰਲੇ ਹੀ ਹੁੰਦੇ ਸਨ,ਜਿਹੜੇ ਇ੍ਹਨਾਂ ਉਚਿਆਂ ਪਰਬਤਾਂ ਦੇ ਸਿਖਰਾਂ ਉਤੇ ਪਹੁੰਚ ਕੇ ਦਸ਼ਮੇਸ਼ ਪਿਤਾ ਦੇ ਪੂਰਬਲੇ ਜਨਮ ਦੇ ਤਪ-ਸਥਾਨ ਦੀ ਚੁੰਬਕੀ ਖਿੱਚ ਨਾਲ ਖਿੱਚੇ ਹੋਏ ਬਿਖੜੇ ਪੈਂਡੇ ਤੈਹ ਕਰਦੇ ਸਨ।ਚਾਤ੍ਰਿਕ ਮਨਾ ਦੇ ਦਿਲਾਂ ਉਤੇ ਸੁਆਂਤ ਬੂੰਦਾਂ ਦੀ ਬੁਛਾੜ ਕਰਨ ਲਈ ਇਲਾਹੀ ਕੌਤਕ ਵੀ ਬਹੁਤ ਵਰਤਦੇ ਸਨ।ਉਦੋਂ ਹੇਮਕੁੰਟ ਸਾਹਿਬ ਜਾਣ ਲਈ ਸਿੱਧੇ-ਪਧੱਰੇ ਰਸਤੇ ਵੀ ਨਹੀਂ ਸੀ ਬਣੇ ਹੋਏ ਤੇ ਗੁਰਦੁਆਰਿਆਂ ਦੀਆਂ ਇਮਾਰਤਾਂ ਵੀ ਬਹੁਤ ਛੋਟੀਆਂ ਸਨ।ਗੋਬਿੰਦ ਘਾਟ ਗੁਰਦੁਆਰੇ, ਨਦੀ ਦੇ ਕੰਢੇ ਇਕ ਬੜੇ ਵੱਡੇ ਪੱਥਰ ਦੀ ਸਿਲਾ ਨਾਲ ਦੋ ਕਮਰਿਆਂ ਦੇ ਅੱਗੇ ਇਕ ਵਰਾਂਡਾ ਹੁੰਦਾ ਸੀ।ਇਕ ਕਮਰੇ ਉਤੇ ਬੀਬੀ ਗੁਰਦੀਪ ਕੌਰ ਜੀ ਦਾ ਨਾਮ ਲਿਖਿਆ ਹੋਇਆ ਸੀ ਤੇ ਦੂਜੇ ਕਮਰੇ ਉਤੇ ਮਾਤਾ ਰਾਮ ਕੌਰ

ਜੀ ਦਾ ਨਾਮ ਲਿਖਿਆ ਹੋਇਆ ਸੀ।ਬੀਬੀ ਜੀ ਆਪਣੀ ਯਾਤਰਾ ਦੌਰਾਨ ਇਸ ਕਮਰੇ ਵਿਚ ਕੁਝ ਦਿਨ ਭਜਨ-ਬੰਦਗੀ ਕਰਦੇ ਹੁੰਦੇ ਸਨ।



ਬੀਬੀ ਜੀ ਨੂੰ ੪੦ ਸਾਲ ਪਹਿਲਾਂ ਦੀ ਉਹ ਭਾਗਾਂ ਭਰੀ ਘੜੀ ਯਾਦ ਆਈ।ਜਦੋਂ ਉਹ ਉਚੇ ਪਹਾੜਾਂ ਦੇ ਸਾਹਮਣੇ,ਕੁਦਰਤ ਦੀ ਸੁੰਦਰਤਾ ਨਾਲ ਸ਼ਿੰਗਾਰੀ ਹੋਈ ਤਪ-ਕੁਟੀਆ ਵਿਚ ਨਾਮ ਬਾਣੀ ਦੇ ਲਾਹੇ ਪ੍ਰਾਪਤ ਕਰਨ ਮਗਰੋਂ,ਵਰਾਂਡੇ ਅਗੇ ਪਏ ਪੱਥਰ ਉਤੇ ਬੈਠੇ ਸੀ।ਇਸ ਬਹੁਤ ਵੱਡੇ ਪੱਥਰ ਦੇ ਪੈਰਾਂ ਹੇਠ **ਤੇਜ-ਧਾਰ ਨਾਲ ਵਗ ਰਹੀ ਨਦੀ ਦਾ ਪਾਣੀ ਉਛਾਲੇ ਮਾਰ ਰਿਹਾ ਸੀ** ਤੇ ਪੱਥਰ ਉਪਰ ਬੈਠੇ ਬੀਬੀ ਜੀ ਕਲਗੀਆਂ ਵਾਲੇ ਦੀ ਯਾਦ ਵਿਚ ਨੈਣੋਂ ਨੀਰ ਦੀ ਬਿਰਹੋਂ-ਝੜੀ ਲਗਾ ਰਹੇ ਸੀ।ਰੰਗਲੇ-ਪ੍ਰੀਤਮ ਦੇ ਦਰਸ਼ਨਾ ਲਈ ਦਿਲ ਨੂੰ ਐਸੀਆਂ ਘੇਰਾਂ ਪਈਆਂ ਕਿ ਪਤਾ ਹੀ ਨਾ ਲਗਿਆ ਕਿ ਕਿਹੜੇ ਵੇਲੇ ਸਵੇਰ ਤੋਂ ਸ਼ਾਮ ਪੈ ਗਈ।ਗੁਰਦੁਆਰੇ ਵਿਚੋਂ ਕੀਰਤਨ ਦੀ ਧੁਨੀ ਅਰੰਭ ਹੁੰਦਿਆਂ ਹੀ ਉਹ ਉਠੇ ਤੇ ਜਾ ਕੇ ਨਿਸ਼ਾਨ ਸਾਹਿਬ ਦੇ ਥੜ੍ਹੇ ਨਾਲ ਸਿਰ ਜੋੜ ਕੇ ਬੈਠ ਗਏ।ਬ੍ਰਿਹੋਂ-ਰਸ-ਗੁੱਧੇ ਦਿਲ ਨਾਲ ਇਲਾਹੀ ਬਾਣੀ ਦੇ ਕੀਰਤਨ ਸੁਣਦਿਆਂ ਉਨ੍ਹਾਂ ਦੇ ਭਾਗ ਜਾਗੇ..।ਕਲਗੀਆਂ ਵਾਲੇ ਨੇ ਦਰਸ਼ਨ ਝਲਕਾਰੇ ਬਖਸ਼ ਕੇ ਨਿਹਾਲ ਕੀਤਾ।

ਉਸ ਸੁਲੱਖਣੀ ਘੜੀ ਨੂੰ ਯਾਦ ਕਰਕੇ, ਹਰ ਯਾਤਰਾ ਸਮੇ ਇਸ ਨਿਸ਼ਾਨ ਸਾਹਿਬ ਕੋਲ ਬੈਠ ਕੇ ਸਤਿਗੁਰਾਂ ਦੇ ਚਰਨਾਂ ਵਿਚ ਹੰਝੂ ਕੇਰਦਿਆਂ ਚਾਲੀ ਸਾਲ ਹੋ ਗਏ।ਪੁਰਾਣੀ,ਪਰ ਹਰ ਵੇਲੇ ਯਾਦ ਰਹਿਣ ਵਾਲੀ ਜੀਵਨ-ਝਲਕ ਦੀ ਯਾਦ ਵਿਚ ਗੁਆਚ ਕੇ ਰੰਗਲੇ-ਪ੍ਰੀਤਮ ਦੇ ਦਰਸ਼ਨਾ ਲਈ ਵਿਲਲਾਉਂਦਿਆਂ ਲੰਮਾ ਸਮਾ ਬੀਤ ਗਿਆ।**ਬੀਬੀ ਜੀ ਦੇ ਸਰੀਰ ਨੇ ਤਾਂ ਜਵਾਨੀ ਤੋਂ ਬੁਢਾਪੇ ਦਾ ਰੂਪ ਧਾਰ ਲਿਆ ਸੀ ।ਪਰ ਇਸੇ ਹੀ ਥਾਂ ਉਤੇ ਬੈਠ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਿਹੜੇ ਨੂਰਾਨੀ ਦਰਸ਼ਨ ਝਲਕਾਰਿਆਂ ਦੇ ਰੰਗਾਂ ਦੀ ਬਰਸਾਤ ਹੋਈ ਸੀ,ਉਸ ਦੀਆਂ ਯਾਦਾਂ ਦਾ ਰੰਗ ਦਿਨੋ ਦਿਨ ਹੋਰ ਗੂੜ੍ਹਾ ਹੁੰਦਾ ਗਿਆ।ਦੂਣ-ਸਵਾਇਆ ਹੁੰਦਾ ਗਿਆ।** ਤੇ ਅੱਜ ਉਸ ਨੂਰ ਦੀ ਬਰਖਾ ਦੀ ਯਾਦ ਅਤਿ ਤਿੱਖੀ ਹੋ ਕੇ ਬੀਬੀ ਜੀ ਦੇ ਦਿਲ ਉਤੇ ਆਪਣਾ ਰੰਗ ਜਮਾਈ ਬੈਠੀ ਸੀ।ਵੈਰਾਗ

ਠਲ੍ਹਿਆ ਨਾ ਜਾਵੇ,ਅਖੀਆਂ ਰਾਹੀਂ ਡੁਲ੍ਹ ਡੁਲ੍ਹ ਪਵੇ। **'ਦਰਸਨੁ ਦੇਖਣੈ ਕਾ ਚਾਉ॥'** ਵਿਚ ਬੀਬੀ ਜੀ ਨੇ ਤਰਲੇ ਪਾਏ,ਹਾੜੇ ਕੱਢੇ ਤੇ ਵਿਲਕ ਵਿਲਕ ਕੇ ਦਰਸ਼ਨਾਂ ਲਈ ਜੋਦੜੀਆਂ ਕੀਤੀਆਂ।ਰੋ ਰੋ ਫਾਵੀਂ ਹੋ ਕੇ ਨਿਢਾਲ ਜਿਹੇ ਹੋ ਗਏ।

ਗੁਰਵੰਤ ਲੰਗਰ ਦੀ ਸੇਵਾ ਕਰਨ ਪਿਛੋਂ ਬੀਬੀ ਜੀ ਕੋਲ ਪਹੁੰਚੀ ਤੇ ਉਨ੍ਹਾਂ ਨੂੰ ਆਪਣੇ ਸਹਾਰੇ ਨਾਲ ਉਠਾ ਕੇ ਕਮਰੇ ਵਿਚ ਲੈ ਆਈ।ਕੁਝ ਖੁਆ ਪਿਆ ਕੇ ਬਿਸਤਰੇ ਉਤੇ ਲਿਟਾ ਦਿਤਾ।ਦੂਜੇ ਦਿਨ ਭੀ ਜਦੋਂ ਡਾਕਟਰ ਨੇ ਉਪਰ ਜਾਣ ਤੋਂ ਰੋਕ ਦਿਤਾ ਤਾਂ ਗੁਰਵੰਤ ਨੇ ਜਾ ਕੇ ਬੀਬੀ ਜੀ ਨੂੰ ਦਰਬਾਰ ਸਾਹਿਬ ਅੱਗੇ ਖਿੜੀ ਹੋਈ ਧੁੱਪ ਵਿਚ ਬਿਠਾ ਦਿੱਤਾ ਤੇ ਆਪ ਸਾਹਮਣੇ ਲੰਗਰ ਵਿਚ ਬਰਤਨ ਸਾਫ ਕਰਨ ਦੀ ਸੇਵਾ ਸੰਭਾਲ ਲਈ।ਬੀਬੀ ਜੀ ਆਪਣੀ ਦਿਵਾਨਗੀ ਦੇ ਲੋਰ ਵਿਚ ਆ ਕੇ ਕਦੀ ਬਾਣੀ ਪੜ੍ਹਦਿਆਂ ਸਤਿਗੁਰਾਂ ਦੀ ਯਾਦ ਵਿਚ ਮਸਤ ਹੋ ਜਾਣ,ਕਦੀ ਆਲੇ ਦੁਆਲੇ ਪਹਾੜਾਂ ਅਤੇ ਤੇਜ-ਧਾਰ ਨਾਲ ਵਗਦੇ ਪਾਣੀ ਦੇ ਕੁਦਰਤੀ ਨਜ਼ਾਰਿਆਂ ਦੀ ਸੁੰਦਰਤਾ ਵਿਚੋਂ ਆਪਣੇ ਪ੍ਰਭੂ ਪ੍ਰੀਤਮ ਦੇ ਦਰਸ਼ਨਾਂ ਨੂੰ ਢੂੰਢਦੇ ਫਿਰਨ ਅਤੇ ਕਦੀ ਸਾਹਮਣੇ ਲੰਗਰ ਵਿਚ ਸੇਵਾ ਕਰ ਰਹੀ ਗੁਰਵੰਤ ਨੂੰ ਦੇਖ ਕੇ ਖੁਸ਼ ਹੋ ਲੈਣ।

ਲੰਗਰ ਦੀ ਸੇਵਾ ਕਰਨ ਪਿਛੋ ਗੁਰਵੰਤ ਨੇ ਆ ਕੇ ਬੀਬੀ ਜੀ ਦਾ ਹਾਲ ਪੁਛਿਆ ਅਤੇ ਕੁਝ ਛਕਣ ਲਈ ਕਿਹਾ। ਅਗੋਂ ਬੀਬੀ ਜੀ ਨੇ ਬੜੇ ਪਿਆਰ ਨਾਲ ਉਸਦਾ ਹਥ ਫੜ ਕੇ ਉਸਨੂੰ ਆਪਣੇ ਕੋਲ ਬਿਠਾ ਲਿਆ ਤੇ ਆਪਣੀ ਉਂਗਲੀ ਵਿਚੋਂ ਹੀਰੇ ਦੀ ਮੁੰਦਰੀ ਕੱਢ ਕੇ ਗੁਰਵੰਤ ਦੀ ਉਂਗਲੀ ਵਿਚ ਪਾਉਣ ਲਗੇ ਕਹਿੰਦੇ,-"ਆਹ ਲੈ..! ਤੇਰੀਆਂ ਉਂਗਲੀਆਂ ਤੇ ਮੇਰੀਆਂ ਉਂਗਲੀਆਂ ਇਕੋ ਜਿਹੀਆਂ ਹੀ ਹਨ।ਤੇਰੇ ਮੇਚ ਹੀ ਹੈ.. ।" ਗੁਰਵੰਤ ਨੂੰ ਆਪਣੀ ਸੱਸ-ਮਾਂ ਦਾ ਲਾਡ ਪਿਆਰ ਬਹੁਤ ਚੰਗਾ ਲੱਗਿਆ ਪਰ ਉਸ ਨੇ ਉਸੇ ਵੇਲੇ ਹੀ ਆਪਣੀ ਉਂਗਲੀ ਵਿਚੋਂ ਕਢਕੇ,ਮੁੰਦਰੀ ਬੀਬੀ ਜੀ ਦੀ ਉਂਗਲੀ ਵਿਚ ਪਾ ਦਿਤੀ ਤੇ ਬੜੇ ਅਦਬ ਪਿਆਰ ਨਾਲ ਕਿਹਾ,-"ਨਹੀਂ..! ਬੀਬੀ ਜੀ..! ਹੁਣ ਮੈ ਇਨ੍ਹਾਂ ਚੀਜ਼ਾਂ ਤੋਂ ਮੂੰਹ ਮੋੜਨਾ ਚਾਹੁੰਦੀ ਹਾਂ। ਤੁਸੀਂ ਕਿਰਪਾ ਕਰਕੇ ਇਹੀ ਅਰਦਾਸ ਕਰੋ ਕਿ ਮੈਂ ਵਾਹਿਗੁਰੂ ਦੇ ਪ੍ਰੇਮ ਵਿਚ ਰੰਗੀ ਜਾਵਾਂ।"

**ਰਾਜੁ ਨ ਚਾਹਉ ਮੁਕਤਿ ਨ ਚਾਹਉ**

**ਮਨਿ ਪ੍ਰੀਤਿ ਚਰਨ ਕਮਲਾਰੇ॥ ਪੰਨਾਂ ੫੩੪**

ਕਿਰਪਾ ਕਰਕੇ ਦਾਤਾ ਇਸ ਮੋਹ ਮਾਇਆ ਦੇ ਜਾਲ ਵਿਚੋਂ ਕਢ ਲਵੇ । ਬਸ ਇਹੋ ਹੀ ਬੇਨਤੀ ਹੈ ਸਤਿਗੁਰੂ ਦੇ ਚਰਨਾ ਵਿਚ ...।ਹੁਣ ਹੋਰ ਕੁਝ ਨਹੀਂ ਚਾਹੀਦਾ।ਵਾਹਿਗੁਰੂ ਆਪਣੇ ਚਰਨ-ਕਮਲਾਂ ਦੇ ਭਉਰੇ ਬਣਾਈ ਰੱਖੇ...!

ਇਹ ਗਲ ਕਹਿੰਦਿਆਂ,ਉਸ ਨੇ ਬੀਬੀ ਜੀ ਨੂੰ ਬਾਹੋਂ ਫੜ ਕੇ ਉਠਾਇਆ ਤੇ ਲੰਗਰ ਛਕ ਕੇ ਅਰਾਮ ਕਰਨ ਲਈ ਕਮਰੇ ਵਿਚ ਲੈ ਗਈ।

ਕੁਝ ਦੇਰ ਅਰਾਮ ਕਰਨ ਪਿਛੋਂ ਉਨ੍ਹਾਂ ਥੱਲੇ ਜਾ ਕੇ ਨਦੀ ਦੇ ਪੁਲ ਕੋਲ ਬੈਠਣ ਦੀ ਇੱਛਾ ਪ੍ਰਗਟ ਕੀਤੀ ।ਉਪਰੋਂ ਦਰਸ਼ਨ ਕਰਕੇ ਆਈਆਂ ਸੰਗਤਾਂ ਦੇ ਦਰਸ਼ਨ ਕਰਨ ਲਈ ਰਟ ਲਗਾ ਦਿਤੀ।ਪਰ ਗੁਰਵੰਤ ਚਹੁੰਦੀ ਸੀ ਕਿ ਬਹੁਤੀ ਦੇਰ ਬੈਠਣ ਕਾਰਨ ਉਹ ਥੱਕੇ ਹੋਏ ਹਨ ਤੇ ਹੁਣ ਅਰਾਮ ਦੀ ਜਰੂਰਤ ਹੈ।ਇਸ ਲਈ ਉਸ ਨੇ ਗੱਲ ਟਾਲਣ ਦੀ ਕੋਸ਼ਿਸ਼ ਕੀਤੀ।ਜਿਸ ਤਰਾਂ ਕਿਸੇ ਬੱਚੇ ਦੇ ਜ਼ਿਦ ਕਰਨ ਉਤੇ ਉਸਦਾ ਧਿਆਨ ਹੋਰ ਪਾਸੇ ਪਾਈਦਾ ਹੈ ਇਸੇ ਤਰ੍ਹਾਂ ਹੀ ਗੁਰਵੰਤ ਨੇ ਭੀ ਬੀਬੀ ਜੀ ਦਾ ਧਿਆਨ ਹੋਰ ਪਾਸੇ ਪਾਉਣ ਲਈ ਕਿਹਾ,-"ਹਾਂ..! ਸੱਚ...! ਬੀਬੀ ਜੀ....!ਮੈਂ ਤੁਹਾਥੋਂ ਇਕ ਬਹੁਤ ਜਰੂਰੀ ਗਲ ਪੁੱਛਣੀ ਸੀ।"

ਬੀਬੀ ਜੀ -"ਦਸ,ਕਿਹੜੀ ਗਲ...?"

ਗੁਰਵੰਤ ,-**"ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥"**ਇਸ ਤੁਕ ਦੇ ਅਰਥਾਂ ਦਾ ਪਤਾ ਨਹੀਂ ਲਗਦਾ। ਸਟੀਕ ਵਿਚੋਂ ਅਰਥ ਦੇਖੇ ਸੀ। ਉਥੇ ਲਿਖਿਆ ਹੋਇਆ ਸੀ ਕਿ ਬੰਦੇ ਦੀ ਭੁੱਖ ਨਹੀਂ ਮਰਦੀ ਬੇਸ਼ਕ ਉਹ ਦੁਨਿਆਵੀ ਪਦਾਰਥਾਂ ਦਾ ਭਾਰ ਆਪਣੇ ਨਾਲ ਬੰ੍ਹਨੀ ਤੁਰਿਆ ਫਿਰੇ ...। ਪਰ ਇਹ ਅਰਥ ਤਾਂ ਢੁਕਦੇ ਜਿਹੇ ਨਹੀਂ ਲਗਦੇ ਤੁਸੀਂ ਦੱਸੋ ਇਸ ਤੁਕ ਨੂੰ ਪ੍ਰੜਨ ਸਮੇ ਸਾਨੂੰ ਮਨ ਵਿਚ ਕਿਹੋ ਜਿਹੇ ਭਾਵ ਲਿਆਉਣੇ ਚਾਹੀਦੇ ਹਨ ?"

ਬੀਬੀ ਜੀ,-"ਹਾਂ ...! ਇਸ ਤੁਕ ਦੇ ਅਰਥ ਲਿਖਣ ਲਈ ਕਈਆਂ ਨੇ ਆਪਣੀਆਂ ਅਕਲਾਂ ਦੁੜ੍ਹਾਈਆਂ ਹਨ।ਮੈਂ ਤਾਂ ਇਕ ਗੁਟਕੇ ਵਿਚ ਕਿਸੇ ਚੁੰਚ-ਗਿਆਨੀ ਵਲੋਂ ਕੀਤੇ ਹੋਏ ਅਰਥਾਂ ਵਿਚ ਇਹ ਭੀ ਪੜ੍ਹਿਆ ਸੀ ਕਿ ਖਾਣ ਵਾਲੀਆਂ ਪੂੜੀਆਂ ਢਿੱਡ ਨਾਲ ਬੰਨ੍ਹ ਕੇ ਤੁਰੇ ਫਿਰਨ ਨਾਲ ਭੁੱਖ ਨਹੀ ਉਤਰਦੀ।"

ਗੁਰਵੰਤ:-"ਇਸ ਤੁਕ ਵਿਚ ਭੁੱਖ ਦਾ ਜ਼ਿਕਰ ਹੈ ਤੇ ਨਾਲ ਪੂੜੀਆਂ ...। ਪੁਰੀਆਂ ਪੜ੍ਹਦਿਆਂ ਤਾਂ ਫਿਰ ਪੂੜੀਆਂ ਹੀ ਯਾਦ ਆਉਂਦੀਆਂ ਹਨ।" ਦੋਨੋਂ ਹੱਸ ਪਈਆਂ।

ਬੀਬੀ ਜੀ:-" ਨਹੀਂ ਇਹ ਪੁਰੀਆਂ ਪੂੜੀਆਂ ਨਹੀਂ ਹਨ,ਪੁਰੀਆਂ ਹਨ।ਸ਼ਿਵ ਪੁਰੀ,ਇੰਦਰ ਪੁਰੀ ਤੇ ਬ੍ਰਹਮਪੁਰੀ ਆਦਿ । ਇਹਨਾਂ ਦੇਵਤਿਆਂ ਦੀਆਂ ਪੁਰੀਆਂ ਦਾ ਜ਼ਿਕਰ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜੇਕਰ ਕਿਸੇ ਤ੍ਰਿਸ਼ਨਾਵਾਂ ਦੇ ਭੁਖੇ ਬੰਦੇ ਨੂੰ ਇਸ ਦੁਨੀਆਂ ਦੇ ਰਾਜ ਭਾਗ ਦੇ ਨਾਲ ਨਾਲ ਦੇਵਤਿਆਂ ਦੀਆਂ ਪੁਰੀਆਂ ਦੇ ਰਾਜ ਭਾਗ ਦਾ ਭਾਰ ਭੀ ਸੌਂਪ ਦੇਈਏ ਤਾਂ ਉਸ ਦੀ ਭੁਖ ਪੂਰੀ ਨਹੀਂ ਹੁੰਦੀ।"

ਗੁਰਵੰਤ,-"ਕੀ ਇਹ ਪੁਰੀਆਂ ਸੱਚੀ ਮੁੱਚੀ ਹੈਨ ? ਜਦ ਇਹ ਦਿਸਦੀਆਂ ਹੀ ਨਹੀਂ ਤਾਂ ਕੋਈ ਇਹਨਾਂ ਉਤੇ ਯਕੀਨ ਕਿਵੇਂ ਕਰੇ ?"

ਬੀਬੀ ਜੀ,-"ਕੋਈ ਨਹੀਂ ਕਰਦਾ ਤਾਂ ਨਾ ਕਰੇ..।ਉਸਦੀ ਮਰਜ਼ੀ ..।ਮੈਂ ਤਾਂ ਉਨ੍ਹਾਂ ਸਾਰੀਆਂ ਗਲਾਂ ਉਤੇ ਯਕੀਨ ਕਰਦੀ ਹਾਂ ਜਿਹੜੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ।ਜਮ,ਦੇਵੀ ਦੇਵਤਿਆਂ ਦੀਆਂ

ਪੁਰੀਆਂ,ਧਰਮ ਰਾਜ ਦੀ ਦਰਗਾਹ ਤੇ ਸੁਰਗ ਨਰਕ ਆਦਿ ਸਭ ਕੁਝ ਹੈ। ਗੁਰੂ ਜੀ ਦੇ ਫੁਰਮਾਨ ਅਟੱਲ ਸਚਾਈਆਂ ਹਨ।ਇਹ ਧੁਰ-ਦਰਗਾਹੋਂ ਆਈ ਹੋਈ ਰੱਬੀ ਬਾਣੀ ਹੈ ਤੇ।ਇਸ ਇਲਾਹੀ ਬਾਣੀ ਦੀ ਕਿਸੇ ਭੀ ਤੁਕ ਉਤੇ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ।"

ਗੁਰਵੰਤ,-"ਹੈ ਤਾਂ ਤੁਹਾਡੀ ਗਲ ਠੀਕ...। ਪਰ ਮੇਰੇ ਵਰਗੇ ਮੂਰਖਾਂ ਨੂੰ ਅਰਥਾਂ ਦੀ ਸਮਝ ਭੀ ਤਾਂ ਨਹੀਂ ਪੈਂਦੀ..।ਹੁਣ ਮੇਰੇ ਵਲ ਹੀ ਦੇਖੋ ! ਮੈਂ ਕਈ ਦਿਨਾਂ ਤੋਂ ਪੁਰੀਆਂ ਅਤੇ ਪੂੜੀਆਂ ਦੇ ਚੱਕਰ ਵਿਚ ਫਸੀ ਪਈ ਹਾਂ।ਅਜ ਤੁਹਾਡੇ ਸਮਝਾਉਣ ਨਾਲ ਬਾਣੀ ਦੇ ਅਰਥਾਂ ਦਾ ਪਤਾ ਲਗ ਗਿਆ ਹੈ।ਪਰ ਹਾਲੇ ਭੀ ਮੇਰੀ ਪੁਰੀਆਂ ਬਾਰੇ ਕੁਝ ਜਾਨਣ ਦੀ ਲੋਚਾ ਹੈ।"

ਬੀਬੀ ਜੀ ਨੇ ਆਪਣੀ ਸੋਟੀ ਪਰ੍ਹੇ ਕਰਕੇ ਰਖ ਦਿਤੀ ਤੇ ਬਿਸਤਰੇ ਉਤੇ ਸਰਹਾਣੇ ਨੂੰ ਕੰਧ ਨਾਲ ਲਗਾ ਕੇ ਢਾਸਣਾ ਲਗਾ ਕੇ ਅਰਾਮ ਨਾਲ ਬੈਠ ਗਏ ਤੇ ਕਹਿੰਦੇ ,-"ਦੇਖ ! ਤੇਨੂੰ ਪਤਾ ਹੀ ਹੈ ਕਿ ਮੈਂ ਕੋਈ ਸਕੂਲਾਂ ਕਾਲਜਾਂ ਦੀ ਪੜ੍ਹਾਈ ਨਹੀਂ ਕੀਤੀ ।ਮੈਨੂੰ ਅਨਪੜ੍ਹ ਨੂੰ ਕਿਸੇ ਗਲ ਦਾ ਕੀ ਪਤਾ..?ਪਰ ਮੈਂ ਬਾਬੇ ਨਾਨਕ ਦੀਆਂ ਜਨਮ ਸਾਖੀਆਂ ਬਹੁਤ ਵਾਰੀ ਪੜ੍ਹੀਆਂ ਹਨ।ਜਿੰਨੀ ਵਾਰੀ ਪੜ੍ਹੀਆਂ.....!ਵੱਧ ਤੋਂ ਵੱਧ ਅਨੰਦ ਆਇਆ।ਪੜ੍ਹਦਿਆਂ ਇਉਂ ਲਗਦਾ ਹੈ ਜਿਵੇਂ ਮੇਰੇ ਧੰਨ ਗੁਰੂ ਨਾਨਕ ਭਾਈ ਬਾਲੇ ਤੇ ਮਰਦਾਨੇ ਦੇ ਨਾਲ ਨਾਲ ਮੈਨੂੰ ਭੀ ਆਪਣੇ ਨਾਲ ਰਲਾ ਕੇ ਪੁਰੀਆਂ ਦੀ ਸੈਰ ਕਰਵਾ ਰਹੇ ਹੋਣ।ਕਦੀ ਇੰਦਰ ਪੁਰੀ ਤੇ ਕਦੀ ਸ਼ਿਵ ਪੁਰੀ..।ਕਦੀ ਪ੍ਰਹਿਲਾਦ ਪੁਰੀ ਅਤੇ ਕਦੀ ਧ੍ਰੂ ਪੁਰੀ।ਗੁਰਵੰਤ...! ਮੇਰੀ ਇੱਛਾ ਹੈ ਕਿ ਤੂੰ ਭੀ ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਜਰੂਰ ਪੜ੍ਹੇਂ...। ਫਿਰ ਤੈਨੂੰ ਆਪੇ ਪਤਾ ਲਗ ਜਾਏਗਾ ਕਿ ਇਹਨਾ ਅੱਖੀਆਂ ਨਾਲ ਦਿਸਣ ਵਾਲੀ ਦੁਨੀਆਂ ਤੋਂ ਇਲ਼ਾਵਾ ਹੋਰ ਦੁਨੀਆਂ ਭੀ ਹੈ ਜਿਹੜੀ ਬਾਬੇ ਨਾਨਕ ਵਰਗਿਆਂ ਨੂੰ ਦਿੱਬ-ਦ੍ਰਸ਼ਟੀ ਨਾਲ ਹੀ ਦਿਖਦੀ ਹੈ।"

ਰਹਿਰਾਸ ਸਾਹਿਬ ਦਾ ਸਮਾ ਹੋ ਗਿਆ ਸੀ। ਗੁਰਵੰਤ ਬੀਬੀ ਜੀ ਨੂੰ ਨਾਲ ਲੈ ਕੇ ਦਰਬਾਰ ਸਾਹਿਬ ਚਲੇ ਗਈ। ਨਿਤਨੇਮ ਅਤੇ ਕੀਰਤਨ ਦੇ ਲਾਹੇ ਪ੍ਰਾਪਤ ਕਰਨ ਪਿਛੋਂ ਦੋਨੋਂ ਕਮਰੇ ਵਿਚ ਆ ਗਈਆਂ।ਗੁਰਵੰਤ ਨੇ ਸੌਣ ਲਈ ਬਿਸਤਰੇ ਵਿਛਾਏ।ਬੱਤੀ ਬੁਝਾਈ ਤੇ ਬੀਬੀ ਜੀ ਨੇ ਜਿਵੇਂ ਕਿਸੇ ਬੱਚੇ ਨੂੰ ਸੌਣ ਤੋਂ ਪਹਿਲੇ ਲੋਰੀਆਂ ਦੇ ਕੇ ਜਾਂ ਕਹਾਣੀ ਸੁਣਾ ਕੇ ਸੁਲਾਈਦਾ ਹੈ,ਇਸੇ ਤਰ੍ਹਾਂ ਬੜੇ ਪਿਆਰ ਨਾਲ ਗੁਰਵੰਤ ਨੂੰ ਸੌਣ ਤੋਂ ਪਹਿਲਾਂ ਜਨਮ ਸਾਖੀਆਂ ਦੇ ਕੁਝ ਅੰਸ਼ ਸੁਣਾਏ।

**********************************

# ਭਾਈ ਸੁਰਿੰਦਰ ਸਿੰਘ ਜੀ



ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦੌਰਾਨ ਬੀਬੀ ਗੁਰਦੀਪ ਕੌਰ ਜੀ ਦੇ ਨਾਲ ਭਾਈ ਸੁਰਿੰਦਰ ਸਿੰਘ ਜੀ ਅਤੇ ਇਕ ਹੋਰ ਪ੍ਰੇਮੀ ਸਿੰਘ।

੧੯੭੨ ਵਿਚ ਭਾਈ ਸੁਰਿੰਦਰ ਸਿੰਘ ਜੀ ਲੁਧਿਆਣਾ ਨਿਵਾਸੀ, ਪਹਾੜਾਂ ਦੀ ਠੰਡੀ ਮਿੱਠੀ ਪੌਣ ਦੇ ਨਜਾਰੇ ਲੈਣ ਲਈ ਅਤੇ ਕੁਦਰਤ ਦੀ ਸੁੰਦਰਤਾ ਦੇ ਰੰਗ ਮਾਨਣ ਦੀ ਨੀਅਤ ਨਾਲ ਯਾਰਾਂ ਦੋਸਤਾਂ ਨਾਲ ਹੇਮਕੁੰਟ ਸਾਹਿਬ ਪਹੁੰਚੇ।ਉਨ੍ਹਾਂ ਨੂੰ ਇਹ ਖਿਆਲ ਹੀ ਨਹੀਂ ਸੀ ਕਿ ਇਸ ਯਾਤਰਾ ਦੌਰਾਨ ਉਨ੍ਹਾਂ ਦੇ ਜੀਵਨ ਵਿਚ ਗੁਰੂ ਦੀਆਂ ਬਖਿਸ਼ਸ਼ਾਂ ਦੇ ਭੰਡਾਰ ਲੱਗ ਜਾਣਗੇ ਤੇ ਉਹ ਗੁਰਸਿੱਖੀ ਜੀਵਨ ਧਾਰਣ ਕਰਨ ਦੇ ਲਾਹੇ ਪ੍ਰਾਪਤ ਕਰਨਗੇ।

ਤਪੋ-ਸਥਾਨ ਪਹੁੰਚ ਕੇ ਉਨ੍ਹਾਂ ਦਾ ਭਗਤੀ-ਭਾਵਨਾ ਦੇ ਰੰਗਾਂ ਵਿਚ ਭਿੱਜੀਆਂ ਹੋਈਆਂ ਸੰਗਤਾਂ ਨਾਲ ਮੇਲ -ਮਿਲਾਪ ਹੋਇਆ।ਦਿਲ ਵਿਚ ਪ੍ਰੇਮਾ ਭਗਤੀ ਲਈ ਸ਼ਰਧਾ ਪੈਦਾ ਹੋਈ ਤੇ ਗੁਰਸਿੱਖੀ ਪ੍ਰਤੀ ਪ੍ਰੇਮ ਜਾਗਿਆ।ਯਾਰਾਂ ਦੋਸਤਾਂ ਨਾਲ ਮੌਜ ਮਸਤੀ ਕਰਦੇ ਹੋਏ ਹੇਮਕੁੰਟ ਸਾਹਿਬ ਜਾ ਰਹੇ ਸੀ ਕਿ ਕਿਸੇ ਸ਼ਰਧਾਲੂ ਨੇ ਇਨ੍ਹਾਂ ਨੂੰ ਕਿਹਾ-,"ਬੀਬੀ ਜੀ ਪਿੱਛੇ ਆ ਰਹੇ ਹਨ।ਜੇ ਕੁਝ ਲੈਣਾ ਹੈ ਤਾਂ ਉਨ੍ਹਾਂ ਕੋਲੋਂ ਮੰਗ ਲਵੋ!"ਭਾਈ ਸਾਹਿਬ ਨੂੰ ਇਸ ਗੱਲ ਦੀ ਸਮਝ ਨਾ ਪਈ,ਉਨ੍ਹਾਂ ਦਾ ਧਿਆਨ ਖਾਣ ਪੀਣ ਵਾਲੀਆਂ ਚੀਜਾਂ ਵਲ ਚਲਿਆ ਗਿਆ।ਉਹ ਸੋਚ ਰਹੇ ਸੀ ਕਿ ਖਾਣ ਪੀਣ ਲਈ ਜੋ ਵੀ ਰਸਤੇ ਵਿਚ ਚਾਹੀਦਾ ਹੈ ਉਹ ਤਾਂ

ਸਭ ਕੁਝ ਉਨ੍ਹਾਂ ਦੇ ਕੋਲ ਹੈ।ਕਿਸੇ ਚੀਜ਼ ਦਾ ਘਾਟਾ ਨਹੀਂ ਹੈ।ਪਰ ਜਦੋਂ ਉਨ੍ਹਾਂ ਨੂੰ ਰੱਬੀ ਰਹਿਮਤਾਂ ਮੰਗਣ ਦਾ ਖਿਆਲ ਆਇਆ ਤਾਂ ਉਹ ਰਸਤੇ ਵਿਚ ਉਥੇ ਹੀ ਖੜ੍ਹ ਗਏ ਤੇ ਪਿੱਛੇ ਆਉਂਦੇ ਬੀਬੀ ਜੀ ਨੂੰ ਉਡੀਕਣ ਲੱਗੇ।ਜਦੋਂ ਗੁਰੂ ਪ੍ਰੇਮ ਦੀ ਮਸਤੀ ਵਿਚ ਡੁੱਬੇ ਹੋਏ ਬੀਬੀ ਜੀ ਕੋਲ ਪਹੁੰਚੇ ਤਾਂ ਭਾਈ ਸਾਹਿਬ ਨੇ ਉਨ੍ਹਾਂ ਨੂੰ ਨਿੰਮ੍ਰਤਾ ਸਹਿਤ ਸਤਿਗੁਰਾਂ ਦੇ ਦਰਸ਼ਨ ਦਿਦਾਰਿਆਂ ਲਈ ਅਰਦਾਸ ਕਰਨ ਦੀ ਬੇਨਤੀ ਕੀਤੀ।ਬੀਬੀ ਜੀ ਨੇ ਖੜ੍ਹੇ ਹੋ ਕੇ ਸਰਵ-ਕਲਾ-ਭਰਪੂਰ ਸਤਿਗੁਰਾਂ ਦੇ ਚਰਨਾ ਵਿਚ ਦਰਸ਼ਨ ਦੇ ਕੇ ਰੂਹਾਨੀ ਖੁਸ਼ੀਆਂ ਖੇੜਿਆਂ ਨਾਲ ਝੋਲੀਆਂ ਭਰਨ ਲਈ ਜੋਦੜੀ ਕੀਤੀ।ਅਸੀਸਾਂ ਦਿੰਦੇ ਹੋਏ ਉਹ ਅੱਗੇ ਤੁਰਨ ਲੱਗੇ ਹੀ ਸੀ ਕਿ ਸੁਰਿੰਦਰ ਸਿੰਘ ਦਰਸ਼ਨ ਝਲਕਾਰਿਆਂ ਦੀ ਬਖਸ਼ਿਸ਼ ਦੀ ਅਜਰ ਖੁਸ਼ੀ ਨੂੰ ਜਰਦੇ ਹੋਏ ਉਥੇ ਹੀ ਡਿਗ ਪਏ।ਯਾਰਾਂ ਦੋਸਤਾਂ ਨੇ ਉਠਾਣ ਦੀ ਕੋਸ਼ਿਸ਼ ਕੀਤੀ ਪਰ ਅਜਰ ਦੀ ਅਵੱਸਥਾ ਦੀਆਂ ਰਮਜਾਂ ਸਮਝਣ ਵਾਲੇ ਬੀਬੀ ਜੀ ਨੇ ਰੋਕ ਦਿੱਤਾ ਅਤੇ ਜਿਸ ਹਾਲਤ ਵਿਚ ਉਹ ਜਮੀਨ ਉਤੇ ਪਏ ਹੋਏ ਸੀ ਉਸੇ ਤਰ੍ਹਾਂ ਹੀ ਪਏ ਰਹਿਣ ਲਈ ਕਿਹਾ।।

ਇਸ ਬਖਸ਼ਿਸ਼ ਨਾਲ ਸੁਰਿੰਦਰ ਸਿੰਘ ਜੀ ਦੀ ਕਾਇਆਂ ਹੀ ਪਲਟ ਗਈ।ਜੀਵਨ ਦੇ ਅਸਲੀ ਅਨੰਦ ਦੀ ਪਛਾਣ ਹੋ ਗਈ ਤੇ ਮਨ ਉਸੇ ਨਾਲ ਹੀ ਜੁੜ ਗਿਆ ਜਿਸ ਦੀ ਇੱਕ ਝਲਕ ਨੇ ਇਲਾਹੀ ਨੂਰ ਦੀ ਵਾਛੜ ਨਾਲ ਜਨਮਾਂ ਜਨਮਾਂ ਦਾ ਸੋਕਾ ਹਰਿਆਵਲ ਵਿਚ ਬਦਲ ਦਿਤਾ।ਯਾਤਰਾ ਤੋਂ ਵਾਪਿਸ ਆ ਕੇ ਬੀਬੀ ਜੀ ਨਾਲ ਮੇਲ ਜੋਲ ਵਧਿਆ।ਰੂਹਾਨੀ ਦੁਨੀਆਂ ਦੀਆਂ ਖੁਸ਼ੀਆਂ ਖੇੜਿਆਂ ਦਾ ਪਤਾ ਲਗਿਆ।ਭਗਤੀ ਭਾਵਨਾਂ ਦੀ ਰੰਗ ਰੰਗੀਲੀ ਦੁਨੀਆਂ ਦੀ ਸੋਝੀ ਹੋਣ ਲੱਗੀ।ਬੀਬੀ ਜੀ ਦੀ ਸੰਗਤ ਨਾਲ ਐਸੀ ਕਲਾ ਵਰਤੀ ਕਿ ਪ੍ਰਿਵਾਰ ਸਮੇਤ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।ਗੁਰਸਿੱਖੀ ਜੀਵਨ ਦੀਆਂ ਰਹਿਮਤਾਂ ਦੀ ਝੜੀ ਲੱਗ ਗਈ। ਅਗਲੇ ਸਾਲ ਫਿਰ ਹੇਮਕੁੰਟ ਸਾਹਿਬ ਪਹੁੰਚੇ।ਲੰਬੇ ਤੇ ਬਿਖੜੇ ਰਸਤੇ ਪਾਰ ਕਰਨ ਦੀ ਥਾਂ ਛੋਟੇ ਤੇ ਸਿੱਧੇ ਰਸਤੇ ਲੱਭਣ ਦੀ ਕੋਸ਼ਿਸ਼ ਕਰਦੇ ਹੋਏ ਰਸਤਾ ਭੁੱਲ ਗਏ। ਕੁਝ ਪਤਾ ਨਾ ਲੱਗੇ ਕਿ ਕਿਧਰ ਜਾਣਾ ਹੈ।ਉਥੇ ਉਨ੍ਹਾਂ ਨੇ ਅਣਦਿਸਦੀ ਦੁਨੀਆਂ ਦੇ ਵਾਸੀਆਂ ਦੀਆਂ ਕੀਰਤਨ ਧੁਨੀਆਂ ਦਾ ਅਨੰਦ ਮਾਣਿਆਂ।ਅਖੀਆਂ ਮੀਟ ਕੇ ਸਤਿਗੁਰਾਂ ਦੇ ਚਰਨ ਕੰਵਲਾਂ ਵਿਚ ਅਰਦਾਸ ਕਰਨ ਪਿਛੋਂ ਅਖੀਆਂ ਖੋਲ੍ਹੀਆਂ ਤਾਂ ਕੀ ਦੇਖਦੇ ਹਨ ਕਿ ਉਹ ਰਸਤੇ ਦੇ ਕੋਲ ਹੀ ਖੜ੍ਹੇ ਹਨ।

੧੯੭੪ ਵਿਚ ਬੀਬੀ ਜੀ ਦੀ ਸੰਗਤ ਵਿਚ ਹੇਮ ਕੁੰਟ ਸਾਹਿਬ ਦੀ ਯਾਤਰਾ ਕਰਦਿਆਂ ਉਨ੍ਹਾਂ ਨੇ ਇਲਾਹੀ ਰੰਗਾਂ ਨਾਲ ਭਰਪੂਰ ਰੈਣ ਸਬਾਈ ਦਾ ਰੰਗ ਮਾਣਿਆਂ।ਭਾਈ ਜੀਵਨ ਸਿੰਘ ਜੀ(ਅਖੰਡ ਕੀਰਤਨੀ ਜਥਾ) ਦੇ ਗਾਏ ਹੋਏ ਸ਼ਬਦ " ਆਵਹੁ ਭੈਣੇ ਗਲ ਮਿਲਹੁ ਅੰਕ ਸਹੇਲੜਆਂ॥ " ਦਾ ਨਜਾਰਾ ਉਨ੍ਹਾਂ ਨੂੰ ਕਦੀ ਨਹੀਂ ਭੁੱਲਿਆ।

********************************

# ਗੁਰੂ ਮਾਂ



ਬੀਬੀ ਗੁਰਦੀਪ ਕੌਰ ਜੀ ਦੇ ਦੈਵੀ ਗੁਣਾਂ ਅਤੇ ਉਨ੍ਹਾਂ ਦੀ ਨੂੰਹ ਬੀਬੀ ਗੁਰਵੰਤ ਕੌਰ ਦੇ ਅੰਦਰ ਜਾਗੀ ਗੁਰਮੁੱਖਤਾ ਦੀ ਭੁੱਖ ਨੇ ਨੂੰਹ-ਸੱਸ ਦੇ ਰਿਸ਼ਤੇ ਨੂੰ ਗੁਰੁ-ਮਾਂ ਦੇ ਰਿਸ਼ਤੇ ਵਿਚ ਵਟਾ ਦਿੱਤਾ। ਕਿੰਨੀ ਚੰਗੀ ਗਲ ਹੈ ? ਜੇਕਰ ਨੂੰਹ-ਸੱਸ ਦਾ ਰਿਸ਼ਤਾ ਐਨਾ ਪਿਆਰ ਅਤੇ ਸ਼ਰਧਾ ਵਾਲਾ ਹੋ ਜਾਏ ਤਾਂ..। ਇਸ ਤੋਂ ਸੋਹਣੀ ਗਲ ਹੋਰ ਕੀ ਹੋ ਸਕਦੀ ਹੈ ?

ਬੰਦੇ ਦੇ ਅਤਿੱ ਚੰਗੇ ਭਾਗ ਹੋਣ ਤਾਂ ਪਰਿਵਾਰ ਵਿਚੋਂ ਹੀ ਗੁਰੂ ਪ੍ਰੇਮ ਦੀਆਂ ਸਾਂਝਾਂ ਮਿਲਦੀਆਂ ਹਨ। ਗੁਰਮੁੱਖ ਪਰਿਵਾਰ ਮਿਲ ਕੇ ਨਿਤਨੇਮ ਕਰਦਾ ਹੈ,ਕੀਰਤਨ ਦੇ ਲਾਹੇ ਪ੍ਰਾਪਤ ਕਰਦਾ ਹੈ,ਗੁਰੂ-ਪ੍ਰੇਮ ਦੀ ਸਾਂਝ ਬਣੀ ਰਹਿੰਦੀ ਹੈ ਤੇ ਇਕ ਦੂਜੇ ਵਲ ਦੇਖ ਕੇ ਮਨ ਚਾਅ-ਉਮਾਹ ਨਾਲ ਭਰਿਆ ਰਹਿੰਦਾ ਹੈ।

ਵੱਡੇ ਭਾਗਾਂ ਨਾਲ ਗੁਰਵੰਤ ਦੇ ਘਰ ਵਿੱਚ ਹੀ ਪ੍ਰਭੂ-ਪ੍ਰੇਮ ਦੀ ਗੰਗਾ ਵਗਦੀ ਸੀ। ਜਿਸ ਵਿਚ ਇਸ਼ਨਾਨ ਕਰਕੇ ਉਸਨੇ ਜਨਮਾਂ ਜਨਮਾਂ ਦੀ ਮੈਲ ਗਵਾਈ ਤੇ ਬੀਬੀ ਜੀ ਦੀ ਸੰਗਤ ਦੇ ਲਾਹੇ ਪ੍ਰਾਪਤ ਕਰਦਿਆਂ ਹੇਮਕੁੰਟ ਸਾਹਿਬ ਅਤੇ ਹੋਰ ਕਈ ਧਾਰਮਿਕ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰ ਕੇ ਗੁਰੁ-ਇਤਹਾਸ ਦੀ ਜਾਣਕਾਰੀ ਪ੍ਰਾਪਤ ਕੀਤੀ। ਸੰਗਤਾਂ ਨਾਲ ਗੁਰੂ-ਪ੍ਰੇਮ ਦੀ ਸਾਂਝ ਪਾਈ। ਅਗਮ ਅਗੋਚਰ ਸੁਆਮੀ ਦੀ ਸਿਫਤ ਸਲਾਹ ਕਰਦਿਆਂ ਗੁਰਸਿੱਖੀ ਜੀਵਨ ਦੇ ਲਾਹੇ ਪ੍ਰਾਪਤ ਕੀਤੇ ।

ਸਜਣ ਮਿਲੇ ਸਜਣਾ ਜਿਨ ਸਤਿਗੁਰ ਨਾਲਿ ਪਿਆਰ॥

ਮਿਲਿ ਪ੍ਰੀਤਮ ਤਿਨੀ ਧਿਆਇਆ ਸਭੇ ਪ੍ਰੇਮਿ ਪਿਆਰ॥

ਮਨ ਹੀ ਤੇ ਮਨੁ ਮਾਨਿਆ ਗੁਰ ਕੇ ਸਬਦਿ ਆਪਾਰਿ॥

ਏਹਿ ਸਜਣ ਮਿਲੇ ਨ ਵਿਛੜਿਹਿ ਜਿ ਆਪਿ ਮੇਲੇ ਕਰਤਾਰਿ ॥

ਪੰਨਾਂ ੫੮੭

ਵਾਹਿਗੁਰੂ ਦੀ ਅਪਾਰ ਕਿਰਪਾ ਨਾਲ ਹੀ ਇਹੋ ਜਿਹੇ ਧੁਰ-ਦਰਗਾਹੋਂ ਬਖਸ਼ੇ ਹੋਏ ਰਿਸ਼ਤੇ ਮਿਲਦੇ ਹਨ ।ਆਮ ਤੌਰ ਤੇ ਰਿਸ਼ਤੇਦਾਰੀਆਂ ਸਾਨੂੰ ਇਕ ਦੂਜੇ ਪ੍ਰਤੀ ਬਣਦੇ ਫਰਜਾਂ ਅਤੇ ਹੱਕਾਂ ਦੇ ਜਾਲ ਵਿਚ ਹੀ ਫਸਾਈ ਰਖਦੀਆਂ ਹਨ।ਰਿਸ਼ਤਿਆਂ ਦੀ ਆੜ ਵਿਚ ਆ ਕੇ ਕਈ ਵਾਰੀ ਬੁਰੇ ਬੰਦਿਆਂ ਦੀ ਖੁਸ਼ਾਮਦੀ ਕਰਨੀ ਪੈ ਜਾਂਦੀ ਹੈ ਅਤੇ ਨਾਮ-ਰੱਤਿਆਂ ਨਾਲ ਸ਼ਰਧਾ ਭਾਵਨਾ ਦੀ ਥਾਂ ਰੁੱਖਾ ਵਿਓਹਾਰ ਹੋ ਜਾਂਦਾ ਹੈ । ਗੁਰਵੰਤ ਨੂੰ ਘਰ ਵਿਚ ਹੀ ਉਹ ਰਿਸ਼ਤਾ ਮਿਲ ਗਿਆ ਜਿਥੇ ਉਸਦੇ ਪ੍ਰੇਮ,ਸ਼ਰਧਾ ਅਤੇ ਸੇਵਾ ਨੂੰ ਸੁੱਚੇ ਫਲ ਲਗੇ।ਬੀਬੀ ਜੀ ਦੇ ਸੁਰਗਵਾਸ ਹੋਣ ਪਿਛੋਂ ਗੁਰਵੰਤ ਨੇ ਇਕ ਚਿੱਠੀ ਵਿਚ ਲਿਖਿਆ ,- "ਭੈਣ ਜੀ !ਮੇਰੇ ਬਹੁਤ ਹੀ ਚੰਗੇ ਭਾਗ ਹਨ ਕਿ ਅਖੀਰਲੇ ਸਮੇ ਵਿਚ ਮੇਰੇ ਗੁਰੂ-ਮਾਂ (ਬੀਬੀ ਜੀ) ਨੇ ਮੈਨੂੰ ਆਪਣੇ ਨੇੜੇ ਰਖਿਆ।ਉਹ ਮੈਨੂੰ ਗੁਰੂ ਮਹਾਰਾਜ ਦੇ ਲੜ ਵੀ ਲਗਾ ਗਏ।ਗੁਰੂ ਮਹਾਰਾਜ ਦੀ ਸੇਵਾ ਬਖਸ਼ ਗਏ ਤੇ ਹੋਰ ਪਤਾ ਨਹੀਂ ਕੀ ਕੁਝ ਨਾਲ ਮੇਰੀ ਝੋਲੀ ਭਰ ਗਏ ।"

ਬੀਬੀ ਜੀ ਦੇ ਦਿਲ ਵਿਚ ਗੁਰੂ ਮਾਂ ਬਣਕੇ ਲੋਕਾਂ ਦੀ ਸ਼ਰਧਾ ਦੇ ਪਾਤਰ ਬਣਨ ਦੀ ਕੋਈ ਇਛਾ ਨਹੀਂ ਸੀ, ਅਜਿਹਾ ਤਾਂ ਉਹ ਕਦੀ ਸੋਚ ਭੀ ਨਹੀਂ ਸੀ ਸਕਦੇ।ਉਹ ਤਾਂ ਆਪਣੇ ਪਿਆਰੇ ਦੇ ਪਿਆਰਿਆਂ ਤੋਂ ਕੁਰਬਾਨ ਹੁੰਦੇ ਸਨ।ਸੰਗਤ ਦੀ ਚਰਨ ਧੂੜੀ ਵਿਚ ਰਹਿ ਕੇ ਖੁਸ਼ੀਆਂ ਮਾਣਦੇ ਸਨ।ਰੰਗ-ਰੱਤੜਿਆਂ ਤੋਂ ਬਲਿਹਾਰ ਜਾਂਦੇ ਸੀ।ਦੂਜਿਆਂ ਦੇ ਦਿਲਾਂ ਵਿਚ ਸਤਿਗੁਰਾਂ ਦੇ ਪਿਆਰ ਦੀ ਚਿਣਗ ਲਗਾ ਕੇ ਖੁਸ਼ ਹੁੰਦੇ ਸੀ ਤੇ ਨਾਮ ਵਿਹੂਣਿਆਂ ਨੂੰ ਨਾਮ ਬਾਣੀ ਨਾਲ ਜੋੜ ਕੇ ਆਤਮਿਕ ਸੁੱਖਾਂ ਵਾਲਾ ਜੀਵਨ ਜੀਊਣ ਲਈ ਪ੍ਰੇਰਦੇ ਸੀ।

ਇਹ ਵੀ ਸਚਾਈ ਹੈ ਕਿ ਅਸੀਂ ਆਮ ਲੋਕੀਂ ਗੁਰੂ,ਸਤਿਗੁਰ ਅਤੇ ਵਾਹਿਗੁਰੂ ਵਿਚਲੇ ਭੇਦ ਤੋਂ ਅਣਜਾਣ ਹਾਂ।ਪਰ ਇਹ ਕੰਮ ਤਾਂ ਗਿਆਨੀਆਂ,ਧਿਆਨੀਆਂ ਤੇ ਬੁੱਧੀਮਾਨੀਆਂ ਦਾ ਹੈ..।ਦੀਵਾਨਿਆਂ ਦਾ ਨਹੀਂ..!ਦਿਵਾਨੇ ਤਾਂ ਆਪਣੇ ਇਸ਼ਕ ਮਜੀਠੇ ਦੀ ਰੰਗਣ ਵਿਚ ਰੰਗੇ ਹੋਏ ਆਪਣੇ ਪ੍ਰੀਤਮ ਨਾਲ ਗਿਲੇ-ਸ਼ਿਕਵੇ ਭੀ ਕਰ ਲੈਂਦੇ ਹਨ।ਉਹ ਉਸ ਅੱਕਥ ਦੇ ਗੁਣਾਂ ਦੀਆਂ ਗਿਣਤੀਆਂ ਨਹੀਂ ਕਰਦੇ।ਉਹ ਤਾਂ ਬਸ ਉਸੇ ਦੇ ਹੋ ਕੇ ਰਹਿਣ ਵਿਚ ਹੀ ਪੂਰਨ ਅਨੰਦ ਦੀ ਪ੍ਰਾਪਤੀ ਸਮਝਦੇ ਹਨ।

**ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥**

**ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥**

**ਪੰਨਾਂ ੬੯੪ (ਭਗਤ ਰਵੀਦਾਸ ਜੀ)**

ਬੀਬੀ ਜੀ ਨੇ ਵੀ ਕਦੀ ਗਿਆਨੀ,ਧਿਆਨੀ ਜਾਂ ਬੁੱਧੀਮਾਨੀ ਬਣਨ ਦੀ ਕੋਸ਼ਿਸ਼ ਨਹੀ ਸੀ ਕੀਤੀ। ਉਹ ਤਾਂ ਦਿਵਾਨੀ ਸੀ..। ਬਸ ਦਿਵਾਨੀ ....!ਉਸ ਨੂੰ ਆਪਣੀ ਦਿਵਾਨਗੀ ਵਿਚੋਂ ਕਿਥੋਂ ਵਿਹਲ...ਕਿ ਉਹ ਗਿਆਨ ਧਿਆਨ ਦੀਆਂ ਵਿਚਾਰਾਂ ਕਰੇ..।ਗੁਰੂ ਦੇ ਦਰ ਉਤੇ ਗੁਰ-ਦਰਸ਼ਨਾ ਲਈ ਝੋਲੀ ਅੱਡ ਕੇ ਬੈਠੇ ਰਹਿਣਾ ਅਤੇ,-

**ਹਮ ਕੂਕਰ ਤੇਰੇ ਦਰਬਾਰਿ॥ ਭਉਕਿਹ ਆਗੈ ਬਦਨੁ ਪਸਾਰਿ॥**

ਦੀ ਰਟ ਲਗਾਈ ਰੱਖਣੀ.......।ਬਸ ਇਹੀ ਉਸ ਦਾ ਜੀਵਨ ਸੀ।



ਇਕ ਵਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਤੇ ਸ੍ਰੀ ਹਰਮੰਦਰ ਸਾਹਿਬ ਵਿਚ ਸੰਗਤਾਂ ਜੁੜੀਆਂ ਹੋਈਆਂ ਸੀ।ਦਰਬਾਰ ਸਾਹਿਬ ਦੇ ਅੰਦਰ ਬੈਠਣ ਦੀ ਥਾਂ ਨਹੀਂ ਸੀ। ਦਰਸ਼ਨੀ ਡਿਉੜੀ ਦੇ ਦਰਵਜ਼ੇ ਕੋਲ ਕੁਝ ਬੀਬੀਆਂ ਨਿੱਘੀ ਧੁੱਪ ਵਿਚ ਬੈਠੀਆਂ ਹੋਈਆਂ ਕੀਰਤਨ ਦਾ ਅੰਨਦ ਮਾਣ ਰਹੀਆਂ ਸਨ।ਦਰਵਾਜੇ ਦੇ ਨਾਲ ਲੱਗ ਕੇ ਸਿਰ ਨੀਵਾਂ ਕਰਕੇ ਬੈਠੇ ਹੋਏ ਬੀਬੀ ਜੀ ਦੇ ਗੋਡੇ ਵਿਚ ਦਰਸ਼ਨ ਕਰਨ ਜਾ ਰਹੀ ਕਤਾਰ ਵਿਚੋਂ ਕਿਸੇ ਦੇ ਪੈਰ ਦਾ ਠੁੱਡਾ ਵਜਿਆ ਤਾਂ ਉਨ੍ਹਾਂ ਦੋਨੋ ਹੱਥ ਜੋੜ ਕੇ ਬੜੀ ਸ਼ਰਧਾ ਨਾਲ ਸਿਰ ਨਿਵਾਇਆ।ਕਿਸੇ ਨੇ ਪਛਾਣ ਕੇ ਬੀਬੀ ਜੀ ਨੂੰ ਬੁਲਾਇਆ ਤਾਂ ਅਗੋਂ ਕਹਿੰਦੇ,-“ ਆ....!ਆ ਜਾ..! ਬਹਿ ਜਾ ...ਤੂੰ ਭੀ ਮੇਰੇ ਨਾਲ ਹੀ..।ਸੰਗਤਾਂ ਦੇ ਚਰਨਾਂ ਵਿਚ ਬਹਿ ਜਾਹ..!ਮੇਰੇ ਕੋਲ ਏਥੇ ਹੀ..!।ਗੁਰੂ ਦਰਸ਼ਨਾਂ ਨੂੰ ਜਾਣ ਵਾਲੀਆਂ ਸੰਗਤਾਂ ਦੀਆਂ ਸੁਰਤੀਆਂ ਗੁਰੂ ਚਰਨਾ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ।ਕੀ ਪਤਾ ...? ਕਿਸ ਦੇ ਰੂਪ ਵਿਚ... ਗੁਰੂ ਵਲ ਮੂੰਹ ਕੀਤਿਆਂ ਹੋਇਆਂ ਕੋਈ ਸਾਨੂੰ ਵੀ ਠੁੱਡਾ ਮਾਰ ਜਾਵੇ ...।

**ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੇ ਬਾਰ॥**

(ਪੰਨਾਂ ੧੩੬੭)

ਇਹ ਕਹਿ ਕੇ ਉਨ੍ਹਾਂ ਨੇ ਉਸਨੂੰ ਬਾਹੋਂ ਫੜ ਕੇ ਆਪਣੇ ਨਾਲ ਹੀ ਬਿਠਾ ਲਿਆ।

***************

# ਕਲਪਨਾ ਦੀ ਸੁੰਦਰ ਤਸਵੀਰ

ਨਵਾਂ ਸ਼ਹਿਰ ਦੇ ਕੋਲ ਕਿਸੇ ਪਿੰਡ ਦੀ ਵਸਨੀਕ,ਪ੍ਰੇਮਾਂ-ਭਗਤੀ ਦੇ ਗੂੜ੍ਹੇ ਰੰਗਾਂ ਵਿਚ ਰੰਗੀ ਹੋਈ,ਚਾਲੀ ਕੁ ਸਾਲ ਦੀ ਗੁਰਸਿੱਖ ਬੀਬੀ,ਜਦੋਂ ਗੋਬਿੰਦ ਘਾਟ ਪਹੁੰਚੀ ਤਾਂ ਉਸ ਦੀ ਸੁਰਤੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ-ਕੰਵਲਾਂ ਨਾਲ ਪੂਰੀ ਤਰ੍ਹਾਂ ਲਿਪਟੀ ਹੋਈ ਸੀ।ਗੋਬਿੰਦ ਧਾਮ ਪਹੁੰਚ ਕੇ ਪ੍ਰੇਮ ਡੋਰਾਂ ਹੋਰ ਵੀ ਕੱਸੀਆਂ ਗਈਆਂ।ਰਾਤ ਗੁਰੂ-ਪ੍ਰੇਮ ਵਿਚ ਲੀਨ ਹੋ ਕੇ ਬਿਤਾਉਣ ਪਿਛੋਂ,ਉਸਨੇ ਦੋ ਵਜੇ ਉਠ ਕੇ ਇਸ਼ਨਾਨ ਕੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਬੈਠ ਕੇ ਨਿਤਨੇਮ ਦੀਆਂ ਪੰਜ ਬਾਣੀਆਂ ਦਾ ਪਾਠ ਕੀਤਾ।

ਸੁਬਕ ਜਿਹੀ ਭਜਨੀਕ ਬੀਬੀ ਹੱਥ ਵਿਚ ਸੋਟੀ ਫੜੀ,ਮੂੰਹੋਂ ਬਾਣੀ ਉਚਾਰਦੀ ਹੋਈ, ਉਪਰੋਂ ਵਾਪਿਸ ਆਉਣ ਸਮੇਂ ਜਦੋਂ ਗੋਬਿੰਦ ਧਾਮ ਦੇ ਝਰਨੇ ਕੋਲ ਪਹੁੰਚੀ ਤਾਂ ਉਸ ਦਾ ਬੀਬੀ ਗੁਰਦੀਪ ਕੌਰ ਜੀ ਨਾਲ ਮਿਲਾਪ ਹੋ ਗਿਆ।ਉਸ ਨੇ ਬੀਬੀ ਜੀ ਨੂੰ ਪਿਆਰ ਨਾਲ ਬਾਹੋਂ ਫੜਿਆ ਤੇ ਝਰਨੇ ਵਲ ਇਕ ਪਾਸੇ ਹੋ ਕੇ ਬੈਠ ਗਈ।ਉਸਦੀਆਂ ਨਜਰਾਂ ਜੁਗਾਂ ਜੁਗਾਂਤਰਾਂ ਦੀ ਕਿਸੇ ਅਤੀਤ ਦੀ ਕਹਾਣੀ ਨੂੰ ਫਰੋਲ ਰਹੀਆਂ ਸਨ।ਇਉਂ ਲਗੇ,ਜਿਵੇਂ ਉਹ ਆਪਣੀ ਉਛਲ ਉਛਲ ਪੈਂਦੀ ਖੁਸ਼ੀ ਨੂੰ ਬੀਬੀ ਜੀ ਨਾਲ ਸਾਂਝਾ ਕਰਨਾ ਚਹੁੰਦੀ ਹੋਵੇ..।ਉਸਨੇ ਬੀਬੀ ਜੀ ਦਾ ਹੱਥ ਘੁੱਟ ਕੇ ਫੜਦਿਆਂ ਕਿਹਾ,-"ਬੀਬੀ ਜੀ!ਅੱਜ ਸਤਿਗੁਰਾਂ ਨੇ ਅਪਾਰ ਕਿਰਪਾ ਕਰਕੇ ਮੈਨੂੰ ਦਰਸ਼ਨ ਬਖਸ਼ੇ..! ਹੇਮਕੁੰਟ ਸਾਹਿਬ ਦੇ ਅੰਮ੍ਰਿਤ ਸਰੋਵਰ ਉਪਰ ਅਕਾਸ਼ ਵਿਚ,ਅਨੇਕਾਂ ਅਨੇਕਾਂ ਸ਼ਹੀਦਾਂ ਸਿੰਘਾਂ ਦੀਆ ਫੌਜਾਂ ਸਮੇਤ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਨੇ ਦਰਸ਼ਨ ਬਖਸ਼ੇ।ਸ਼ਹੀਦ ਸਿੰਘ ਜਗ-ਮਗਾਉਂਦੇ ਤਾਰਿਆਂ ਦੀ ਰੋਸ਼ਨੀ ਵਰਗੇ ਪ੍ਰਕਾਸ਼ ਵਿਚ ਚਮਕ ਰਹੇ ਸਨ ਤੇ ਉਨ੍ਹਾਂ ਦੇ ਅੱਗੇ ਇਲਾਹੀ ਨੂਰ ਦੇ ਅਤਿ ਸੁੰਦਰ ਜਲਵਿਆਂ ਦੇ ਲਿਸ਼ਕਾਰੇ ਮਾਰਦੇ ਹੋਏ ਨੀਲੇ ਘੋੜੇ ਉਤੇ ਸਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੀਦਾਰੇ ਬਖਸ਼ੇ।ਨੀਲੇ ਅੰਬਰ ਦੀ ਛੱਤ ਥੱਲੇ ਅਦਭੁਤ ਨਜ਼ਾਰਾ ਦਿਖਾ ਕੇ ਅਲੋਪ ਹੋ ਗਏ।"

ਦੁਸ਼ਟ-ਦਮਨ ਦੇ ਤਪ-ਸਥਾਨ ਤੇ ਗੁਰੂ ਦਰਸ਼ਨਾਂ ਦਾ ਜ਼ਿਕਰ ਕਰਦੀ ਹੋਈ ਉਹ ਸੈਂਕੜੇ ਸਾਲ ਪਹਿਲੇ ਵਾਲੀ ਹੇਮਕੁੰਟ ਵਾਦੀ ਦੇ ਰੰਗਾਂ ਵਿਚ ਗੁਆਚੀ ਹੋਈ ਕਹਿੰਦੀ,-" ਸਤਿਗੁਰੂ ਜੀ ਦੀ ਤਪ-ਸਾਧਨਾ ਦੇ ਸਮੇ ਵਾਲਾ ਹੇਮਕੁੰਟ ਤਾਂ ਬਹੁਤ ਵੱਡਾ ਸੀ।ਉਦੋਂ ਵਾਲੇ ਹੇਮਕੁੰਟ ਅਤੇ ਹੁਣ ਵਾਲੇ ਹੇਮਕੁੰਟ ਵਿਚ ਤਾਂ ਬਹੁਤ ਫਰਕ ਹੈ।ਅਸਲ ਵਿਚ ਹੁਣ ਤਕ,ਹਰ ਸਾਲ ਗਲੇਸ਼ੀਅਰਾਂ ਨਾਲ ਰੁੜ੍ਹ ਰੁੜ੍ਹ ਕੇ ਆਏ ਪੱਥਰ ਸਰੋਵਰ ਵਿਚ ਡਿਗਦੇ ਰਹੇ ਹਨ।ਇਸੇ ਕਰਕੇ ਹੀ ਸਰੋਵਰ ਏਨਾਂ ਛੋਟਾ ਹੋ ਗਿਆ ਹੈ।ਮੈਨੂੰ ਜਿਹੜੇ

ਸਰੋਵਰ ਦੇ ਦਰਸ਼ਨ ਹੋਏ ਹਨ ਉਹ ਸਰੋਵਰ ਤਾਂ ਕਹਿਰਾਂ ਦੀ ਸੁੰਦਰਤਾ ਨਾਲ ਭਰਿਆ ਹੋਇਆ ਬਹੁਤ ਹੀ ਵੱਡਾ ਦਿਖਾਈ ਦੇ ਰਿਹਾ ਸੀ।ਹੁਣ ਦੇ ਹੇਮਕੁੰਟ ਤੇ ਉਸ ਸਮੇ ਦੇ ਹੇਮਕੁੰਟ ਵਿਚ ਤਾਂ ਜਮੀਨ-ਅਸਮਾਨ ਦਾ ਫਰਕ ਹੈ। ਸਪਤ-ਸ੍ਰਿੰਗ ਦੀਆਂ ਚੋਟੀਆਂ ਵੀ ਬਹੁਤ ਉਚੀਆਂ ਤੇ ਬਹੁਤ ਹੀ ਸੋਹਣੀਆਂ ਦਿਖਾਈ ਦੇ ਰਹੀਆਂ ਸੀ।ਪਤਾ ਨਹੀ ਸਤਿਗੁਰਾਂ ਨੇ ਅਪਣੀ ਤਪ-ਸਾਧਨਾ ਦੇ ਕਿਹੜੇ ਸਮੇ ਦਾ ਹੇਮ-ਕੁੰਟ ਦਿਖਾਇਆ ਹੈ।"

ਉਸ ਦੀ ਹੱਡ-ਬੀਤੀ ਸੁਣ ਕੇ ਬੀਬੀ ਜੀ ਦੀਆਂ ਆਪਣੀਆਂ ਦਰਸ਼ਨ ਝਲਕਾਂ ਦੀਆਂ ਯਾਦਾਂ ਤਾਜੀਆਂ ਹੋ ਗਈਆਂ। ਰੂਹਾਂ ਦੇ ਖੇੜੇ ਨੇ ਦੋਨਾਂ ਦੇ ਚੇਹਰੇ ਲਾਲੀਆਂ ਨਾਲ ਸਜਾ ਦਿਤੇ। ਗੁਰੂ-ਦਰਸ਼ਨਾਂ ਦੀਆਂ ਖੁਸ਼ੀਆਂ ਤੇ ਗੁਰੂ-ਪ੍ਰੇਮ ਦੀਆਂ ਸਾਂਝਾਂ ਵਿਚ, ਮੇਲ-ਮਿਲਾਪ ਦਾ ਅਨੰਦ ਬੱਝਾ ਹੋਇਆ ਸੀ ਕਿ ਹਨੇਰਾ ਹੁੰਦਾ ਦੇਖ ਦੋਨੋਂ ਉਠੀਆਂ ਤੇ ਰਹਿਰਾਸ ਸਾਹਿਬ ਦਾ ਪਾਠ ਕਰਦੀਆਂ ਹੋਈਆਂ ਗੁਰਦਵਾਰੇ ਵਲ ਤੁਰ ਪਈਆਂ।

ਯਾਤਰਾ ਤੋਂ ਵਾਪਿਸ ਪ੍ਰਤ ਕੇ ਪ੍ਰਭੂ-ਪ੍ਰੀਤਮ ਦੇ ਪਿਆਰ ਦੀਆਂ ਗਲਾਂ ਕਰਨ ਲਈ ਦੋਨਾਂ ਦਾ ਮੇਲ ਮਿਲਾਪ ਹੁੰਦਾ ਰਿਹਾ।ਇਕ ਵਾਰੀ ਬੀਬੀ ਜੀ ਮੈਨੂੰ ਸਤ-ਸੰਗਤ ਕਰਵਾਉਣ ਦੇ ਲਈ ਉਸ ਦੇ ਘਰ ਲੈ ਗਏ।ਵਿਛੜੀਆਂ ਰੂਹਾਂ ਦੇ ਮੇਲ ਮਿਲਾਪ ਵਿਚ ਪਤਾ ਹੀ ਨਾ ਲਗਿਆ ਕਿ ਕਿਹੜੇ ਵੇਲੇ ਸਮਾਂ ਬੀਤ ਗਿਆ। ਜਾਣ ਦਾ ਵੇਲਾ ਹੋਇਆ ਤਾਂ ਉਸ ਪ੍ਰੇਮਣ ਨੇ ਇਕ ਰਾਤ ਰੁਕ ਕੇ ਜਾਣ ਲਈ ਬੇਨਤੀ ਕੀਤੀ। ਅਜਿਹੀ ਵੈਰਾਗਣ ਦੀ ਗਲ ਮੋੜਨ ਦੀ ਹਿੰਮਤ ਬੀਬੀ ਜੀ ਵਿਚ ਕਿਥੇ? ਉਪਰੋਂ ਮੀਂਹ ਪੈਣਾ ਸ਼ੁਰੂ ਹੋ ਗਿਆ।ਮੀਂਹ ਵੀ ਲੰਬੀ ਝੜੀ ਵਿਚ ਬਦਲ ਗਿਆ।ਘਰ ਦੇ ਬਾਹਰ ਮੀਂਹ ਦੀ ਝੜੀ ਲਗੀ ਰਹੀ ਤੇ ਅੰਦਰ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਪ੍ਰਭੂ-ਵੈਰਾਗ ਦੇ ਹੰਝੂਆਂ ਦੀ ਬਰਸਾਤ ਹੁੰਦੀ ਰਹੀ।ਅਖੀਰ ਤਿੰਨਾਂ ਦਿਨਾਂ ਦੀ ਝੜੀ ਪਿਛੋਂ ਸੂਰਜ ਦੇਵਤਾ ਨੇ ਦਰਸ਼ਨ ਦਿਤੇ ਤਾਂ ਧਰਤ-ਅਸਮਾਨ ਉਤੇ ਲਹਿੰਦੇ ਸੂਰਜ ਦੀਆਂ ਲਾਲੀਆਂ ਦੀ ਸੁਨਹਿਰੀ ਲੇਫ ਦਾ ਵਿਛਾਉਣਾ ਵਿਛਣ ਤੋਂ ਪਹਿਲੇ ਸਤ-ਰੰਗੀ ਪੀਂਘ ਨੇ ਅਸਮਾਨ ਵਿਚ ਰੰਗਾਂ ਦੀ ਬਹਾਰ ਲਿਆ ਦਿਤੀ।ਪਿੰਡ ਤੋਂ ਬਾਹਰ,ਖੇਤਾਂ ਵਿਚ ਬਣੇ ਘਰ ਦੇ ਚੁਬਾਰੇ ਦੀ ਖਿੜਕੀ ਵਿਚੋਂ ਅਰਸ਼ਾਂ ਉਤੇ ਸਜੀ ਦੋਹਰੀ ਸਤ-ਰੰਗੀ ਪੀਂਘ ਦੇ ਜਲਵਿਆਂ ਵਿਚੋਂ ਬੀਬੀ ਜੀ ਆਪਣੇ ਰੰਗਲੇ ਪ੍ਰੀਤਮ ਦੇ ਸੁੱਹਪਣ ਦਾ ਰੰਗ ਮਾਣਦੇ ਹੋਏ, ਰਹਿਰਾਸ ਸਾਹਿਬ ਦਾ ਨਿਤਨੇਮ ਕਰਨ ਦੀ ਉਡੀਕ ਵਿਚ ਸਨ।ਸੂਰਜ ਓਹਲੇ ਹੁੰਦਿਆ ਹੀ, ਉਨ੍ਹਾਂ ਸਾਨੂੰ ਦੋਨਾਂ ਨੂੰ ਨਾਲ ਲਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਚਲੇ ਗਏ।ਉਨ੍ਹਾਂ ਸਤਿਗੁਰਾਂ ਦੇ ਚਰਨਾਂ ਵਿਚ ਬੜੀ ਸ਼ਰਧਾਂ ਤੇ ਪ੍ਰੇਮ ਨਾਲ ਮੱਥਾ ਟੇਕਿਆ ਅਤੇ ਪਾਠ ਕਰਨ ਲਈ ਅੱਖੀਆਂ ਮੀਟੀ ਚੌਕੜੀ ਲਗਾ ਕੇ ਬੈਠ ਗਏ।

ਅਜ ਬਾਣੀ ਸੁਣਦਿਆਂ,ਕਦੀ ਨਾ ਜਾਣ ਵਾਲੀ ਮਨ ਦੀ ਭਟਕਣਾ ਪਤਾ ਨਹੀਂ ਕਿਥੇ ਚਲੇ ਗਈ ?ਧਿਆਨ ਬੀਬੀ ਜੀ ਦੇ ਚੇਹਰੇ ਉਤੇ ਟਿਕ ਗਿਆ।ਬਾਣੀ ਦੇ ਭਾਵ ਬੀਬੀ ਜੀ ਦੇ ਚੇਹਰੇ ਰਾਹੀਂ ਦਿਸਣ ਲਗੇ।ਅੱਕਥ ਕਥਾ ਦੀਆਂ ਬਾਤਾਂ ਕੁਝ ਪੱਲੇ ਪੈਣ ਲਗੀਆਂ।ਕਿਰਪਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਪੂਰਨ ਰੂਪ ਵਿਚ ਪ੍ਰਗਟ ਗੁਰਾਂ ਕੀ ਦੇਹ ਹੋ ਕੇ, ਗੁਰੂ-ਚਰਨੀ ਲਗਣ ਦਾ ਇਕ ਮਿੱਠਾ ਜਿਹਾ ਅਹਿਸਾਸ ਬਖਸ਼ਿਆ ।ਮੇਰਾ ਸਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਝੁਕ ਗਿਆ ਅਤੇ ਟਿਕ ਗਿਆ। ਕਿੰਨੀ ਦੇਰ

ਤਕ ਟਿਕਿਆ ਰਿਹਾ। ਸਿਰ ਚੁੱਕਣ ਨੂੰ ਦਿਲ ਨਾ ਕਰੇ,ਮਨ ਨੂੰ ਚੈਨ ਆਵੇ ਤੇ ਇਸ ਚੈਨ ਦੀ ਅਵਸਥਾ ਵਿਚੋਂ ਨਿਕਲਣ ਨੂੰ ਜੀਅ ਨਾ ਕਰੇ।ਅੱਜ ਸਾਧ ਸੰਗਤ ਦਾ ਫਲ ਪ੍ਰਾਪਤ ਹੋਇਆ ।ਬੀਬੀ ਜੀ ਬਾਣੀ ਪੜ੍ਹਦੇ ਹੋਏ ਆਪਣੇ ਰੰਗਾਂ ਵਿੱਚ ਡੁੱਬੇ ਹੋਏ ਸੀ ਉਨ੍ਹਾਂ ਨੂੰ ਆਪਣੇ ਆਲੇ ਦੁਆਲੇ ਦੀ ਕੋਈ ਸੋਝੀ ਨਹੀਂ ਸੀ ।

ਤੋਰੀ ਨ ਤੂਟੈ ਛੋਰੀ ਨਾ ਛੂਟੈ ਐਸੀ ਮਾਧੋ ਖਿੰਚ ਤਨੀ ॥

ਪੰਨਾਂ ੯੨੭ (ਭਗਤ ਰਵਿਦਾਸ ਜੀ)

ਬੀਬੀ ਜੀ ਦੀਆਂ ਪ੍ਰੇਮ ਡੋਰਾਂ ਤਾਂ ਆਪਣੇ ਮਾਧੋ-ਪ੍ਰੀਤਮ ਨਾਲ ਕੱਸੀਆਂ ਪਈਆਂ ਸੀ।ਐਨੀਆਂ ਕੱਸੀਆਂ ਪਈਆਂ ਸੀ ਕਿ ਕੋਈ ਉਨ੍ਹਾਂ ਦੀ ਸੁਰਤੀ ਨੂੰ ਉਖਾੜ ਨਹੀਂ ਸੀ ਸਕਦਾ ।

ਦੂਜੇ ਦਿਨ ਅੰਮ੍ਰਿਤ ਵੇਲੇ ਦੀਆਂ ਬਾਣੀਆਂ ਭੀ ਇਲਾਹੀ ਰੰਗਾਂ ਵਿਚ ਸੁਣੀਆਂ।ਹੁਣ ਮਨ ਦੇ ਟਿਕਾਉ ਦੀ ਵਿਧੀ ਦਸਣ ਜਾਂ ਪੁਛਣ ਦੀ ਲੋੜ ਨਾ ਰਹੀਂ।ਸਗੋਂ ਅੱਖੀਂ ਦੇਖਣ ਵਿਚ ਆ ਗਈ ।ਪਰ ਹੁਣ ਇਹ ਜਾਨਣ ਦੀ ਇਛਾ ਪੈਦਾ ਹੋ ਗਈ ਕਿ ਪ੍ਰਮਾਤਮਾ ਕਿਸ ਤਰੀਕੇ ਨਾਲ ਬੀਬੀ ਜੀ ਦੀ ਸੁਰਤੀ ਨੂੰ ਆਪਣੇ ਨਾਲ ਜੋੜ ਕੇ ਨਿਹਾਲ ਕਰਦਾ ਹੈ।ਕੀ ਇਹ ਸ਼ਬਦ-ਸੁਰਤ ਦੇ ਮੇਲ ਦੀ ਅਵਸਥਾ ਹੈ..? ਕੋਈ ਦਸਮ-ਦੁਆਰੇ ਦਾ ਰੰਗ ਹੈ...? ਪ੍ਰੇਮਾਂ-ਭਗਤੀ ਦਾ ਦ੍ਰਿਸ਼ ਹੈ ? ਜਾਂ ਕਿਸੇ ਕਲਪਨਾ ਦੀ ਸੁੰਦਰ ਤਸਵੀਰ ਹੈ ...? ਕੋਈ ਨ ਕੋਈ ਐਸੀ ਗਲ ਹੈ ਜਰੂਰ...। ਜਿਸ ਨਾਲ ਇਹ ਐਨੇ ਮੁਗਧ ਹੋ ਜਾਂਦੇ ਹਨ ਕਿ ਹੋਰ ਦੇ ਹੋਰ ਹੀ ਨਜਰ ਆਉਣ ਲੱਗ ਪੈਂਦੇ ਹਨ।

ਅਖੀਰ ਇਕ ਦਿਨ ਇ੍ਹਨਾਂ ਸਵਾਲਾਂ ਦਾ ਜਵਾਬ ਭੀ ਮਿਲ ਗਿਆ।ਆਪਣੀਆਂ ਯਾਤਰਾਵਾਂ ਦੀਆਂ ਗੱਲਾਂ ਕਰਦੇ ਕਰਦੇ ਉਹ ਐਨੇ ਲੋਰ ਵਿਚ ਆ ਗਏ ਕਿ ਉਨ੍ਹਾਂ ਦਾ ਚੇਹਰਾ ਸੁਰਖ ਹੋ ਗਿਆ।ਰੰਗਲੇ-ਕੰਤ ਦੇ ਪਿਆਰ ਨਾਲ ਭਰਿਆ ਦਿਲ,ਉਛਾਲੇ ਖਾ ਕੇ ਅਖੀਆਂ ਰਾਹੀਂ ਛਲਕਣ ਲੱਗਿਆ।ਮੈਂ ਹੋਲੀ ਜਿਹੀ ਪੁਛਿਆ ਕਿ ਉਨ੍ਹਾਂ ਹੇਮ ਕੁੰਟ ਸਾਹਿਬ ਦੀ ਯਾਤਰਾ ਕਿੰਨੀ ਵਾਰੀ ਕੀਤੀ ਹੈ?ਤਾਂ ਉਹ ਆਪ ਮੁਹਾਰੇ ਬੋਲ ਪਏ,-"ਲੈ...! ਮੈਂ ਤਾਂ ਰੋਜ਼ ਹੀ ਕਰਦੀ ਹਾਂ"


"ਉਹ ਕਿਸ ਤਰ੍ਹਾਂ?"

"ਜਦੋਂ ਮੈਂ ਨਿਤਨੇਮ ਕਰਨ ਬੈਠਦੀ ਹਾਂ ਤਾਂ ਆਪਣੀ ਸੁਰਤੀ ਨੂੰ ਘਰ-ਪਰਿਵਾਰ,ਸਭ ਪਾਸਿਆਂ ਤੋਂ ਸਮੇਟ ਲੈਂਦੀ ਹਾਂ।ਅੱਖੀਆਂ ਮੀਟ ਕੇ ਸੁਰਤੀ ਰਾਹੀਂ ਸਭ ਤੋਂ ਪਹਿਲੇ ਚੁੱਬਚਾ ਸਾਹਿਬ ਗੁਰਦੁਆਰੇ ਚਲੀ ਜਾਂਦੀ ਹਾਂ। ਜਦੋ ਮੈਂ ਪੈਂਤੀ ਸਾਲ ਦੀ ਉਮਰ ਵਿਚ ਹੀ ਵਿਧਵਾ ਹੋ ਗਈ ਸੀ ਤਾਂ ਮੇਰੇ ਸਿਰ ਉਤੇ ਦੁਖਾਂ ਦੇ ਪਹਾੜ ਟੁੱਟ ਪਏ ਸਨ।ਉਸ ਵੇਲੇ ਮੈਂ ਇਸ ਗੁਰਦੁਆਰੇ ਜਾ ਕੇ ਸਤਿਗੁਰਾਂ ਦੇ ਚਰਨਾ ਵਿਚ ਢਹਿ-ਢੇਰੀ ਹੋ ਗਈ।ਰੱਜ ਕੇ ਦੁਖੜੇ ਰੋਏ ।ਤਰਲੇ ਪਾ ਪਾ ਬੇਨਤੀਆਂ ਕੀਤੀਆਂ ...। ਡੁੱਬਦੇ ਬੇੜੇ ਪਾਰ ਕਰਨ ਵਾਲੇ ਕੋਲੋਂ ਆਪਣੇ ਜੀਵਨ ਦਾ ਬੇੜਾ ਪਾਰ ਕਰਨ ਲਈ ਸਹਾਰਾ ਮੰਗਿਆ।ਕਾਰ ਸੇਵਾ ਹੁੰਦੀ ਦੇਖ ਕੇ ਮੈਂ ਸੁਹਾਗ ਦੀਆਂ ਸੋਨੇ ਦੀਆਂ ਬਾਰਾਂ ਚੂੜੀਆਂ ਅਤੇ ਹੋਰ ਗਹਿਣੇ ਸਤਿਗੁਰਾਂ ਦੇ ਚਰਨਾਂ ਵਿਚ ਭੇਟ ਕਰਕੇ

ਆਪਣਾ ਆਪ ਸਤਿਗੁਰਾਂ ਨੂੰ ਸੌਂਪ ਦਿੱਤਾ। ਜੋਦੜੀ ਕੀਤੀ ਕਿ ਹੇ ਮੇਰੇ ਸਾਂਈ ...!ਤੂੰ ਮੈਨੂੰ ਆਪਣੀ ਬਣਾ ਲੈ....! ਅਪਣੇ ਲੜ ਲਗਾ ਲੈ....!ਅਜ ਤੋਂ ਮੇਰੀ ਅਤੇ ਮੇਰੇ ਪਰਵਾਰ ਦੀ ਤੂੰ ਹੀ ਰੱਖਿਆ ਕਰਨੀ ਹੈ।ਮੈਂ ਤੇਰੀ ਹਾਂ...! ਮੇਰੇ ਸਤਿਗੁਰਾ... !ਸਿਰਫ ਤੇਰੀ ...!ਜਿਹੋ ਜਿਹੀ ਭੀ ਹਾਂ...ਤੇਰੀ ਹਾਂ ।ਮੈਨੂੰ ਮੈਲੀ ਕੁਚੈਲੀ ਨੂੰ ਆਪਣੀ ਬਣਾ ਲੈ..।ਅੱਜ ਤੋਂ ਤੂੰ ਹੀ ਮੇਰਾ ਕੰਤ ਹੈ ..!ਮੇਰਾ ਰਾਖਾ...ਤੇ ਮੇਰਾ ਸਭ ਕੁਝ...।ਤੂੰ ਮੈਨੂੰ ਆਪਣੇ ਰੰਗ ਵਿਚ ਰੰਗ ਲੈ...!ਬਸ ਆਪਣੀ ਬਣਾ ਲੈ।

ਉਦੋਂ ਤਾਂ ਮੈਂ ਦੁਖਾਂ ਦੇ ਘੇਰੇ ਵਿਚ ਫਸੀ ਹੋਈ ਨੇ ਅਰਦਾਸ ਕੀਤੀ ਸੀ,ਪਰ ਹੁਣ ਰੋਜ਼ ਹੀ,ਨਿਤਨੇਮ ਦੀਆਂ ਬਾਣੀਆਂ ਸ਼ੁਰੂ ਕਰਨ ਤੋਂ ਪਹਿਲਾਂ ਉਸੇ ਠਿਕਾਣੇ ਉਤੇ ਪਹੁੰਚ ਕੇ ਸ਼ੁਕਰਾਨੇ ਦੀ ਅਰਦਾਸ ਕਰਦੀ ਹਾਂ ਕਿ ਮੇਰੇ ਰੰਗਲੇ ਕੰਤ ਨੇ ਮੈਨੂੰ ਆਪਣੀ ਬਣਾ ਕੇ ਰੱਖਿਆ।ਅੰਗ-ਸੰਗ ਰਹਿ ਕੇ ਦੁਖਾਂ ਸੁਖਾਂ ਦੇ ਅਸਰਾਂ ਤੋਂ ਬਚਾ ਕੇ ਆਪਣੇ ਰੰਗ ਵਿਚ ਰੰਗੀ ਰੱਖਿਆ। ਮੈਂ ਰੱਜ ਰੱਜ ਕੇ ਉਸਦਾ ਪਿਆਰ ਮਾਣਿਆ ।ਮੇਰੇ ਰੰਗਲੇ ਕੰਤ ਨੇ ਮੇਰੇ ਵਿਧਵਾ ਜੀਵਨ ਨੂੰ ਆਪਣੇ ਪਿਆਰ ਦੀਆਂ ਖੁਸ਼ਬੂਆਂ ਨਾਲ ਮਹਿਕਾਈ ਰਖਿਆ ।ਮੇਰੇ ਨੂਰੀ ਮਾਹੀ ਨੇ ਆਪਣੀਆਂ ਇਲਾਹੀ ਦਰਸ਼ਨ ਝਲਕਾਂ ਦੇ ਨੂਰਾਨੀ ਰੰਗ ਵਿਚ ਰੰਗੀ ਰਖਿਆ । ਮੇਰਾ ਰੰਗਲਾ ਕੰਤ.....!" ਅਤਿ ਤੀਖਣ ਭਾਵਨਾਵਾਂ ਨੇ ਬੀਬੀ ਜੀ ਦੇ ਦਿਲ ਨੂੰ ਐਸੀਆਂ ਘੇਰਾਂ ਪਾਈਆਂ ਕਿ ਉਨ੍ਹਾਂ ਦਾ ਗੱਚ ਭਰ ਗਿਆ, ਕੁਝ ਬੋਲ ਨਾ ਹੋਵੇ....!ਥੋੜੀ ਦੇਰ ਰੁਕਣ ਪਿਛੋਂ ...,ਨੈਣੋਂ ਨੀਰ ਵਹਾਉਂਦਿਆ,ਪਲਕਾਂ ਦੇ ਦਰਵਾਜ਼ੇ ਢੋਅ ਕੇ ਉਨ੍ਹਾਂ ਦੁਬਾਰਾ ਗੱਲ ਤੋਰੀ ਤਾਂ ਇਸ ਤਰਾਂ ਲੱਗੇ ਜਿਵੇਂ ਉਹ ਉਸ ਅਸਥਾਨ ਉਤੇ ਪਹੁੰਚ ਕੇ ਹੀ ਉਥੋਂ ਦਾ ਵਰਣਨ ਕਰਦੇ ਪਏ ਹੋਣ।

**ਨੈਨ ਸੰਤੋਖੇ ਪ੍ਰਭ ਦਰਸਨੁ ਪਾਇਆ॥ ਕਹੁ ਨਾਨਕ ਸਫਲੁ ਸੋ ਆਇਆ॥ (ਪੰਨਾਂ ੮੦੪)**




"ਜਪੁ ਜੀ ਸਾਹਿਬ ਦਾ ਪਾਠ ਕਰਨ ਲਗਦੀ ਹਾਂ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਦਰਸ਼ਨ ਝਲਕਾਂ ਮੈਨੂੰ **ਨਨਕਾਣਾ ਸਾਹਿਬ** ਪਹੁੰਚਾ ਦਿੰਦੀਆਂ ਹਨ।ਜ੍ਹਿਨਾਂ ਜ੍ਹਿਨਾਂ ਥਾਵਾਂ ਉਤੇ ਬਾਬੇ ਨਾਨਕ ਦਾ ਪਿਆਰ ਮਿਲਿਆ,ਉਨ੍ਹਾਂ ਸਾਰੇ ਗੁਰਦਵਾਰਿਆ ਵਿਚ ਜਾ ਕੇ,ਨਿਰੰਕਾਰੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਸਿਰ ਨਿਵਾਉਂਦੀ ਹਾਂ।ਜਿਹੜੀਆਂ ਥਾਵਾਂ ਉਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਰਸ਼ਨ-ਝਲਕਾਰੇ ਬਖਸ਼ੇ ਉਨ੍ਹਾਂ ਥਾਵਾਂ ਉਤੇ ਜਾ ਕੇ ਤਾਂ ਰੂਹ ਖਿੜ

ਜਾਂਦੀ ਹੈ । ਮੈਂ ਨਿਹਾਲ...ਨਿਹਾਲ ਹੋ ਜਾਂਦੀ ਹਾਂ। ਏਦਾਂ ਲਗਦਾ ਹੈ ਕਿ ਜਪੁਜੀ ਸਾਹਿਬ ਦਾ ਪਾਠ ਮੈਂ ਨਹੀਂ ਕਰਦੀ ...ਮੇਰਾ ਨਾਨਕ ਆਪਣੀ ਪਵਿਤਰ ਰਸਨਾ ਰਾਹੀਂ,ਅਨਹਦ ਧੁਨੀਆਂ ਰਾਹੀਂ ਮੇਰੇ ਕੰਨੀ ਪਾ ਕੇ ਮੇਰਾ ਤਨ ਮਨ ਸਿੰਜ ਰਿਹਾ ਹੈ।

ਜਾਪ ਸਾਹਿਬ,ਸਵਯੇ ਅਤੇ ਚੌਪਈ ਸਾਹਿਬ ਦੇ ਪਾਠ ਕਰਦੀ ਹਾਂ ਤਾਂ ਮੇਰਾ ਨੂਰੀ ਪ੍ਰੀਤਮ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਆ ਬਹੁੜਦਾ ਹੈ।ਜਿਹੜੀ ਜਿਹੜੀ ਥਾਂ ਉੱਤੇ ਉਸਨੇ ਕੌਤਕ ਵਰਤਾਏ,ਦਰਸ਼ਨ ਦਿਦਾਰੇ ਬਖਸ਼ ਕੇ ਮੇਰੀ ਝੋਲੀ ਭਰੀ..। ਉਨ੍ਹਾਂ ਸਾਰੀਆਂ ਥਾਵਾਂ ਦੀ ਯਾਤਰਾ ਕਰਦੀ ਹਾਂ।ਹੇਮਕੁੰਟ ਸਾਹਿਬ ਦੀ ਸੋਹਣੀ ਕੁਦਰਤ ਦੀ ਸੁੰਦਰਤਾ ਨਾਲ ਸ਼ਿੰਗਾਰੀਆਂ ਹੋਈਆਂ ਤਪ-ਸਥਾਨ ਦੀਆਂ ਵਾਦੀਆਂ ਵਿਚ ਪਹੁੰਚ ਕੇ ਜਦੋਂ ਜਾਪ ਸਾਹਿਬ ਦਾ ਪਾਠ ਕਰਦੀ ਹਾਂ ਤਾਂ ਕਣ ਕਣ ਵਿਚੋਂ ਲਰਜ਼ਦੇ ਸਿਰਜਨਹਾਰੇ ਦੇ ਲਿਸ਼ਕਾਰੇ ਦੇਖਦਿਆਂ ਜਾਪ ਸਾਹਿਬ ਦੀ ਬਾਣੀ ਦੇ ਅਸਲੀ ਅੱਰਥ ਸਮਝ ਹੀ ਨਹੀਂ ਪੈਂਦੇ ਸਗੋਂ ਬਾਣੀ ਦੇ ਅਰਥ ਸਾਹਮਣੇ ਦਿਖ ਪੈਂਦੇ ਹਨ।ਰੂਹ ਵਿਚ ਜਾ ਕੇ ਖਿੜਦੇ ਮਹਿਸੂਸ ਹੁੰਦੇ ਹਨ।ਫਿਰ ਸੁੱਕਾ ਖੂਹ ਗੇੜਨ ਵਾਲੀ ਗਲ ਨਹੀਂ ਰਹਿੰਦੀ,ਸਗੋਂ ਬਾਣੀ ਹਿਰਦੇ ਅੰਦਰ ਧੱਸਦੀ ਹੋਈ ਗਿਆਨ ਦੀਆਂ ਰਿਸ਼ਮਾਂ ਦਾ ਮੀਂਹ ਵਰ੍ਹਾਉਂਦੀ ਹੈ।ਮਹਾਂ ਤੱਪਸਵੀ ਮੇਰਾ ਪ੍ਰੀਤਮ ਪਿਆਰਾ ਮੈਥੋਂ ਜਾਪ ਸਾਹਿਬ ਰਾਹੀਂ ਸ੍ਰਵ-ਵਿਆਪੀ ਅਕਾਲ ਪੁਰਖ ਦੀ ਪਛਾਣ ਕਰਵਾਉਂਦਾ ਹੋਇਆ ਉਸਨੂੰ ਵਾਰ ਵਾਰ ਨਮਸਕਾਰਾਂ ਕਰਵਾਉਂਦਾ ਹੈ

ਜਦੋਂ ਹੇਮਕੁੰਟ ਸਾਹਿਬ ਦੇ ਗੁਰਦਵਾਰੇ ਨਹੀਂ ਸੀ ਬਣੇ,ਉਦੋਂ ਉਥੇ ਇਕ ਛੋਟਾ ਜਿਹਾ ਕਮਰਾ ਹੀ ਸੀ।ਮਾਤਾ ਰਾਮ ਕੌਰ ਜੀ ਅਤੇ ਹੋਰ ਸੰਗਤਾਂ ਨਾਲ ਮੈ ਆਪਣੇ ਸਿਰ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ (ਵੱਡਾ ਸਰੂਪ) ਸਜਾ ਕੇ ਗੋਬਿੰਦ ਧਾਮ ਤੋਂ ਹੇਮਕੁੰਟ ਸਾਹਿਬ ਤਕ ਨੰਗੇ ਪੈਰੀਂ ਪਹੁੰਚੀ ਸੀ।ਉਸ ਦਿਨ ਮੈਨੂੰ ਏਦਾ ਲਗਦਾ ਸੀ ਕਿ ਮੇਰੇ ਅੱਗੇ ਅੱਗੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੁਰਦੇ ਹੋਏ ਜਾ ਰਹੇ ਹਨ।ਮੈਨੂੰ ਆਪਣਾ ਸਰੀਰ ਫੁਲ ਵਰਗਾ ਹੌਲਾ ਜਾਪਦਾ ਸੀ।ਪ੍ਰੇਮ,ਸ਼ਰਧਾ ਅਤੇ ਚਾਓ ਨੇ ਐਨੇ ਗੂੜ੍ਹੇ ਰੰਗ ਲਾਏ ਹੋਏ ਸੀ ਕਿ ਦਸੋ ਪਾਤਸ਼ਾਹੀਆਂ ਦੇ ਜੋਤ ਸਰੂਪ ਨੂੰ ਸਿਰ ਉਪਰ ਸਜਾਈ ਪੈਰ ਧਰਤੀ ਉਤੇ ਨਹੀ ਸੀ ਲਗਦੇ।ਪਤਾ ਨਹੀਂ ਕਿਵੇਂ ਹਵਾ ਵਿਚ ਉਡਾਰੀਆਂ ਮਾਰਦੀ ਹੋਈ ਸਰੂਪ ਸਿਰ ਉਪਰ ਸਜਾਈ ਧੁਰ ਪਹੁੰਚ ਗਈ।ਹੁਣ ਮੈਂ ਰੋਜ ਹੀ ਸੁਰਤੀ ਦੇ ਖੰਭਾ ਉਤੇ ਬੈਠ ਕੇ ਗੋਬਿੰਦ ਧਾਮ ਤੋਂ ਸ੍ਰੀ ਹੇਮ-ਕੁੰਟ ਸਾਹਿਬ ਤੱਕ ਸਤਿਗੁਰਾਂ ਦਾ ਸਰੂਪ ਸਿਰ ਉਪਰ ਸਜਾ ਕੇ ਯਾਤਰਾ ਕਰਨ ਦਾ ਅੰਨਦ ਮਾਣਦੀ ਹਾਂ....।

ਅਨੰਦ ਸਾਹਿਬ ਦਾ ਪਾਠ ਕਰਨ ਲੱਗਿਆਂ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਬੈਠ ਜਾਂਦੀ ਹਾਂ ਤੇ ਸੁਰਤੀ ਰਾਹੀਂ ਬਾਉਲੀ ਸਾਹਿਬ ਦੇ ਦਰਸ਼ਨ ਇਸ਼ਨਾਨ ਅਤੇ ਹੋਰ ਕਈ ਗੁਰੁ-ਧਾਮਾਂ ਦੀ ਯਾਤਰਾ ਦਾ ਅਨੰਦ ਮਾਣ ਆਉਂਦੀ ਹਾਂ।ਕਦੀ ਕਦੀ ਏਦਾਂ ਵੀ ਹੋ ਜਾਂਦਾ ਹੈ ਕਿ ਅੰਮ੍ਰਿਤ ਵੇਲੇ ਦੇ ਨਿੱਤ-ਨੇਮ ਤੋਂ ਇਲਾਵਾ ਦਿਨ ਦਿਹਾੜੇ ਵੀ,ਜੇ ਕਿਧਰੇ ਅਸਮਾਨ ਉਪਰ ਕੋਈ ਸੋਹਣਾ ਬੱਦਲ ਦਿਸ ਪਵੇ ਤਾਂ ਮੇਰਾ ਅਨੰਦ ਸਾਹਿਬ ਦਾ ਪਾਠ ਕਰਨ ਨੂੰ ਦਿਲ ਕਰ ਆਉਂਦਾ ਹੈ ਕਿਉਂਕਿ ਇਕ ਵਾਰੀ ਮੈ ਅਸਮਾਨ ਵਿਚ ਤਾਰੀਆਂ ਲਾਉਂਦੇ ਹੋਏ ਇਕ ਬੱਦਲ ਉਤੇ ਟਿਕ-ਟਿਕੀ ਲਗਾਈ ਹਰ ਪਾਸੇ ਤੋਂ ਬੇਖਬਰ ਹੋਈ ਬੈਠੀ ਸੀ ਕਿ ਕੋਈ ਮੇਰੇ ਕੋਲ ਆ ਕੇ ਖੜ ਗਿਆ।ਬੱਦਲ ਵਿਚ ਸੁਰਤੀ ਲੱਗੀ ਹੋਈ ਦੇਖ ਕੇ ਉਸ ਨੇ ਮੈਨੂੰ ਕਿਹਾ,- "ਜਾਹ...!ਤੂੰ ਇਸ ਸੋਹਣੇ ਬੱਦਲ ਵਿਚ ਹੀ ਜਾ ਵੜ..! ਅਗਮ-ਅਗੋਚਰ ਦੀ ਬਿਅੰਤਤਾ ਦੀ ਕਹਾਣੀ ਸ੍ਰੀ

ਅਮਰਦਾਸ ਜੀ ਦੀ ਰਸਨਾਂ ਰਾਹੀਂ ਸੁਣ...!ਬੱਦਲ ਦੇ ਪ੍ਰਕਾਸ਼ ਵਿਚ ਪਹੁੰਚ ਕੇ ਦੇਖ....! ਗੁਰੂ ਜੀ ਨੇ ਅੱਤਿ ਸੁੰਦਰ ਪ੍ਰਕਾਸ਼ ਦੇ ਰੂਪ ਵਿਚ ਪ੍ਰਗਟ ਹੋ ਕੇ ਤੈਨੂੰ ਚਰਨੀ ਲਗਾ ਲੈਣਾਂ ਹੈ...!ਗੁਰੂ ਅਮਰਦਾਸ ਜੀ ਅਨੰਦ ਸਾਹਿਬ ਦੀ ਅੰਮ੍ਰਿਤ ਬਾਣੀ ਦਾ ਉਚਾਰਣ ਕਰਨਗੇ ਤੇ ਤੂੰ ਚਰਨਾ ਵਿਚ ਬੈਠੀ ਸੁਣਦੀ ਰਹੀਂ...!

**ਤਰਨ ਤਾਰਨ ਸਾਹਿਬ ਗੁਰਦੁਆਰੇ ਦੀਆਂ ਪਰਕਰਮਾਂ** ਵਿਚ ਬੈਠਿਆਂ ਇਕ ਵਾਰੀ ਮੈਨੂੰ ਸਤਿਗੁਰਾਂ ਦੀ ਯਾਦ ਵਿਚ ਹੰਝੂ ਕੇਰ ਕੇਰ ਕੇ ਰੱਜ ਨਹੀਂ ਸੀ ਰਿਹਾ।ਸਰੋਵਰ ਕੰਢੇ ਬੈਠੀ ਹੋਈ ਨੇ ਮੈਂ ਅੰਮ੍ਰਿਤ ਜਲ ਦਾ ਬੁੱਕ ਭਰਿਆ ਤੇ ਡੀਕ ਲਗਾ ਕੇ ਪੀਂਦਿਆਂ ਅਰਦਾਸ ਕੀਤੀ ਕਿ ਜਿੰਨਾ ਅੰਮ੍ਰਿਤ ਜਲ ਮੈ ਪੀਤਾ ਹੈ ਉਹ ਸਾਰੇ ਦਾ ਸਾਰਾ ਮੇਰੇ ਰੰਗਲੇ ਪ੍ਰੀਤਮ ਦੀ ਯਾਦ ਦੇ ਸੁੱਚੇ ਹੰਝੂ ਬਣ ਬਣ ਕੇ ਮੇਰੀਆਂ ਅਖੀਆਂ ਥਾਣੀਂ ਵਹਿਣ...!ਕਰੁਣਾ ਦੇ ਸਾਗਰ ਸੱਚੇ ਪਾਤਿਸ਼ਾਹ ਕੋਲੋਂ ਮੈ **ਇੱਕ ਬੁੱਕ ਸੁੱਚੇ ਹੰਝੂਆਂ ਦਾ** ਮੰਗਿਆ.....। ਰੋ ਰੋ ਥੱਕੀਆਂ ਅਖੀਆਂ ਸਰੋਵਰ ਵਿਚ ਤਰਦੇ ਲਹਿੰਦੇ ਸੂਰਜ ਦੇ ਰੰਗਾਂ ਵਿਚ ਰੰਗੇ ਹੋਏ ਬਦਲਾਂ ਦੇ ਪ੍ਰਛਾਵਿਆਂ ਉਤੇ ਟਿਕ ਗਈਆਂ।ਉਨ੍ਹਾਂ ਬਦਲਾਂ ਦੀਆਂ ਰੰਗੀਨੀਆਂ ਵਿਚੋਂ ਹੀ ਮੈਨੂੰ ਸ੍ਰੀ ਗੁਰੂ ਅਰਜਨ ਦੇਵ ਜੀ...!ਮੇਹਰਾਂ ਦੇ ਸਾਈਂ ਨੇ ਦਰਸ਼ਨ ਝਲਕਾਂ ਬਖਸ਼ਣ ਦੀ ਕਿਰਪਾ ਕਰਕੇ ਨਿਹਾਲ ਕੀਤਾ ਸੀ...।ਸੁਖਮਨੀ ਸਾਹਿਬ ਦਾ ਪਾਠ ਕਰਨ ਲਈ ਮੈ ਸਰੋਵਰ ਕੰਢੇ ਜਾ ਬਹਿੰਦੀ ਹਾਂ।ਇਸੇ ਤਰ੍ਹਾਂ ਹਰ ਰੋਜ਼ ਹੀ ਅੰਨਦ ਬਣਿਆਂ ਰਹੇ ਤਾਂ ਰੂਹ ਖਿੜੀ ਰਹਿੰਦੀ ਹੈ।ਜਿਸ ਦਿਨ ਸੁਰਤੀ ਨਾ ਟਿਕੇ,ਉਸ ਦਿਨ ਆਪਣਾ ਆਪ ਚੰਗਾ ਨਹੀਂ ਲਗਦਾ।ਦਿਨ ਬੁਰਾ ਬੀਤਦਾ ਹੈ।ਕੁਝ ਵੀ ਚੰਗਾ ਨਹੀਂ ਲਗਦਾ।"



ਸੁਰਤੀ ਰਾਹੀਂ ਯਾਤਰਾਵਾਂ ਦਾ ਬਿਰਤਾਂਤ ਸੁਣ ਕੇ ਅਤੇ ਪ੍ਰਤੱਖ ਰੂਪ ਵਿਚ ਪ੍ਰੇਮਾ-ਭਗਤੀ ਤੋਂ ਉਪਜਿਆ ਖੇੜਾ, ਮਸਤੀ ਤੇ ਤਪ-ਸਾਧਨਾ ਦਾ ਅਨੋਖਾ ਰੰਗ ਦੇਖ ਕੇ ਫਰੀਦ ਜੀ ਦਾ ਸ਼ਲੋਕ ਯਾਦ ਆਇਆ;-

**ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥ ( ਪੰਨਾਂ ੧੩੭੮ )**

ਇਸ ਨਵੇਲੇ ਰੰਗ ਦੀ ਪ੍ਰਪਤੀ ਲਈ ਭਗਤ ਜਨ ਅਨੇਕਾਂ ਤਰੀਕਿਆਂ ਨਾਲ ਆਪਣੇ ਪਿਆਰੇ ਰੱਬ ਨਾਲ ਪਿਰਹੜੀ ਪਾਉਂਦੇ ਹਨ।ਬੀਬੀ ਜੀ ਨੇ ਆਪਣੇ ਤਰੀਕੇ ਨਾਲ ਰੰਗਲਾ ਕੰਤ ਬਣਾ ਕੇ ਪ੍ਰੇਮ-ਪੀਂਘ

ਪਾਈ ਹੋਈ ਸੀ।ਅੱਜ ਮੇਰਾ ਭੀ ਪਿਰਹੜੀ ਪਾਉਣ ਨੂੰ ਦਿਲ ਕੀਤਾ।ਨਵੇਲੇ ਰੰਗ ਦੀ ਮਸਤੀ ਵਿਚ ਝੂੰਮਣ ਲਈ ਮੈਂ ਵੀ ਅੱਖੀਆਂ ਮੀਟ ਕੇ ਚੌਕੜੀ ਲਗਾ ਲਈ।ਜਦੋਂ ਸੁਰਤੀ ਰਾਹੀਂ ਦੇਖਣ ਲਗੀ ਤਾਂ ਉਹੀ ਕੁਝ ਦਿਖਿਆ ਜੋ ਮੇਰੀ ਜ਼ਿੰਦਗੀ ਦੀ ਪ੍ਰਾਪਤੀ ਸੀ। ਕਾਲੇ ਸਿਆਹ ਹਨੇਰੇ ਵਿਚ ਘੁੰਮਦੇ ਦੁਨਿਆਵੀ ਸੁਖਾਂ ਦੀ ਪ੍ਰਾਪਤੀ ਲਈ ਕੀਤੇ ਚੰਗੇ ਮਾੜੇ ਕਰਮਾ ਦੇ ਦ੍ਰਿਸ਼-ਚਿੱਤਰ ..।ਹੁਣ ਇਲਾਹੀ ਨੂਰ ਦੇ ਝਲਕਾਰੇ ਕਿਥੋਂ ਲਿਆਂਵਾ...? ਆਪਣੀ ਸੁਰਤੀ ਬਿਰਤੀ ਨੂੰ ਕਿਹੜੀਆਂ ਦਰਸ਼ਨ ਝਲਕਾਂ ਨਾਲ ਜੋੜਾਂ...? ਬੀਬੀ ਜੀ ਜੇਕਰ ਆਪਣੇ ਰੰਗਲੇ ਕੰਤ ਵਲ ਇਕ ਕਦਮ ਚਲਦੇ ਸੀ ਤਾਂ ਉਨ੍ਹਾਂ ਦਾ ਪਿਆਰਾ ਅਨੇਕਾਂ ਕਦਮ ਅਗਾਹਾਂ ਹੋ ਕੇ ਮਿਲਣ ਆਉਂਦਾ ਸੀ।ਪਰ ਮੈਂ ਤਾਂ ਹਾਲੇ ਉਸਨੂੰ ਆਪਣਾ ਬਣਾਇਆ ਹੀ ਨਹੀਂ ਹੈ।ਮੈਂ ਤਾਂ ਉਸਦੀ ਹੋਈ ਹੀ ਨਹੀਂ ..।

**ਗਲੀ ਹਉ ਸੁਹਾਗਣਿ ਭੈਣੇ ਕੰਤੁ ਨ ਕਬਹੂ ਮੈ ਮਿਲਿਆ॥ ( ਪੰਨਾਂ ੪੩੩ )**

ਜਦੋਂ ਬੀਬੀ ਜੀ ਨੂੰ ਮੇਰੀ ਇਸ ਪ੍ਰੇਸ਼ਾਨੀ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਮੈਨੂੰ ਨਾਮ ਬਾਣੀ ਦੇ ਰੰਗ ਵਿਚ ਮਨ ਨੂੰ ਰੰਗਣ ਲਈ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛਕਣ ਦੀ ਪ੍ਰੇਰਨਾ ਦਿੱਤੀ ਤੇ ਨਾਲ ਹੀ ਸਮਝਾਇਆ ਕਿ ਜਦੋਂ ਅਸੀਂ ਦੁਨਿਆਵੀ ਸੰਸਕਾਰਾਂ ਨੂੰ ਭੁਲਾ ਕੇ ਆਪਣੇ ਆਪੇ ਵਿਚੋਂ ਪਰਮ ਪਿਤਾ ਪ੍ਰਮੇਸ਼ਵਰ ਦੀ ਜੋਤ ਵਲ ਧਿਆਨ ਧਰਨ ਕਰਨ ਲੱਗ ਪੈਂਦੇ ਹਾਂ ਤਾਂ ਫਿਰ ਜਨਮਾਂ ਜਨਮਾਂ ਦੀ ਕਾਲਖ ਧੋ ਹੋ ਕੇ ਬਾਹਰ ਨਿਕਲਣੀ ਸ਼ੁਰੂ ਹੋ ਜਾਂਦੀ ਹੈ ਇਲਾਹੀ ਰੰਗਾਂ ਦੀ ਬਰਸਾਤ ਸ਼ੁਰੂ ਹੋ ਜਾਂਦੀ ਹੈ।ਉਸ ਵੇਲੇ ਸਾਡਾ ਧਿਆਨ ਵਿਕਾਰਾਂ ਦੇ ਉਸ ਕੂੜੇ ਕਰਕਟ ਵਲ ਨਹੀਂ ਜਾਣਾ ਚਾਹੀਦਾ,ਜਿਹੜਾ ਨਾਮ ਬਾਣੀ ਦੇ ਰੋੜ ਨਾਲ ਬਾਹਰ ਨਿਕਲ ਰਿਹਾ ਹੈ।ਸਗੋਂ ਲਿਵ ਵਿਚ ਲੀਨ ਹੋਣ ਦੀ ਜਰੂਰਤ ਹੁੰਦੀ ਹੈ।ਪਹਿਲੇ ਪਹਿਲੇ ਜਦੋਂ ਅਸੀਂ ਅੱਖੀਆਂ ਮੀਟ ਕੇ ਸ਼ਾਂਤ ਚਿੱਤ ਹੋ ਕੇ ਸਿਮਰਣ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਾਡੇ ਦੁਨਿਆਵੀ ਸੰਸਕਾਰਾਂ ਦੇ ਦ੍ਰਿਸ਼ ਚਿੱਤ੍ਰ ਹੀ ਮਨ-ਅੱਖੀਆਂ ਅੱਗੇ ਆਉਂਦੇ ਹਨ।ਪਰ ਨਾਮ ਬਾਣੀ ਦੇ ਅਭਿਆਸ ਪਿਛੋਂ ਇਨ੍ਹਾਂ ਸੰਸਕਾਰਾਂ ਦਾ ਕਚਰਾ ਪ੍ਰਭੂ-ਲਗਨ ਦੀ ਅਗਨੀ ਵਿਚ ਸੜ ਕੇ ਸੁਆਹ ਹੋ ਜਾਂਦਾ ਹੈ।ਜਿਵੇਂ ਬੱਚੇ ਦੀ ਸ਼ਕਲ ਤੇ ਆਦਤਾਂ ਦੇਖ ਕੇ ਉਸਦੇ ਮਾਂ ਬਾਪ ਦੀ ਸ਼ਕਲ ਤੇ ਅਕਲ ਦਾ ਪਤਾ ਲੱਗ ਜਾਂਦਾ ਹੈ ਇਸੇ ਤਰ੍ਹਾਂ ਹੀ ਸਾਡੇ  ਵਿਚੋਂ ਵੀ ਪਿਤਾ ਪਰਮੇਸ਼ਰ ਦੇ ਗੁਣਾ ਦੀ ਮਹਿਕ ਆਉਣ ਲੱਗ ਪੈਂਦੀ ਹੈ।



**ਨੀਊਜ਼ੀ ਲੈਂਡ ਵਿਚ**

**ਬੀਬੀ ਗੁਰਦੀਪ ਕੌਰ ਜੀ ਆਪਣੀ ਛੋਟੀ ਨੂੰਹ ਨਾਲ**

# ਕੇਸਰੀ ਕੇਸਕੀ

ਰੂਹਾਨੀਂ ਰਾਹਾਂ ਉਤੇ ਚਲਦਿਆਂ ਭਗਤ-ਜਨ ਕਈ ਵਾਰੀ ਆਪਣੇ ਜੀਵਨ ਵਿਚ ਐਸੀਆਂ ਰੀਤਾਂ-ਰਸਮਾਂ ਅਪਣਾ ਲੈਂਦੇ ਹਨ,ਜਿਹੜੀਆਂ ਆਮ ਲੋਕਾਂ ਨੂੰ ਓਪਰੀਆਂ ਲਗਦੀਆਂ ਹਨ। ਪਰ ਅਜਿਹੀਆਂ ਨਿਆਰੀਆਂ ਗਲਾਂ ਰੰਗ-ਰਤਿਆਂ ਨੂੰ ਅਪਣੀਆਂ ਅੰਤਰੀਵ ਭਾਵਨਾਵਾਂ ਨਾਲ ਜੋੜੀ ਰਖਦੀਆਂ ਹਨ ਅਤੇ ਰੂਹਾਨੀਅਤ ਦੀਆਂ ਮੰਜ਼ਿਲਾਂ ਤਹਿ ਕਰਨ ਵਿਚ ਸਹਾਈ ਹੁੰਦੀਆਂ ਹਨ। ਅਗਮ ਅਗੋਚਰ ਦੀਆਂ ਗੋਹਜ ਭਰੀਆਂ ਰਮਜ਼ਾਂ ਨੂੰ ਜਾਨਣ ਦਾ ਰੁਝਾਨ ਬਣਿਆਂ ਰਹਿੰਦਾ ਹੈ ਤੇ ਆਪਣੇ ਹੀ ਮਨ-ਮੰਦਰ ਦੀ ਲੋਅ ਵਿਚੋਂ ਉਸ ਦੇ ਪ੍ਰਗਟ ਰੂਪ ਵਿਚ ਦਰਸ਼ਨ ਕਰਨ ਲਈ ਚਾਅ-ਉਮਾਹ ਬਣਿਆ ਰਹਿੰਦਾ ਹੈ।ਇਸ ਲਈ ਉਹ ਕਿਸੇ ਵੀ ਕੀਮਤ ਤੇ ਉਨ੍ਹਾਂ ਰਸਮਾਂ ਦਾ ਤਿਆਗ ਨਹੀਂ ਕਰਦੇ।ਸਗੋਂ ਆਪਣੀ ਜ਼ਿੰਦਗੀ ਦੇ ਅਸਲੀ ਸਰਮਾਏ ਨੂੰ ਦੇਖ ਦੇਖ ਜੀਉਂਦੇ ਹਨ।ਧੁਰ-ਦਰਗਾਹੋਂ ਬਖਸ਼ੇ ਸ਼ਿੰਗਾਰ ਨੂੰ ਚਾਵਾਂ-ਸਧੱਰਾਂ ਨਾਲ ਸਜਾਈ ਰਖਦੇ ਹਨ।



ਅਖੰਡ ਕੀਰਤਨੀ ਜਥੇ ਦੇ ਰੈਣ-ਸਬਾਈ ਕੀਰਤਨ ਵਿਚ **ਡਾਕਟਰ ਤੇਜਿੰਦਰ ਪਾਲ ਸਿੰਘ(ਦੂਲਾ ਵੀਰ ਜੀ)**ਲੋਰ ਵਿਚ ਆਏ ਹੋਏ ਆਪਣੀ ਰਸਭਿੰਨੀ ਅਵਾਜ ਵਿਚ ਕੀਰਤਨ ਕਰ ਰਹੇ ਸੀ।ਸਿਮਰਨ ਦੀਆਂ ਗੁੰਜਾਰਾਂ ਨੇ ਗੁਰਸਿਖਾਂ ਦੇ ਸੀਨਿਆਂ ਨੂੰ ਨਾਮ-ਸਿਮਰਨ ਦੀਆਂ ਧੁਨੀਆਂ ਨਾਲ ਲਹਿਰਾਇਆ ਹੋਇਆ ਸੀ।

ਭਿੰਨੀ ਰੈਨੜੀਏ ਚਮਕਨਿ ਤਾਰੇ॥

ਜਾਗਹਿ ਸੰਤ ਜਨਾਂ ਮੇਰੇ ਰਾਮ ਪਿਆਰੇ॥ ਪੰਨਾਂ ੪੫੯

ਇਲਾਹੀ ਰੰਗ ਬੱਝਾ ਹੋਇਆ ਸੀ ।ਸੰਗਤ ਵਿਚ ਕੇਸਕੀ ਵਾਲੀਆਂ ਬੀਬੀਆਂ ਦੀ ਭਰਮਾਰ ਸੀ।ਸਭ ਨੇ ਕਾਲੇ ਰੰਗ ਦੀਆਂ ਕੇਸਕੀਆਂ ਸਜਾਈਆਂ ਹੋਈਆਂ ਸੀ।ਸਿਰਫ ਇਕ ਬੀਬੀ ਕੇਸਰੀ ਕੇਸਕੀ ਵਿਚ ਸੋਭ ਰਹੀ ਸੀ।ਕੀਰਤਨ ਦਾ ਅਨੰਦ ਮਾਣਦੀ ਹੋਈ ਦਾ ਗੋਰਾ ਚੇਹਰਾ ਦੂਗ ਦੂਗ ਕਰ ਰਿਹਾ ਸੀ।ਨਾਮ-ਬਾਣੀ ਦੇ ਰੰਗਾਂ ਵਿਚ ਰੰਗੀ ਹੋਈ,ਉਹ ਕੇਸਰੀ ਕੇਸਕੀ ਕਰਕੇ ਸੰਗਤ ਵਿਚ ਬੈਠੀ ਸਭ ਤੋਂ ਨਿਆਰੀ ਲਗ ਰਹੀ ਸੀ।ਬੀਬੀ ਗੁਰਦੀਪ ਕੌਰ ਜੀ ਉਸ ਦੇ ਕੋਲ ਬੈਠੇ ਕੀਰਤਨ ਦੇ ਲਾਹੇ ਪ੍ਰਾਪਤ ਕਰਨ ਦੇ ਨਾਲ ਨਾਲ ਉਸ ਨੂੰ ਦੇਖ ਕੇ ਨਿਹਾਲ ਹੋ ਰਹੇ ਸਨ।ਖਾਲਸਈ ਜੀਵਨ ਦੇ ਜਲੌ ਨੂੰ ਨਿਹਾਰਦੇ ਹੋਏ ਖਾਲਸੇ ਦੀ ਚੜ੍ਹਦੀ ਕਲਾ ਦਾ ਖੇੜਾ ਦੇਖ ਕੇ ਪੰਥ ਦੇ ਵਾਲੀ ਦੇ ਚਰਨਾਂ ਤੋਂ ਬਲਿਹਾਰ ਜਾ ਰਹੇ ਸਨ।ਭੋਗ ਪੈਣ ਪਿਛੋਂ ਸੰਗਤਾਂ ਅਪਣੇ ਅਪਣੇ ਘਰਾਂ ਨੂੰ ਪਰਤਣ ਲਗੀਆਂ ਤਾਂ ਬੀਬੀ ਜੀ ਨੇ ਮਲਕੜੇ ਜਿਹੇ ਉਸ ਦਾ

ਹੱਥ ਫੜਿਆ ਤੇ ਬੜੇ ਪਿਆਰ ਨਾਲ ਉਸ ਕੋਲੋਂ ਕੇਸਰੀ ਰੰਗ ਦੀ ਕੇਸਕੀ ਸਜਾਉਣ ਦਾ ਰਾਜ਼ ਪੁਛਿਆ।ਬੀਬੀ ਜੀ ਦੇ ਚੇਹਰੇ ਤੋਂ ਗੁਰੂ-ਪ੍ਰੇਮ ਦਾ ਰੰਗ ਦੇਖ ਕੇ ਉਸ ਨੇ ਕਿਹਾ,-"ਇਹ ਗਲ ਹਰ ਇਕ ਨੂੰ ਦੱਸੀ ਨਹੀਂ ਜਾ ਸਕਦੀ।ਕਿਉਂਕਿ ਇਸ ਨੂੰ ਸਮਝਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ ਤੇ ਕਈ ਵਾਰੀ ਲੋਕੀਂ ਅਜਿਹੀਆਂ ਗੱਲਾਂ ਦਾ ਮਖੌਲ ਵੀ ਉਡਾਉਣ ਲਗ ਪੈਂਦੇ ਹਨ।ਪਰ ਮੈਂ ਤੁਹਾਡੇ ਕੋਲੋਂ ਅਸਲੀਅਤ ਲੁਕਾਉਣਾ ਨਹੀਂ ਚਹੁੰਦੀ।ਬੀਬੀ ਜੀ....! ਸਚਾਈ ਇਹ ਹੈ ਕਿ-




**ਮੈਨੂੰ ਨਾਚੀਜ਼ ਨੂੰ ਮੇਰੇ ਕਲਗੀਆਂ ਵਾਲੇ ਨੇ ਤਰਸ ਕਰਕੇ ਕੇਸਰੀ ਦਸਤਾਰ ਵਿਚ ਦਰਸ਼ਨ ਦਿਦਾਰੇ ਬਖਸ਼ੇ ...!ਤੇ ਹੁਣ ਮੈ ਉਸ ਇਲਾਹੀ ਨੂਰ ਨੂੰ ਹਰ ਪਲ ਯਾਦ ਰਖਣ ਲਈ ਅਪਣੇ ਸਿਰ ਉਤੇ ਕੇਸਰੀ ਕੇਸਕੀ ਸਜਾਈ ਰਖਦੀ ਹਾਂ।"**

ਉਦੋਂ ੧੯੮੪ ਦੇ ਦੰਗਿਆਂ ਦਾ ਭਾਣਾਂ ਵਰਤੇ ਨੂੰ ਬਹੁਤ ਥੋੜੀ ਦੇਰ ਹੋਈ ਸੀ।ਸਿੱਖ ਕੌਮ ਲਈ ਅੰਧਘੋਰ ਫੈਲਿਆ ਹੋਇਆ ਸੀ।ਖਾਸ ਕਰਕੇ ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਵਿਚ ਰਹਿਣ ਵਾਲੇ ਸਿਖਾਂ ਦਾ ਹਾਲ ਸੁਣ ਕੇ ਜਿੰਦ ਤ੍ਰਾਹ ਜਾਂਦੀ ਸੀ।ਜ਼ੁਲਮ ਦੀ ਕਾਲੀ-ਬੋਲੀ ਖੂਨੀ ਹਨੇਰੀ ਵਿਚ ਮਾਸੂਮ ਸਿੱਖਾਂ ਦੇ ਗਲਿਆਂ ਵਿਚ ਟਾਇਰ ਪਾ ਕੇ ਉਤੇ ਤੇਲ ਛਿੜਕ ਕੇ ਅੱਗ ਲਾ ਕੇ ਤਮਾਸ਼ਾ ਦੇਖਣ ਵਾਲੇ ਹਜੂੰਮਾਂ ਦੀ ਜੈ ਜੈ ਕਾਰ ਸੀ।ਸਿੱਖ ਧੀਆਂ-ਭੈਣਾਂ ਦੀ ਇਜ਼ਤ ਨਾਲ ਖੇਲਣ ਵਾਲਿਆਂ ਨੂੰ ਰਾਖਸ਼ਿਸ ਬੁੱਧੀ ਦਾ ਪ੍ਰਗਟਾਵਾ ਕਰਨ ਦੀ ਅਜ਼ਾਦੀ ਮਿਲੀ ਹੋਈ ਸੀ ਤੇ ਲਹੂ ਪਸੀਨੇ ਦੀ ਕਮਾਈ ਨਾਲ ਬਣਾਏ ਸਿੱਖਾਂ ਦੇ ਘਰਾਂ,ਦੁਕਾਨਾਂ ਤੇ ਫੈਕਟਰੀਆਂ ਨੂੰ ਅੱਗਾਂ ਦੇ ਭਾਂਬੜਾਂ ਵਿਚ ਬਦਲਣ ਦੀਆਂ ਦਿਲ ਵਲੂੰਧਰਣ ਵਾਲੀਆਂ ਗੱਲਾਂ ਸੁਣ ਕੇ ਦਿਲ ਕੰਬ ਜਾਂਦਾ ਸੀ।ਇਹੋ ਜਿਹੇ ਭਿਅੰਕਰ ਸਮੇਂ ਵਿਚ ਪੰਜਾਬ ਤੋਂ ਬਾਹਰ ਰਹਿਣ ਵਾਲੀ,ਪੰਜਾਂ ਕਕਾਰਾਂ ਤੇ ਕੇਸਰੀ ਕੇਸਕੀ ਦਾ ਨੇਮ ਨਿਭਾਉਂਦੀ ਹੋਈ ਸਿੰਘਣੀ ਵਲ ਦੇਖ ਕੇ ਹੈਰਾਨੀ ਹੋ ਰਹੀ ਸੀ।

ਉਸਨੇ ਬੀਬੀ ਜੀ ਨੂੰ ਬਲਦੀ ਅੱਗ ਵਿਚੋਂ ਹੱਥ ਦੇ ਕੇ ਰੱਖਣ ਵਾਲੇ ਸਰਵ-ਕਲਾ-ਸਮਰੱਥ ਸਤਿਗੁਰਾਂ ਦਾ ਅੰਗ ਸੰਗ ਰਹਿ ਕੇ ਰੱਖਿਆ ਕਰਨ ਦਾ ਸਾਰਾ ਬ੍ਰਿਤਾਂਤ ਸੁਣਾਇਆ ਤੇ ਫਿਰ **ਕਲਗੀਆਂ ਵਾਲੇ ਦੇ ਲੱਖ ਲੱਖ ਸ਼ੁਕਰਾਨੇ ਕਰਦੀ ਹੋਈ, ਅੱਗ ਦੀ ਲਪੇਟ ਵਿਚੋਂ ਗੁਰੂ ਕਿਰਪਾ ਨਾਲ ਬਚੀ ਹੋਈ ਆਪਣੀ ਫੈਕਟਰੀ ਦੀ ਆਮਦਨ ਦਾ ਦਸਵੰਧ ਦੇਣ ਲਈ ਸੂਰਾ ਮੈਗਜ਼ੀਨ ਦੇ ਸਟਾਲ ਵੱਲ ਤੁਰ ਪਈ।**

# ਸੁਗੰਧੀਆਂ

ਦੁਨੀਆਂ ਦੀ ਭੱਜ-ਦੌੜ ਦਾ ਘੱਟਾ ਤੇ ਸਾਡੇ ਬੁਰੇ ਕਰਮਾਂ ਦੀ ਮਿੱਟੀ ਨੇ ਸਾਡੇ ਅੰਦਰ ਛੁਪੇ ਸੁੰਦਰਤਾ ਦੇ ਸੋਮਿਆਂ ਦੇ ਮੂੰਹ ਬੰਦ ਕੀਤੇ ਹੋਏ ਹਨ।ਨਾਮ ਬਾਣੀ ਦੀ ਕਮਾਈ,ਸੇਵਾ,ਤਿਆਗ ਅਤੇ ਸੱਚੀ ਸੁੱਚੀ ਕਿਰਤ ਦੀ ਰੰਬੀ ਨਾਲ ਖੁਰਚ ਖੁਰਚ ਕੇ ਇਨ੍ਹਾਂ ਦੇ ਮੂੰਹ ਨੰਗੇ ਕੀਤੇ ਜਾ ਸਕਦੇ ਹਨ।ਲਿਵ ਦੀਆਂ ਡੋਰਾਂ ਵਿਚ ਬੱਝ ਕੇ,ਸਤਿਗੁਰੂ ਜੀ ਦੀ ਅਪਾਰ ਕਿਰਪਾ ਨਾਲ ਜਦੋਂ ਇਹ ਸੋਮੇਂ ਫੁੱਟਦੇ ਹਨ ਤਾਂ ਗੁਰਮੁਖ ਜੀਊੜੇ ਅੰਤਰ-ਆਤਮਾ ਦੇ ਖੇੜੇ ਦੇ ਨਾਲ ਨਾਲ ਸਰੀਰਕ ਤੌਰ ਤੇ ਭੀ ਸ਼ਾਂਤ ਹੋ ਜਾਂਦੇ ਹਨ,ਸੋਹਣੇ ਹੋ ਜਾਂਦੇ ਹਨ, ਲਿਸ਼ਕ ਜਾਂਦੇ ਹਨ,ਮਹਿਕ ਜਾਂਦੇ ਹਨ ਤੇ ਵਿਸਮਾਦੀ ਰੰਗਾਂ ਨਾਲ ਭਰ ਜਾਂਦੇ ਹਨ।ਉਨ੍ਹਾਂ ਦੇ ਜਿਸਮ ਦੀ ਚਮੜੀ ਰੇਸ਼ਮ ਵਾਂਗੂੰ ਨਰਮ ਹੋ ਜਾਂਦੀ ਹੈ।ਦਸਮ-ਦੁਆਰ ਦਾ ਰਸ ਚਖਦੇ ਹੋਏ ਨਾਮ-ਖੁਮਾਰੀ ਦੀਆਂ ਪੀਂਘਾਂ ਝੂਟਦੇ ਹਨ।

ਕਈ ਵਾਰੀ ਅਜਿਹੇ ਨਾਮ-ਬਾਣੀ ਦੇ ਰਸੀਆਂ ਕੋਲੋਂ ਸੁਗੰਧੀ ਆਉਣ ਲੱਗ ਪੈਂਦੀ ਹੈ।




ਇਕ ਵਾਰੀ ਬੀਬੀ ਗੁਰਦੀਪ ਕੌਰ ਜੀ ਨੇ **ਸੰਤ ਬਾਬਾ ਕਰਤਾਰ ਸਿੰਘ ਜੀ ਭਿੰਡਰਾਂ ਵਾਲਿਆਂ** ਕੋਲ ਜਾ ਕੇ ਆਪਣੇ ਘਰ ੧੦੧ ਅਖੰਡ ਪਾਠ ਕਰਵਾਉਣ ਦੀ ਇੱਛਾ ਪਰਗਟ ਕੀਤੀ।ਐਨੇ ਵਡੇ ਕਾਰਜ ਲਈ ਸੰਤ ਜੀ ਛੇਤੀ ਕੋਈ ਇੰਤਜ਼ਾਮ ਨਾ ਕਰ ਸਕੇ ਤੇ ਉਨ੍ਹਾਂ ਨੇ ਲੰਬੀ ਤ੍ਰੀਖ ਦੇ ਦਿਤੀ।ਪਰ ਬੀਬੀ ਜੀ ਲਈ ਇਤਨੀ ਦੇਰ ਉਡੀਕ ਕਰਨੀ ਮੁਸ਼ਕਿਲ ਸੀ।ਉਨ੍ਹਾਂ ਅਰਦਾਸ ਕਰਕੇ ਸਹਿਜ ਪਾਠ ਅਰੰਭ ਕਰ ਲਿਆ ਤੇ ਪੰਜਵੇਂ ਦਿਨ ਭੋਗ ਪਾ ਕੇ ਦੂਜਾ ਪਾਠ ਅਰੰਭ ਕਰ ਲਿਆ।ਫਿਰ ਇਸੇ ਤ੍ਰਾਂ ਹੀ ਪਾਠਾਂ ਦੀ ਲੜੀ ਚਲ ਪਈ।ਬਿਨਾਂ ਕਿਸੇ ਦੇ ਸਾਥ ਤੋਂ ਹਰ ਚੌਥੇ,ਪੰਜਵੇਂ ਜਾਂ ਛੇਵੇਂ ਦਿਨ ਪਾਠ ਦਾ ਭੋਗ ਪਾ ਕੇ ਹੋਰ ਪਾਠ ਅਰੰਭ ਕਰ ਲੈਂਦੇ।ਇੱਕਲਿਆਂ ਨੇ ਹੀ ੧੦੭ ਪਾਠ ਪੂਰੇ ਕਰ ਲਏ।ਇਨ੍ਹਾਂ ਦਿਨਾਂ ਵਿਚ ਉਨ੍ਹਾਂ ਨੂੰ ਆਪਣੇ ਆਪ ਦੀ ਸੰਭਾਲ,ਅਰਾਮ ਅਤੇ ਨੀਂਦ ਦਾ ਕੋਈ ਖਿਆਲ ਨਹੀਂ ਸੀ ਰਹਿੰਦਾ।ਬਹੁਤਾ ਸਮਾਂ ਗੁਰੂ ਜੀ ਦੀ ਤਾਬਿਆ ਵਿਚ ਬੈਠ ਕੇ ਪਾਠ

ਕਰਨ ਵਿਚ ਹੀ ਬਿਤਾਉਂਦੇ ਸਨ।ਕਈ ਵਾਰੀ ਰਾਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਹੀ ਸੌਂ ਜਾਂਦੇ ਸਨ।ਉਹਨਾਂ ਦੀ ਸੁਰਤੀ ਗੁਰੂ ਚਰਨਾਂ ਵਿਚ ਹੀ ਖੁੱਭੀ ਰਹਿੰਦੀ ਸੀ।ਪ੍ਰੇਮ ਤੇ ਸ਼ਰਧਾ ਨਾਲ ਇਲਾਹੀ ਬਾਣੀ ਦਾ ਉਚਾਰਣ ਕਰਦਿਆਂ ਉਨ੍ਹਾਂ ਨੂੰ ਇਸ ਤਰ੍ਹਾਂ ਲਗਦਾ,ਜਿਵੇਂ ਉਹ ਬਾਣੀ ਦੀ ਰਚਨਾਂ ਕਰਨ ਵਾਲੇ ਗੁਰੂਆਂ ਭਗਤਾਂ ਤੇ ਫਕੀਰਾਂ ਦੀ ਸੰਗਤ ਕਰ ਰਹੇ ਹੋਣ।ਅੰਮ੍ਰਿਤ ਬਾਣੀ ਉਚਾਰਣ ਵਾਲਿਆਂ ਨਾਲ ਮੇਲ ਮਿਲਾਪ ਕਰ ਰਹੇ ਹੋਣ ਤੇ ਉਨ੍ਹਾਂ ਦਾ ਅਸ਼ੀਰਵਾਦ ਪ੍ਰਾਪਤ ਕਰ ਰਹੇ ਹੋਣ।ਬਾਣੀ ਵਿਚ ਲੀਨ ਹੋ ਕੇ ਇਲਾਹੀ-ਮੰਡਲਾਂ ਵਿਚ ਪਹੁੰਚ ਕੇ ਖੰਡਾਂ ਬ੍ਰਹਮੰਡਾਂ ਦੀ ਸੈਰ ਕਰ ਆਉਂਦੇ ਤੇ ਦਰਸ਼ਨ ਦੀਦਾਰਿਆਂ ਦੇ ਸ਼ਬਦ ਪ੍ਰੜ ਕੇ ਪਿਆਰੇ ਪ੍ਰੀਤਮ ਦੀਆਂ ਦਰਸ਼ਨ ਝਲਕਾਂ ਪ੍ਰਾਪਤ ਕਰਨ ਲਈ ਜੋਦੜੀਆਂ ਕਰਨ ਲੱਗ ਪੈਂਦੇ।ਕਦੀ ਲੋਰ ਵਿਚ ਆ ਕੇ ਇਕੋ ਹੀ ਤੁਕ ਨੂੰ ਵਾਰ ਵਾਰ ਉਚਾਰਣ ਕਰ ਕੇ ਅਨੰਦ ਮਾਣਦੇ ਰਹਿੰਦੇ।ਧੁਰ ਕੀ ਬਾਣੀ ਦੇ ਰੰਗ ਰਸ ਮਾਣਦਿਆਂ,ਬਾਣੀ ਦੇ ਅੰਤਰੀਵ-ਭਾਵਾਂ ਦੀ ਮਹਿਕ ਅੰਤਰ-ਆਤਮਾ ਵਿਚ ਜਾ ਖਿੜਦੀ।ਅਗਮ ਅਗੋਚਰ ਦੀ ਅਕੱਥ ਦੀ ਕਥਾ ਦੇ ਸੁੰਦਰ ਦ੍ਰਿਸ਼ ਪ੍ਰਗਟ ਹੋ ਜਾਂਦੇ।ਅਦ੍ਰਿਸ਼ਟ ਦੇ ਦ੍ਰਿਸ਼ਟਾਂਤ ਦਿਸ ਪੈਂਦੇ ਤੇ ਫਿਰ ਇਕ ਹੋਰ ਸਚਾਈ ਸਾਹਮਣੇ ਆਈ ਕਿ ਬਾਣੀ ਦੇ ਰੰਗ-ਰਸ ਦੀ ਪਾਰਸ-ਕਲਾ ਉਨ੍ਹਾਂ ਦੇ ਸਰੀਰ ਰਾਹੀ ਵੀ ਪ੍ਰਗਟ ਹੋਣ ਲੱਗੀ।ਸਤਿਗੁਰਾਂ ਦੀ ਕਿਰਪਾ ਨਾਲ ਸੁਗੰਧੀਆਂ ਦੀ ਖਾਸ ਬਖਸ਼ਿਸ਼ ਹੋਈ।ਉਨ੍ਹਾਂ ਕੋਲੋਂ ਆ ਰਹੀ ਭਿੰਨੀ ਭਿੰਨੀ ਸੁਗੰਧੀ ਦੇਖ ਸਾਰੇ ਹੈਰਾਨ ਹੁੰਦੇ ਸਨ।ਇਕ ਵਾਰੀ ਕੋਈ ਮਹਿਮਾਨ ਆ ਕੇ ਕਹਿੰਦਾ;-" ਬੀਬੀ ਜੀ ਨੇ ਸੈਂਟ ਬਹੁਤ ਵਧੀਆ ਕਿਸਮ ਦਾ ਲਗਾਇਆ ਹੋਇਆ ਹੈ। "ਅਗੋਂ ਉਨ੍ਹਾਂ ਹੱਸ ਕੇ ਗਲ ਟਾਲ ਦਿਤੀ ਤੇ ਦਿਲ ਹੀ ਦਿਲ ਵਿਚ ਅੰਤਾਂ ਦੀਆਂ ਮਿੱਠੀਆਂ ਤੇ ਰਸੀਲੀਆਂ ਸੁਗੰਧੀਆਂ ਦੀ ਬੁੱਕਲ ਵਿਚ ਲਪੇਟ ਕੇ ਲਾਡ ਲੁਡਾਉਣ ਵਾਲੇ ਸਾਹਿਬ ਤੋਂ ਬਲਿਹਾਰੇ ਜਾਣ ਲੱਗੇ।ਮਸਤੀਆਂ ਦੀ ਭੂਰ ਵਿਚ ਭਿਓਂ ਕੇ ਰੋਮ ਰੋਮ ਵਿਚੋਂ ਪ੍ਰੇਮ-ਰਸ ਦੀਆਂ ਝਰਨ੍ਹਾਟਾਂ ਛਿੜਵਾਉਣ ਵਾਲੇ ਤੋਂ ਕੁਰਬਾਨ ਜਾਣ ਲਗੇ।ਜਦੋਂ ਇਸ ਸਚਾਈ ਦਾ ਪਤਾ ਲੱਗ ਜਾਵੇ ਕਿ ਇਹ ਸੁਗੰਧੀ ਦੁਨਿਆਵੀ ਸੁਗੰਧੀ ਨਹੀਂ ਹੈ,ਸਗੋਂ ਭਗਤੀ-ਭੰਡਾਰਾਂ ਦਾ ਕੋਈ ਇਲਾਹੀ ਫਲ ਸਾਡੀ ਝੋਲੀ ਵਿਚ ਪਾ ਕੇ ਸੁਗੰਧੀਆਂ ਦੇ ਰਚਨਹਾਰੇ ਨੇ ਸਾਡਾ ਮੂੰਹ ਮਿੱਠਾ ਕਰਵਾ ਕੇ ਸ਼ਰਣ ਪਿਆਂ ਦੀ ਲਾਜ ਰਖੀ ਹੈ।

**ਉਲਾਹਨੋ ਮੈ ਕਾਹੂ ਨ ਦੀਓ॥ ਮਨ ਮੀਠ ਤੁਹਾਰੋ ਕੀਓ॥**

**ਪੰਨਾ ੯੭੮**

ਤਾਂ ਫਿਰ ਨਾਮ-ਬਾਣੀ ਵਿਚ ਸੁਰਤੀ ਟਿਕਾਉਣ ਲਈ ਚਾਅ-ਉਮਾਹ ਬਣਿਆ ਰਹਿੰਦਾ ਹੈ।ਧਰਤੀ ਉਤੇ ਪੈਰ ਨਹੀ ਟਿਕਦੇ ਤੇ ਸਾਹਾਂ ਵਿਚ ਸੁਗੰਧੀਆਂ ਦੀ ਡੋਰ ਉਤੇ ਨਾਮ ਸਿਮਰਨ ਦੀ ਪੀਂਘ ਪਈ ਰਹਿੰਦੀ ਹੈ।

ਕਈ ਨਾਮ-ਰਸੀਆਂ ਦੇ ਕਥਨ ਅਨੁਸਾਰ ਇਹ ਸੁਗੰਧੀਆਂ,ਪ੍ਰਕਾਸ਼ ਝਲਕਾਂ ਤੇ ਅੰਤਰਯਾਮਤਾ ਆਦਿ ਪ੍ਰਾਹੁਣੀਆਂ ਹੀ ਹੁੰਦੀਆ ਹਨ।ਭਗਤਾਂ ਦੀ ਜ਼ਿੰਦਗੀ ਵਿਚ ਪ੍ਰਾਹੁਣੀਆਂ ਵਾਂਗੂੰ ਆ ਕੇ ਚਲੇ ਜਾਂਦੀਆਂ ਹਨ ਕਿਉਂਕਿ ਭਗਤੀ ਦੇ ਇਸ ਪੜਾ ਉਤੇ ਪਹੁੰਚ ਕੇ ਹਉਮੈ ਦੀ ਅਤਿ ਦੀ ਤਿਲਕਣ-ਬਾਜੀ ਵਿਚ ਅੱਗੇ ਤੁਰਨਾਂ ਸੌਖੀ ਗਲ ਨਹੀਂ ਹੈ।ਕਈ ਵਾਰੀ ਘਰੋਗੀ,ਸਮਾਜਿਕ ਜਾਂ ਰਾਜਨੀਤਕ ਮਸਲਿਆਂ ਦੀ ਖਿੱਚੋਤਾਣ

ਅੱਗੇ ਵਧਣ ਵਿਚ ਰੁਕਾਵਟ ਪਾਉਂਦੀ ਹੈ।ਕੋਈ ਵਿਰਲਾ ਹੀ ਪਾਰ ਲੰਘਦਾ ਹੈ।ਇਸ ਤਿਲਕਣ ਨੂੰ ਪਾਰ ਕਰਨ ਵਿਚ ਕਾਮਯਾਬੀ ਪ੍ਰਾਪਤ ਕਰਨ ਵਾਲੇ ਮਹਾਂ ਪੁਰਖਾਂ ਦਾ ਕਹਿਣਾਂ ਹੈ ਕਿ ਕਲਿਯੁਗ ਵਿਚ ਨਾਮ-ਬਾਣੀ ਦੀ ਕਮਾਈ ਕਰਨ ਵਾਲਿਆਂ ਨੂੰ ਭਗਤੀ ਦਾ ਫਲ ਬਹੁਤ ਛੇਤੀ ਪ੍ਰਾਪਤ ਹੋ ਜਾਂਦਾ ਹੈ।ਇਸ ਲਈ ਜਪ ਤਪ ਦੀ ਸਾਧਨਾਂ ਤੇ ਗੁਰੂ ਦੀ ਮੇਹਰ ਨਾਲ ਜਦੋਂ ਮਨੁੱਖ ਦੇ ਅੰਦਰ ਨਾਮ ਦਾ ਦੀਵਾ ਜਗ ਪੈਂਦਾ ਹੈ ਤਾਂ ਇਸ ਦੀਵੇ ਦੀ ਲੋਅ ਦਾ ਸਾਨੂੰ ਕਲਿਯੁਗੀ ਜੀਵਾਂ ਨੂੰ ਪਤਾ ਨਹੀਂ ਲਗਦਾ ਪਰ ਦੇਵੀ ਦੇਵਤਿਆਂ ਦੀਆਂ ਪੁਰੀਆਂ ਵਿਚ ਉਸੇ ਵੇਲੇ ਹੀ ਦੀਵੇ ਦੇ ਜਗਣ ਦੀ ਖਬਰ ਹੋ ਜਾਂਦੀ ਹੈ।ਫਿਰ ਦੇਵ ਪੁਰੀਆਂ ਦੇ ਵਸਨੀਕ ਰਿੱਧੀਆਂ ਸਿੱਧੀਆਂ,ਸੁਗੰਧੀਆਂ,ਅੰਤਰਯਾਮਤਾ ਤੇ ਭਵਿੱਖ ਬਾਣੀਆਂ ਆਦਿ ਦੇ ਮਨ-ਮੋਹਕ ਤੋਹਫੇ ਲੈ ਕੇ ਪਹੁੰਚ ਜਾਂਦੇ ਹਨ।ਜਿਸ ਤਰ੍ਹਾਂ ਕਿਸੇ ਦੇ ਘਰ ਬੱਚਾ ਪੈਦਾ ਹੋਵੇ ਤਾਂ ਅਸੀਂ ਤੋਹਫੇ ਦੇ ਤੌਰ 'ਤੇ ਬੱਚੇ ਦੇ ਖੇਡਣ ਲਈ ਸੋਹਣੇ ਸੋਹਣੇ ਖਿਡੌਣੇ ਲੈ ਕੇ ਜਾਂਦੇ ਹਾਂ। ਉਸੇ ਤ੍ਰਾਂ ਹੀ ਦੇਵੀ ਦੇਵਤੇ ਭੀ ਦਿਲ ਪਰਚਾਉਣ ਵਾਲੇ ਤੋਹਫੇ ਲੈ ਕੇ ਹਾਜ਼ਰ ਹੋ ਜਾਂਦੇ ਹਨ।ਉਸ ਵੇਲੇ ਇ੍ਹਨਾਂ ਤੋਹਫਿਆਂ ਦੀ ਰੰਗੀਲੀ ਖੇਡ ਵਿਚ ਰਿਝਾ ਕੇ ਦੇਵ-ਪੁਰੀਆਂ ਦੇ ਵਸਨੀਕ ਭਗਤ-ਜਨਾਂ ਨੂੰ ਮਨੁੱਖਾ ਦੇਹੀ ਦੀ ਅਸਲੀ ਮੰਜਿਲ(ਅੰਮ੍ਰਿਤ-ਰਸ)ਦੀ ਪ੍ਰਾਪਤੀ ਤੋਂ ਦੂਰ ਰਖਣ ਵਿਚ ਅਕਸਰ ਕਾਮਯਾਬੀ ਪ੍ਰਾਪਤ ਕਰ ਹੀ ਲੈਂਦੇ ਹਨ। ਗੁਰੂ ਕਿਰਪਾ ਨਾਲ ਹੀ ਕੋਈ ਇਨ੍ਹਾਂ ਤੋਹਫਿਆਂ ਨੂੰ ਅਣ-ਦੇਖਿਆਂ ਕਰਕੇ ਅਗੇ ਪੈਰ ਪੁਟੱਦਾ ਹੈ।ਪਰ ਜਿਹੜੇ ਇਸ ਬਿਖੜੀ ਘਾਟੀ ਨੂੰ ਪਾਰ ਕਰ ਲੈਂਦੇ ਹਨ ਉਹ ਇਨ੍ਹਾਂ ਪ੍ਰਾਹੁਣੀਆਂ ਨੂੰ ਦਾਸੀਆਂ ਬਣਾ ਕੇ ਸਦਾ ਲਈ ਆਪਣੇ ਕੋਲ ਟਿਕਾ ਕੇ ਬਿਠਾ ਲੈਂਦੇ ਹਨ।

**ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ**

**ਜੋ ਹਰਿ ਹਿਰਦੈ ਸਦਾ ਵਸਾਇ ॥**

**(ਪੰਨਾ ੬੪੯)**

ਇਸ ਖਾਸ ਕਿਸਮ ਦੀ ਸੁਗੰਧੀ ਦੇ ਘੁੱਟ ਭਰਦਿਆਂ ਮਸਤੀ ਦੇ ਬੁੱਲੇ ਪਲਕਾਂ ਦੇ ਦਰਵਾਜੇ ਢੋਅ ਦਿੰਦੇ ਹਨ।ਧੁਰ-ਅੰਦਰੋਂ ਫੁੱਟੇ ਰੰਗਾਂ ਰਸਾਂ ਤੇ ਖੇੜਿਆਂ ਦੇ ਅੰਬਾਰਾਂ ਵਿਚੋਂ ਨਿਕਲਦੀਆਂ ਅਨਹਦ ਸ਼ਬਦ ਦੀਆਂ ਗੁੰਜਾਰਾਂ ਦੀ ਪ੍ਰਪਤੀ ਲਈ ਭਗਤ-ਜਨ ਕਰੜੀਆਂ ਘਾਲਣਾਂ ਘਾਲਣ ਪਿਛੋਂ ਪਰਮ-ਅਨੰਦ ਦੀ ਅਵਸਥਾ ਪ੍ਰਾਪਤ ਕਰਦੇ ਹਨ।

**ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ ਹਰਿ ਚੰਦਨ ਵਾਸੁ ਸੁਗੰਧ ਗੰਧਈਆ ॥**

**ਮਿਲਿ ਸਤਸੰਗਤਿ ਪਰਮ ਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ ॥**

**(ਪੰਨਾਂ ੮੩੩-੮੩੪)**

ਯੋਗੀ ਲੋਕ ਸਿਰ ਮੁਨਵਾਉਂਦੇ ਹਨ,ਕੰਨ ਪੜਵਾ ਕੇ ਮੁੰਦਰਾਂ ਪਵਾਉਂਦੇ ਹਨ,ਸਰੀਰ ਉਤੇ ਭਸਮ ਮਲ ਕੇ ਤੀਰਥਾਂ ਦੇ ਇਸ਼ਨਾਨ ਕਰਨ ਜਾਂਦੇ ਹਨ।ਕੋਈ ਮੜ੍ਹੀਆਂ ਮਸਾਣਾਂ ਵਿਚ ਜਾਂਦਾ ਹੈ ਤੇ ਕੋਈ ਘਰ

ਘਰ ਜਾ ਕੇ ਅਲਖ ਜਗਾਉਂਦਾ ਹੈ।ਕੋਈ ਸੰਨਿਆਸੀ ਬਣ ਕੇ ਘਰ ਬਾਰ ਤਿਆਗ ਕੇ ਜੰਗਲਾਂ ਵਿਚ ਘੁੰਮਦਾ ਹੈ ਪਰ ਗੁਰਸਿਖੀ-ਯੋਗ ਵਿਚ 'ਜੀਵਤਿਆ ਮਰ ਰਹੀਏ'ਵਾਲੀ ਵਿਧੀ ਨੂੰ ਅਪਣਾ ਕੇ ਬੀਬੀ ਗੁਰਦੀਪ ਕੌਰ ਜੀ ਵਰਗੇ ਆਪਣੇ ਸੋਹਣੇ ਸਾਫ-ਸੁਥਰੇ ਘਰ ਵਿਚ ਬੈਠੇ ਹੀ ਯੋਗ ਕਮਾ ਲੈਂਦੇ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਬੈਠਿਆਂ ਪ੍ਰੇਮ-ਯੋਗ ਦੀ ਸਾਧਨਾ ਕਰਕੇ ਰੂਹਾਨੀ ਮੰਜਿਲਾਂ ਤਹਿ ਕਰ ਲੈਂਦੇ ਹਨ।ਪ੍ਰੇਮ-ਰਸ ਵਿਚ ਲੀਨ ਹੋ ਕੇ ਪ੍ਰਭੂ-ਚਰਨਾਂ ਵਿਚ ਨਿਵਾਸ ਕਰ ਲੈਂਦੇ ਹਨ।ਜਿੱਥੇ ਕੋਈ ਦੁਖ ਦਰਦ ਨਹੀਂ ਤੇ ਦਲਿੱਦਰ ਨੂੰ ਕੋਈ ਥਾਂ ਨਹੀ ਹੁੰਦਾ।ਸਰੀਰਕ ਸੁੱਖ ਅਰਾਮ ਦਾ ਕੋਈ ਖਿਆਲ ਨਹੀ ਰਹਿੰਦਾ ਤੇ ਦੁਖਾਂ ਸੁਖਾਂ ਦੇ ਅਸਰਾਂ ਤੋਂ ਨਿਰਲੇਪ ਹੋ ਕੇ ਬਾਣੀ ਵਿਚ ਲੀਨ ਹੋ ਕੇ ਯੋਗ-ਸਾਧਨਾ ਹੁੰਦੀ ਰਹਿੰਦੀ ਹੈ।ਹੁਣ ਜੰਗਲਾਂ ਵਿਚ ਜਾਣ ਦੀ ਕੀ ਲੋੜ...?

'ਮਨ ਜੀਤੈ ਜਗ ਜੀਤ॥' ਇਸ ਇਲਾਹੀ ਫੁਰਮਾਨ ਵਲ ਧਿਆਨ ਦੇਣ ਦੀ ਲੋੜ ਹੈ।ਜੰਗਲਾਂ ਵਿਚ ਜਾਣ ਦੀ ਥਾਂ ਘਰ ਵਿਚ ਰਹਿ ਕੇ ਹੀ ਘਰ ਦੇ ਝਮੇਲਿਆਂ ਤੋਂ ਛੁਟਕਾਰਾ ਮਿਲਿਆ ਰਹਿੰਦਾ ਹੈ। ਘਰ ਤਾਂ ਕੀ ? ਸਰੀਰ ਦੀ ਵੀ ਸੋਝੀ ਨਹੀਂ ਰਹਿੰਦੀ।ਗਰੀਬੀ ਐਨੀ ਆ ਜਾਂਦੀ ਹੈ ਕਿ ਕੁਝ ਵੀ ਆਪਣਾ ਨਹੀਂ ਲਗਦਾ।ਘਰ ਬਾਰ ਤਾਂ ਕੀ...! ਸ਼ਰੀਰ ਨੂੰ ਵੀ ਆਪਣਾ ਕਹਿਣ ਨੂੰ ਦਿਲ ਨਹੀਂ ਕਰਦਾ।ਦੂਜੇ ਪਾਸੇ ਅਮੀਰੀ ਸਾਰੀਆਂ ਹੱਦ ਬੰਨੇ ਪਾਰ ਕਰ ਜਾਂਦੀ ਹੈ।ਸਿਰਜਨ-ਹਾਰੇ ਦੀ ਸਾਰੀ ਸਿਰਜਨਾ ਹੀ ਆਪਣੀ ਹੋ ਜਾਂਦੀ ਹੈ।ਬਸ...!ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਸਿਰ ਝੁਕਾ ਕੇ ਆਪਾ ਸਮਰਪਿਤ ਕਰਨ ਦੀ ਲੋੜ ਹੈ।ਸ਼ਰਣ ਵਿਚ ਆਉਣ ਵਾਲਿਆਂ ਨੂੰ ਜੁਗੋ-ਜੁਗ ਅਟੱਲ ਦਸੋ ਪਾਤਿਸ਼ਾਹੀਆਂ ਦੀ ਜੋਤ ਸਰੂਪ ਸਤਿਗੁਰੂ ਪਰਗਟ ਰੂਪ ਹੋ ਕੇ ਮਿਲਦੇ ਹਨ,ਸੰਭਾਲਦੇ ਹਨ ਤੇ ਭਗਤੀ ਭੰਡਾਰਾਂ ਨਾਲ ਮਾਲੋ ਮਾਲ ਕਰ ਦਿੰਦੇ ਹਨ।

ਕਿੰਨਾਂ ਸੁੰਦਰ ਯੋਗ ਹੈ...ਕਿੰਨਾ ਅਰਾਮਦਾਇਕ...ਤੇ ਕਿੰਨਾਂ ਸੁਖਦਾਇਕ..! ਗੁਰੂ ਜੀ ਆਪਣੇ ਪਿਆਰਿਆਂ ਦੇ ਦਿਲਾਂ ਵਿਚ ਵਸ ਕੇ,ਉਨ੍ਹਾਂ ਦੀ ਰਸਨਾਂ ਰਾਹੀਂ ਰੱਬੀ ਬਾਣੀ ਦਾ ਉਚਾਰਣ ਆਪ ਕਰਵਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਣ ਕਿਦਾਂ ਗਾਵੀਏ......?ਇਸਦੀ ਮਹਿਮਾਂ ਤਾਂ ਅਪਰੰਪਾਰ ਹੈ।ਬੀਬੀ ਗੁਰਦੀਪ ਕੌਰ ਜੀ ਨੇ ੧੦੭ ਸਹਿਜ ਪਾਠ ਸੰਪੂਰਨ ਕਰਨ ਦਾ ਯੋਗ ਕਮਾਇਆ।ਏਨੀ ਦੇਰ ਉਹ ਦੁਨਿਆਵੀ ਰਿਸ਼ਤਿਆਂ ਤੋਂ ਅਤੇ ਸਰੀਰਕ ਲੋੜਾਂ ਤੋਂ ਅਵੇਸਲੇ ਹੋ ਕੇ ਬਾਣੀ ਨਾਲ ਜੁੜੇ ਰਹੇ।ਬਾਹਰਲੀ ਦੁਨੀਆਂ ਵਲੋਂ ਅੱਖੀਆਂ ਮੀਚ ਲਈਆਂ ਤੇ ਅੰਦਰਲੀਆਂ ਦਰਸ-ਪਿਆਸੀਆਂ ਅਖੀਆਂ ਨਾਲ ਇਲਾਹੀ ਬਾਣੀ ਦੇ ਰੰਗਾਂ ਵਿਚ ਭਿੱਜ ਕੇ ਗੁਰਬਾਣੀ ਵਿਚ ਲੀਨ ਹੋਣ ਦੀ ਕਮਾਈ ਕੀਤੀ।

ਗੁਰਵੰਤ ਕੌਰ ਜੀ ਨੇ ਬੀਬੀ ਜੀ ਦੇ ਇਸ ਯੋਗ ਬਾਰੇ ਇਸ ਤਰ੍ਹਾਂ ਦਸਿਆ;-"ਬੀਬੀ ਜੀ ਦੇ ਦਿਲ ਵਿਚ ੧੦੧ ਅਖੰਡ ਪਾਠ ਕਰਵਾਉਣ ਦੀ ਬੜੀ ਰੀਝ ਸੀ ਪਰ ਜਦੋਂ ਵਾਹਿਗੁਰੂ ਜੀ ਨੇ ਉਨ੍ਹਾਂ ਨੂੰ ਆਪ ਹੀ ਪਾਠ ਕਰਨ ਦੀ ਸਮਰੱਥਾ ਦੇ ਦਿਤੀ ਤਾਂ ੧੦੧ ਪਾਠ ਪੂਰੇ ਹੋਣ ਪਿਛੋਂ ਉਨ੍ਹਾਂ ਨੇ ਹੋਰ ੬ ਸਹਿਜ ਪਾਠ,ਜਿਹੜੇ ਉਹ ਹਰ ਸਾਲ ਪਰਿਵਾਰ ਦੇ ਸਵਰਗ-ਵਾਸੀ ਜੀਆਂ ਲਈ ਕਰਦੇ ਹੁੰਦੇ ਸੀ,ਉਹ ਵੀ ਪੂਰੇ ਕਰ ਲਏ।

ਪਾਠ ਸ਼ੁਰੂ ਕਰਨ ਤੋਂ ਪਹਿਲੇ ਉਨ੍ਹਾਂ ਦੀ ਸਭ ਤੋਂ ਪਿਆਰੀ ਸਤ-ਸੰਗਣ ਮਾਤਾ ਰਾਮ ਕੌਰ ਜੀ ਭਗਤੀ ਦੇ ਰਸਤੇ ਉਤੇ ਇਸ ਕਰੜੀ ਘਾਲਣਾਂ ਤੇ ਵਿਚਾਰ ਕਰਨ ਲਈ ਘਰ ਆਏ।ਉਹ ਬਚਪਨ ਤੋਂ ਹੀ ਆਪਣੇ ਸੰਤ ਪਿਤਾ ਅਤੇ ਹੋਰ ਮਹਾਂ ਪੁਰਸ਼ਾਂ ਦੀ ਸੰਗਤ ਵਿਚ ਜਪ-ਤਪ ਵਿਚ ਲੀਨ ਹੋਣ ਲਈ ਸਮਾਧੀਆਂ ਲਗਾਉਣ ਦੇ ਸ਼ੌਕ ਹੰਢਾਉਂਦੇ ਰਹੇ ਸਨ ਤੇ ਉਨ੍ਹਾਂ ਦਾ ਸਾਰਾ ਜੀਵਨ ਇਲਾਹੀ ਕ੍ਰਿਸ਼ਿਮਿਆਂ ਅਤੇ ਸੇਵਾ ਸਿਮਰਨ ਦੀ ਕਮਾਈ ਦੀ ਇਕ ਅਨੋਖੀ ਮਿਸਾਲ ਸੀ। ਰੂਹਾਨੀ ਰਾਹਾਂ ਦੀਆਂ ਗੂੜ੍ਹੀਆਂ ਰਮਜ਼ਾਂ ਨੂੰ ਸਮਝਦੇ ਸਨ।ਉਨ੍ਹਾਂ ਬੀਬੀ ਜੀ ਨੂੰ ਸਮਝਾਇਆ ਕਿ ਜਿਸ ਚਾਤ੍ਰਿਕ-ਮਨ ਦੀ ਪਿਆਸ ਨਾਲ ਉਨ੍ਹਾਂ ਲੰਬੇ ਸਮੇਂ ਤਕ ਜਪ-ਤਪ ਕਰਨ ਦਾ ਪੱਕਾ ਇਰਾਦਾ ਬਣਾਇਆ ਹੋਇਆ ਹੈ ਉਸ ਹਿਸਾਬ ਨਾਲ ਪਾਠ ਕਰਦੇ ਸਮੇਂ ਕਈ ਅਦਭੁੱਤ ਘੱਟਨਾਵਾਂ ਵਾਪਰ ਸਕਦੀਆਂ ਹਨ।ਪ੍ਰਕਾਸ਼ ਦਰਸ਼ਨ,ਗੁਰੂ ਦਰਸ਼ਨ ਜਾਂ ਕੋਈ ਹੋਰ ਅਜਿਹਾ ਕ੍ਰਿਸ਼ਿਮਾਂ ਦਿਖੇ ਤਾਂ ਉਸ ਸਮੇਂ ਅਜਰ ਨੂੰ ਜਰਨ ਲਈ ਸਤਿਗੁਰੂ ਜੀ ਅਗੇ ਬੇਨਤੀ ਕਰਨੀ ਹੈ ਤੇ ਜੇਕਰ ਸੱਪ ਜਾਂ ਕੋਈ ਹੋਰ ਅਜਿਹੀ ਡਰਾਉਣੀ ਚੀਜ਼ ਦਿਖੇ ਤਾਂ ਘਬਰਾਉਣਾ ਨਹੀਂ ਹੈ।

ਬੀਬੀ ਜੀ ਨੇ ਬੜੇ ਸਿਦਕ ਅਤੇ ਭਰੋਸੇ ਨਾਲ ਪਾਠ ਕਰਨਾਂ ਸ਼ੁਰੂ ਕਰ ਦਿਤਾ।ਛੇਤੀ ਹੀ ਬੜੀਆਂ ਹੈਰਾਨੀ ਵਾਲੀਆਂ ਗਲਾਂ ਹੋਣੀਆਂ ਸ਼ੁਰੂ ਹੋ ਗਈਆਂ।ਖਾਸ ਕਰਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਪ੍ਰਕਾਸ਼ ਦਰਸ਼ਨ, ਪ੍ਰਕਾਸ਼ ਵਿਚ ਹੀ ਬਹੁਤ ਭਾਰੇ ਨਾਗ ਦੇ ਦਰਸ਼ਨ ਤੇ ਸ਼ਹੀਦਾਂ ਸਿੰਘਾਂ ਦੇ ਦਰਸ਼ਨ।ਪਰ ਸਭ ਤੋਂ ਜ਼ਿਆਦਾ ਹੈਰਾਨੀ ਇਸ ਗਲ ਇਹ ਦੀ ਸੀ ਕਿ ਬੀਬੀ ਜੀ ਜਿਥੋਂ ਦੀ ਲੰਘਦੇ ਸੀ ਉਥੇ ਸੁਗੰਧੀਆਂ ਖਿਲਰ ਜਾਂਦੀਆਂ ਸਨ।ਸਾਨੂੰ ਸਾਰੇ ਪਰਿਵਾਰ ਨੂੰ ਪਤਾ ਸੀ ਕਿ ਘਰ ਵਿਚ ਇਹੋ ਜਿਹੀ ਰੂਹ ਨੂੰ ਖਿੜਾਉਣ ਵਾਲੀ ਸੁਗੰਧਿਤ ਚੀਜ਼ ਕੋਈ ਨਹੀਂ ਹੈ।ਇਸ ਲਈ ਬੜੀ ਹੈਰਾਨੀ ਹੋ ਰਹੀ ਸੀ ਪਰ ਨਾਲ ਹੀ ਭਗਤੀ ਦੀਆਂ ਅਚੰਭਿਤ ਕਰਨ ਵਾਲੀਆਂ ਭੇਦ-ਭਰੀਆਂ ਗਲਾਂ ਦੀ ਸਮਝ ਆ ਰਹੀ ਸੀ।ਬੀਬੀ ਜੀ ਦੇ ਹੱਥਾਂ ਨੂੰ ਸੁੰਘ ਕੇ ਬੱਚੇ ਸੁਗੰਧੀਆਂ ਦਾ ਰੰਗ ਮਾਣਦੇ ਸਨ।ਉਹ ਪਰਿਵਾਰ ਦੇ ਜੀਆਂ ਨਾਲ ਬਹੁਤ ਘੱਟ ਗਲ ਬਾਤ ਕਰਦੇ ਸਨ।ਮੈਨੂੰ ਓਨ੍ਹਾਂ ਦੇ ਧਾਰਮਿਕ ਰੰਗ ਜਾਨਣ ਦੀ ਬੜੀ ਲਗਨ ਲਗੀ ਰਹਿੰਦੀ ਸੀ ਇਸ ਲਈ ਜੇ ਕਿਧਰੇ ਕੋਈ ਸੰਤ ਮਹਾਤਮਾਂ ਉਨ੍ਹਾਂ ਨੂੰ ਮਿਲਣ ਲਈ ਘਰ ਆ ਜਾਂਦਾ ਤਾਂ ਮੈਂ ਸੇਵਾ ਦੇ ਬਹਾਨੇ ਕੋਲ ਬੈਠ ਕੇ ਗਲਾਂ ਸੁਣਨ ਦਾ ਲਾਹਾ ਖੱਟ ਕੇ ਖੁਸ਼ ਹੋ ਲੈਂਦੀ ਸੀ।

ਪਾਠ ਅਰੰਭ ਕੀਤਿਆਂ ਹਾਲੇ ਦੋ ਜਾਂ ਤਿੰਨ ਮਹੀਨੇ ਹੀ ਹੋਏ ਹੋਣਗੇ ਕਿ ਪੰਜਾਬ ਦੇ ਹਾਲਾਤ ਬੜੇ ਖਰਾਬ ਹੋ ਗਏ। ਉਨ੍ਹਾਂ ਦਿਨਾਂ ਵਿਚ ਸਿੱਖਾਂ ਉਤੇ ਬੜੀ ਭਾਰੀ ਪਈ ਹੋਈ ਸੀ।ਖਾਸ ਕਰਕੇ ਸਾਡੇ ਇਲਾਕੇ ਵਿਚ ਕਈ ਲੜਕੇ ਝੂਠੇ ਮੁਕਾਬਲੇ ਬਣਾ ਕੇ ਮੁਕਾ ਦਿਤੇ ਗਏ ਸਨ ਤੇ ਬਾਕੀ ਰਹਿੰਦੇ ਹਾਲਾਤਾਂ ਤੋਂ ਤੰਗ ਆ ਕੇ ਘਰੋਂ ਨਿਕਲ ਗਏ ਸਨ,ਭਗੌੜੇ ਹੋ ਗਏ ਸਨ।ਅਜਿਹੇ ਹਾਲਾਤਾਂ ਵਿਚ ਸਾਡਾ ਘਰ ਪਿੰਡ ਤੋਂ ਬਾਹਰ ਖੇਤਾਂ ਵਿਚ ਹੋਣ ਕਰਕੇ ਸਾਨੂੰ ਬੜੀ ਘਬਰਾਹਟ ਹੋ ਰਹੀ ਸੀ।

ਮੇਰਾ ਦਿਓਰ ਉਪਿੰਦਰ ਜੀਤ ਸਿੰਘ ਕਿਸੇ ਰਿੱਧੀਆਂ-ਸਿੱਧੀਆਂ ਵਾਲੇ ਸਿੱਧ ਪੁਰਸ਼ ਨੂੰ ਜਾਣਦਾ ਸੀ। ਉਸਨੇ ਜਾ ਕੇ ਜਪ ਤਪ ਕਰਨ ਵਾਲੇ ਸਿੱਧ ਕੋਲੋਂ ਘਰ ਅਤੇ ਪਰਿਵਾਰ ਦੇ ਜੀਆਂ ਦੀ ਸੁਰੱਖਿਆ ਬਾਰੇ ਪੁੱਛਿਆ।ਸਿੱਧ ਨੇ ਅੱਖੀਆਂ ਮੀਟ ਕੇ ਸਮਾਧੀ ਲਗਾਉਣ ਪਿਛੋਂ ਆਪਣੀ ਭਗਤੀ ਦੀ ਸ਼ਕਤੀ ਨਾਲ ਦੇਖ ਕੇ ਸਾਡੇ ਘਰ ਦੀ ਸਾਰੀ ਬਣਤਰ ਅਤੇ ਆਲੇ ਦੁਆਲੇ ਦਾ ਸਾਰਾ ਨਕਸ਼ਾ ਦੱਸ ਦਿੱਤਾ।ਉਸਨੇ ਬੀਬੀ

ਜੀ ਦੀ ਨਾਮ ਬਾਣੀ ਦੀ ਕਰੜੀ ਘਾਲਣਾਂ ਵਾਲੀ ਭਗਤੀ ਵਾਰੇ ਦਸ ਕੇ ਕਿਹਾ ਕਿ ਉਸਨੂੰ ਸਾਡੇ ਘਰ ਦੇ ਆਲੇ ਦੁਆਲੇ ਹਰ ਪਾਸੇ ਚਿੱਟੇ ਚੋਗਿਆਂ ਵਾਲੇ ਸਿਮਰਨ ਕਰਦੇ ਦਿਖਾਈ ਦਿੱਤੇ ਹਨ।ਇਸ ਲਈ ਕੋਈ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਹੋ ਸਕਦਾ।ਉਸਨੇ ਬੀਬੀ ਜੀ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ।ਉਪਿੰਦਰ ਜੀਤ ਨੇ ਉਸਨੂੰ ਘਰ ਬੁਲਾਇਆ ਤੇ ਬੀਬੀ ਜੀ  ਨਾਲ ਭਗਤੀ ਦੇ ਰੂਹਾਨੀ ਰਾਹਾਂ ਦੀ ਸਾਂਝ ਕਰਵਾਈ।

ਸਿੱਧ ਪੁਰਸ਼ ਦੀ ਇਹ ਗਲ ਸੱਚੀ ਨਿਕਲੀ।ਵਾਹਿਗੁਰੂ ਨੇ ਸਾਨੂੰ ਵ੍ਰਰਦੀ ਅੱਗ ਵਿਚੋਂ ਹੱਥ ਦੇ ਕੇ ਬਚਾਈ ਰੱਖਿਆ।"

ਜਿਥੇ ਨਿਰਸੁਆਰਥ ਭਾਵਨਾਂ ਨਾਲ ਕੋਈ ਪ੍ਰੇਮ-ਭਗਤੀ ਵਿਚ ਲੀਨ ਹੋ ਕੇ ਭਗਤੀ ਦੀ ਚਰਮ-ਸੀਮਾਂ ਉਤੇ ਪਹੁੰਚ ਕੇ ਨਾਮ ਬਾਣੀ ਦੀ ਅਤੁੱਟ ਕਮਾਈ ਕਰ ਰਿਹਾ ਹੋਵੇ ਉਥੇ ਅਣਦਿਸਦੀ ਦੁਨੀਆਂ ਦੇ ਵਸਨੀਕ ਵੀ ਆ ਪਹੁੰਚਦੇ ਹਨ।ਭਗਤੀ ਦੇ ਰੰਗ ਵਿਚ ਵਾਧਾ ਕਰਦੇ ਹਨ ਅਤੇ ਰੁਕਾਵਟਾਂ ਦੂਰ ਕਰਨ ਵਿਚ ਸਹਾਈ ਹੁੰਦੇ ਹਨ।ਪਰ ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਬੀਬੀ ਗੁਰਦੀਪ ਕੌਰ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚੋਂ ਸੁਗੰਧੀਆਂ ਦੀ ਅਨ-ਮੋਲ ਦਾਤ ਪ੍ਰਾਪਤ ਹੋ ਗਈ ਤਾਂ ਸਾਡੇ ਗ੍ਰੰਥੀ ਸਿੰਘ ਜਿਹੜੇ ਸਾਰੀ ਸਾਰੀ ਉਮਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਬਿਤਾਉਂਦੇ ਹਨ,ਉਨ੍ਹਾਂ ਕੋਲੋਂ ਸੁਗੰਧੀਆਂ ਕਿਉਂ ਨਹੀਂ ਆਉਂਦੀਆਂ ? ਇਸ ਦਾ ਜਵਾਬ ਤਾਂ ਇਹ ਹੀ ਹੋ ਸਕਦਾ ਹੈ ਕਿ ਗ੍ਰੰਥੀ ਸਿੰਘਾਂ ਦੀ ਆਤਮਿਕ ਅਵਸਥਾ ਉਚੀ ਸੁੱਚੀ ਹੋਣੀ ਚਾਹੀਦੀ ਹੈ। ਰਹਿਣੀ ਬਹਿਣੀ ਗੁਰਸਿੱਖੀ ਵਾਲੀ ਹੋਣੀ ਚਾਹੀਦੀ ਹੈ।ਜਿਹੜਾ ਗ੍ਰੰਥੀ-ਸਿੰਘ ਨਿਰਸੁਆਰਥ ਭਾਵਨਾਂ ਨਾਲ ਪਰੇਮਾਂ-ਭਗਤੀ ਵਿਚ ਡੁੱਬ ਕੇ ਪਪੀਹੇ ਵਾਲੀ ਕੂਕ-ਪੁਕਾਰ ਕਰਦਿਆਂ ਅੰਮ੍ਰਿਤ ਬਾਣੀ ਨੂੰ ਸੁਆਂਤ ਬੂੰਦਾਂ ਸਮਝ ਕੇ ਪੀਂਦਾ ਹੋਵੇਗਾ ਅਤੇ ਸਰੋਤਿਆਂ ਦੇ ਹਿਰਦਿਆਂ ਨੂੰ ਅੰਮ੍ਰਿਤ ਬਾਣੀ ਦੀ 'ਝਿੰਮ ਝਿੰਮ ਵਰਸੈ ਅੰਮ੍ਰਿਤ ਧਾਰਾ ॥' ਨਾਲ ਸਿੰਜਦਾ ਹੋਵੇਗਾ,ਉਸ ਨੂੰ ਸੁਗੰਧੀਆਂ ਵਰਗੀਆਂ ਇਲਾਹੀ ਦਾਤਾਂ ਦੀ ਬਖਸ਼ਿਸ਼ ਕਰਨ ਲਗਿਆਂ ਦਾਤਾਰ ਪਿਤਾ ਸੰਕੋਚ ਕਿਊਂ ਕਰੇਗਾ?

ਪਰ ਅਫਸੋਸ ਦੀ ਗਲ ਹੈ ਕਿ ਬਹੁਤੇ ਗ੍ਰੰਥੀ ਸਿੰਘਾਂ ਨੇ ਪਾਠ ਕਰਨਾਂ ਰੋਟੀ-ਰੋਜ਼ੀ ਦਾ ਮਸਲਾ ਹੀ ਬਣਾਇਆ ਹੋਇਆ ਹੈ ਤੇ ਲੋਕਾਂ ਨੇ ਪਾਠ ਕਰਵਾਉਣਾਂ ਰੀਤਾਂ ਰਸਮਾਂ ਦੀ ਪੂਰਤੀ ਦਾ ਇਕ ਸਾਧਨ ਬਣਾਇਆ ਹੋਇਆ ਹੈ।ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮਨਾਮਾ ਹੈ ਕਿ ਹਰ ਸਿੱਖ ਨੂੰ ਆਪਣੀ ਕਮਾਈ ਦਾ ਦਸਵੰਧ ਧਰਮ ਪ੍ਰਚਾਰ ਵਿਚ ਜਾਂ ਗੁਰੂ ਘਰ ਦੀ ਸੇਵਾ ਵਿਚ ਲਗਾਉਣਾ ਚਾਹੀਦਾ ਹੈ ਤੇ ਸਮੇਂ ਦਾ ਦਸਵੰਧ ਨਾਮ-ਬਾਣੀ ਅਤੇ ਧਰਮ ਕਰਮ ਵਿਚ ਲਗਾਉਣਾਂ ਚਾਹੀਦਾ ਹੈ।ਨਾਲ ਹੀ ਉਨ੍ਹਾਂ ਗੁਰੂ ਘਰ ਦੇ ਪੁਜਾਰੀਆਂ ਲਈ ਪੂਜਾ ਦਾ ਧੰਨ ਸੋਚ ਸਮਝ ਕੇ ਖਾਣ-ਖਰਚਣ ਦਾ ਇਸ਼ਾਰਾ ਕਰਦਿਆਂ ਹੋਇਆਂ ਕਿਹਾ,-

**ਜੇ ਕੋ ਸਿਖ ਪੁਜਾਰੀ ਅਹੈ॥**

**ਤਨ ਨਿਰਬਾਹ ਮਾਤਰ ਹੀ ਲਹੈ॥ਅਧਿਕ ਹੋਏ ਤੋ ਜਹਾਂ ਤਹਾਂ ਦਹੈ॥**

ਕਾਸ਼....!ਸਾਡੇ ਗ੍ਰੰਥੀ,ਕੀਰਤਨੀਏ ਤੇ ਕਥਾਕਾਰ ਦੁਨਿਆਵੀ ਸੁਖਾਂ ਦੀ ਥਾਂ ਨਾਮ-ਬਾਣੀ ਦੇ ਭੁੱਖੇ ਹੋਣ!ਅਸੀਂ ਉਨ੍ਹਾਂ ਦੀ ਸ਼ਖਸੀਅਤ ਦਾ ਅੰਦਾਜ਼ਾ ਉਨ੍ਹਾਂ ਦੇ ਰਹਿਣ ਸਹਿਣ ਦੇ ਢੰਗ ਤੋਂ ਨਾ ਲਗਾਈਏ ਸਗੋਂ ਉਨ੍ਹਾਂ ਦੀ ਭਗਤੀ ਦੇ ਰੰਗਾਂ ਦੀ ਪ੍ਰਾਪਤੀ ਤੋਂ ਲਗਾਈਏ।ਕਾਸ਼......!ਉਨ੍ਹਾਂ ਦੀ ਰਸਨਾਂ ਰਾਹੀਂ ਸੁਣੀ ਪ੍ਰੇਮ ਬਾਣੀ ਦੀ ਫੁਹਾਰ ਨਾਲ ਮਉਲੀ ਸਾਡੀ ਦਿਲ-ਧਰਤੀ ਉਤੇ ਸੁਗੰਧੀਆਂ ਦੇ ਫੁਲ ਟਹਿਕਣ ਲਗ ਪੈਣ ਤੇ ਅਸੀਂ ਉਨ੍ਹਾਂ ਦੇ ਦਿਲ ਦੀਆਂ ਤਾਰਾਂ ਨਾਲ ਆਪਣੇ ਦਿਲ ਦੀਆਂ ਤਾਰਾਂ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਢਹਿ ਪਈਏ ਤੇ ਮੰਗ ਮੰਗੀਏ,-

**ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥**

**ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ॥**

**ਪੰਨਾਂ ੫੨੬**

**************************

# ਅਮਲੀ ਰਿਖਸ਼ੇ ਵਾਲਾ

ਇਕ ਵਾਰੀ ਬੀਬੀ ਗੁਰਦੀਪ ਕੌਰ ਜੀ ਰਿਖਸ਼ਾ ਉਤੇ ਬੈਠੇ ਬਸ-ਅੱਡੇ ਤੋਂ ਕਿਸੇ ਦੇ ਘਰ ਜਾ ਰਹੇ ਸੀ।ਅਸਮਾਨ ਉਤੇ ਬੱਦਲਾਂ ਦੀ ਘਨਘੋਰ ਘਟਾ ਤੇ ਠੰਡੀ ਮਿਠੀ ਪੌਣ ਮੀਂਹ ਆਉਣ ਦਾ ਸੰਕੇਤ ਦੇ ਰਹੀ ਸੀ।

**ਮੇਘੈ ਨੋ ਫੁਰਮਾਨੁ ਹੋਆ ਵਰਸਹ ਕਿਰਪਾ ਧਾਰ॥ ਪੰਨਾਂ ੧੨੮੫**

ਮਧੁਰ ਬਾਣੀ ਦੇ ਸੁਰ ਬੀਬੀ ਜੀ ਦੇ ਦਿਲ ਦਿਮਾਗ ਵਿਚ ਗੂੰਜਣ ਲਗੇ।ਕਾਲੇ ਸਿਆਹ ਬੱਦਲਾਂ ਨੂੰ ਘੋਲ-ਮਥੋਲ ਹੁੰਦਿਆਂ ਦੇਖ,ਗੁਰੂ-ਪ੍ਰੇਮ ਦੀਆਂ ਘਟਾਵਾਂ ਨੇ ਦਿਲ ਨੂੰ ਘੇਰਾਂ ਪਾਈਆਂ ਤੇ ਅਖੀਆਂ ਰਾਹੀਂ ਵਰਸਣ ਲਈ ਕਾਹਲੀਆਂ ਪਈਆਂ।ਚਾਤ੍ਰਿਕ ਮਨ ਦੀ ਪਿਆਸ ਪੀਹੂ ਪੀਹੂ ਕਰਕੇ ਸਵਾਂਤ ਬੂੰਦ ਲਈ ਕੂਕ-ਪੁਕਾਰ ਕਰਨ ਲਗੀ।ਪਰ ਰਿਖਸ਼ੇ ਵਾਲਾ ਬੇਲੋੜੀਆਂ ਗੱਲਾਂ ਨਾਲ ਬਾਣੀ ਦੇ ਰੰਗ ਵਿਚ ਭੰਗ ਪਾ ਰਿਹਾ ਸੀ।ਜਦੋਂ ਮਨ੍ਹਾਂ ਕਰਨ ਤੇ ਵੀ ਉਹ ਬੋਲਣ ਤੋਂ ਬਿਨਾ ਨਾ ਰਹਿ ਸਕਿਆ ਤਾਂ ਬੀਬੀ ਜੀ ਨੂੰ ਸਮਝ ਆ ਗਈ ਕਿ ਉਸਨੇ ਕੋਈ ਨਸ਼ਾ ਲਿਆ ਹੋਇਆ ਹੈ।ਉਨ੍ਹਾਂ ਆਪਣੀ ਨਾਮ-ਖੁਮਾਰੀ ਨੂੰ ਕਾਇਮ ਰਖਣ ਦੀ ਖਾਤਰ ਰਿਖਸ਼ਾ ਵਾਲੇ ਨੂੰ ਕਿਹਾ ਕਿ ਜੇਕਰ ਉਹ ਚੁੱਪ ਕਰਕੇ ਰਿਖਸ਼ਾ ਚਲਾਏਗਾ ਤਾਂ ਉਸਨੂੰ ਦੁੱਗਣੇ

ਪੈਸੇ ਮਿਲਣਗੇ ਅਤੇ ਜੇਕਰ ਉਹ ਰਿਖਸ਼ਾ ਚਲਾਉਂਦੇ ਸਮੇ ਪੈਡਲ ਮਾਰਦੇ ਹੋਏ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰੇਗਾ ਤਾਂ ਤਿੰਨ ਗੁਣਾਂ ਪੈਸੇ ਮਿਲਣਗੇ ਪਰ ਸ਼ਰਤ ਇਹ ਹੈ ਕਿ ਵਾਹਿਗੁਰੂ ਕਹਿਣ ਤੋਂ ਬਿਨਾ ਹੋਰ ਕੁਝ ਨਾ ਬੋਲੇ।

ਇਹ ਗਲ ਸੁਣ ਕੇ ਰਿਖਸ਼ਾ ਵਾਲਾ ਖੁਸ਼ ਹੋ ਗਿਆ ਤੇ ਮਸਤੀ ਵਿਚ ਝੂੰਮਦਾ ਹੋਇਆ 'ਵਾਹਿਗੁਰੂ' ਦਾ ਜਾਪ ਕਰਨ ਲਗਿਆ।ਠੀਕ ਠਿਕਾਣੇ ਉਤੇ ਪਹੁੰਚ ਕੇ ਬੀਬੀ ਜੀ ਨੇ ਉਸਨੂੰ ਤਿੰਨ ਗੁਣਾਂ ਦੀ ਥਾਂ ਚਾਰ ਗੁਣਾਂ ਪੈਸੇ ਦੇ ਕੇ ਕਿਹਾ ਕਿ ਅਗੇ ਤੋਂ ਹਮੇਸ਼ਾਂ ਉਹ ਰਿਖਸ਼ਾ ਚਲਾਉਂਦੇ ਸਮੇ ਵਾਧੂ ਗੱਲਾਂ ਕਰਨ ਦੀ ਥਾਂ ਵਾਹਿਗੁਰੂ ਦਾ ਜਾਪ ਕਰਦਾ ਹੋਇਆ ਰਿਖਸ਼ਾ ਚਲਾਇਆ ਕਰੇ।ਚੁੱਪ-ਚੁਪੀਤੇ ਪੈਰਾਂ ਦੀ ਤਾਲ ਨਾਲ ਵਾਹਿਗੁਰੂ ਦਾ ਜਾਪ ਕਰਦਾ ਹੋਇਆ ਰਿਖਸ਼ਾ ਚਲਾਵੇਗਾ ਤਾਂ ਉਸਨੂੰ ਕਿਸੇ ਗਲ ਦਾ ਘਾਟਾ ਨਹੀਂ ਰਹੇਗਾ ਤੇ ਉਸਦੇ ਸਾਰੇ ਕਾਰਜ ਰਾਸ ਹੋਣਗੇ।

ਦੋ ਕੁ ਮਹੀਨਿਆਂ ਪਿਛੋਂ ਬੀਬੀ ਜੀ ਕਿਧਰੇ ਜਾਣ ਲਈ ਬੱਸ ਸਟਾਪ ਪਹੁੰਚੇ ਤਾਂ ਕੀ ਦੇਖਦੇ ਹਨ ਕਿ ਉਹੀ ਰਿਖਸ਼ਾ ਵਾਲਾ ਜਿਸ ਦੇ ਮੁੰਨੇ ਹੋਏ ਸਿਰ ਦੇ ਵਾਲਾਂ ਦੀਆਂ ਲਿਟਾਂ ਬੜੇ ਭੈੜੇ ਤਰੀਕੇ ਨਾਲ ਖਿਲਰੀਆਂ ਹੋਈਆਂ ਸਨ।ਅਜ ਉਸਦੇ ਸਿਰ ਉਤੇ ਕੇਸਰੀ ਰੰਗ ਦੀ ਛੋਟੀ ਦਸਤਾਰ ਸਜੀ ਹੋਈ ਹੈ।ਚੇਹਰੇ ਦਾ ਰੰਗ ਵੀ ਨਿਖਰਿਆ ਹੋਇਆ ਹੈ ਤੇ ਪਹਿਰਾਵਾ ਵੀ ਪਹਿਲਾਂ ਵਾਂਗੂੰ ਮੈਲਾ ਕੁਚੈਲਾ ਨਹੀਂ ਹੈ।ਬੀਬੀ ਜੀ ਨੂੰ ਦੇਖਦਿਆਂ ਹੀ ਉਹ ਦੌੜ ਕੇ ਉਨ੍ਹਾਂ ਦੇ ਪੈਰਾਂ ਉਤੇ ਢਹਿ ਪਿਆ।ਉਸਦੇ ਪ੍ਰੇਮ-ਭਿੱਜੇ ਦਿਲ ਦੀਆਂ ਭਾਵਨਾਵਾਂ ਹੰਝੂ ਬਣ ਕੇ ਕਿਰਨ ਲਗੀਆਂ।ਮੂਹੋਂ ਬੋਲ ਨਾ ਹੋਵੇ ਪਰ ਬਹੁਤ ਕੁਝ ਕਹਿਣ ਨੂੰ ਦਿਲ ਕਰੇ।ਉਸਦੇ ਜੀਵਨ ਵਿਚ ਐਨਾ ਵਡਾ ਬਦਲਾਵ ਦੇਖ ਕੇ ਬੀਬੀ ਜੀ ਹੈਰਾਨ ਹੋਏ ਤੇ ਖੁਸ਼ ਵੀ ਬਹੁਤ ਹੋਏ।ਪੈਰਾਂ ਵਲ ਜਾਂਦੇ ਹੋਏ ਉਸਦੇ ਸੀਸ ਨੂੰ ਦੋਨਾਂ ਹੱਥਾਂ ਨਾਲ ਬੋਚ ਕੇ ਬੀਬੀ ਜੀ ਨੇ ਪੈਰੀਂ ਹਥ ਲਗਾਉਣ ਤੋਂ ਰੋਕਿਆ ਤੇ ਉਸਦਾ ਪਿੰਡਾ ਪਲੋਸਦਿਆਂ ਹੋਇਆਂ ਸਤਿਗੁਰਾਂ ਦਾ ਸ਼ੁਕਰਾਨਾ ਕਰਦਿਆਂ ਗੁਰਸਿੱਖੀ ਜੀਵਨ ਦੀਆਂ ਬਖਸ਼ਿਸ਼ਾ ਲਈ ਅਸੀਸਾਂ ਦਿਤੀਆਂ।

ਰਿਖਸ਼ਾ ਵਾਲੇ ਨੇ ਬਹੁਤ ਭਾਵਕ ਹੋ ਕੇ ਦੱਸਿਆ ਕਿ ਬੀਬੀ ਜੀ ਦੀ ਸੰਗਤ ਦਾ ਉਸ ਦੇ ਦਿਲ ਉਤੇ ਗਹਿਰਾ ਪ੍ਰਭਾਵ ਪਿਆ ਹੈ।ਪੈਰਾਂ ਦੀ ਤਾਲ ਨਾਲ 'ਵਾਹਿਗੁਰੂ' ਨਾਮ ਦੇ ਜਾਪ ਦੀ ਪਾਰਸ ਕਲਾ ਨੇ ਉਸਦੀ ਕਾਇਆਂ ਪਲਟ ਦਿਤੀ।ਨਸ਼ਿਆਂ ਦੀ ਬਿਮਾਰੀ ਤੋਂ ਛੁਟਕਾਰਾ ਪਾ ਕੇ 'ਵਾਹਿਗੁਰੂ ਨਾਮ ਦੀ ਖੁਮਾਰੀ ਵਿਚ ਰਹਿਣ ਲਈ ਮਨ ਲੋਚਣ ਲਗਿਆ।ਨਸ਼ਿਆਂ ਦੇ ਅਡਿੱਆਂ ਉਤੇ ਜਾਣ ਦੀ ਥਾਂ ਗੁਰੂਦੁਆਰੇ ਜਾਣਾ ਸ਼ੁਰੂ ਕਰ ਦਿਤਾ।ਨਾਮ ਬਾਣੀ ਦੀ ਐਸੀ ਖਿੱਚ ਪਈ ਕਿ ਗੁਰੂ ਘਰੋਂ ਹਿੱਲਣ ਨੂੰ ਦਿਲ ਨਹੀ ਕਰਦਾ।ਲੰਗਰ ਦੇ ਜੂਠੇ ਭਾਂਡੇ ਮਾਂਜਣੇ ਅਤੇ ਜੋੜਿਆਂ ਦੀ ਸੇਵਾ ਕਰਨੀ ਬਹੁਤ ਚੰਗੀ ਲਗਦੀ ਹੈ।ਕਥਾ ਕੀਰਤਨ ਸੁਣ ਕੇ ਗੁਰਸਿੱਖੀ ਜੀਵਨ ਦੇ ਲਾਹੇ ਲੈਣ ਨੂੰ ਮਨ ਲੋਚਦਾ ਹੈ।

ਪਹਿਲੇ ਤਾਂ ਅਮਲ ਅਤੇ ਰੋਟੀ ਦੀ ਖਾਤਰ ਰਿਖਸ਼ਾ ਚਲਾਉਂਦਾ ਸੀ।ਇਸ ਲਈ ਰਿਖਸ਼ਾ ਚਲਾਉਣਾ ਮੁਸੀਬਤ ਲਗਦਾ ਸੀ ਪਰ ਹੁਣ ਵਾਹਿਗੁਰੂ ਦੇ ਜਾਪ ਨੇ ਉਸ ਮੁਸੀਬਤ ਨੂੰ ਖੁਸ਼ੀਆਂ ਵਿਚ ਬਦਲ ਦਿਤਾ ਹੈ।ਘਰ ਵਿਚ ਨਿੱਤ ਦਾ ਝਗੜਾ ਖਤਮ ਹੋ ਗਿਆ ਅਤੇ ਸੁੱਖ ਸ਼ਾਤੀ ਦਾ ਵਰਤਾਰਾ ਹੋ ਗਿਆ।

ਹੁਣ ਉਹ ਅਪਣੀ ਪਤਨੀ ਦੀ ਪ੍ਰੇਰਨਾ ਨਾਲ ਅੰਮ੍ਰਿਤ ਸ਼ਕਣ ਲਈ ਤਿਆਰ ਹੋ ਰਿਹਾ ਹੈ।ਦਾੑੜੀ ਕੇਸ ਰਖ ਲਏ ਹਨ ਤੇ ਬਾਣੀ ਦਾ ਅਭਿਆਸ ਕਰਨਾ ਸ਼ੁਰੂ ਕੀਤਾ ਹੈ।ਉਸਨੇ ਨਿੰਮ੍ਰਤਾ ਨਾਲ ਬੇਨਤੀ ਕੀਤੀ ਕਿ ਬੀਬੀ ਜੀ ਉਸਨੂੰ ਪਰਿਵਾਰ ਸਮੇਤ ਅੰਮ੍ਰਿਤ ਸ਼ਕਣ ਲਈ ਅਸੀਸ ਦੇਣ ਅਤੇ ਖੁਦ ਆਪ ਉਨ੍ਹਾਂ ਦੋਨਾਂ,ਪਤੀ ਪਤਨੀ ਨੂੰ ਅੰਮ੍ਰਿਤ ਦੀ ਦਾਤ ਦਿਵਾਉਣ ਲਈ ਲੈ ਕੇ ਜਾਣ।

ਬੀਬੀ ਜੀ ਕਦੀ ਉਸ ਅਮਲੀ ਰਿਖਸ਼ਾ ਵਾਲੇ ਦੀ ਪਹਿਲੀ ਸੂਰਤ ਯਾਦ ਕਰਦੇ,ਜਿਸ ਦੇ ਕਮਲੇ-ਪਨ ਤੋਂ ਖਹਿੜਾ ਛੁਡਾਉਣ ਲਈ ਉਨ੍ਹਾਂ ਉਸਨੂੰ ਪੈਡਲ ਮਾਰਦਿਆਂ ਨਾਮ ਜਪਣ ਦੇ ਆਹਰੇ ਲਗਾ ਕੇ ਆਪਣੀ ਸੁਰਤੀ ਦੀਆਂ ਪ੍ਰੇਮ-ਡੋਰਾਂ ਨੂੰ ਪ੍ਰਭੂ-ਚਰਨਾਂ ਨਾਲੋਂ ਟੁੱਟਣ ਤੋਂ ਬਚਾਇਆ ਸੀ ਤੇ ਕਦੀ ਸਾਹਮਣੇ ਖੜੇ ਦਸ਼ਮੇਸ਼ ਪਿਤਾ ਦੇ ਅੰਮ੍ਰਿਤ ਅਭਿਲਾਖੀ ਸਿੰਘ ਨੂੰ ਗੁਰੂ-ਪ੍ਰੇਮ ਵਿਚ ਲੱਟੂ ਹੋਇਆ ਦੇਖ ਕੇ ਨਿਹਾਲ ਹੁੰਦੇ।ਕੂੜੇ ਨਸ਼ਿਆਂ ਦੇ ਮਾਰੇ ਹੋਏ ਅਮਲੀ ਨੂੰ ਨਾਮ ਬਾਣੀ ਦੇ ਸੱਚੇ ਸੁੱਚੇ,ਹਮੇਸ਼ਾਂ ਰਹਿਣ ਵਾਲੇ ਤੇ ਲੋਕ ਪ੍ਰਲੋਕ ਵਿਚ ਸਹਾਈ ਹੋਣ ਵਾਲੇ ਅਮਲ ਦੀ ਖਾਤਰ ਅੰਮ੍ਰਿਤ ਦੀ ਦਾਤ ਲਈ ਤਰਸਦਾ ਦੇਖ ਕੇ ਬੀਬੀ ਜੀ ਨੇ ਅੰਮ੍ਰਿਤ ਦੇ ਦਾਤੇ ਦਸ਼ਮੇਸ਼ ਪਿਤਾ ਦੇ ਚਰਨਾ ਵਿਚ ਸੀਸ ਨਿਵਾਇਆ ਤੇ ਰਿਖਸ਼ੇ ਵਾਲੇ ਨੂੰ ਭਰੋਸਾ ਦਿਵਾਇਆ ਕਿ ਉਹ ਉਸਨੂੰ ਪਰਿਵਾਰ ਸਮੇਤ ਅੰਮ੍ਰਿਤ ਸੰਚਾਰ ਵਿਚ ਲੈ ਕੇ ਜਾਣਗੇ ਪਰ ਪਹਿਲੇ ਉਹ ਆਪਣੇ ਕੇਸ ਅਤੇ ਦਾੑੜੀ ਥੋੜਾ ਲੰਬੇ ਕਰ ਲਵੇ ਅਤੇ ਪੰਜ ਬਾਣੀਆਂ ਦਾ ਨਿਤਨੇਮ ਵੀ ਪੱਕਾ ਕਰ ਲਵੇ।

ਚੰਗੇ ਭਾਗਾਂ ਨਾਲ ਉਨ੍ਹਾਂ ਦਿਨਾ ਵਿਚ ਹੀ ਸੰਗਤਾਂ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਤਿਆਰ ਸਨ।ਉਹ ਵੀ ਦੁਸਟ ਦਮਨ ਦੀ ਯਾਦ ਨੂੰ ਮਨ ਵਿਚ ਵਸਾ ਕੇ ਤਪੋ-ਭੂਮੀ ਦੀਆਂ ਬਖਸ਼ਿਸ਼ਾਂ ਦੇ ਲਾਹੇ ਖੱਟਣ ਚਲੇ ਗਿਆ।ਯਾਤਰਾ ਤੋਂ ਆ ਕੇ ਵੀ ਉਸਦਾ ਬੀਬੀ ਜੀ ਨਾਲ ਮੇਲ ਜੋਲ ਹੁੰਦਾ ਰਿਹਾ,ਗੁਰੂ-ਪ੍ਰੇਮ ਦੀ ਸਾਂਝ ਵਧਦੀ ਰਹੀ,ਦਾੑੜੀ ਕੇਸ ਵੀ ਸਜਣ ਲਗੇ ਤੇ ਨਾਮ ਬਾਣੀ ਦਾ ਰੰਗ ਵੀ ਚੜ੍ਹਨ ਲਗਿਆ ਤਦ ਬੀਬੀ ਜੀ ਓਸਨੂੰ ਖਾਲਸਾ ਪੰਥ ਦੀ ਸਿਰਜਨਾ ਦਿਵਸ ਵੈਸਾਖੀ ਦੇ ਸ਼ੁਭ ਮੌਕੇ ਉਤੇ ਅੰਮ੍ਰਿਤਸਰ ਲੈ ਗਏ।ਬੜੇ ਚਾਵਾਂ ਤੇ ਸੱਧਰਾਂ ਨਾਲ ਖਰੀਦੇ ਹੋਏ ਕਕਾਰ,ਪਤੀ ਪਤਨੀ ਨੂੰ ਭੇਟ ਕਰਕੇ ਬੀਬੀ ਜੀ ਨੇ ਉਨ੍ਹਾਂ ਨੂੰ ਸਿੰਘ ਸਿੰਘਣੀ ਸਜਾਇਆ ਅਤੇ ਅੰਮ੍ਰਿਤ ਪਾਨ ਕਰਨ ਲਈ ਤੋਰਨ ਤੋਂ ਪਹਿਲੇ ਦੋਨਾਂ ਨੂੰ ਕਿਹਾ;-" ਅੱਜ ਤੁਸੀਂ ਗੁਰੂ ਦਾ ਬਾਣਾ ਪਇਆ ਹੈ।ਦੇਖਿਓ.....!ਇਸ ਬਾਣੇ ਦੀ ਲਾਜ ਰੱਖਣਾ...!ਗੁਰੂ ਦਾ ਬਾਣਾ ਪਾ ਕੇ ਤੁਸੀਂ ਉਹੋ ਜਿਹੇ ਕੰਮ ਹੀ ਕਰਨੇ ਹਨ,ਜਿਹੋ ਜਿਹੇ ਸਾਡੇ ਗੁਰੂ ਨੇ ਕੀਤੇ ਸੀ।ਗੁਰਸਿੱਖੀ ਜੀਵਨ ਉਤੇ ਪਹਿਰਾ ਦੇਣਾ ਹੈ।ਭੁੱਲ ਕੇ ਵੀ ਕੋਈ ਇਹੋ ਜਿਹਾ ਕਰਮ ਨਹੀਂ ਕਰਨਾ ਜਿਹੜਾ ਗੁਰਸਿਖੀ ਜੀਵਨ ਦੀ ਸ਼ਾਨ ਦੇ ਉਲਟ ਹੋਵੇ।ਇਸ ਬਾਣੇ ਨੂੰ ਦਾਗ ਨਾ ਲਗਣ ਤੋਂ ਬਚਾਇਓ...!"

" ਤੁਸੀਂ ਫਿਕਰ ਨਾ ਕਰੋ।ਬੀਬੀ ਜੀ! ਸਤਿਗੁਰੂ ਦੀ ਕਿਰਪਾ ਨਾਲ ਅਸੀਂ ਇਸ ਬਾਣੇ ਦੀ ਸ਼ਾਨ ਬਰਕਰਾਰ ਰਖਣ ਦਾ ਪਕੱਾ ਇਰਾਦਾ ਬਣਾਇਆ ਹੋਇਆ ਹੈ।ਜਦ ਸੀਸ ਭੇਟ ਕਰਨ ਲਈ ਤੁਰ ਹੀ ਪਏ ਤਾਂ ਹੁਣ ਪਿਛੇ ਮੁੜ ਕੇ ਕੀ ਦੇਖਣਾਂ......!ਤੁਸੀਂ ਅਸ਼ੀਰਵਾਦ ਦਿਓ ਕਿ ਅੰਮ੍ਰਿਤ ਦਾ ਦਾਤਾ ਕਿਰਪਾ ਕਰੇ...! ਇਹ ਸੀਸ ਲੇਖੇ ਲੱਗ ਜਾਣ....!ਕਬੂਲ ਹੋ ਜਾਣ...!" ਦੋਨਾ ਨੇ ਬੀਬੀ ਜੀ ਨਾਲ ਗੁਰਸਿੱਖੀ ਜੀਵਨ ਨੂੰ ਤੋੜ ਨਿਭਾਉਣ ਦਾ ਬਚਨ ਕੀਤਾ ਤੇ ਬੀਬੀ ਜੀ ਦੀਆਂ ਅਸੀਸਾਂ ਲੈਂਦੇ ਹੋਏ ਖੰਡੇ ਬਾਟੇ ਦਾ ਅਮ੍ਰਿਤ ਛਕ ਕੇ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਚਲੇ ਗਏ

# ਪ੍ਰਗਟ ਗੁਰਾਂ ਕੀ ਦੇਹ

ਇਕ ਦਿਨ ਅੰਮ੍ਰਿਤ ਵੇਲੇ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਲਗਿਆਂ,ਹੁਕਮਨਾਮਾ ਲੈਣ ਤੋਂ ਪਹਿਲੇ, ਬੀਬੀ ਗੁਰਦੀਪ ਕੌਰ ਜੀ ਨੇ ਜੁੜੀ ਹੋਈ ਸੁਰਤੀ ਨਾਲ,ਬੇਨਤੀ ਰੂਪ ਵਿਚ ਇਹ ਸ਼ਬਦ ਪੜ੍ਹਿਆ;-

**ਹਮ ਅੰਧੁਲੇ ਗਿਆਨਹੀਨ ਅਗਿਆਨੀ॥ ਕਿਉ ਚਾਲਹੁ ਮਾਰਗਿ ਪੰਥਾ॥**

**ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ॥ ਜਨ ਨਾਨਕ ਚਲੈ ਮਿਲੰਥਾ॥**

**(ਪੰਨਾ ੬੯੬)**

'ਮਿਲੰਥਾ' ਸ਼ਬਦ ਉਚਾਰਨ ਪਿਛੋਂ ਉਨ੍ਹਾਂ ਅਖੀਆਂ ਖ੍ਹੋਲ ਕੇ ਹੁਕਮਨਾਮੇ ਦੇ ਦਰਸ਼ਨ ਕੀਤੇ ਤਾਂ ਉਹੀ ਸ਼ਬਦ ਇਲਾਹੀ ਫੁਰਮਾਨ ਬਣ ਕੇ ਸਜਿਆ ਹੋਇਆ ਸੀ ਜਿਹੜਾ ਉਨ੍ਹਾਂ ਚਾਤ੍ਰਿਕ-ਮਨ ਦੀ ਕੂਕ ਪੁਕਾਰ ਨਾਲ ਸਤਿਗੁਰਾਂ ਦੇ ਦਰਸ਼ਨ ਕਰਨ ਤੋਂ ਪਹਿਲੇ ਉਚਾਰਿਆ ਸੀ।ਪ੍ਰੇਮ-ਵਸ ਹੋ ਕੇ ਉਨ੍ਹਾਂ ਤੋਂ ਅਗੇ ਬੋਲਿਆ ਨਾ ਗਿਆ।ਉਚ-ਮੰਡਲੀਂ ਪਹੁੰਚੀ ਸੁਰਤੀ ਦੇ ਪ੍ਰਭਾਵ ਸੁਰਖ ਲਾਲੀਆਂ ਬਣ ਕੇ ਚੇਹਰੇ ਉਤੇ ਸਜਣ ਲਗੇ।ਅੰਤਰਯਾਮੀ ਸਤਿਗੁਰਾਂ ਦੇ ਪਿਆਰ ਵਿਚ ਉਛਾਲੇ ਮਾਰਦਾ ਦਿਲ ਅਖੀਆ ਰਾਹੀਂ ਹੰਝੂਆਂ ਦੀਆਂ ਧਾਰਾਂ ਬਣ ਕੇ ਵਹਿਣ ਲਗਿਆ।ਕੁਝ ਪਲ ਇਸੇ ਤਰ੍ਹਾਂ ਹੀ ਗੜੁੰਦ ਰਹਿਣ ਪਿਛੋਂ ਉਨ੍ਹਾਂ ਪੂਰਾ ਸ਼ਬਦ ਪੜ੍ਹਿਆ। ਸ਼ਬਦ ਦੇ ਅਖੀਰ ਵਿਚ, ਜਦੋਂ 'ਗੁਰ ਅੰਚਲ ਦੀਜੇ' ਦੀ ਪੰਗਤੀ ਆਈ ਤਾਂ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋਨਾਂ ਪਾਸਿਆਂ ਤੋਂ ਲਟਕ ਰਹੇ ਰੁਮਾਲੇ ਦੇ ਸਿਰਿਆਂ ਨੂੰ ਘੁਟ ਕੇ ਹੱਥਾਂ ਨਾਲ ਫੜ ਲਿਆ।

ਭੈ-ਭਾਵਨੀ ਨਾਲ ਗੁਰੂ ਮਹਾਰਾਜ ਜੀ ਦੀ ਸੇਵਾ ਸੰਭਾਲ ਤੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਕੇ ਜਦੋਂ ਉਹ ਅਪਣੇ ਕਮਰੇ ਵਿਚ ਆਏ ਤਾਂ ਉਨ੍ਹਾਂ ਦੀ ਇਕ ਸਤ-ਸੰਗਣ ਨੇ ਦਰਸ਼ਨ ਕਰਨ ਤੋਂ ਪਹਿਲੇ ਹੀ ਹੁਕਮਨਾਮੇ ਵਾਲੇ ਸ਼ਬਦ ਦੇ ਉਚਾਰਨ ਦੇ ਭੇਦ ਵਾਰੇ ਪੁਛਿਆ,ਤਾਂ ਬੀਬੀ ਜੀ ਨੇ ਕਿਹਾ;- "ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਵਾਲੇ ਦਸਦੇ ਹਨ ਕਿ ਇਹੋ ਜਿਹੀਆਂ ਗਲਾਂ ਕੋਈ ਵਡੀ ਗਲ ਨਹੀਂ ਹਨ ਕਿਉਂਕਿ ਭਗਤੀ ਦੀ ਮੰਜਿਲ ਬਹੁਤ ਉਚੀ ਹੈ ਤੇ ਇਹ ਸਭ ਰਸਤੇ ਦੀਆਂ ਖੇਡਾਂ ਹੀ ਹਨ।ਪਰ ਮੈਨੂੰ ਤਾਂ ਇਨ੍ਹਾਂ ਖੇਡਾਂ ਵਿਚ ਹੀ ਬੜਾ ਅਨੰਦ ਹੈ।ਮੇਰਾ ਰੰਗਲਾ ਕੰਤ ਮੇਰੇ ਨਾਲ ਰੰਗਲੀਆਂ ਖੇਡਾਂ ਖੇਡਦਾ ਹੈ।ਇਨ੍ਹਾਂ ਖੇਡਾਂ ਰਾਹੀਂ ਉਹ ਮੇਰੇ ਦਿਲਾਂ ਦੀਆਂ ਬੁੱਝਦਾ ਹੋਇਆ ਮੇਰੇ ਅੰਦਰੋਂ ਹੀ ਝਾਤਾਂ ਮਾਰ ਮਾਰ ਕੇ

ਆਪਣੀ ਹੋਂਦ ਦਾ ਅਭਾਸ ਕਰਵਾਉਂਦਾ ਹੈ ਤੇ ਮੈ ਖੀਵੀ ਹੋ ਕੇ ਕਰਤਾ ਪੁਰਖ ਦੀ ਗੁਹਜ-ਕਲਾ ਰਾਹੀਂ ਉਸਨੂੰ ਆਪਣੇ ਅੰਦਰ ਬਾਹਰ, ਹਰ ਪਾਸੇ ਵਿਚਰਦਾ ਹੋਇਆ ਦੇਖਦੀ ਹਾਂ।

**ਏ ਮਾਣਸ ਜਾਣਹਿ ਦੂਰ ਤੂ ਵਰਤਹਿ ਜਾਹਰਾ॥**

**ਤੂ ਸਭਿ ਘਟ ਭੋਗਹਿ ਆਪ ਤੁਧੁ ਲੇਪੁ ਨ ਲਾਹਰਾ॥**

**ਪੰਨਾਂ ੧੦੯੬**

ਅਸਲ ਵਿਚ, ਮੇਰੇ ਨਾਲ ਕਈ ਵਾਰੀ ਅਜਿਹਾ ਹੁੰਦਾ ਹੈ ਕਿ ਹੁਕਮਨਾਮਾ ਲੈਣ ਤੋਂ ਪਹਿਲੇ ਹੀ,ਉਹ ਸ਼ਬਦ ਮੇਰੀਆਂ ਮਨ-ਅਖੀਆਂ ਅਗੇ ਆ ਸਜਦਾ ਹੈ,ਜਿਸ ਦੀ ਸਤਿਗੁਰਾਂ ਨੇ ਬਖਸ਼ਿਸ਼ ਕਰਨੀ ਹੁੰਦੀ ਹੈ।ਮੇਰਾ ਅੰਤਰਯਾਮੀ ਸਤਿਗੁਰੂ ਰੁਮਾਲੇ ਉਠਾਉਣ ਤੋਂ ਪਹਿਲੇ ਹੀ ਮੇਰੇ ਦਿਲਾਂ ਦੀਆਂ ਬੁੱਝ ਲੈਂਦਾ ਹੈ। ਪਹਿਲਾਂ ਬੰਦ ਅਖੀਆਂ ਅਗੇ ਇਲਾਹੀ ਫੁਰਮਾਨ ਦੇ ਦਰਸ਼ਨ ਕਰਵਾ ਦਿੰਦਾ ਹੈ ਅਤੇ ਫਿਰ ਖੁਲ੍ਹੀਆਂ ਅਖੀਆਂ ਸਾਹਮਣੇ ਬਖਸ਼ਿਸ਼ਾਂ ਦੇ ਭੰਡਾਰ ਲਗਾ ਦਿੰਦਾ ਹੈ। ਮੇਰੀ ਰਸਨਾ ਰਾਹੀਂ ਹੀ ਅੰਮ੍ਰਿਤ-ਬਾਣੀ ਦਾ ਉਚਾਰਣ ਵੀ ਕਰਵਾ ਲੈਂਦਾ ਹੈ।ਇਸ ਤਰ੍ਹਾਂ ਉਹ ਮੈਨੂੰ ਪ੍ਰਗਟ ਗੁਰਾਂ ਕੀ ਦੇਹ ਹੋਣ ਦੀ ਅਟੱਲ ਸਚਾਈ ਦਾ ਪ੍ਰਗਟਾਵਾ ਕਰ ਕੇ ਨਿਹਾਲ ਕਰ ਦਿੰਦਾ ਹੈ।"

"ਧੰਨ...! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ....।ਧੰਨ..! ਧੰਨ...! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ....।"ਪੁਕਾਰਦੀ ਹੋਈ ਸਤਸੰਗਣ ਨੇ ਕਿਹਾ;-"ਬੀਬੀ ਜੀ..! ਜੁਗੋ ਜੁਗ ਅਟੱਲ ਸਤਿਗੁਰੂ ਜੀ ਦੀ ਪ੍ਰਗਟ ਰੂਪ ਵਿਚ ਜਾਹਰ ਹੋਣ ਦੀ ਸਚਾਈ ਨੂੰ ਦੇਖ ਕੇ ਮੈਂ ਤਾਂ ਧੰਨ ਹੋ ਗਈ ਹਾਂ।ਪਰ ਮੈਨੂੰ ਇਸ ਗਲ ਦਾ ਬੜਾ ਦੁਖ ਹੋ ਰਿਹਾ ਹੈ ਕਿ ਕੁਝ ਲੋਕੀਂ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਨੂੰ ਸਿਰਫ ਇਕ ਕਿਤਾਬ ਹੀ ਸਮਝਦੇ ਹਨ।ਇਕ ਦਿਨ ਤੁਹਾਡੀ ਇਕ ਕਰੀਬੀ ਰਿਸ਼ਤੇਦਾਰ ਹੀ ਕਹਿ ਰਹੀ ਸੀ ਕਿ ਬੀਬੀ ਜੀ ਹਰ ਰੋਜ ਪੰਦਰਾਂ ਪੰਦਰਾਂ ਘੰਟੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਰਹਿੰਦੇ ਹਨ...।ਗੁਰੂ ਗ੍ਰੰਥ ਵੀ ਤਾਂ ਇਕ ਕਿਤਾਬ ਹੀ ਹੈ।ਇਕੋ ਹੀ ਗਲ ਨੂੰ ਵਾਰ ਵਾਰ ਪੜ੍ਹਨ ਦਾ ਕੀ ਫਾਇਦਾ?"

ਗਲ ਨੂੰ ਵਿਚੇ ਹੀ ਟੋਕ ਕੇ ਬੀਬੀ ਜੀ ਕਹਿੰਦੇ;-"ਨਾ....!ਨਾ.....!ਤੂੰ ਉਸਦੀ ਗਲ ਨਾ ਕਰ...! ਮੇਰੀ ਕਰੀਬੀ ਰਿਸ਼ਤੇਦਾਰ ਤਾਂ ਤੂੰ ਹੈਂ, ਜਿਸ ਨਾਲ ਮੇਰੀ ਗੁਰੂ-ਪ੍ਰੇਮ ਦੀ ਸਾਂਝ ਹੈ।ਹੁਣੇ ਹੀ ਤਾਂ ਸਤਿਗੁਰਾਂ ਨੇ ਪ੍ਰਗਟ ਰੂਪ ਵਿਚ ਹੋ ਕੇ ਅਨੰਦ-ਮਈ ਖੁਸ਼ੀਆਂ ਤੇ ਖੇੜਿਆਂ ਦੀ ਬਖਸ਼ਿਸ਼ ਕੀਤੀ ਹੈ।ਪਰ ਜਿਹੜੇ ਲੋਕੀਂ ਇਸ ਸਚਾਈ ਤੋਂ ਅਣਜਾਣ ਹਨ, ਉਹ ਸਤਿਗੁਰਾਂ ਦੀਆਂ ਅਪਾਰ ਬਖਸ਼ਿਸ਼ਾਂ ਤੋਂ ਵਾਂਝੇ ਰਹਿ ਕੇ ਜੀਵਨ-ਰਾਹਾਂ ਉਤੇ ਭੁਲੇ ਭਟਕੇ ਫਿਰ ਰਹੇ ਹਨ।ਦੇਖ..!ਇਸ ਸਚਾਈ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਬੱਚੇ ਨੂੰ ਮਮਤਾ ਦੀ ਖਿੱਚ ਹਮੇਸ਼ਾਂ ਆਪਣੀ ਮਾਂ ਦੇ ਸੀਨੇ ਨਾਲ ਲੱਗਣ ਲਈ ਪੁਕਾਰਦੀ ਰਹਿੰਦੀ ਹੈ।ਦੂਜੀਆਂ ਔਰਤਾਂ ਬੇਸ਼ਕ ਉਸਦੀ ਮਾਂ ਨਾਲੋਂ ਕਿਤੇ ਵਧੇਰੀਆਂ ਸੋਹਣੀਆਂ ਹੋਣ,ਉਨ੍ਹਾਂ ਦੇ ਪਹਿਰਾਵੇ ਸੋਹਣੇ ਹੋਣ,ਗਹਿਣਿਆਂ ਨਾਲ ਸ਼ਿੰਗਾਰੀਆਂ ਹੋਈਆਂ ਹੋਣ ਤੇ ਉਸ ਨੂੰ ਪਿਆਰ ਵੀ ਕਰਨ..। ਪਰ ਬੱਚੇ ਨੂੰ ਆਪਣੀ ਮਾਂ ਦੀ ਛਾਤੀ ਨਾਲ ਲਗ ਕੇ ਹੀ ਠੰਡ ਪਵੇਗੀ।ਬੱਚਾ ਮਾਂ ਨੂੰ ਛਡ ਕੇ ਕਿਸੇ ਹੋਰ

ਕੋਲ ਨਹੀਂ ਜਾਵੇਗਾ।ਇਸੇ ਤਰ੍ਹਾਂ ਹੀ ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦੀਆਂ ਪ੍ਰੇਮ-ਡੋਰਾਂ ਵਿਚ ਬੱਝ ਜਾਂਦੇ ਹਾਂ ਤਾਂ ਧੁਰ ਕੀ ਬਾਣੀ ਰਾਹੀਂ ਅਸੀਂ ਉਸ ਨਿਰੰਕਾਰੀ ਜੋਤ ਵਲ ਖਿੱਚੇ ਰਹਿੰਦੇ ਹਾਂ ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਹਾਜਰ ਹੈ।ਇਸ ਰੱਬੀ ਬਾਣੀ ਵਿਚੋਂ ਸਾਨੂੰ ਸਾਡੇ ਗੁਰੂਆਂ,ਭਗਤਾਂ ਤੇ ਫਕੀਰਾਂ ਦੀ ਸੰਗਤ ਮਿਲਦੀ ਹੈ।ਉਨ੍ਹਾਂ ਦਾ ਪਿਆਰ ਤੇ ਅਸ਼ੀਰਵਾਦ ਮਿਲਦਾ ਹੈ ਤੇ ਜਦੋਂ ਉਹ ਇਲਾਹੀ ਮੰਡਲ ਦੇ ਵਸਨੀਕ, ਪ੍ਰੇਮਾਂ-ਭਗਤੀ ਵਿਚ ਲੀਨ ਹੋਏ ਭਗਤਾਂ ਦੀ ਹੇਕ ਨਾਲ ਹੇਕ ਮਿਲਾ ਕੇ ਅਮ੍ਰਿਤ ਬਾਣੀ ਦਾ ਉਚਾਰਣ ਕਰਦੇ ਹਨ ਤਾਂ ਧੁਰ ਕੀ ਬਾਣੀ ਦੀਆਂ ਰਮਜਾਂ ਦੀ ਸੋਝੀ ਹੋ ਜਾਂਦੀ ਹੈ, ਸ਼ੰਕੇ ਮਿਟ ਜਾਂਦੇ ਹਨ।ਤੇ ਫਿਰ ਜਦੋਂ ਦਸਵੇਂ ਨਾਨਕ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਮਹਾਰਾਜ, ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਉਤੇ ਬਿਰਾਜਮਾਨ ਕਰਕੇ ਆਪ ਹਮੇਸਾਂ ਹਮੇਸ਼ਾਂ ਲਈ ਨਿਰੰਕਾਰੀ ਜੋਤ ਦੇ ਰੂਪ ਵਿਚ,ਸ੍ਰੀ ਗੁਰੂ ਗ੍ਰੰਥ ਸਾਹਿਬ ਰਾਹੀਂ ਪ੍ਰਗਟ ਹੋ ਕੇ ਰਹਿਣ ਦਾ ਵਾਇਦਾ ਕਰਦੇ ਹੋਇਆਂ ਦੀ ਯਾਦ ਆਉਂਦੀ ਹੈ ਤਾਂ ਗੁਰੂ ਜੀ ਦੇ ਅੰਗ ਸੰਗ ਹੋਣ ਦੀ ਸਚਾਈ ਦਾ ਭਰੋਸਾ ਬੱਝਦਾ ਹੈ।ਗੁਰਸਿਖੀ ਜੀਵਨ ਦੀਆਂ ਰਹਿਮਤਾਂ ਹੰਢਾਉਂਦਿਆਂ ਨੂੰ ਪ੍ਰੇਮ- ਉਡਾਰੀਆਂ ਰਾਹੀਂ,ਆਤਮਿਕ ਰੰਗਾਂ ਵਿਚ ਪਹੁੰਚ ਕੇ,ਗੁਰੂ ਜੀ ਦੀਆਂ ਨੂਰਾਨੀ ਦਰਸ਼ਨ ਝਲਕਾਂ ਦੀ ਬਖਸ਼ਿਸ਼ਿ ਵੀ ਪ੍ਰਾਪਤ ਹੋ ਜਾਂਦੀ ਹੈ।

ਹਾਂ...! ਇਕੋ ਗੱਲ ਨੂੰ ਵਾਰ ਵਾਰ ਪੜ੍ਹਨ ਦੀ ਗੱਲ ਤਾਂ ਕਿਤਾਬਾਂ ਦੀ ਗੱਲ ਹੈ। ਪਰ ਇਲਾਹੀ ਬਾਣੀ ਨੂੰ ਪ੍ਰੇਮ-ਭਾਵਨਾਂ ਨਾਲ ਪੜ੍ਹਨਾਂ, ਬਾਣੀ ਵਿਚ ਜੀਓਣ ਦੀ ਸਚਾਈ ਹੈ।ਤੇ ਜਦੋਂ ਕੋਈ ਬਾਣੀ ਵਿਚ ਜੀਊਣ ਲਗ ਪਵੇ ਤਾਂ ਫਿਰ ਉਹ ਬਾਣੀ ਤੋਂ ਬਿਨਾਂ ਰਹਿ ਨਹੀਂ ਸਕਦਾ ਜਿਵੇਂ ਮੱਛੀ ਪਾਣੀ ਤੋਂ ਬਿਨਾ ਨਹੀਂ ਰਹਿ ਸਕਦੀ।ਅਗੋਂ, ਸਾਡਾ ਪਿਆਰਾ ਸਤਿਗੁਰੂ,ਪ੍ਰਗਟ ਗੁਰਾਂ ਕੀ ਦੇਹ ਦੇ ਰੂਪ ਵਿਚ,ਸਿਰਜਨਹਾਰੇ ਦੀਆਂ ਅਪਾਰ ਸ਼ਕਤੀਆਂ ਨਾਲ ਮਾਲੋ ਮਾਲ ਹੋ ਕੇ, ਸਾਡੇ ਤਨ ਮਨ ਨੂੰ ਇਲਾਹੀ ਰੰਗ-ਰਸ ਦੀਆਂ ਬੁਛਾੜਾਂ ਨਾਲ ਸਿੰਜਦਾ ਹੈ।ਕੀ ਕਿਸੇ ਕਿਤਾਬ ਨੂੰ ਪੜ੍ਹਨ ਨਾਲ ਇਹ ਬਖਸ਼ਿਸ਼ਾਂ ਹੋ ਸਕਦੀਆਂ ਹਨ? ਕੀ ਕੋਈ ਕਿਤਾਬ ਸਾਡੀਆਂ ਇਛਾਵਾਂ ਦੀ ਪੂਰਤੀ ਦਾ ਸਾਧਨ ਬਣ ਸਕਦੀ ਹੈ?

ਸਾਡੇ ਜੀਵਨ ਵਿਚ ਕਈ ਵਾਰੀ ਅਜਿਹੇ ਮੌਕੇ ਵੀ ਆ ਜਾਂਦੇ ਹਨ ਕਿ ਅਸੀਂ ਦੁਖਾਂ ਮੁਸੀਬਤਾਂ ਵਿਚ ਘਿਰ ਜਾਂਦੇ ਹਾਂ। ਜਦੋਂ ਸਾਰੇ ਪਾਸਿਓਂ ਨਿਰਾਸਤਾ ਹੋ ਜਾਂਦੀ ਹੈ ਤਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਆ ਕੇ ਡੁਬਦੇ ਬੇੜੇ ਪਾਰ ਕਰਨ ਲਈ ਜੋਦੜੀਆਂ ਕਰਦੇ ਹਾਂ।ਬਖਸ਼ਿੰਦ ਸਤਿਗੁਰੂ ਸਾਡੀਆਂ ਅਰਦਾਸਾਂ ਕਬੂਲ ਕਰ ਕੇ ਸਾਡੇ ਵਿਗੜੇ ਕਾਰਜ ਰਾਸ ਕਰਦਾ ਹੈ, ਬੇੜੇ ਪਾਰ ਲਗਾਉਂਦਾ ਹੈ। ਮੱਖਣ ਸ਼ਾਹ ਲੁਬਾਣੇ ਦਾ ਸਮੁੰਦਰ ਵਿਚ ਡੁਬਦਾ ਜਾਂਦਾ ਬੇੜਾ ਬਚਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਆਤਮਿਕ ਸ਼ਕਤੀ ਨਾਲ ਬਾਬਾ ਬਕਾਲਾ ਸ਼ਹਿਰ ਤੋਂ ਮਿੰਟਾਂ ਸਕਿੰਟਾਂ ਵਿਚ ਸਮੁੰਦਰ ਵਿਚ ਪਹੁੰਚੇ ਤੇ ਮੋਢਾ ਦੇ ਕੇ ਬੇੜਾ ਪਾਰ ਕੀਤਾ। **ਗੁਰੂ ਨਾਨਕ ਦੀ ਗੁਰ-ਗੱਦੀ ਅਗੇ ਕੀਤੀ ਮੱਖਣ ਸ਼ਾਹ ਲੁਬਾਣੇ ਦੀ ਫਰਿਆਦ ਪੂਰੀ ਕਰਕੇ ਗੁਰ-ਗੱਦੀ ਦੀ ਸ਼ਾਨ ਬਰਕਰਾਰ ਰੱਖੀ।ਅੱਜ ਉਸੇ ਗੁਰ-ਗੱਦੀ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹਨ।ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਆਤਮਿਕ ਜੋਤ ਬਾਕੀ ਸਾਰੇ ਗੁਰੂਆਂ ਅਤੇ ਭਗਤਾਂ ਨਾਲ ਮਿਲ ਕੇ ਅੱਜ ਵੀ ਸ੍ਰੀ ਗੁਰੂ**

**ਗ੍ਰੰਥ ਸਾਹਿਬ ਜੀ ਵਿਚੋਂ ਲਟ ਲਟ ਕਰਕੇ ਜਗ ਰਹੀ ਹੈ ਅਤੇ ਸਾਡੀਆ ਫਰਿਆਦਾਂ ਸੁਣ ਕੇ ਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਦੀ ਆਨ-ਸ਼ਾਨ ਨੂੰ ਕਾਇਮ ਰਖਣ ਲਈ ਹਮੇਸ਼ਾਂ ਤੱਤਪਰ ਹੈ।**

ਕੀ ਕਦੀ ਕਿਸੇ ਕਿਤਾਬ ਅਗੇ ਕੀਤੀ ਅਰਦਾਸ ਨੇ ਡੁਬਦਿਆਂ ਨੂੰ ਪਾਰ ਲਗਾਇਆ ਹੈ? ਅਣਜਾਣ ਲੋਕੀ ਪ੍ਰਗਟ ਗੁਰਾਂ ਕੀ ਦੇਹ ਦੇ ਇਸ ਗੁੱਝੇ ਭੇਦ ਨੂੰ ਨਹੀਂ ਜਾਣਦੇ।ਉਹ ਗੁਰੂ ਨਾਨਕ ਦੇਵ ਜੀ ਦੀ ਗੁਰ-ਗਦੀ ਉਤੇ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਸਲੀਅਤ ਨੂੰ ਪਛਾਨਣ ਵਿਚ ਅਸਮਰੱਥ ਹਨ।ਨਿਰੰਕਾਰੀ ਜੋਤ ਦੀ ਹੋਂਦ ਦਾ ਅਨੁਭਵ ਕਰਨ ਦੀ ਥਾਂ ਸ਼ੰਕੇ-ਸ਼ਿਕਵਿਆਂ ਦੇ ਚੱਕਰ ਵਿਚ ਫਸ ਜਾਂਦੇ ਹਨ।ਸਚਾਈ ਇਹ ਹੈ ਕਿ ਪ੍ਰੇਮ ਸ਼ਰਧਾ ਤੇ ਵਿਸ਼ਵਾਸ ਹੀ ਸਾਨੂੰ ਉਸ ਅੰਮ੍ਰਿਤ-ਰਸ ਦੀ ਪ੍ਰਾਪਤੀ ਵਿਚ ਸਹਾਈ ਹੁੰਦਾ ਹੈ ਜਿਹੜਾ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਰੰਗ ਵਿਚ ਰੰਗ ਹੋ ਕੇ ਮਿਲਦਾ ਹੈ। ਜਿਹੜੇ ਇਸ ਭੇਦ ਨੂੰ ਪਾ ਲੈਂਦੇ ਹਨ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜੀਊਂਦੀ ਜਾਗਦੀ ਜੋਤ ਹੋਣ ਬਾਰੇ ਕੋਈ ਸ਼ੰਕਾ ਨਹੀਂ ਰਹਿ ਜਾਂਦਾ। ਸਚਾਈ ਨੂੰ ਜਾਨਣ ਵਾਲੇ ਜੀਊੜੇ ਲੋਕ-ਪ੍ਰਲੋਕ ਵਿਚ ਸਹਾਈ ਹੋਣ ਵਾਲੇ ਆਪਣੇ ਗਿਆਰਵੇਂ ਪਾਤਿਸ਼ਾਹ ਜੀ ਤੋਂ ਬਲਿਹਾਰੇ ਜਾਂਦੇ ਹਨ ਤੇ ਗੁਰਸਿਖੀ ਜੀਵਨ ਦੀਆਂ ਬਰਕਤਾਂ ਦੀ ਭਰਪੂਰ ਬਰਸਾਤ ਵਿਚ ਜੀਵਨ ਜੀਊਣ ਦੇ ਲਾਹੇ ਪ੍ਰਾਪਤ ਕਰਦੇ ਹਨ। ਹਾਂ....! ਜਿਵੇਂ ਬੱਚਾ ਆਪਣੀਂ ਮਾਂ ਦੀ ਚੁੰਨੀ ਦਾ ਲੜ ਫੜ ਕੇ ਭੀੜ-ਭੜੱਕੇ ਵਾਲੀ ਥਾਂ ਨੂੰ ਵੀ ਪਾਰ ਕਰ ਲੈਂਦਾ ਹੈ ਤੇ ਗੁਆਚਦਾ ਨਹੀਂ ਹੈ। ਇਸੇ ਤਰ੍ਹਾਂ ਹੀ ਅਸੀਂ ਵੀ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਲੜ ਲਗ ਕੇ ਜੀਵਨ ਦੀਆਂ ਭਵ-ਜਲ ਲਹਿਰਾਂ ਦੇ ਘੋਰ ਸਮੁੰਦਰ ਵਿਚੋਂ ਪਾਰ ਹੋ ਜਾਂਦੇ ਹਾਂ।

ਮੇਰੀ ਕਰੀਬੀ ਰਿਸ਼ਤੇਦਾਰ...! ਜਿਸ ਦੀ ਤੂੰ ਗੱਲ ਕਰਦੀ ਹੈਂ...! ਉਹ ਵੀ ਉਸ ਬੱਚੇ ਵਾਂਗ ਹੀ ਹੈ ਜਿਹੜਾ ਆਪਣੀ ਮਾਂ ਦੀ ਚੁੰਨੀਂ ਦਾ ਲੜ ਫੜਨ ਦੀ ਥਾਂ ਭੁਲੇਖੇ ਨਾਲ ਕਿਸੇ ਹੋਰ ਔਰਤ ਦੀ ਚੁੰਨੀਂ ਦਾ ਲੜ ਫੜ ਕੇ ਉਸਦੇ ਪਿਛੇ ਪਿਛੇ ਤੁਰੀ ਜਾ ਰਿਹਾ ਹੈ।ਬੱਚੇ ਨੂੰ ਹਾਲੇ ਪਤਾ ਨਹੀਂ ਹੈ ਕਿ ਉਹ ਆਪਣੀ ਮਾਂ ਤੋਂ ਵਿਛੜ ਚੁੱਕਾ ਹੈ ਤੇ ਆਪਣੇ ਘਰ ਜਾਣ ਦੀ ਥਾਂ ਕਿਸੇ ਹੋਰ ਪਾਸੇ ਹੀ ਤੁਰਿਆ ਜਾ ਰਿਹਾ ਹੈ।ਇਸ ਘੋਰ ਕਲਿਯੁਗ ਦੇ ਅੰਧਕਾਰ ਵਿਚ ਕਾਮ,ਕ੍ਰੋਧ,ਲੋਭ,ਮੋਹ ਅਤੇ ਹੰਕਾਰ ਦੇ ਮਹਾਂ ਬਲੀ ਸਾਡੇ ਹਥੋਂ ਮਾਂ ਰੂਪੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੱਲਾ ਛੁੜਾ ਕੇ ਮਾਇਆ ਰੂਪੀ ਜਾਲ ਵਿਚ ਫਸਾਉਣ ਲਈ ਹੰਬਲੇ ਮਾਰਦੇ ਰਹਿੰਦੇ ਹਨ।ਸਿਰਫ ਇਲਾਹੀ ਬਾਣੀ ਦੀਆਂ ਅੰਮ੍ਰਿਤ ਬੂੰਦਾਂ ਹੀ ਤ੍ਰਿਸ਼ਨਾਂ-ਅਗਨੀ ਨੂੰ ਬੁਝਾ ਕੇ ਸਾਡੇ ਜੀਵਨ ਨੂੰ ਠੰਡਾ ਠਾਰ ਕਰ ਸਕਦੀਆਂ ਹਨ।ਵਾਹਿਗੁਰੂ ਸਭ ਦਾ ਭਲਾ ਕਰੇ...!ਉਸ ਮਾਲਿਕ ਦਾ ਲੱਖ ਲੱਖ ਸ਼ੁਕਰ ਹੈ ਕਿ ਉਸਨੇ ਆਪਣਾ ਅੰਚਲ ਫੜਾਇਆ ਹੋਇਆ ਹੈ।"

ਬੀਬੀ ਜੀ ਦੇ ਮੂਹੋਂ 'ਅੰਚਲ' ਸ਼ਬਦ ਸੁਣ ਕੇ ਸਤ-ਸੰਗਣ ਨੇ ਕਿਹਾ;-"ਬੀਬੀ ਜੀ..! ਕ੍ਰਿਪਾ ਕਰਕੇ ਇਹ ਦੱਸੋ, ਕਿ ਹੁਕਮਨਾਮਾ ਉਚਾਰਣ ਕਰਦੇ ਸਮੇ ਤੁਸੀਂ ਗੁਰੂ ਮਹਾਰਾਜ ਦੇ ਦੋਨਾਂ ਪਾਸਿਆਂ ਤੋਂ ਲਟਕ ਰਹੇ ਰੁਮਾਲੇ ਦੇ ਸਿਰਿਆਂ ਨੂੰ ਬੜੇ ਪਿਆਰ ਨਾਲ ਕਿਉਂ ਘੁਟਦੇ ਪਏ ਸੀ?ਤਾਂ ਬੀਬੀ ਜੀ ਨੇ ਉਤਰ ਵਿਚ ਕਿਹਾ;-"ਹਾਂ..!ਇਹ ਵੀ ਇਕ ਖਾਸ ਗਲ ਹੈ। ਚੁੰਨੀਂ ਦੇ ਲੜ ਨੂੰ ਅੰਚਲ ਕਹਿੰਦੇ ਹਨ।ਜਦੋਂ

'ਅੰਚਲੁ ਦੀਜੈ'ਦੇ ਰੱਬੀ ਫੁਰਮਾਨ ਦੇ ਦਰਸ਼ਨ ਕੀਤੇ ਤਾਂ ਮੈਨੂੰ ਇਸ ਤਰ੍ਹਾਂ ਲਗਿਆ ਜਿਵੇਂ ਮੈ ਭੀ ਇਕ ਛੋਟਾ ਜਿਹਾ ਬੱਚਾ ਹੀ ਹਾਂ।ਸੰਸਾਰ ਦੇ ਮੇਲੇ ਵਿਚ ਗੁਆਚ ਜਾਣ ਦੇ ਡਰ ਤੋਂ ਮੈ ਵੀ ਸਤਿਗੁਰਾਂ ਦੇ ਸੁੰਦਰ ਪੁਸ਼ਾਕਿਆਂ ਦੇ ਸਿਰਿਆਂ ਨੂੰ ਘੁਟ ਕੇ ਫੜ ਲਿਆ ਤੇ ਬੇਨਤੀ ਕੀਤੀ ਕਿ ਮੇਰੇ ਸਤਿਗੁਰੂ ਜੀਓ...! ਮੈਂ ਅੰਨ੍ਹੀ ਹਾਂ....!ਗਿਆਨ-ਹੀਨ ਹਾਂ.....!।ਮੈਨੂੰ ਗੁਰਸਿਖੀ ਜੀਵਨ ਦੇ ਰਾਹਾਂ ਦੀ ਕੋਈ ਜਾਣ ਪਛਾਣ ਨਹੀਂ ਹੈ।ਮੇਰੇ ਮਾਲਿਕਾ! ਤੂੰ ਮੈਨੂੰ ਆਪਣਾ ਅੰਚਲ ਫੜਾ ਕੇ ਆਪਣੇ ਪਿਛੇ ਪਿਛੇ ਤੋਰ ਲੈ।ਮੈ ਤੇਰੇ ਨਾਲ ਮਿਲ ਕੇ ਹੀ ਸੰਸਾਰ ਰੂਪੀ ਮੇਲੇ ਵਿਚ ਗੁਆਚਣ ਤੋਂ ਬਚ ਸਕਦੀ ਹਾਂ। ਮਾਂ ਦਾ ਅੰਚਲ ਤਾਂ ਬਚਪਨ ਦਾ ਇਕ ਛੋਟਾ ਜਿਹਾ ਸਹਾਰਾ ਹੀ ਹੁੰਦਾ ਹੈ ਪਰ ਗੁਰੂ ਦਾ ਅੰਚਲ ਲੋਕ ਪ੍ਰਲੋਕ ਅਤੇ ਖੰਡਾਂ ਬਰ੍ਹਮੰਡਾਂ ਵਿਚ ਵੀ ਗੁਆਚਣ ਨਹੀ ਦਿੰਦਾ।"

ਪ੍ਰਗਟ ਗੁਰਾਂ ਕੀ ਦੇਹ ਦੀ ਸ਼ਰਣ ਵਿਚ ਰਹਿਣ ਲਈ ਬੀਬੀ ਗੁਰਦੀਪ ਕੌਰ ਜੀ ਅਮੀਰੀ ਗਰੀਬੀ ਦੀਆਂ ਹੱਦਾਂ ਤੋੜ ਦਿੰਦੇ, ਆਪਣੇ ਪਰਾਏ ਦੇ ਭੇਦ ਭਾਵ ਭੁਲ ਜਾਂਦੇ ਤੇ ਦੂਰ ਨੇੜੇ ਦੇ ਫਾਸਲੇ ਮਿਟਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੋਅ ਵਿਚ ਬੈਠੇ ਗੁਰਮੁਖ ਜੀਉੜਿਆਂ ਨਾਲ ਪ੍ਰੇਮ- ਸਾਂਝਾਂ ਪਾ ਕੇ ਕਦੀ ਰੱਜਦੇ ਨਹੀਂ ਸਨ —

ਰੱਤੇ ਇਸ਼ਕ ਖੁਦਾਇ ਰੰਗਿ ਦੀਦਾਰ ਕੇ॥


ਪੰਨਾਂ੪੮੮



ਬੀਬੀ ਗੁਰਦੀਪ ਕੌਰ ਜੀ ਸੰਤ ਸਮਾਗਮ ਵਿਚ ਸਿਰੋਪਾ ਦੀ ਬਖਸ਼ਿਸ਼ ਪ੍ਰਾਪਤ ਕਰਦੇ ਹੋਏ

************

# ਭਾਈ ਲਾਭ ਸਿੰਘ



ਹੇਮ-ਕੁੰਟ ਸਾਹਿਬ ਦੇ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠੇ ਭਾਈ ਲਾਭ ਸਿੰਘ ਜੀ।( ਇਸ ਫੋਟੋ ਵਿਚ ਦੀਵਾਰ ਉਤੇ ਲੱਗੀਆਂ ਹੋਈਆਂ ਦੋ ਫੋਟੋਆਂ ਦਿਖਾਈ ਦੇ ਰਹੀਆਂ ਹਨ।ਕਿਹਾ ਜਾਂਦਾ ਹੈ ਕਿ ਇਕ ਅੰਨੀਂ ਲੜਕੀ ਨੇ ਗੁਰੂ ਦੀ ਬਖਸ਼ਿਸ਼ ਨਾਲ ਅੱਖੀਆਂ ਦੀ ਜੋਤ ਵਾਪਿਸ ਆਉਣ ਦੀ ਖੁਸ਼ੀ ਵਿਚ ਇਕ ਸਫੈਦ ਕੱਪੜੇ ਉਤੇ ਸੂਈ ਧਾਗੇ ਨਾਲ ਕਢਾਈ ਕਰਕੇ ਗੁਰਬਾਣੀ ਲਿਖ ਕੇ ਇਹ ਫੋਟੋਆਂ ਦਰਬਾਰ ਵਿਚ ਸਜਾਈਆਂ।)

ਦੁਪਹਿਰ ਪਿਛੋਂ ਸੰਗਤਾਂ ਹੇਮ-ਕੁੰਟ ਸਾਹਿਬ ਦੇ ਦਰਸ਼ਨ-ਕਰਕੇ ਗੋਬਿੰਦ ਧਾਮ ਦੇ ਰਾਹੇ ਪੈ ਗਈਆਂ ਪਰ ਬੀਬੀ ਗੁਰਦੀਪ ਕੌਰ ਜੀ ਨੇ ਘੋੜੇ ਵਾਲੇ ਨੂੰ ਥ਼ੋੜਾ ਇੰਤਜ਼ਾਰ ਕਰਨ ਲਈ ਕਿਹਾ ਤੇ ਆਪ ਸੋਟੀ ਫੜ ਕੇ ਚੌਥੀ ਚੋਟੀ ਵਲ ਤੁਰ ਪਏ।ਜਾਪ ਸਾਹਿਬ ਦੀ ਬਾਣੀ ਵਿਚ ਲੀਨ ਹੋਏ ਅਨੁਭਵ ਕਰ ਰਹੇ ਸੀ ਕਿ ਸਾਰੀ ਕਾਇਨਾਤ ਰਾਹੀਂ ਸਿਰਜਨਹਾਰੇ ਨੂੰ ਨਮਸਕਾਰਾਂ ਹੋ ਰਹੀਆਂ ਹਨ।ਪਾਠ ਦੀ ਸਮਾਪਤੀ ਪਿਛੋਂ ਚੌਥੀ ਚੋਟੀ ਦੇ ਪੈਰਾਂ ਵਿਚ ਖੜ੍ਹ ਕੇ ਉਨ੍ਹਾਂ ਅਰਦਾਸ ਕੀਤੀ।ਚੋਟੀ ਦੇ ਸਿਖਰ ਤਪ-ਸਥਾਨ ਵਲ ਮੂੰਹ ਚੁੱਕ ਕੇ ਦਿਲ ਦੀਆਂ ਹੂਕਾਂ ਰਾਹੀਂ ਚੋਜੀ ਪ੍ਰੀਤਮ ਨੂੰ ਪੁਕਾਰ ਰਹੇ ਸੀ ਕਿ ਅਸਮਾਨ ਵਿਚ ਬੱਦਲਾਂ ਨੇ ਮੌਸਮ ਖਰਾਬ ਹੋ ਜਾਣ ਦਾ ਇਸ਼ਾਰਾ ਕੀਤਾ, ਤਾਂ ਉਹ ਆਪਣੇ ਮਿੱਤਰ ਪਿਆਰੇ ਦੀਆਂ ਯਾਦਾਂ ਦੀ ਮਸਤੀ ਵਿਚ ਝੂੰਮਦੇ ਹੋਏ ਸਰੋਵਰ ਦੇ ਕੰਢੇ ਕੰਢੇ ਵਾਪਸ ਮੁੜ ਪਏ।ਗੁਰਦਵਾਰੇ ਦੇ ਕੋਲ ਪਹੁੰਚੇ ਤਾਂ ਉਨ੍ਹਾਂ ਦੇਖਿਆ ਕਿ ਗ੍ਰੰਥੀ ਸਿੰਘ,ਭਾਈ ਲਾਭ ਸਿੰਘ ਜੀ ਸਰੋਵਰ ਦੇ ਆਲੇ ਦੁਆਲੇ ਦੀ ਸਫਾਈ ਕਰਨ ਪਿਛੋਂ, ਸਰੋਵਰ ਕੰਢੇ ਇਕ ਖੂੰਜੇ ਵਿਚ ਬੜੀ ਸ਼ਰਧਾ ਨਾਲ ਝਾੜੂ ਫੇਰ ਰਹੇ ਹਨ।ਬੀਬੀ ਜੀ ਉਨ੍ਹਾਂ ਦੇ ਕੋਲ ਆ ਕੇ ਖੜ੍ਹ ਗਏ ਪਰ ਭਾਈ ਸਾਹਿਬ ਪ੍ਰੇਮ ਵਿਚ ਡੁੱਬੇ ਹੋਏ ਬੜੀ ਰੀਝ ਨਾਲ ਆਪਣੇ ਕੰਮ ਵਿਚ ਰੁੱਝੇ ਰਹੇ।ਆਲੇ ਦੁਆਲੇ ਤੋਂ ਬੇਖਬਰ ਹੋਇਆਂ ਨੂੰ ਬੀਬੀ ਜੀ ਨੇ ਫਤਿਹ ਬੁਲਾਈ ਤਾਂ ਉਹ ਬੀਬੀ ਜੀ ਦੇ ਕੋਲ ਆ ਕੇ ਖੜ੍ਹ ਗਏ।

ਹਾਲ ਚਾਲ ਦੱਸਣ ਪੁੱਛਣ ਪਿਛੋਂ ਬੀਬੀ ਜੀ ਦੇ ਕਹਿਣ 'ਤੇ ਉਨ੍ਹਾਂ ਆਪਣਾ ਜੀਵਨ-ਬਿਰਤਾਂਤ ਸੁਣਾਉਦਿਆਂ ਹੋਇਆਂ ਕਿਹਾ,- "ਮੈਂ ਫੌਜ ਵਿਚ ਨੌਕਰੀ ਕਰਦਾ ਸੀ।ਗੁਰੂ ਦੀ ਕ੍ਰਿਪਾ ਨਾਲ ਅੰਮ੍ਰਿਤ ਵੇਲੇ

ਦੀ ਸੰਭਾਲ ਪਿਛੋਂ ਸਿਮਰਨ ਵਿਚ ਲੀਨ ਹੋਣ ਲਈ ਥੋੜਾ ਸਮਾਂ ਜ਼ਰੂਰ ਕੱਢਦਾ ਹੁੰਦਾ ਸੀ।ਇਕ ਦਿਨ ਐਸਾ ਹੋਇਆ ਕਿ ਮੇਰੀ ਸਮਾਧੀ ਦੇ ਦੋਨੋ ਪਾਸੇ ਸ਼ਸਤਰਾਂ ਨਾਲ ਸਜੇ ਹੋਏ ਦੋ ਨਿਹੰਗ ਸਿੰਘ ਆ ਕੇ ਖੜੋ ਗਏ।ਮੈਂ ਦੇਖਿਆ ਕਿ ਮੇਰੀ ਸਮਾਧੀ ਵਿਚੋਂ ਹੀ ਮੇਰਾ ਇਕ ਹੋਰ ਸਰੀਰ ਨਿਕਲ ਰਿਹਾ ਹੈ।ਮੇਰੇ ਹੱਡ ਮਾਸ ਦੇ ਸਰੀਰ ਦੀ ਸਮਾਧੀ ਸਾਹਮਣੇ ਹਲਕਾ ਫੁਲ ਵਰਗਾ ਬੜਾ ਹੀ ਸੁਖਦਾਈ ਜਿਹਾ ਸਰੀਰ ਮੇਰੇ ਸਿਰ ਉਤੇ ਟਿਕ ਗਿਆ।ਸਮਾਧੀ ਵਾਲਾ ਸਰੀਰ ਹੁਣ ਓਪਰਾ ਜਿਹਾ ਲਗਣ ਲਗਿਆ।ਇਓਂ ਲੱਗੇ ਜਿਵੇਂ ਵਸਤਰ ਉਤਾਰ ਕੇ ਸਾਹਮਣੇ ਰੱਖੇ ਹੋਏ ਹੋਣ ਅਤੇ ਮੈਨੂੰ ਆਪਣਾ ਆਪ ਉਸ ਸੂਖਸ਼ਮ ਸਰੀਰ ਵਿਚ ਹੀ ਮਹਿਸੂਸ ਹੋਣ ਲਗਿਆ।ਓਧਰ ਨਿਹੰਗ ਸਿੰਘ ਵੀ ਸੂਖਸ਼ਮ ਸਰੀਰ ਦੇ ਸੁੰਦਰ ਸਰੂਪ ਵਿਚ ਹੀ ਸਨ।ਇਕ ਨਿਹੰਗ ਸਿੰਘ ਨੇ ਮੇਰੇ ਸੂਖਸ਼ਮ ਸਰੀਰ ਦੀ ਸੱਜੀ ਬਾਂਹ ਫੜ ਲਈ ਅਤੇ ਦੂਜੇ ਨੇ ਖੱਬੀ ਬਾਂਹ ਫੜ ਲਈ ਤੇ ਦੋਨੋ ਮੈਨੂੰ ਲੈ ਕੇ ਉਪਰ  ਉਡੱਣ ਲਗੇ।ਦਰਖਤਾਂ,ਇਮਾਰਤਾਂ,ਪਹਾੜਾਂ ਅਤੇ ਹੋਰ ਕਿਸੇ ਵੀ ਚੀਜ਼ ਦੀ ਰੁਕਾਵਟ ਨਾ ਪਵੇ।ਸਭ ਦੇ ਵਿਚੋਂ ਦੀ ਲੰਘੀ ਜਾਈਏ।ਮੈਨੂੰ ਸਭ ਥਾਵਾਂ ਦੀ ਪੂਰੀ ਸੋਝੀ ਹੋ ਰਹੀ ਸੀ ਕਿ ਮੈਂ ਕਿਥੋਂ ਦੀ ਜਾ ਰਿਹਾ ਹਾਂ।ਅਸੀਂ ਪੰਜਾਬ ਟੱਪ ਗਏ।ਇਸੇ ਤਰਾਂ ਹੀ ਦੂਜੇ ਪ੍ਰਾਂਤ ਭੀ ਲੰਘ ਗਏ।ਜਦੋਂ ਸੋਹਣੇ ਸੋਹਣੇ ਪਹਾੜ ਤੇ ਨਦੀਆਂ ਦੇ ਉਪਰੋਂ ਦੀ ਉਡਣ ਲਗੇ ਤਾਂ ਸਿਆਲ ਮਹੀਨੇ ਕਰਕੇ ਹਰ ਪਾਸੇ ਬਰਫ ਹੀ ਬਰਫ ਦੇਖੀ।ਅੰਤਾਂ ਦੀ ਸੁੰਦਰਤਾ ਦੇਖ ਮੈਂ ਸਮਝਿਆ ਕਿ ਮੈਨੂੰ ਸਵਰਗਾਂ ਵਿਚ ਲੈ ਕੇ ਆ ਗਏ ਹਨ।ਅਖੀਰ ਉਹ ਮੈਨੂੰ ਇੱਥੇ ਸਰੋਵਰ ਦੇ ਕੰਢੇ ਲਿਆ ਕੇ ਖੜ੍ਹਾ ਕਰਕੇ ਆਪ ਪਤਾ ਨਹੀਂ ਕਿੱਥੇ ਅਲੋਪ ਹੋ ਗਏ।"

ਇਹ ਕਹਿੰਦਿਆਂ ਭਾਈ ਸਾਹਬਿ ਦਾ ਹਿਰਦਾ ਪ੍ਰੇਮ ਨਾਲ ਵ੍ਹਿਨਿਆਂ ਗਿਆ।ਬੋਲਿਆ ਨਾ ਜਾਵੇ।ਪ੍ਰੇਮ ਵੈਰਾਗ ਦੇ ਹੰਝੂ ਅੱਖੀਆਂ ਚੋਂ ਕਿਰ ਕੇ ਉਨ੍ਹਾਂ ਦੀ ਦਾੜ੍ਹੀ ਉਤੇ ਮੋਤੀ ਬਣ ਕੇ ਲਟਕਣ ਲਗੇ।ਉਨ੍ਹਾਂ ਤਰਸਦੀਆਂ ਅਖੀਆਂ ਨਾਲ ਸਰੋਵਰ ਦੇ ਕੰਢੇ,ਉਸ ਥਾਂ ਵਲ ਹਥ ਨਾਲ ਇਸ਼ਾਰਾ ਕਰਕੇ ਕਿਹਾ,— " ਮੈਂ ਦੇਖਿਆ,ਇੱਥੇ ਸੱਚੇ ਪਾਤਿਸ਼ਾਹ ਸਮਾਧੀ ਲਾਈ ਬੈਠੇ ਹਨ। " ਉਨ੍ਹਾਂ ਉਸ ਥਾਂ ਉਤੋਂ ਹੱਥ ਨਾਲ ਮਿੱਟੀ ਚੁੱਕ ਕੇ ਆਪਣੇ ਮੱਥੇ ਨੂੰ ਲਾਉਂਦਿਆਂ ਹੋਇਆਂ ਆਪਣੀ ਕਹਾਣੀ ਫਿਰ ਸ਼ੁਰੂ ਕੀਤੀ।—"ਮੈਨੂੰ ਅਨੁਭਵ ਹੋਇਆ ਕਿ ਇਹ ਹੀ ਮੇਰੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ।ਪਰ ਉਨ੍ਹਾਂ ਦਾ ਸਾਂਵਲਾ ਰੰਗ ਦੇਖ ਕੇ ਮਨ ਕਹੇ,ਇਹ ਕਿਸ ਤਰਾਂ ਹੋ ਸਕਦਾ ਹੈ?ਹੈਰਾਨੀ ਜਿਹੀ ਹੋਵੇ ਤੇਜ ਪ੍ਰਤਾਪ ਦੇਖ ਕੇ ਦਰਸ਼ਨ ਦਿਦਾਰਿਆਂ ਨਾਲ ਨਿਹਾਲ ਹੁੰਦਾ ਜਾਵਾਂ।ਐਨਾ ਜਲਾਲ ਦੇਖਣ ਦੀ ਹਿੰਮਤ ਪਤਾ ਨਹੀਂ ਕਿਸ ਤਰਾਂ ਹੋ ਗਈ।ਹੱਡ ਮਾਸ ਦੇ ਸਰੀਰ ਵਿਚ ਤਾਂ ਐਨੀ ਤੀਖਣਤਾ ਦੀਆਂ ਭਾਵਨਾਵਾਂ ਸਹਾਰੀਆਂ ਨਹੀਂ ਜਾ ਸਕਦੀਆਂ। ਅਜਿਹਾ ਪ੍ਰਤਾਪ ਦੇਖ ਕੇ ਸਥੂਲ ਸਰੀਰ ਤਾਂ ਦਿਲ ਦੀ ਧੜਕਣ ਨਾਲ ਹੀ ਮਰ ਜਾਵੇ।ਚਰਨਾਂ ਵਿਚ ਢਹਿ ਢੇਰੀ ਹੋਣ ਲਈ ਕਾਹਲਾ ਪਵਾਂ।ਫਤਿਹ ਬਲਾਉਣ ਲਈ ਜੀਅ ਲੋਚੇ ਪਰ ਗੁਰੂ ਜੀ ਦੇ ਸਮਾਧੀ ਲੀਨ ਅਵੱਸਥਾ ਵਿਚ ਜੁੜੇ ਹੋਏ ਕੰਵਲ ਨੈਣ ਦੇਖ ਕੇ ਸਮਾਧੀ ਭੰਗ ਹੋਣ ਤੋਂ ਡਰਦਾ ਮਾਰਾ ਇੱਥੇ ਹੀ ਖੜ੍ਹਾ ਸੀ ਕਿ ਸਤਿਗੁਰਾਂ ਨੇ ਇਲਾਹੀ-ਨੂਰ ਨਾਲ ਛਲਕਦੇ ਨੈਣ ਖੋਲ੍ਹੇ ਤੇ ਮਿੱਠੀਆਂ ਮੁਸਕ੍ਰਾਹਟਾਂ ਨਾਲ ਖੁਸ਼ੀਆਂ ਖੇੜਿਆਂ ਦਾ ਮੀਂਹ ਵਗ੍ਰਾਉਂਦੇ ਹੋਏ ਉਠ ਕੇ ਉਹ ਮੇਰੇ ਕੋਲ ਆ ਕੇ ਖੜ੍ਹੇ ਹੋ ਗਏ।ਉਨ੍ਹਾਂ ਮੇਰਾ ਸੱਜਾ ਮੋਢਾ  ਫੜਿਆ ਤੇ ਕਿਹਾ,-'ਆ ਸਿੰਘਾ!ਤੈਨੂੰ ਕੁਝ ਦਿਖਾਈਏ..!'ਇਹ ਕਹਿ ਕੇ ਉਨ੍ਹਾਂ ਦੂਜੀ ਚੋਟੀ ਵਲ ਇਸ਼ਾਰਾ ਕੀਤਾ ਤੇ ਮੈਨੂੰ ਨਾਲ ਲੈ ਕੇ ਓਧਰ ਤੁਰ ਪਏ।ਇਕ ਬਹੁਤ ਹੀ ਸੋਹਣੀ

ਹਰੇ ਹਰੇ ਘਾਹ ਨਾਲ ਲਹਿ ਲਹਿ ਕਰਦੀ ਗੁਫ਼ਾ।ਹੋਰ ਪਤਾ ਨਹੀਂ ਉਥੇ ਕੀ ਕੀ ਸੀ,ਕੁਝ ਯਾਦ ਨਹੀਂ ਆ ਰਿਹਾ।ਪਰ ਇਸ ਤਰਾ ਲਗਦਾ ਹੈ ਕਿ ਉਥੇ ਬਹੁਤ ਕੁਝ ਸੀ।ਪਤਾ ਨਹੀਂ ਕਿਉਂ ਉਹ ਸੱਭ ਕੁਝ ਭੁਲ ਗਿਆ।ਸਿਰਫ ਇਹ ਯਾਦ ਹੈ ਕਿ ਮੈਂ ਉਸ ਗੁਫ਼ਾ ਨੂੰ ਦੇਖਣ ਪਿਛੋਂ ਆਪਣੇ ਕਮਰੇ ਵਿਚ ਆਪਣੇ ਸਥੂਲ ਸਰੀਰ ਵਿਚ ਸੀ।ਸਮਾਧੀ ਵਿਚ ਸੀ।ਕਮਰੇ ਦਾ ਕੁੰਢਾ ਅੰਦਰੋਂ ਲਗਾ ਹੋਇਆ ਸੀ।

ਮੈਂ ਸੋਚਿਆ,ਸਮਾਧੀ ਵਿਚ ਬੈਠੇ ਨੂੰ ਹੀ ਸਤਿਗੁਰਾਂ ਨੇ ਸਵਰਗਾਂ ਦਾ ਸੁਪਨਾ ਦਿਖਾ ਦਿਤਾ ਹੈ।ਮੈਂ ਉਠ ਕੇ ਆਪਣੀ ਫੌਜੀ ਡਿਊਟੀ ‘ਤੇ ਜਾਣ ਲਈ ਤਿਆਰ ਹੋਣ ਲਗ ਪਿਆ।ਇਸਦੇ ਪਿਛੋਂ ਮੈਂ ਅੱਠ ਸਾਲ ਨੌਕਰੀ ਕੀਤੀ ਅਤੇ ਇਹੀ ਸਮਝਦਾ ਰਿਹਾ ਕਿ ਸਤਿਗੁਰਾਂ ਨੇ ਸੁਪਨੇ ਵਿਚ ਮੈਨੂੰ ਸਵਰਗ ਦਾ ਨਜ਼ਾਰਾ ਦਿਖਾਇਆ ਹੈ ਅਤੇ ਦਰਸ਼ਨ ਦੇ ਕੇ ਨਿਹਾਲ ਕੀਤਾ ਹੈ। ਅੱਠ ਸਾਲ ਪਿਛੋਂ ਇਕ ਵਾਰੀ ਸਾਡੀ ਪਲਟਣ ਨੂੰ ਜੋਸ਼ੀਮਠ ਆਉਣ ਦਾ ਮੌਕਾ ਮਿਲਿਆ। ਅਸੀਂ ਕੁਝ ਫੌਜੀਆਂ ਨੇ ਹੇਮ-ਕੁੰਟ ਸਾਹਿਬ ਜਾਣ ਦਾ ਪ੍ਰੋਗਰਾਮ ਬਣਾ ਲਿਆ।ਇਸ ਤੋਂ ਪਹਿਲੇ ਮੈ ਕਦੀ ਹੇਮਕੁੰਟ ਦੀ ਯਾਤਰਾ ਨਹੀਂ ਸੀ ਕੀਤੀ।ਨਾ ਹੀ ਇਸ ਬਾਰੇ ਕਿਸੇ ਕੋਲੋਂ ਕਦੀ ਕੁਝ ਸੁਣਿਆਂ ਜਾਂ ਪੜ੍ਹਿਆ ਸੀ।

ਮੇਰੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ ਜਦੋਂ ਮੈਂ ਦੇਖਿਆ ਕਿ ਇਹ ਤਾਂ ਉਹੀ ਥਾਂ ਹੈ ਜਿਸਨੂੰ ਮੈਂ ਅਜ ਤਕ ਸੁਪਨੇ ਵਿਚ ਦੇਖਿਆ ਸਵਰਗੀ ਨਜ਼ਾਰਾ ਹੀ ਸਮਝਦਾ ਰਿਹਾ ਹਾਂ।ਇਸ ਸਵਰਗੀ ਨਜ਼ਾਰੇ ਦੇ ਦਰਸ਼ਨ ਕਰਵਾਉਣ ਲਈ ਤਾਂ ਮੈਨੂੰ ਅਠ ਸਾਲ ਪਹਿਲਾਂ ਦੋ ਨਿਹੰਗ ਸਿੰਘ ਉੜਾ ਕੇ ਲਿਆਏ ਸੀ।ਜਿਉਂ ਜਿਉਂ ਚੜ੍ਹਾਈਆਂ ਚੜ੍ਹਦਾ ਜਾਵਾਂ,ਤਿਉਂ ਤਿਉਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਦਿਦਾਰਿਆਂ ਲਈ ਮਨ ਉਛਾਲੇ ਖਾਵੇ।ਇਥੇ ਅੰਮ੍ਰਿਤ ਸਰੋਵਰ ਦੇ ਕੰਢੇ ਪਹੁੰਚਿਆ ਤਾਂ ਨਜ਼ਰਾਂ ਇਸ ਖੂੰਜੇ ਉਤੇ ਟਿਕ ਗਈਆਂ।(ਇਸ਼ਾਰਾ ਕਰਦੇ ਹੋਏ) ਇਥੇ ਬੈਠੇ ਸੀ ਮੇਰੇ ਸਤਿਗੁਰੂ.....!ਹੁਣ ਇਥੋਂ ਪਰ੍ਹੇ ਜਾਣ ਨੂੰ ਦਿਲ ਨਹੀਂ ਕਰਦਾ।ਉਸਦੇ ਦਰਸ਼ਨਾ ਦੀ ਲੋਚਾ ਦਿਨੋ ਦਿਨ ਵਧਦੀ ਜਾ ਰਹੀ ਹੈ।ਬੀਬੀ ਜੀ!ਤੁਸੀਂ ਮੇਰੇ ਲਈ ਅਰਦਾਸ ਕਰੋ!ਇਸੇ ਥਾਂ ਉਤੇ,ਜਿਵੇਂ ਉਨ੍ਹਾਂ ਨੇ ਮੇਰੀ ਬਾਂਹ ਫੜੀ ਸੀ...!ਕਿਧਰੇ ਅਜ ਭੀ ਆ ਕੇ ਉਸੇ ਤਰਾਂ ਹੀ ਮੇਰੀ ਬਾਂਹ ਫੜਨ....!ਦਰਸ਼ਨ ਦਿਦਾਰੇ ਬਖਸ਼ਣ...!ਇਕ ਵਾਰੀ...!ਬਸ ਇਕ ਵਾਰੀ..! ਆਪਣੇ ਪ੍ਰੀਤਮ ਦੇ ਚਰਨਾਂ ਵਿਚ ਢਹਿ ਪਵਾਂ....!ਤੇ ਫੇਰ ਸਦਾ ਲਈ ਉਸਦੇ ਚਰਨਾ ਵਿਚ ਹੀ ਸਮਾ ਜਾਵਾਂ..! ਕਦੀ ਨਾ ਉਠਾਂ....!

ਬਚਿਆਂ ਵਰਗੀ ਮਸੂਮੀਅਤ ਨਾਲ ਉਨ੍ਹਾਂ ਦਰਸ਼ਨ-ਪਿਆਸੇ ਚਾਤ੍ਰਿਕ-ਮਨ ਦੀ ਪਿਆਸ ਨਾਲ ਕਿਹਾ;-“ਮੈਂ ਨੋਕਰੀ ਛੱਡ ਦਿੱਤੀ।ਇਥੇ ਹੀ ਬਸੇਰਾ ਕਰ ਲਿਆ।ਸਤਿਗੁਰਾਂ ਨੇ ਕ੍ਰਿਪਾ ਕਰਕੇ ਗ੍ਰੰਥੀ ਸਿੰਘ ਦੀ ਸੇਵਾ ਬਖਸ਼ ਦਿੱਤੀ।ਬਸ!ਹੁਣ ਉਹ ਮੈਨੂੰ ਇਥੇ ਜੋਗਾ ਹੀ ਬਣਾਈ ਰੱਖੇ!ਇਸ ਸਵਰਗੀ ਧਰਤੀ ਉਤੇ ਮੈਨੂੰ ਸੇਵਾ ਕਰਨ ਦਾ ਅਵਸਰ ਬਖਸ਼ਿਆ ਹੈ।ਲੱਖ ਲੱਖ ਸ਼ੁਕਰ ਹੈ।ਹੁਣ ਮੈਂ ਦਰਸ਼ਨਾਂ ਦੀ ਲੋਚਾ ਵਿਚ ਹੀ ਜੀ ਰਿਹਾ ਹਾਂ।

ਸਾਰੀ ਸੰਗਤ ਵਾਪਿਸ ਗੋਬਿੰਦ ਧਾਮ ਜਾ ਚੁੱਕੀ ਸੀ।ਅੰਮ੍ਰਿਤ ਸਰੋਵਰ ਦੇ ਕੰਢੇ ਖੜੀਆਂ ਦੋਨੋ ਰੰਗ ਰੱਤੜੀਆਂ ਜਿੰਦਾਂ ਗੁਰੂ ਪ੍ਰੇਮ ਦੀਆਂ ਸਾਂਝਾਂ ਦੀਆਂ ਪੀਡੀਆਂ ਗੰਢਾਂ ਵਿਚ ਬੱਝੀਆਂ ਪਈਆਂ ਸੀ ਕਿ ਘੋੜੇ

ਵਾਲੇ ਨੇ ਆ ਕੇ ਹਨੇਰਾ ਹੋ ਜਾਣ ਦੇ ਡਰ ਦੀ ਗਲ ਕਰਕੇ ਬੀਬੀ ਜੀ ਨੂੰ ਜਾਣ ਲਈ ਕਿਹਾ। ਫਤਿਹ ਬੁਲਾ ਕੇ ਬੀਬੀ ਜੀ ਘੋੜੇ ਵਲ ਤੁਰ ਪਏ।ਗੋਬਿੰਦ ਧਾਮ ਪਹੁੰਚਣ ਤਕ ਸਾਰੇ ਰਸਤੇ ਉਨ੍ਹਾਂ ਨੂੰ ਭਾਈ ਲਾਭ ਸਿੰਘ ਜੀ ਦਾ ਸਵਰਗੀ ਨਜ਼ਾਰਾ ਦਿਸਦਾ ਰਿਹਾ ਅਤੇ ਸਾਂਵਲੇ ਸਲੋਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦਰਸ਼ਨ-ਪਿਆਸ ਦੀਆਂ ਗਲਾਂ ਯਾਦ ਆਉਂਦੀਆਂ ਰਹੀਆਂ।

ਇਲਾਹੀ ਦੁਨੀਆ ਦੀਆਂ ਕਥਾ ਕਹਾਣੀਆਂ ਅਤੇ ਗੁਰੂ-ਪ੍ਰੇਮ ਦੀਆਂ ਬਾਤਾਂ ਸਾਂਝੀਆਂ ਕਰਨ ਲਈ ਬੀਬੀ ਜੀ ਲਾਭ ਸਿੰਘ ਨਾਲ ਚਿੱਠੀ ਪੱਤਰ ਕਰਦੇ ਰਹੇ।ਜਦੋਂ ਲਾਭ ਸਿੰਘ ਹੋਰੀਂ ਪਟਿਆਲੇ ਆਪਣੇ ਘਰ ਜਾਂਦੇ ਤਾਂ ਬੀਬੀ ਜੀ ਨੂੰ ਮਿਲ ਕੇ ਆਉਂਦੇ,੧੯੯੨ ਵਿਚ ਉਹ ਦਿਲ ਦੇ ਦੌਰੇ ਨਾਲ ਪੰਜ-ਭੂਤਕ ਸਰੀਰ ਛਡ ਕੇ ਸਦਾ ਸਦਾ ਲਈ ਆਪਣੇ ਸਾਂਵਲੇ-ਸਲੋਨੇ ਸਤਿਗੁਰਾਂ ਕੋਲ ਪਹੁੰਚ ਗਏ।

********************************

# ਚੰਨ ਮੁੱਖੜੇ ਵਾਲਾ ਬੱਚਾ



ਬੀਬੀ ਗੁਰਦੀਪ ਕੌਰ ਜੀ ਦਸ਼ਮੇਸ਼ ਪਿਤਾ ਦੇ ਇਤਿਹਾਸਕ **ਗੁਰਦਵਾਰੇ ਪਾਉਂਟਾ ਸਾਹਿਬ** ਵਿਖੇ ਲੰਗਰ ਦੀ ਸੇਵਾ ਕਰਦੇ ਪਏ ਸਨ।ਸਬਜ਼ੀ ਕਟਦੀਆਂ ਬੀਬੀਆਂ ਦੀ ਟੋਲੀ ਵਿਚੋਂ ਉਨ੍ਹਾਂ ਨੂੰ ਕੁਝ ਖਾਸ ਗੱਲਾਂ ਹੋਣ ਦੀ ਭਿਣਕ ਪਈ।ਇਕ ਔਰਤ ਕਹਿ ਰਹੀ ਸੀ;-"ਨੀ!ਕਹਿੰਦੇ ਨੇ ਅੰਮ੍ਰਿਤ ਵੇਲੇ ਗੁਰੂ ਜੀ ਆਪ ਇਥੇ ਆਉਂਦੇ ਹਨ।"

ਦੂਜੀ ਕਹਿੰਦੀ,_" ਆਹੋ ਨੀ! ਘੋੜਿਆਂ ਦੇ ਪੌੜਾਂ ਦੀ ਅਵਾਜ਼ ਸੁਣਾਈ ਦੇਣ ਬਾਰੇ ਤਾਂ ਮੈਂ ਵੀ ਕਈਆਂ ਤੋਂ ਸੁਣਿਆ ਹੈ...।"।ਇਹ ਗੱਲਾਂ ਸੁਣ ਬੀਬੀ ਜੀ ਵੀ ਉਨ੍ਹਾਂ ਦੇ ਕੋਲ ਜਾ ਬੈਠੇ ਪਰ ਬੀਬੀ ਜੀ ਦੇ ਆਉਣ ਸਾਰ ਹੀ ਉਹ ਸਾਰੀਆਂ ਚੁੱਪ ਕਰ ਗਈਆਂ।ਇਕ ਦੂਜੇ ਵਲ ਦੇਖਦੀਆਂ ਹੋਈਆਂ ਰਾਜ਼ ਦੀ ਗੱਲ ਛੁਪਾਈ ਰੱਖਣ ਲਈ ਅੱਖੀਆਂ ਨਾਲ ਇਸ਼ਾਰੇ ਕਰਨ ਲਗੀਆਂ।ਉਨ੍ਹਾਂ ਨੂੰ ਇਸ ਤਰਾਂ ਦੇਖ ਬੀਬੀ ਜੀ ਨੇ ਬੜੀ ਨਿੰਮਰਤਾ ਨਾਲ ਕਿਹਾ;-"ਕਰਮਾ ਵਾਲੀਓ!ਤੁਹਾਡੇ ਧੰਨ ਭਾਗ.....!ਤੁਹਾਨੂੰ ਗੁਰੂ ਦਰਸ਼ਨਾਂ ਬਾਰੇ ਕੁਝ ਪਤਾ ਹੈ।ਤੁਸੀਂ ਮੇਰੇ ਗਰੀਬਣੀ ਉਤੇ ਵੀ ਦਇਆ ਕਰੋ ਅਤੇ ਮੈਨੂੰ ਵੀ ਕੁਝ ਦੱਸੋ

ਕਿ ਸਤਿਗੁਰੂ ਸੱਚੇ ਪਾਤਿਸ਼ਾਹ ਕਦੋਂ ਆਉਂਦੇ ਹਨ।ਸਤਿਗੁਰਾਂ ਦੇ ਘੋੜੇ ਦੇ ਪੌੜਾਂ ਦੀ ਅਵਾਜ਼ ਕਦੋਂ ਸੁਣਾਈ ਦਿੰਦੀ ਹੈ।"

ਸੇਜਲ ਅੱਖੀਆਂ ਨਾਲ ਕੀਤੀ ਬੇਨਤੀ ਸੁਣਕੇ ਵੀ ਉਹ ਇਕ ਦੂਜੇ ਵਲ ਦੇਖਦੀਆਂ ਹੋਈਆਂ ਚੁੱਪ ਹੀ ਰਹੀਆਂ। ਅਖੀਰ ਬੀਬੀ ਜੀ ਨੂੰ ਉਥੋਂ ਉਠਣਾ ਪਿਆ ਅਤੇ ਉਹ ਆਪਣੇ ਰੰਗਲੇ ਕੰਤ ਦੇ ਦਰਸ਼ਨਾਂ ਲਈ ਵਿਅਕੁਲ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਚਲੇ ਗਏ।ਦਰਸ਼ਨਾ ਲਈ ਵਿਲਕ ਕੇ ਹਾੜੇ ਕੱਢਦਿਆਂ ਉਨ੍ਹਾਂ ਨੂੰ ਨਾ ਆਪਣੇ ਆਪ ਦੀ ਹੋਸ਼ ਰਹੀ ਅਤੇ ਨਾ ਹੀ ਇਹ ਪਤਾ ਲਗਾ ਕਿ ਕਦੋਂ ਤੋਂ ਉਹ ਆਪਣੇ ਪਿਆਰੇ ਦੀ ਯਾਦ ਵਿਚ ਲੀਨ ਬੈਠੇ ਹਨ।ਬੀਬੀ ਜੀ ਦੇ ਨਾਲ ਆਈ ਸੰਗਤ ਨੇ ਆਪਣੇ ਆਪਣੇ ਕਮਰੇ ਮੱਲ ਲਏ ਅਤੇ ਬਿਸਤਰੇ ਵਿਛਾ ਲਏ ਪਰ ਬੀਬੀ ਜੀ ਨੂੰ ਇਸ ਗੱਲ ਦਾ ਚੇਤਾ ਹੀ ਨਾ ਰਿਹਾ ਕਿ ਰਾਤ ਕੱਟਣ ਲਈ ਕਮਰੇ ਅਤੇ ਬਿਸਤਰੇ ਦਾ ਪ੍ਰਬੰਧ ਵੀ ਕਰਨਾ ਹੈ।ਉਹ ਤਾਂ ਬਸ ਇਹੋ ਜਾਣਦੇ ਸੀ ਕਿ ਉਹ ਆਪਣੇ ਪਿਆਰੇ ਸਤਿਗੁਰੂ ਦੇ ਦੁਆਰੇ ਆਏ ਹਨ ਤੇ ਇਥੇ ਆ ਕੇ ਉਨ੍ਹਾਂ ਆਪਣੇ ਸਤਿਗੁਰੂ ਦੇ ਚਰਨਾਂ ਵਿੱਚ ਢਹਿ ਢੇਰੀ ਹੋ ਕੇ ਪ੍ਰੇਮ ਦੀ ਭਿੱਖ ਮੰਗਣੀ ਹੈ।ਜੇ ਦਾਤਾ ਤਰੁੱਠਿਆ ਤਾਂ ਦਰਸ਼ਨ ਝਲਕਾਂ ਦੀ ਖੈਰ ਪਾ ਕੇ ਖੁਸ਼ੀਆਂ ਦੇ ਭੰਡਾਰੇ ਬਖਸ਼ੇਗਾ।

ਸ਼ਾਮ ਦਾ ਕੀਰਤਨ ਅਰੰਭ ਹੋਇਆ।ਬੀਬੀ ਜੀ ਦੇ ਆਲੇ ਦੁਆਲੇ ਹੋਰ ਸੰਗਤਾਂ ਆ ਕੇ ਬੈਠ ਗਈਆਂ।ਅੰਮ੍ਰਿਤ ਕੀਰਤਨ ਦਾ ਪ੍ਰਵਾਹ ਚੱਲਿਆ,ਅਨੰਦ ਮਈ ਬਾਣੀ ਦੇ ਰਸ ਵਿਚ ਭਿੱਜਕੇ ਸੰਗਤਾਂ ਆਪੋ ਆਪਣੇ ਠਿਕਾਣਿਆਂ ਉਤੇ ਜਾ ਬਿਰਾਜੀਆਂ ਪਰ ਬੀਬੀ ਜੀ ਕਰੁਣਾ ਦੀ ਮੂਰਤੀ ਬਣੀ ਉਥੇ ਹੀ ਬੈਠੇ ਰਹੇ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੱਖ ਆਸਣ ਪਿਛੋਂ ਬੀਬੀ ਜੀ ਨੂੰ ਖਿਆਲ ਅਇਆ ਕਿ ਉਨ੍ਹਾਂ ਨੇ ਆਪਣੇ ਸੌਣ ਦਾ ਕੋਈ ਇੰਤਜ਼ਾਮ ਨਹੀਂ ਕੀਤਾ।ਆਲਾ ਦੁਆਲਾ ਦੇਖ ਰਹੇ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਹਾਲ ਕਮਰੇ ਵਿੱਚ ਹੀ ਇਕ ਖੂੰਜੇ ਵਿੱਚ ਬੈਠੀ ਇਕ ਔਰਤ ਨੇ ਇਸ਼ਾਰਾ ਕਰਕੇ ਬੀਬੀ ਜੀ ਨੂੰ ਕੋਲ ਬੁਲਾਇਆ ਅਤੇ ਉਥੇ ਹੀ ਲੇਟਣ ਲਈ ਆਖਿਆ।ਇਕ ਸੇਵਾਦਾਰ ਨੇ ਉਨ੍ਹਾਂ ਨੂੰ ਕੰਬਲ ਲਿਆ ਦਿੱਤੇ ਤੇ ਉਹ ਦੋਨੋਂ ਲੇਟ ਗਈਆਂ।ਸੌਣ ਤੋਂ ਪਹਿਲਾਂ ਬੀਬੀ ਜੀ ਨੇ ਦੇਖਿਆ ਕਿ ਉਥੇ ਕੋਈ ਹੋਰ ਨਹੀਂ ਹੈ।ਉਨ੍ਹਾਂ ਅੰਦਰੋਂ ਕੁੰਡੀ ਲਗਾਈ ਅਤੇ ਸੌਂ ਗਈਆਂ। ਹੰਝੂ ਕੇਰ ਕੇਰ ਥੱਕੀਆਂ ਅੱਖੀਆਂ ਵਿੱਚ ਛੇਤੀ ਹੀ ਨੀਂਦ ਆ ਗਈ ਪਰ ਕੁਝ ਦੇਰ ਪਿਛੋਂ ਕੱਕਰੀ ਠੰਡ ਨਾਲ ਨੀਂਦ ਖਰਾਬ ਹੋਣ ਲੱਗ ਪਈ।ਉਨ੍ਹਾਂ ਕੰਬਲ ਨੂੰ ਘੁੱਟ ਕੇ ਆਪਣੇ ਆਲੇ ਦੁਆਲੇ ਲਪੇਟਿਆ ਪਰ ਠੰਡ ਲੱਗਣੋਂ ਨਾ ਹਟੀ। ਸੁੱਤ-ਉਣੀਦਿਆਂ ਹੀ ਉਹ ਦੇਖਦੇ ਹਨ ਕਿ ਉਨ੍ਹਾਂ ਦੇ ਇਕ ਪਾਸੇ ਤਾਂ ਉਹ ਬੀਬੀ ਪਈ ਹੋਈ ਹੈ ਅਤੇ ਦੂਜੇ ਪਾਸੇ ਇਕ ਅੱਠ ਨੌਂ ਸਾਲ ਦਾ ਚੰਨ ਮੁੱਖੜੇ ਵਾਲਾ ਬੱਚਾ ਲੰਮਾ ਪਿਆ ਹੋਇਆ ਹੈ।ਲੜਕੇ ਨੇ ਬੀਬੀ ਜੀ ਦੇ ਨਾਲ ਲੱਗ ਕੇ ਨਿੱਘ ਦੇਣਾ ਸ਼ੁਰੂ ਕੀਤਾ।ਉਨ੍ਹਾਂ ਨੂੰ ਠੰਡ ਲੱਗਣੋਂ ਹਟ ਗਈ ਅਤੇ ਮਿੱਠੀ ਮਿੱਠੀ ਨੀਂਦ ਆ ਗਈ ਪਰ ਇਹ ਖਿਆਲ ਸੁੱਤਿਆਂ ਪਿਆਂ ਵੀ ਆਈ ਜਾਵੇ ਕਿ ਬੱਚੇ ਨੂੰ ਕਿਧਰੇ ਠੰਡ ਨਾ ਲੱਗ ਜਾਵੇ।ਸੋ ਘੜੀ ਮੁੜੀ ਉਹ ਬੱਚੇ ਨੂੰ ਆਪਣੇ ਨਾਲ ਲਗਾਉਂਦੇ ਅਤੇ ਉਸਨੂੰ ਕੰਬਲ ਨਾਲ ਚੰਗੀ ਤਰ੍ਹਾਂ ਲਪੇਟਦੇ ਰਹੇ।ਇਸ ਤਰ੍ਹਾਂ ਬੱਚੇ ਨੂੰ ਨਿੱਘ ਦਿੰਦਿਆਂ ਅਤੇ ਲੈਂਦਿਆਂ ਮਮਤਾ ਦਾ ਲਾਡ ਲਡਾਉਂਦਿਆਂ ਉਨ੍ਹਾਂ ਨੀਂਦ ਦਾ ਅਨੰਦ ਮਾਣਿਆ।

ਰਾਤ ਬੀਤ ਗਈ। ਅੰਮ੍ਰਿਤ ਵੇਲਾ ਹੋਇਆ ਤਾਂ ਬੀਬੀ ਜੀ ਉਠ ਕੇ ਹੱਕੇ ਬੱਕੇ ਰਹਿ ਗਏ। ਜਿਸ ਬੱਚੇ ਨੂੰ ਛਾਤੀ ਨਾਲ ਲਗਾ ਕੇ ਉਨ੍ਹਾਂ ਰਾਤ ਬਿਤਾਈ ਸੀ ਉਹ ਬੱਚਾ ਕਿਧਰੇ ਨਜ਼ਰ ਨਾ ਆਇਆ। ਅੰਦਰੋਂ ਕੁੰਡੀ ਲੱਗੀ ਹੋਈ ਸੀ। ਕੋਲ ਹੀ ਪਈ ਬੀਬੀ ਹਾਲੇ ਸੁੱਤੀ ਪਈ ਸੀ। ਫਿਰ ਉਹ ਸੋਹਣਾ ਲਾਲ ਕਿਥੋਂ ਆਇਆ..ਤੇ ਕਿੱਧਰ ਚਲੇ ਗਿਆ? ਬੱਚੇ ਦੀ ਅਜੀਬ ਖੇਡ ਬਾਰੇ ਬੀਬੀ ਜੀ ਸੋਚ ਰਹੇ ਸੀ ਕਿ ਉਨ੍ਹਾਂ ਨੂੰ ਘੋੜਿਆਂ ਦੇ ਪੌੜਾਂ ਦੀ ਅਵਾਜ਼ ਸੁਣਾਈ ਦਿੱਤੀ। ਗੁਰਦਵਾਰੇ ਦੇ ਚਾਰੋ ਪਾਸੇ ਇਹ ਅਵਾਜ਼ ਇਸ ਤਰਾਂ ਸੁਣਾਈ ਦਿੱਤੀ ਜਿਵੇਂ ਪਰਕਰਮਾ ਹੋ ਰਹੀ ਹੋਵੇ। ਸਾਫ ਪਤਾ ਲੱਗ ਰਿਹਾ ਸੀ ਕਿ ਘੋੜੇ ਕਿਧਰੋਂ ਆ ਰਹੇ ਹਨ ਅਤੇ ਕਿਧਰ ਜਾ ਰਹੇ ਹਨ। ਇਸ ਪਿਛੋਂ ਦਰਵਾਜ਼ਾ ਖੜਕਾਉਣ ਦੀ ਆਵਾਜ਼ ਸੁਣ ਕੇ ਬੀਬੀ ਜੀ ਨੇ ਕੁੰਡੀ ਖੋਲੀ। ਗ੍ਰੰਥੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਲਈ ਆਏ ਸਨ।

ਸੰਗਤ ਅੰਮ੍ਰਿਤ ਵੇਲੇ ਦੇ ਕੀਰਤਨ ਲਈ ਜੁੜ ਗਈ। ਨਹਾ ਧੋ ਕੇ ਬੀਬੀ ਜੀ ਵੀ ਸੰਗਤ ਵਿਚ ਆ ਗਏ। ਕੀਰਤਨ ਦੀ ਅੰਮ੍ਰਿਤ ਬਰਖਾ ਦੀਆਂ ਛੰਮ ਛੰਮ ਕਰਦੀਆਂ ਧਾਰਾਂ ਵਿਚ ਰੱਜ ਰੱਜ ਨਹਾਉਣ ਪਿਛੋਂ ਉਹ ਆਪਣੇ ਸੋਹਣੇ ਜਾਦੂਗਰ ਦੀਆਂ ਪ੍ਰੀਤ-ਮਿਲਣੀਆਂ ਦੀਆਂ ਖੁਸ਼ੀਆਂ ਦੀ ਅਕਹਿ ਮਸਤੀ ਵਿਚ ਝੂਮਦੇ ਹੋਏ ਲੰਗਰ ਹਾਲ ਵਿਚ ਜਾ ਪਹੁੰਚੇ। ਉਹ ਬੀਬੀਆਂ ਵੀ ਉਥੇ ਬੈਠੀਆਂ ਸੇਵਾ ਕਰ ਰਹੀਆਂ ਸਨ ਜਿਹੜੀਆਂ ਬੀਬੀ ਜੀ ਨੂੰ ਦੇਖ ਗੁਰੂ ਦਰਸ਼ਨਾਂ ਦੀਆਂ ਗੱਲਾਂ ਕਰਦੀਆਂ ਹੋਈਆਂ ਰੁਕ ਗਈਆਂ ਸਨ। ਬੀਬੀ ਜੀ ਨੇ ਉਨ੍ਹਾਂ ਦਾ ਅਦੱਬ ਸਤਿਕਾਰ ਕੀਤਾ ਅਤੇ ਗੁਰੂ ਪਿਆਰੀ ਸੰਗਤ ਨਾਲ ਖੁਸ਼ੀ ਸਾਂਝੀ ਕਰਨ ਲਈ ਆਪਣੀ ਰੰਗਲੀ ਰਾਤ ਅਤੇ ਅੰਮ੍ਰਿਤ ਵੇਲੇ ਦੇ ਨਜ਼ਾਰੇ ਦਾ ਹਾਲ ਸੁਣਾਉਦਿਆਂ ਸੱਚੇ ਪ੍ਰੀਤਮ ਦੀ ਸਿਫਤ ਸਲਾਹ ਕੀਤੀ।

********************

# ਸਾਈਕਲ ਸਵਾਰ

ਹੇਮਕੁੰਟ ਸਾਹਿਬ ਦੀ ਯਾਤਰਾ ਤੋਂ ਵਾਪਿਸ ਆਉਂਦਿਆਂ ਸ੍ਰੀ ਨਗਰ ਦੇ ਗੁਰਦਵਾਰੇ ਵਿਚ ਰੈਣ ਬਸੇਰਾ ਕੀਤਾ। ਇਥੇ ਇਕ ਸਿੰਘ ਦੇ ਦਰਸ਼ਨ ਹੋਏ ਜਿਸਦੇ ਚਿਹਰੇ ਦਾ ਖੇੜਾ ਕਸ਼ਿਸ਼ ਭਰਿਆ ਸੀ। ਸਾਂਵਲੇ ਰੰਗ ਉਤੇ ਨਾਮ ਦੀ ਲਾਲੀ ਲਿਸ਼ਕ ਰਹੀ ਸੀ। ਉਸਦੇ ਮੱਥੇ ਉਤੇ ਜਿਵੇਂ 'ਵਾਹਿਗੁਰੂ' ਲਿਖਿਆ ਹੋਇਆ ਹੋਵੇ। ਨਾਮ ਬਾਣੀ ਦੀ ਆਭਾ ਵਾਲੇ ਚੇਹਰੇ ਨੂੰ ਦੇਖਦਿਆਂ ਹੀ ਆਪ ਮੁਹਾਰੇ ਮੂਹੋਂ 'ਵਾਹਿਹੁਰੂ' ਨਿਕਲਦਾ ਸੀ। ਮੇਰਾ ਦਿਲ ਕੀਤਾ ਕਿ ਉਸ ਨਾਲ ਕੋਈ ਗੁਰੂ-ਪ੍ਰੇਮ ਦੀ ਗਲ ਕਰਾਂ। ਲੰਗਰ ਛਕਣ ਪਿਛੋਂ ਜਦੋਂ ਮੈਂ ਬੀਬੀ ਗੁਰਦੀਪ ਕੌਰ ਜੀ ਨੂੰ ਨਾਲ ਲੈ ਕੇ ਆਪਣੇ ਬਿਸਤਰੇ ਕੋਲ ਪਹੁੰਚੀ ਤਾਂ ਕੁਦਰਤੀ ਹੀ ਉਸ ਸਿੰਘ ਦੀ ਸਿੰਘਣੀ ਸਾਡੇ ਬਿਸਤਰਿਆਂ ਤੋਂ ਥੋੜਾ ਪਰ੍ਹੇ ਹਟ ਕੇ ਆਪਣੇ ਬਿਸਤਰੇ ਲਗਾ ਰਹੀ ਸੀ।

ਸਾਡੇ ਪੁੱਛਣ'ਤੇ ਉਨ੍ਹਾਂ ਦੱਸਿਆ ਕਿ ਉਹ ਦੋਨੋਂ ਬਾਈ-ਸਾਈਕਲਾਂ ਉਤੇ ਹਜ਼ੂਰ ਸਾਹਿਬ ਤੋਂ ਹੇਮਕੁੰਟ ਸਾਹਿਬ ਦੀ ਯਾਤਰਾ ਕਰਕੇ ਆਏ ਹਨ।ਉਨ੍ਹਾਂ ਨੇ ਸ੍ਰੀਨਗਰ ਤੋਂ ਹਰਿਮੰਦਰ ਸਾਹਿਬ ਅਤੇ ਪੰਜਾਬ ਦੇ ਹੋਰ ਗੁਰਦਵਾਰਿਆਂ ਦੇ ਦਰਸ਼ਨ ਕਰਨ ਜਾਣਾ ਹੈ ਤੇ ਫਿਰ ਸਾਈਕਲਾਂ ਉਤੇ ਹੀ ਵਾਪਸ ਹਜ਼ੂਰ ਸਾਹਿਬ ਪਹੁੰਚਣਾ ਹੈ।ਉਸ ਸਿੰਘ ਨੇ ਦੱਸਿਆ ਕਿ ਉਹ ਹਰ ਸਾਲ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਆਉਂਦਾ ਹੈ ਅਤੇ ਦੋ ਜਾਂ ਤਿੰਨ ਵਾਰੀ ਨੰਗੇ ਪੈਰੀਂ ਸਰੋਵਰ ਦੀ ਪਰਕਰਮਾ ਕਰਦਾ ਹੈ।

ਉਸਦੀਆਂ ਗੱਲਾਂ ਬਾਤਾਂ ਤੇ ਨਾਮ-ਖੁਮਾਰੀ ਨਾਲ ਛਲਕਦੀਆਂ ਅਖੀਆਂ ਇਸ ਗਲ ਦੀ ਗਵਾਹੀ ਭਰਦੀਆਂ ਸਨ ਕਿ ਉਸ ਰੰਗ-ਰਤੜੇ ਦਾ ਜੀਵਨ ਇਲਾਹੀ ਬਖਸ਼ਿਸ਼ਾਂ ਨਾਲ ਮਹਿਕਿਆ ਹੋਇਆ ਹੈ ਅਤੇ ਗੁਰੂ ਦੀ ਯਾਦ ਵਿਚ ਰਹਿਣਾ ਹੀ ਉਸਦੀ ਜਿੰਦਗੀ ਦਾ ਅਸਲੀ ਮਨੋਰਥ ਹੈ।ਬੀਬੀ ਜੀ ਨੇ ਪਿਆਰ ਨਾਲ ਕਿਹਾ ਕਿ ਸਤਿਗੁਰੂ ਜੀ ਨੇ ਕਿਰਪਾ ਕਰਕੇ ਜੇ ਉਸਨੂੰ ਕੋਈ ਕ੍ਰਿਸ਼ਮਾ ਦਿਖਾਇਆ ਹੋਵੇ ਜਾਂ ਇਲਾਹੀ ਦਰਸ਼ਨਾਂ ਦੀ ਬਖਸ਼ਿਸ਼ਿ ਕੀਤੀ ਹੋਵੇ ਤਾਂ ਉਸ ਹੱਡ-ਬੀਤੀ ਦਾ ਹਾਲ ਸੁਣਾ ਕੇ ਸਾਡੇ ਨਾਲ ਖੁਸ਼ੀਆਂ ਸਾਂਝੀਆਂ ਕਰੇ।ਪਹਿਲਾਂ ਤਾਂ ਉਹ ਕ੍ਰਿਸ਼ਿਮਿਆਂ ਦੀ ਧਰਤੀ ਅਤੇ ਕਲਗੀਆਂ ਵਾਲੇ ਸਾਹਿਬ ਦੀਆਂ ਸਿਫਤਾਂ ਕਰਦਾ ਹੋਇਆ ਗੱਲ ਟਾਲਦਾ ਰਿਹਾ ਪਰ ਫਿਰ ਸਾਡੀ ਸ਼ਰਧਾ ਭਾਵਨਾ ਦੇਖ ਉਸਨੇ ਆਪਣੇ ਹੇਮਕੁੰਟ ਸਾਹਿਬ ਦੀ ਪਹਿਲੀ ਯਾਤਰਾ ਵਿਚ ਦੇਖੇ ਅਸਚਰਜ ਕੌਤਕ ਦਾ ਹਾਲ ਸੁਣਾਇਆ,ਜਿਸ ਨਾਲ ਉਸਦਾ ਮਨ ਹਮੇਸ਼ਾਂ ਹਮੇਸ਼ਾਂ ਲਈ ਦੁਸ਼ਟ ਦਮਨ ਦੇ ਚਰਨਾਂ ਨਾਲ ਬੱਝ ਗਿਆ।

ਉਸਨੇ ਦੱਸਿਆ ਕਿ ਅੱਠ ਸਾਲ ਪਹਿਲਾਂ,ਉਹ ਪਹਿਲੀ ਵਾਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਆਇਆ ਸੀ।ਸਿਮਰਨ ਦਾ ਆਨੰਦ ਮਾਣਦਾ ਹੋਇਆ ਸਰੋਵਰ ਦੀ ਪਰਕਰਮਾ ਕਰ ਰਿਹਾ ਸੀ।ਚੌਥੀ ਚੋਟੀ ਕੋਲ ਪਹੁੰਚ ਕੇ ਉਸ ਨੇ ਦੇਖਿਆ ਕਿ ਇਕ ਸਤਾਰਾਂ ਕੁ ਸਾਲ ਦੀ ਲੜਕੀ,ਚੋਟੀ ਉੱਤੇ ਝੂਲਦੇ ਨਿਸ਼ਾਨ ਸਾਹਿਬ ਵੱਲ ਦੇਖਦੀ ਹੋਈ ਬਰਫੀਲੀ ਚੋਟੀ ਉਪਰ ਚੜ੍ਹ ਰਹੀ ਹੈ।ਉਸਨੇ ਲੜਕੀ ਨੂੰ ਆਵਾਜ ਮਾਰ ਕੇ ਐਨੇ ਖਤਰਨਾਕ ਰਸਤੇ ਉਤੇ ਜਾਣ ਤੋਂ ਰੋਕਿਆ ਪਰ ਲੜਕੀ ਨਾ ਰੁਕੀ ਅਤੇ ਬੜੇ ਵਿਸ਼ਵਾਸ਼ ਨਾਲ ਕਹਿਣ ਲਗੀ ਕਿ ਉਹ ਤਾਂ ਆਪਣੇ ਸਤਿਗੁਰੂ ਜੀ ਨੂੰ ਮਿਲਣ ਜਾ ਰਹੀ ਹੈ।ਲੜਕੀ ਦਾ ਹੌਸਲਾ ਅਤੇ ਦ੍ਰਿੜ ਇਰਾਦਾ ਦੇਖ ਸਿੰਘ ਵੀ ਉਸਦੇ ਪਿਛੇ ਹੋ ਤੁਰਿਆ।ਉਸਨੇ ਸੋਚਿਆ ਕਿ ਜਦੋਂ ਲੜਕੀ ਨੂੰ ਦਰਸ਼ਨ ਹੋਣਗੇ ਤਾਂ ਉਸਦੇ ਕੋਲ ਖੜ੍ਹਿਆਂ ਦੇ ਭਾਗ ਵੀ ਖੁਲ੍ਹ ਜਾਣਗੇ।ਸੋ ਲਾਹਾ ਲੈਣ ਦੇ ਇਰਾਦੇ ਨਾਲ ਉਹ ਵੀ ਪਹਾੜ ਉਪਰ ਚੜ੍ਹਨ ਲਗ ਪਿਆ।ਇਕ ਫੌਜੀ ਵਰਦੀ ਵਾਲਾ ਸਿੱਖ ਵੀ ਪਤਾ ਨਹੀਂ ਕਿਥੋਂ ਆ ਗਿਆ।ਉਹ ਵੀ ਉਨ੍ਹਾਂ ਦੇ ਨਾਲ ਨਾਲ ਉਪਰ ਚੜ੍ਹਨ ਲੱਗ ਪਿਆ। ਤਿੰਨੋ ਪਹਾੜ ਉਤੇ ਚੜ੍ਹ ਰਹੇ ਸਨ ਕਿ ਅਚਾਨਕ ਬਹੁਤ ਗਹਿਰੀ ਧੁੰਦ ਦੇ ਬੱਦਲ ਛਾ ਗਏ। ਹਰ ਪਾਸੇ ਧੁੰਦ ਦਾ ਹਨੇਰਾ ਛਾ ਗਿਆ।ਐਨੀ ਹੁਸ਼ਿਆਰੀ ਅਤੇ ਤੇਜੀ ਨਾਲ ਜਾ ਰਹੀ ਲੜਕੀ ਨੂੰ ਵੀ ਰੁਕਣਾ ਪਿਆ।ਤਦ ਉਸ ਸਿੰਘ ਨੂੰ ਇਕ ਅਵਾਜ ਸੁਣਾਈ ਦਿੱਤੀ, —"ਇਸ ਪੱਥਰ ਉਪਰ ਬੈਠ ਜਾਵੋ।" ਇਹ ਮਿੱਠੀ,ਗਹਿਰੀ,ਭਰਵੀਂ ਅਤੇ ਰਸੀਲੀ ਅਵਾਜ ਸੁਣ,ਉਹ ਉਸ ਪੱਥਰ ਉਤੇ ਬੈਠ ਗਿਆ।ਆਲੇ ਦੁਆਲੇ ਹਰ ਪਾਸੇ ਬਰਫ ਪਈ ਹੋਈ ਸੀ।ਇਹ ਗੇਰੂਏ ਰੰਗ ਦੀ ਸਾਫ ਸੁਥਰੀ ਸਿਲ ਪਤਾ ਨਹੀਂ ਕਿਥੋਂ ਆ ਗਈ ਜਦ ਕਿ ਉਥੇ ਇਕ ਇੰਚ ਥਾਂ ਵੀ ਬਰਫ ਤੋਂ ਬਿਨਾਂ ਨਹੀ ਸੀ।ਉਸੇ ਵੇਲੇ ਹੀ ਲੜਕੀ ਨੂੰ ਇਕ ਤੇਜੱਸਵੀ,ਇਲਾਹੀ ਸੂਰਤ ਵਾਲੇ ਦੇ ਦਰਸ਼ਨ

ਹੋਏ। ਚਿੱਟੀ ਲੰਬੀ ਖੁਲ੍ਹੀ ਦਾੜ੍ਹੀ,ਚਿੱਟਾ ਲੰਬਾ ਚੋਗਾ। ਗੈਬੀ ਨੁਹਾਰ ਵਾਲੇ ਨੇ ਮੁਸਕਰਾ ਕੇ ਲੜਕੀ ਨੂੰ ਹੱਥ ਦੇ ਇਸ਼ਾਰੇ ਨਾਲ ਉਸੇ ਪੱਥਰ ਉਤੇ ਬੈਠਣ ਲਈ ਕਿਹਾ ਅਤੇ ਅਲੋਪ ਹੋ ਗਿਆ। ਲੜਕੀ ਅਤੇ ਸਿੰਘ ਦੋਨੋਂ ਉਸ ਪੱਥਰ ਉਤੇ ਬੈਠ ਗਏ। ਪੱਥਰ ਉਤੇ ਸਿਰਫ ਦੋਨਾਂ ਦੇ ਬੈਠਣ ਦੀ ਥਾਂ ਸੀ। ਪੱਥਰ ਨੂੰ ਜਿਵੇਂ ਖੰਭ ਲਗ ਗਏ ਹੋਣ। ਉਹ ਪਹਾੜ ਤੋਂ ਥੱਲੇ ਨੂੰ ਆਉਣ ਲੱਗ ਪਿਆ। ਬੜੇ ਅਰਾਮ ਨਾਲ,ਹੌਲੀ ਹੌਲੀ ਜਿਵੇਂ ਹਵਾ ਵਿੱਚ ਕੋਈ ਉਡਣ ਖਟੋਲਾ ਹੇਠਾਂ ਆ ਰਿਹਾ ਹੋਵੇ। ਸਰੋਵਰ ਦੇ ਕੰਢੇ ਆ ਕੇ ਪੱਥਰ ਰੁਕ ਗਿਆ। ਜ਼ਮੀਨ ਨਾਲ ਲੱਗਣ ਦਾ ਝੱਟਕਾ ਵੀ ਕੋਈ ਨਾ ਵੱਜਾ ਤੇ ਅਸਚਰਜ ਜਨਕ ਢੰਗ ਨਾਲ ਜ਼ਮੀਨ ਉਤੇ ਆ ਟਿਕਿਆ। ਉਹ ਦੋਨੋਂ ਪੱਥਰ ਤੋਂ ਉਤਰੇ ਅਤੇ ਸਰੋਵਰ ਦੇ ਕੰਢੇ ਤੁਰਦੇ ਹੋਏ ਗੁਰਦਵਾਰੇ ਆ ਪਹੁੰਚੇ। ਉਸ ਫੌਜੀ ਦਾ ਪਤਾ ਨਹੀਂ ਲੱਗਿਆ ਕਿ ਉਹ ਕੌਣ ਸੀ,ਕਿਥੋਂ ਆਇਆ ਸੀ ਅਤੇ ਗਹਿਰੀ ਧੁੰਦ ਵਿਚ ਕਿੱਥੇ ਗਿਆ। ਜਾਂ ਫਿਰ ਕੋਈ ਸ਼ਹੀਦ ਸਿੰਘ ਹੀ ਫੌਜੀ ਦਾ ਰੂਪ ਧਾਰ ਕੇ ਬੱਚੀ ਦੀ ਪਹਿਰੇਦਾਰੀ ਕਰ ਰਿਹਾ ਸੀ..।

ਲੜਕੀ ਨੇ ਸਿੰਘ ਨੂੰ ਆਪਣੇ ਮਾਂ ਬਾਪ ਨਾਲ ਮਿਲਾਇਆ ਅਤੇ ਸਾਰਾ ਅਲੌਕਿਕ ਬ੍ਰਿਤਾਂਤ ਸੁਣਾਇਆ। ਪਟਿਆਲਾ ਨਿਵਾਸੀ ਹਿੰਦੂ ਪਰਿਵਾਰ ਦੀ ਲੜਕੀ ਤਦ ਤੋਂ ਉਸ ਸਿੰਘ ਨਾਲ ਭੈਣ ਭਰਾ ਦਾ ਰਿਸ਼ਤਾ ਨਿਭਾ ਰਹੀ ਹੈ ਅਤੇ ਸਿੰਘ ਵੀ ਹਰ ਸਾਲ ਹੇਮਕੁੰਟ ਸਾਹਿਬ ਦੀ ਯਾਤਰਾ ਪਿਛੋਂ ਹਰਮੰਦਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵੇਲੇ ਪਟਿਆਲੇ,ਆਪਣੀ ਭੈਣ ਨੂੰ ਮਿਲਣਾ ਕਦੀ ਨਹੀਂ ਭੁੱਲਿਆ।

# ਤੀਸਰਾ ਪਰਛਾਵਾਂ

ਗੁਰੂ ਦੇ ਪਿਆਰਿਆਂ ਦੀ ਰੱਖਿਆ ਲਈ ਸੱਚੇ ਪਾਤਿਸ਼ਾਹ ਸ਼ਹੀਦਾਂ ਸਿੰਘਾਂ ਦਾ ਪਹਿਰਾ ਲਗਾ ਦਿੰਦੇ ਹਨ। ਉਹ ਚਾਹੇ ਕਿੰਨੀਆਂ ਮੁਸੀਬਤਾਂ ਵਿਚ ਫਸ ਜਾਣ,ਸ਼ਹੀਦ ਸਿੰਘ ਉਨ੍ਹਾਂ ਨੂੰ ਤੱਤੀ ਵਾ ਨਹੀਂ ਲਗਣ ਦਿੰਦੇ। **ਸ਼ੁਭ ਕਾਰਜ ਆਪੇ ਸਫਲ ਕਰਵਾ ਦਿੰਦੇ ਹਨ। ਬੀਬੀ ਗੁਰਦੀਪ ਕੌਰ ਜੀ ਦੀ ਰੱਖਿਆ ਲਈ ਵੀ ਸੱਚੇ ਪਾਤਿਸ਼ਾਹ ਨੇ ਸ਼ਹੀਦਾਂ ਸਿੰਘਾਂ ਦੀ ਡਿਊਟੀ ਲਗਾਈ ਹੋਈ ਸੀ**। ਕਈ ਵਾਰੀ ਅਜਿਹਾ ਹੋਇਆ ਕਿ ਬੀਬੀ ਜੀ ਖਤਰਿਆਂ ਵਿਚ ਘਿਰਦੇ ਰਹੇ,ਪਰ ਸ਼ਹੀਦ ਸਿੰਘ ਹਰ ਖਤਰੇ ਵਿਚ ਉਨ੍ਹਾਂ ਦੀ ਮਦਦ ਕਰਦੇ ਰਹੇ। ਕਦੀ ਇਸ ਤਰ੍ਹਾਂ ਹੁੰਦਾ ਸੀ ਕਿ ਜਦੋਂ ਮੁਸੀਬਤ ਟਲ ਜਾਂਦੀ ਤਾਂ ਪਤਾ ਲਗਦਾ ਕਿ ਕਿਸ ਖਤਰੇ ਤੋਂ ਸ਼ਹੀਦ ਸਿੰਘਾਂ ਨੇ ਉਨ੍ਹਾਂ ਨੂੰ ਹੱਥ ਦੇ ਕੇ ਰੱਖ ਲਿਆ ਹੈ। ਕਈ ਵਾਰੀ ਇਸ ਤਰ੍ਹਾਂ ਵੀ ਹੁੰਦਾ ਰਿਹਾ ਕਿ ਜੇ ਕਿਸੇ ਕੋਲੋਂ ਕੋਈ ਚੰਗਾ ਕੰਮ ਹੋਣਾ ਹੋਵੇ ਤਾਂ ਬੀਬੀ ਜੀ ਨੂੰ ਉਸ ਦੇ ਦ੍ਰਿਸ਼-

ਚਿੱਤ੍ਰ ਪਹਿਲੇ ਹੀ ਦਿਸ ਪੈਂਦੇ ਸੀ। ਸਹਿਜੇ ਹੀ ਉਨ੍ਹਾਂ ਦੇ ਮੂੰਹੋਂ ਆਉਣ ਵਾਲੇ ਸਮੇ ਵਿਚ ਹੋਣ ਵਾਲੀ ਘਟਨਾ ਬਾਰੇ ਕੁਝ ਨਿਕਲ ਜਾਂਦਾ ਸੀ ਤੇ ਉਨ੍ਹਾਂ ਨੂੰ ਉਸ ਕੰਮ ਦੇ ਪੂਰਾ ਹੋ ਜਾਣ ਦਾ ਪੂਰਾ ਭਰੋਸਾ ਹੁੰਦਾ ਸੀ।

ਇਕ ਵਾਰੀ ਬੀਬੀ ਜੀ ਆਪਣੇ ਪਿੰਡ ਦੇ ਕੋਲ ਚੁਬੱਚਾ ਸਾਹਿਬ ਗੁਰਦਵਾਰੇ ਦੇ ਦਰਸ਼ਨ ਕਰਕੇ ਵਾਪਿਸ ਆ ਰਹੇ ਸਨ। ਉਨ੍ਹਾਂ ਦੇ ਨਾਲ ਮੇਜਰ ਤੇਜਾ ਸਿੰਘ ਜੀ ਸਨ। ਤੁਰੇ ਆਉਂਦਿਆਂ ਉਨ੍ਹਾਂ ਦੇਖਿਆ ਕਿ ਉਨ੍ਹਾਂ ਦੇ ਪਰਛਾਵਿਆਂ ਦੇ ਨਾਲ ਇਕ ਤੀਸਰਾ ਪਰਛਾਵਾਂ ਵੀ ਹੈ। ਬੀਬੀ ਜੀ ਦਾ ਅਤੇ ਮੇਜਰ ਤੇਜਾ ਸਿੰਘ ਦਾ ਪਰਛਾਵਾਂ ਤਾਂ ਪਛਾਣਿਆ ਜਾਂਦਾ ਸੀ ਪਰ ਤੀਸਰਾ ਪਰਛਾਵਾਂ ਪਤਾ ਨਹੀਂ ਕਿਸ ਦਾ ਸੀ। ਕਿਸੇ ਲੰਬੇ ਪਤਲੇ ਸੁਡੌਲ ਸਿੰਘ ਦਾ ਪਰਛਾਵਾਂ ਦਿਖਾਈ ਦੇ ਰਿਹਾ ਸੀ। ਸਿੰਘ ਸਾਹਿਬ ਆਪ ਤਾਂ ਕਿਧਰੇ ਨਜ਼ਰ ਨਹੀਂ ਸੀ ਆ ਰਹੇ। ਇਕੱਲਾ ਪ੍ਰਛਾਵਾਂ ਹੀ ਦਿਖਾਈ ਦੇ ਰਿਹਾ ਸੀ। ਜਦੋਂ ਬੀਬੀ ਜੀ ਤੁਰਦੇ ਤਾਂ ਪਰਛਾਵਾਂ ਵੀ ਤੁਰ ਪੈਂਦਾ ਤੇ ਜਦੋਂ ਉਹ ਖੜ੍ਹਦੇ ਤਾਂ ਪਰਛਾਵਾਂ ਵੀ ਖੜ੍ਹ ਜਾਂਦਾ। ਪਰਛਾਵਾਂ ਬੀਬੀ ਜੀ ਦੇ ਨਾਲ ਨਾਲ ਜਾ ਰਿਹਾ ਸੀ। ਇਸ ਅਚੰਭੇ ਨੂੰ ਜਾਨਣ ਲਈ ਮੇਜਰ ਤੇਜਾ ਸਿੰਘ ਜੀ ਦੇ ਦਿਲ ਵਿੱਚ ਬੜੀ ਉਤਸੁਕਤਾ ਹੋਈ। ਉਨ੍ਹਾਂ ਬੀਬੀ ਜੀ ਕੋਲੋਂ ਇਸ ਬਾਰੇ ਪੁਛਿਆ ਤਾਂ ਬੀਬੀ ਜੀ ਨੇ ਸ਼ਹੀਦ ਸਿੰਘਾਂ ਦੀਆਂ ਰਹਿਮਤਾਂ ਬਾਰੇ ਚਾਨਣਾ ਪਾਉਂਦਿਆਂ ਅਜਿਹੀਆਂ ਹੋਰ ਕਈ ਘਟਨਾਵਾਂ ਦਾ ਜ਼ਿਕਰ ਕੀਤਾ।

ਇਸੇ ਤਰ੍ਹਾਂ ਹੀ ਇਕ ਵਾਰੀ ਬੀਬੀ ਜੀ ਹੇਮਕੁੰਟ ਸਾਹਿਬ ਦੇ ਰੰਗ ਮਾਣਦੇ ਹੋਏ ਵਾਪਸ ਆਉਣ ਨੂੰ ਦੇਰ ਕਰ ਬੈਠੇ। ਹਨੇਰਾ ਹੋ ਗਿਆ ਤਾਂ ਰਸਤੇ ਵਿਚ ਉਨ੍ਹਾਂ ਦੇ ਆਲੇ ਦੁਆਲੇ ਪ੍ਰਕਾਸ਼ ਹੋਣ ਲਗ ਪਿਆ ਤੇ ਬੀਬੀ ਜੀ ਦੇ ਨਾਲ ਹੀ ਪ੍ਰਕਾਸ਼ ਵੀ ਤੁਰਦਾ ਗਿਆ। ਇਸੇ ਪ੍ਰਕਾਸ਼ ਵਿਚ ਤੁਰਦੇ ਹੋਏ ਬੀਬੀ ਜੀ ਗੋਬਿੰਦ ਧਾਮ ਪਹੁੰਚ ਗਏ। ਗੁਰਦਵਾਰੇ ਦੇ ਰਿਹਾਇਸ਼ੀ ਕਮਰਿਆਂ ਵਿੱਚ ਖੜੀ,ਲੁਧਿਆਣੇ ਤੋਂ ਆਈ ਹੋਈ ਬੀਬੀ ਸਤਵੰਤ ਕੌਰ ਦੂਰੋਂ ਹੀ ਇਹ ਨਜ਼ਾਰਾ ਦੇਖ ਕੇ ਅਚੰਭਿਤ ਹੋ ਰਹੀ ਸੀ ਕਿ ਇਸ ਮਿੱਠੀ ਮਿੱਠੀ ਤੇ ਸੋਹਜ ਸੁਖਾਵੀਂ ਰੌਸ਼ਨੀ ਦੀਆਂ ਰਿਸ਼ਮਾਂ ਵਿੱਚ ਵਲ੍ਹੇਟਿਆ ਹੋਇਆ ਕੌਣ ਤੁਰਿਆ ਆ ਰਿਹਾ ਹੈ।

ਸੁੰਨ ਸਾਂਨ,ਬੀਆ ਬਾਨ ਵਿਚ ਤੁਰੇ ਆਉਂਦੇ ਬੀਬੀ ਜੀ ਅਖੀਰ ਗੋਬਿੰਦ ਧਾਮ ਪਹੁੰਚੇ ਤਾਂ ਰੌਸ਼ਨੀ ਅਲੋਪ ਹੋ ਗਈ। ਜਦੋਂ ਬੀਬੀ ਸਤਵੰਤ ਕੌਰ ਨੇ ਬੀਬੀ ਜੀ ਨੂੰ ਪਛਾਣਿਆ ਤਾਂ ਉਹ ਬੀਬੀ ਜੀ ਵਲ ਦੌੜ ਕੇ ਆਈ। ਉਸਦੇ ਦਿਲ ਵਿਚ ਰੌਸ਼ਨੀ ਬਾਰੇ ਜਾਨਣ ਦੀ ਤੀਬਰ ਇੱਛਾ ਦੇਖ ਕੇ ਬੀਬੀ ਜੀ ਨੇ ਉਸਨੂੰ ਸ਼ਹੀਦਾਂ ਸਿੰਘਾਂ ਦੀ ਅਣ-ਦਿਸਦੀ ਦੁਨੀਆਂ ਬਾਰੇ ਚਾਨਣਾ ਪਾਇਆ ਅਤੇ ਇਹ ਵੀ ਦਸਿਆ ਕਿ ਦੁਖਾਂ ਤਕਲੀਫਾਂ ਵਿਚ ਸ਼ਹੀਦ ਸਿੰਘ ਕਿਸ ਤਰਾਂ ਸਹਾਇਤਾ ਲਈ ਆ ਬਹੁੜਦੇ ਹਨ। ਹਨੇਰੇ ਰਾਹਾਂ ਉਤੇ ਪ੍ਰਕਾਸ਼ ਕਰਕੇ ਯਾਤਰੂਆਂ ਨੂੰ ਉਨ੍ਹਾਂ ਦੀਆਂ ਮੰਜਿਲਾਂ ਤੱਕ ਪਹੁੰਚਾ ਦਿੰਦੇ ਹਨ। ਕਦੀ ਪ੍ਰਕਾਸ਼ ਦਾ ਚਾਨਣ ਵਰ੍ਹਾਉਂਦੇ ਹਨ ਤੇ ਕਦੀ ਲੋੜ ਪੈਣ ਉੱਤੇ ਪ੍ਰਗਟ ਰੂਪ ਵਿਚ ਸਹਾਇਤਾ ਕਰਕੇ ਗੁਰੂ ਘਰ ਦੇ ਸੇਵਕਾਂ ਨੂੰ ਦੁੱਖਾਂ ਕਸ਼ਟਾਂ ਤੋਂ ਬਚਾ ਲੈਂਦੇ ਹਨ।

*********************

# ਘੋੜੇ ਵਾਲਾ ਲੜਕਾ



ਹੇਮਕੁੰਟ ਸਾਹਿਬ ਦੀ ਚੜ੍ਹਾਈ ਚੜ੍ਹਦਿਆਂ ਬੀਬੀ ਗੁਰਦੀਪ ਕੌਰ ਜੀ ਥੱਕ ਕੇ ਚੂਰ ਹੋ ਗਏ।ਇਕ ਕਦਮ ਵੀ ਅੱਗੇ ਪੁੱਟਿਆ ਨਾ ਜਾਵੇ।ਦੂਜੇ ਪਾਸੇ ਦਿਲ ਵਿਚ ਸੱਚੇ ਦਰਬਾਰ ਪਹੁੰਚਣ ਲਈ ਤ੍ਰੰਗਾਂ ਉਠਣ। ਗੁਰੂ-ਚਰਨਾਂ ਵਿਚ ਢਹਿ ਢੇਰੀ ਹੋਣ ਲਈ ਮਨ ਉਡ਼ ਕੇ ਹੇਮਕੁੰਟ ਸਾਹਿਬ ਪਹੁੰਚ ਜਾਣਾ ਲੋਚੇ,ਏਧਰ ਲੱਤਾਂ ਨੇ ਅੱਗੇ ਤੁਰਨ ਤੋਂ ਜਵਾਬ ਦੇ ਦਿੱਤਾ।ਅਜਿਹੀ ਹਾਲਤ ਵਿਚ ਇਕ ਬਲੂਰ ਜਿਹਾ ਲੜਕਾ ਛੋਟਾ ਜਿਹਾ ਘੋੜਾ ਲੈ ਕੇ ਬੀਬੀ ਜੀ ਦੇ ਸਾਹਮਣੇ ਆ ਖੜ੍ਹਿਆ ਤੇ ਕਹਿਣ ਲਗਾ,–"ਮਾਂ ਜੀ!ਆਪ ਕੇ ਲੀਏ ਘੋੜਾ ਲਾਇਆ ਹੂੰ.....!"ਬੀਬੀ ਜੀ ਘੋੜਾ ਦੇਖ ਕੇ ਖੁਸ਼ ਹੋਏ ਪਰ ਉਨ੍ਹਾਂ ਦਾ ਧਿਆਨ ਇਸ ਪਾਸੇ ਉਲਝ ਗਿਆ ਕਿ ਉਨ੍ਹਾਂ ਕੋਲ ਪੈਸੇ ਨਹੀਂ ਹਨ।ਉਨ੍ਹਾਂ ਦੇ ਪੈਸੇ ਉਨ੍ਹਾਂ ਦੇ ਸਾਥੀਆਂ ਕੋਲ ਸਨ।ਜੋ ਪਿਛੇ ਆ ਰਹੇ ਸਨ।ਬੀਬੀ ਜੀ ਨੇ ਲੜਕੇ ਨਾਲ ਪੈਸਿਆਂ ਦੀ ਗੱਲ ਕੀਤੀ।ਪਰ ਉਹ ਪੈਸਿਆਂ ਵਲੋਂ ਲਾਪਰਵਾਹ ਹੋ ਕੇ ਤਪ-ਸਥਾਨ ਦੀਆਂ ਗੱਲਾਂ ਕਰਨ ਲੱਗ ਪਿਆ ਤੇ ਬੀਬੀ ਜੀ ਦਾ ਧਿਆਨ ਵੀ ਕੁਦਰਤ ਦੇ ਗੋਹਜ ਭਰੇ ਰੰਗਾਂ ਵਲ ਚਲੇ ਗਿਆ।

ਘੋੜੇ ਉਪਰ ਬੈਠੇ ਬੀਬੀ ਜੀ ਦੇ ਖੱਬੇ ਪੈਰ ਦੀ ਰਕਾਬ ਢਿੱਲੀ ਸੀ।ਉਨ੍ਹਾਂ ਕਿਹਾ,–"ਬੱਚੇ! ਮੈਂ ਤਾਂ ਡਿਗ ਪਊਂਗੀ।ਦੇਖ...! ਇਹ ਰਕਾਬ ਠੀਕ ਨਹੀਂ ਹੈ।" ਲੜਕੇ ਨੇ ਤਸੱਲੀ ਦਿੱਤੀ ਕਿ ਉਹ ਡਿਗਣ ਨਹੀਂ ਦੇਵੇਗਾ।ਉਸ ਨੇ ਬੀਬੀ ਜੀ ਦੇ ਪੈਰ ਥੱਲੇ ਹੱਥ ਰਖ ਕੇ ਢਿੱਲੀ ਹੋਈ ਰੱਸੀ ਕੱਸ ਦਿੱਤੀ ਤੇ ਆਪ ਘੋੜੇ ਦੇ ਨਾਲ ਨਾਲ ਤੁਰਨ ਲੱਗ ਪਿਆ।ਠੀਕ ਟਿਕਾਣੇ ਉੱਤੇ ਪਹੁੰਚ ਕੇ ਉਸਨੇ ਬੀਬੀ ਜੀ ਨੂੰ ਘੋੜੇ ਉਤੋਂ ਉਤਾਰਿਆ ਅਤੇ ਆਪ ਪਤਾ ਨਹੀਂ ਕਿੱਥੇ ਛਪਨ ਹੋ ਗਿਆ।ਬੀਬੀ ਜੀ ਉਸਨੂੰ ਲੱਭਦੇ ਫਿਰਨ ਪਰ ਉਹ ਕਿਧਰੇ ਨਜਰ ਨਾ ਆਇਆ।

ਤਦ ਬੀਬੀ ਜੀ ਨੂੰ ਸ਼ਹੀਦਾਂ ਸਿੰਘਾਂ ਦੀ ਧਰਤੀ ਦੀਆਂ ਰਮਜਾਂ ਸਮਝ ਆਉਣ ਲੱਗੀਆਂ।ਉਹ ਜਾਣ ਗਏ ਕਿ ਪੈਸਿਆਂ ਦੀ ਗੱਲ ਵਲੋਂ ਲਾਪ੍ਰਵਾਹ ਹੋ ਕੇ ਮਿੰਨ੍ਹਾ ਮਿੰਨ੍ਹਾ ਮੁਸਕਾਉਣ ਵਾਲਾ ਲੜਕਾ ਕੌਣ ਸੀ।ਪਤਾ ਨਹੀਂ ਉਹ ਕਿਹੜਾ ਸ਼ਹੀਦ ਸਿੰਘ ਸੀ,ਜਿਸਨੇ ਚੋਜ ਵਰਤਾਇਆ ਅਤੇ ਜਾਣ ਲੱਗੇ ਦਾ ਪਤਾ ਵੀ ਨਾ ਲੱਗਿਆ।ਜਿਸਦੇ ਅਦਬ ਸਤਿਕਾਰ ਵਿਚ ਸ਼ਰਧਾ ਦੇ ਫੁਲ ਚੜ੍ਹਾਉਣੇ ਸੀ,ਵਾਰੀ ਬਲਿਹਾਰੀ ਜਾਣਾ ਸੀ ।ਉਹ ਉਨ੍ਹਾਂ ਦੇ ਪੈਰਾਂ ਥੱਲੇ ਹੱਥ ਰੱਖ ਕੇ ਰੱਸੀਆਂ ਕੱਸਦਾ ਰਿਹਾ...!ਸ਼ਹੀਦਾਂ ਸਿੰਘਾਂ ਦੀ ਧਰਤੀ ਦਾ ਅਜੀਬ ਨਜਾਰਾ ਦੇਖ,ਉਨ੍ਹਾਂ ਦਾ ਸੀਨਾ ਦਰ੍ਰਵਿਆ।ਦਿਲ ਵਿਚ ਖੁਸ਼ੀ ਦੇ ਠਾਠਾਂ ਮਾਰਦੇ ਸਮੁੰਦਰ ਵਿਚੋਂ ਹੰਝੂ ਛੱਲਾਂ ਮਾਰ ਮਾਰ ਨਿਕਲਣ ਲੱਗੇ।ਭਲਾ ਐਨੀ ਖੁਸ਼ੀ ਕੋਈ ਕਿੱਦਾਂ ਸਹਾਰੇ? ਉਹ ਪੁਕਾਰ ਪੁਕਾਰ ਕੇ ਕਹਿੰਦੇ,-"ਵਾਹ...!ਉਹ ਚੋਜ ਵਰਤਾਉਣ ਵਾਲਿਆ...!ਤੂੰ ਏਦਾਂ ਵੀ ਆਪਣਿਆਂ ਨਾਲ ਚੋਜ ਵਰਤਾ

ਲੈਂਦਾ ਏਂ..?ਆਪਣੀ ਪਛਾਣ ਉਤੇ ਪਰਦਾ ਪਾਉਣ ਵਾਲਿਆ...! ਸੋਹਣਿਆਂ ਜਾਦੂਗਰਾ....! ਕਾਸ਼! ਤੂੰ ਉਸ ਵੇਲੇ ਪੈਸਿਆਂ ਦੇ ਚੱਕਰ ਵਿਚ ਫਸਾ ਕੇ ਮੇਰਾ ਧਿਆਨ ਹੋਰ ਪਾਸੇ ਨਾ ਪਾਉਂਦਾ।ਕਾਸ਼....! ਉਸ ਵੇਲੇ ਮੈ ਤੇਰੇ ਚੋਜ ਪਛਾਣ ਲੈਂਦੀ..! ਨਿਆਰੀਆਂ ਖੇਡ੍ਹਾਂ ਖੇਡ੍ਹਣ ਵਾਲਿਆ...!ਮੈ ਤਾਂ ਤੇਰੇ ਚਰਨਾਂ ਵਿੱਚ ਢੇਰੀ ਹੋ ਜਾਣਾ ਸੀ।ਹਾਏ...! ਮੈਂ ਕਿੰਨੀ ਗੁਸਤਾਖੀ ਕੀਤੀ..? ਆਪਣੇ ਪੈਰਾਂ ਥੱਲੇ ਹੱਥ ਰਖਵਾ ਕੇ ਤੈਥੋਂ ਰਕਾਬ ਦੀਆਂ ਰੱਸੀਆਂ ਕਸਵਾਉਂਦੀ ਰਹੀ।" ਵੈਰਾਗ ਮਈ ਹਾਲਤ ਵਿੱਚ ਬੀਬੀ ਜੀ ਘੋੜੇ ਵਾਲੇ ਦੀਆਂ ਗੱਲਾਂ ਯਾਦ ਕਰ ਰਹੇ ਸਨ। ਉਸਦੀਆਂ ਹਰਕਤਾਂ,ਮੁਸਕਾਨਾਂ ਤੇ ਰਮਜ਼ਾਂ ਭਰੀਆਂ ਗੱਲਾਂ ਨੂੰ ਯਾਦ ਕਰਦੇ ਹੋਏ ਸਰੋਵਰ ਵਲ ਤੁਰ ਪਏ।

ਚੋਜੀ ਪ੍ਰੀਤਮ ਦੇ ਪ੍ਰੇਮ ਰੰਗ ਵਿਚ ਦਰਸ਼ਨ ਇਸ਼ਨਾਨ ਕਰਨ ਪਿਛੋਂ ਬੀਬੀ ਜੀ ਵਾਪਸ ਪਰਤਣ ਲੱਗੇ ਤਾਂ ਇਕ ਛੇ ਫੁੱਟ ਉਚਾ ਸਾਂਵਲੇ ਰੰਗ ਦਾ ਜਵਾਨ ਉਨ੍ਹਾਂ ਦੇ ਅੱਗੇ ਆ ਖੜ੍ਹਿਆ।ਉਸ ਦੇ ਕੋਲ ਇਕ ਉਚਾ ਲੰਬਾ ਅਤੇ ਰਿਸ਼ਟ ਪੁਸ਼ਟ ਘੋੜਾ ਸੀ।ਉਸਨੇ ਬੀਬੀ ਜੀ ਨੂੰ ਘੋੜੇ ਉਤੇ ਬਿਠਾ ਲਿਆ ਅਤੇ ਆਪ ਘੋੜੇ ਦੇ ਨਾਲ ਨਾਲ ਤੁਰਨ ਲੱਗਿਆ।ਬੀਬੀ ਜੀ ਨਾਮ ਖੁਮਾਰੀ ਵਿਚ ਰੰਗੇ ਹੋਏ ਮਸਤ ਰਹੇ।ਉਨ੍ਹਾਂ ਦੇ ਦਿਮਾਗ ਵਿੱਚ ਘੋੜੇ ਵਾਰੇ ਜਾਂ ਘੋੜੇ ਵਾਲੇ ਵਾਰੇ ਪੁੱਛਣ ਦਾ ਖਿਆਲ ਹੀ ਨਾ ਆਇਆ ਤੇ ਨਾ ਹੀ ਪੈਸਿਆਂ ਦੀ ਗਲ ਕਰਨ ਦਾ ਯਾਦ ਰਿਹਾ।ਗੋਬਿੰਦ ਧਾਮ ਪਹੁੰਚ ਕੇ ਉਸ ਨੇ ਗੁਰਦਵਾਰੇ ਦੇ ਕੋਲ ਬੀਬੀ ਜੀ ਨੂੰ ਉਤਾਰਿਆ ਤੇ ਆਪ ਘੋੜੇ ਸਮੇਤ ਪਤਾ ਨਹੀਂ ਕਿੱਥੇ ਅਲੋਪ ਹੋ ਗਿਆ। ਉਸਦੇ ਛਪਨ ਹੁੰਦਿਆਂ ਸਾਰ ਹੀ ਦਿਮਾਗ ਵਿਚੋਂ ਸੋਹਣੇ ਜਾਦੂਗਰ ਦਾ ਪਾਇਆ ਹੋਇਆ ਜਾਦੂ ਦਾ ਪੜਦਾ ਹਟਿਆ ਤਾਂ ਸਮਝ ਆ ਗਈ ਕਿ ਉਹ ਕਿਹੜੀ ਸ਼ਕਤੀ ਹੈ ਜੋ ਮਾਤ ਲੋਕ ਦੀਆਂ ਨਜ਼ਰਾਂ ਚੁਰਾ ਕੇ ਬੀਬੀ ਜੀ ਨਾਲ ਮੇਲ-ਮਿਲਾਪ ਦੇ ਰੰਗ ਵਰਤਾ ਰਹੀ ਹੈ।

***********************************

# ਪ੍ਰੇਮ-ਵਿਨ੍ਹੀ ਲੜਕੀ

ਗੋਬਿੰਦ ਧਾਮ ਨਿਸ਼ਾਨ ਸਾਹਿਬ ਦੇ ਕੋਲ ਬੈਠੀ ਇਕ ਚੌਦਾਂ ਕੁ ਸਾਲ ਦੀ ਪ੍ਰੇਮ-ਵਿੰਨ੍ਹੇ ਦਿਲ ਵਾਲੀ ਲੜਕੀ ਸਿਮਰਨ ਵਿਚ ਲੀਨ ਸੀ।ਗੁਰੂ ਪ੍ਰੇਮ ਦੀਆਂ ਤੰਦਾਂ ਵਿਚ ਬੱਝੀ ਹੋਈ ਦੇ ਪੂਰਬਲੇ ਜਨਮਾਂ ਦੇ ਅੰਕੁਰ ਫੁੱਟ ਰਹੇ ਸਨ।ਗੈਬੀ ਦੁਨੀਆਂ ਦੇ ਪੂਰਬਲੇ ਗੂੜ੍ਹੇ ਰਿਸ਼ਤਿਆਂ ਨਾਲ ਸੰਬੰਧ ਜੁੜ ਰਹੇ ਸਨ।ਪ੍ਰੇਮ ਬਾਣਾਂ ਦੀਆਂ ਅਜਰ ਪੀੜਾਂ ਜਰ ਰਹੀ ਲੱਗਰ ਜਿਹੀ ਮੁਟਿਆਰ ਦੇ ਅੱਧ ਮੀਟੇ-ਨੈਣ ਕਟੋਰੇ ਪ੍ਰੇਮ-ਭਗਤੀ

ਦੇ ਰੰਗ ਨਾਲ ਨਕੋ-ਨੱਕ ਭਰੇ ਹੋਏ ਸਨ।ਸੇਜਲ ਅੱਖੀਅ ਵਿਚ ਸਮਾਏ ਸਤਿਗੁਰਾਂ ਦੇ ਦਰਸ਼ਨ ਦੀਦਾਰਿਆਂ ਦੇ ਰੰਗ ਦੇਖਣ ਵਾਲਿਆਂ ਦੇ ਦਿਲਾਂ ਨੂੰ ਟੁੰਬਦੇ ਸਨ।ਸ਼ਾਇਦ ਇਸੇ ਨੂੰ ਹੀ ਸੱਤਸੰਗ ਦਾ ਲਾਹਾ ਕਹਿੰਦੇ ਹਨ।ਸਾਧ ਦੇ ਸੰਗ ਤੇ ਨਾਮ ਦੇ ਰੰਗ ਦੇ ਦਰਸ਼ਨ ਇਹੋ ਜਿਹੀਆਂ ਰੰਗ-ਰੱਤੀਆਂ ਜਿੰਦਾਂ ਕੋਲੋਂ ਹੀ ਹੁੰਦੇ ਹਨ।

ਨਿਸ਼ਾਨ ਸਾਹਿਬ ਦਾ ਪੁਸ਼ਾਕਾ ਬਦਲਣ ਲਈ ਸੰਗਤ ਇਕੱਠੀ ਹੋਣ ਲੱਗੀ।ਉਚੇ ਨਿਸ਼ਾਨਾ ਵਾਲੇ ਦੇ ਸੋਹਲੇ ਗਾਉਣੇ ਸ਼ੁਰੂ ਹੋ ਗਏ।ਹੌਲੀ ਹੌਲੀ ਸਾਰੀ ਸੰਗਤ ਆਣ ਪਹੁੰਚੀ।ਕੀਰਤਨ ਅਤੇ ਜੈਕਾਰਿਆਂ ਨਾਲ ਅਸਮਾਨ ਗੂੰਜਣ ਲੱਗਿਆ।ਲੜਕੀ ਦਾ ਸਵਾਸ ਗਿਰਾਸ ਚੱਲ ਰਿਹਾ ਸਿਮਰਨ ਹੋਰ ਤੇਜ਼ ਹੋ ਗਿਆ।ਫਿਰ ਐਸਾ ਖੰਡਾ ਖੜਕਿਆ ਕਿ ਸਾਹ ਨਾਲ ਸਾਹ ਨਾ ਰਲੇ ਤੇ ਉਹ ਡਿਗ ਪਈ ਉਥੇ ਹੀ ਬੇਸੁੱਧ ਹੋ ਕੇ...।ਲੋਕਾਂ ਭਾਣੇ ਬੇਹੋਸ਼ ਹੋ ਗਈ ਪਰ ਉਹ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਨਾਲ ਨਿਹਾਲ ਹੋ ਰਹੀ ਸੀ।ਅਜਰ ਨੂੰ ਜਰ ਰਹੀ ਸੀ। ਖੁਸ਼ੀਆਂ ਦੇ ਗੱਫੇ ਲੈ ਰਹੀ ਸੀ।ਸੁਨਹਿਰੀ ਕਿਰਨਾਂ ਦਾ ਮੀਂਹ ਵਰ੍ਹਾਉਂਦੇ ਹੋਏ ਸਤਿਗੁਰੂ ਜੀ ਪੰਜਾਂ ਪਿਆਰਿਆਂ ਸਮੇਤ ਦਰਸ਼ਨ ਦੀਦਾਰੇ ਬਖਸ਼ ਕੇ ਨਿਹਾਲ ਕਰ ਰਹੇ ਸਨ।

ਇਸ ਦਰਸ਼ਨ ਝਲਕਾਰੇ ਨਾਲ ਲੜਕੀ ਦੀ ਕਾਇਆਂ ਹੀ ਪਲਟ ਗਈ।ਉਸਨੇ ਸਾਰੀ ਯਾਤਰਾ ਨਾਮ-ਰਸ ਦੀ ਘੂੱਕੀ ਵਿਚ ਬਿਤਾਈ।ਯਾਤਰਾ ਤੋਂ ਵਾਪਿਸ ਆ ਕੇ ਘਰ ਵਿਚ ਵੀ ਉਹ ਉਸੇ ਨਜ਼ਾਰੇ ਦੀ ਯਾਦ ਵਿਚ ਗੁਆਚੀ ਰਹਿੰਦੀ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਜਾ ਕੇ ਉਸਨੂੰ ਬਹੁਤ ਤਸੱਲੀ ਹੁੰਦੀ। ਕਈ ਵਾਰੀ ਇਹ ਕਮਰਾ ਉਸਨੂੰ ਸ਼ਹੀਦ ਸਿੰਘਾਂ ਨਾਲ ਖਚਾ ਖੱਚ ਭਰਿਆ ਹੋਇਆ ਦਿਖਾਈ ਦਿੰਦਾ।ਇਲਾਹੀ ਤੇਜ ਪ੍ਰਤਾਪ ਵਾਲੇ ਸ਼ਸਤਰ ਧਾਰੀ ਸ਼ਹੀਦਾਂ ਸਿੰਘਾਂ ਦੇ ਦਰਸ਼ਨ ਹੁੰਦੇ ਰਹਿੰਦੇ ਤੇ ਉਹ ਨਾਜ਼ੁਕ ਜਿਹੀ ਮਾਸੂਮ ਬਾਲੜੀ ਸਿਮਰਨ ਵਿਚ ਗੁੱਟ ਹੋ ਜਾਂਦੀ।


੧੯੯੬ ਦੀ ਗਲ ਹੈ ਕਿ ਇਹ ਲੜਕੀ ਦੂਜੀ ਵਾਰ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਰਿਖੀਕੇਸ਼ ਪਹੁੰਚੀ।ਇਥੇ ਪਹੁੰਚਦਿਆਂ ਹੀ ਉਸਦੀ ਸੁਰਤ ਗੁਰੂ ਚਰਨਾਂ ਵਿਚ ਖੁੱਭ ਗਈ।ਚੋਜੀ ਪ੍ਰੀਤਮ ਨੇ ਚੋਜ ਵਰਤਾਉਣੇ ਸ਼ੁਰੂ ਕਰ ਦਿੱਤੇ। ਉਸਦੇ ਚੇਹਰੇ ਤੋਂ ਇਲਾਹੀ ਰੰਗ ਵਰ੍ਹਦਾ ਦੇਖ ਮੇਰਾ ਉਸ ਨਾਲ ਗੱਲਾਂ ਕਰਨ ਨੂੰ ਦਿਲ ਕੀਤਾ।ਕਲਾਧਾਰ ਦਾਤਾਰ ਪਿਤਾ ਦੇ ਗੋਹਜ ਜਾਨਣ ਲਈ ਉਸ ਬੱਚੀ ਕੋਲੋਂ ਉਸ ਦੇ ਪੂਰਬਲੇ ਜਨਮਾਂ ਦੀ ਕਮਾਈ ਕਰਕੇ, ਉਸਦੇ ਜੀਵਨ ਵਿਚ ਆਏ ਨਿਅਰੇ ਰੰਗ ਨਿਹਾਰਨ ਲਈ ਮਨ ਸਧਰਾਇਆ।

ਉਸਨੂੰ ਮਿਲਦਿਆਂ ਹੀ,ਪਤਾ ਨਹੀਂ ਉਹ ਕਿਹੜੀ ਚੁੰਬਕੀ-ਖਿੱਚ ਸੀ, ਜਿਸ ਨਾਲ ਅਸੀਂ ਪਲਾਂ ਵਿਚ ਹੀ ਇਕ ਦੂਜੇ ਦੇ ਐਨਾ ਨੇੜੇ ਹੋ ਗਈਆਂ ਜਿਵੇਂ ਕਿ ਅਸੀਂ ਮੁਦਤਾਂ ਤੋਂ ਇਕ ਦੂਜੇ ਨੂੰ ਜਾਣਦੀਆਂ ਹੋਈਏ।ਉਹ ਲੜਕੀ,ਉਸਦੀ ਮਾਂ ਅਤੇ ਮੈਂ ਅਸੀਂ ਤਿੰਨੋ ਜਣੀਆਂ ਇਕ ਇਕਾਂਤ ਵਾਲੀ ਥਾਂ ਦੇਖ, ਬੋਹੜ ਦੇ ਦਰਖਤ ਥੱਲੇ ਜਾ ਬੈਠੀਆਂ ।ਸੱਚੇ ਪਾਤਸ਼ਾਹ ਜੀ ਦੀਆਂ ਗਲਾਂ ਕਰ ਰਹੀਆਂ ਸੀ ਕਿ ਸਾਡਾ ਸਿਮਰਨ ਆਪ ਮੁਹਾਰੇ ਸ਼ੁਰੂ ਹੋ ਗਿਆ। ਪਹੁੰਚੀ ਹੋਈ ਅਵੱਸਥਾ ਵਾਲੀ ਲੜਕੀ ਦੀਆਂ ਅਖੀਆਂ ਵਿਚੋਂ ਹੰਝੂਆਂ

ਦਾ ਹੜ ਫੁੱਟਿਆ।ਮੈਂ ਉਸਨੂੰ ਗਲ ਨਾਲ ਲਗਾ ਲਿਆ।ਉਸ ਵਿਚੋਂ ਪਤਾ ਨਹੀਂ ਕਿਹੋ ਜਿਹਾ ਕਰੰਟ ਲੱਗਿਆ ਕਿ ਮੈਨੂੰ ਸਿਮਰਨ ਦਾ ਅਜੀਬ ਸਰੂਰ ਆਉਣ ਲੱਗਿਆ।ਉਹ ਬਿਹੋਸ਼ ਹੋ ਗਈ,ਨਿਸੱਲ ਹੋਈ ਮੇਰੀਆਂ ਬਾਹਾਂ ਵਿਚ ਹੀ ਪਈ ਰਹੀ। ਜਦੋਂ ਹੋਸ਼ ਆਈ ਤਾਂ ਉਸ ਮਿੱਠ ਬੋਲੜੀ ਨੇ ਹੋਲੇ ਹੋਲੇ ਬੋਲ ਕੇ ਦੱਸਿਆ ਕਿ ਉਸਨੂੰ ਇਕ ਲੰਬੀ ਚੌੜੀ ਸਿਲਾ ਦਿਖਾਈ ਦਿੱਤੀ ਹੈ।ਜਿਥੇ ਪੱਥਰਾਂ ਦੀ ਇਕ ਗੁਫਾ ਬਣੀ ਹੋਈ ਹੈ ਤੇ ਇਕ ਛੋਟਾ ਜਿਹਾ ਸਰੋਵਰ ਵੀ ਹੈ।

ਉਸ ਦੀਆਂ ਗਲਾਂ ਸੁਣ ਕੇ ਮੈ ਉਨ੍ਹਾਂ ਨੂੰ ਦੱਸਿਆ ਕਿ ਜਿਹੜੇ ਸਿੰਘ ਹਰ ਸਾਲ ਸਪਤਸ੍ਰਿੰਗ ਦੀ ਚੋਥੀ ਚੋਟੀ ਦੀਆਂ ਔਖੀਆਂ ਚੜ੍ਹਾਈਆਂ ਚੜ੍ਹ ਕੇ ਉਥੇ ਨਿਸ਼ਾਨ ਸਾਹਿਬ ਦੀ ਸੇਵਾ ਕਰਕੇ ਆਉਂਦੇ ਹਨ,ਉਹ ਉਪਰ ਇਹੋ ਜਿਹੀ ਥਾਂ ਹੋਣ ਦਾ ਜ਼ਿਕਰ ਕਰਦੇ ਹਨ।

ਉਸ ਲੜਕੀ ਨੇ ਇਸ ਸਿਲਾ ਬਾਰੇ ਨਾਂ ਤਾਂ ਕਿਤਿਉਂ ਪੜ੍ਹਿਆ ਸੀ ਅਤੇ ਨਾ ਹੀ ਸੁਣਿਆਂ ਸੀ।ਸਿਲਾ ਦਾ ਟਿਕਾਣਾ ਸੁਣ ਦੋਨਾ ਮਾਵਾਂ ਧੀਆਂ ਦੀ **ਚੌਥੀ ਚੋਟੀ** ਉਪਰ ਜਾਣ ਦੀ ਇੱਛਾ ਹੋਈ ਪਰ ਜਦੋਂ ਮੈਂ ਅਤਿ ਕਠਿਨ ਅਤੇ ਕਰੜੀ ਚੜ੍ਹਾਈ ਵਾਲੇ ਰਸਤੇ ਬਾਰੇ ਦੱਸਿਆ ਤਾਂ ਉਸ ਦੀ ਮਾਂ ਨੇ ਮੁਸਕਰਾ ਕੇ ਕਿਹਾ;-"ਆਪੇ ਸੱਚੇ ਪਾਤਿਸ਼ਾਹ ਉੜਾ ਕੇ ਲੈ ਜਾਣਗੇ।"



ਲੜਕੀ ਨੇ ਇਕ ਹੋਰ ਗਲ ਦੱਸੀ ਕਿ ਉਸਨੂੰ ਦਰਖਤਾਂ ਬੂਟਿਆਂ ਅਤੇ ਕੁਦਰਤ ਦੀ ਹਰ ਸ਼ੈ ਵਿਚੋਂ ਵਾਹਿਗੁਰੂ ਵਾਹਿਗੁਰੂ ਦੀ ਧੁਨ ਸੁਣਾਈ ਦਿੰਦੀ ਹੈ।ਉਸ ਵੇਲੇ ਇਕ ਕਾਟੋ(ਗੁਲਹਿਰੀ)ਸਾਡੇ ਕੋਲ ਹੀ ਬੋਹੜ ਦੀਆਂ ਜੜ੍ਹਾਂ ਵਿਚ ਏਧਰ ਉਧਰ ਘੁੰਮਦੀ ਪਈ ਸੀ,ਉਸ ਵਲ ਦੇਖ ਕੇ ਲੜਕੀ ਨੇ ਕਿਹਾ,-" ਆਂਟੀ!ਇਹ ਜਾਨਵਰ ਅਤੇ ਪੰਛੀ ਸਭ —ਵਾਹਿਗੁਰੂ-ਵਾਹਿਗੁਰੂ ਕਹਿੰਦੇ ਹਨ।" ਮਾਂ ਨੇ ਮੇਰੇ ਦੋਨੋਂ ਹਥ ਫੜ ਲਏ ਅਤੇ ਨੈਣੋਂ ਨੀਰ ਵਹਾਉਂਦੀ ਹੋਈ ਕਹਿੰਦੀ,—" ਭੈਣ ਜੀ! ਸਾਨੂੰ ਇਹੋ ਜਿਹੇ ਬੰਦੇ ਬਹੁਤ ਘਟ ਮਿਲਦੇ ਹਨ,ਜਿੰਨ੍ਹਾਂ ਨਾਲ ਅਸੀਂ ਸਤਿਗੁਰੂ ਦੇ ਪ੍ਰੇਮ ਵੈਰਾਗ ਦੀਆਂ ਗੱਲਾਂ ਕਰ ਸਕੀਏ।" ਉਸ ਨੇ ਆਪਣਾ ਦੁਖ ਫਰੋਲਦਿਆਂ ਦੱਸਿਆ ਕਿ ਲੋਕਾਂ ਦੀਆਂ ਗਲਾਂ ਤੋਂ ਬੇਟੀ ਨੂੰ ਬਚਾ ਕੇ ਰੱਖਣਾ ਬਹੁਤ ਔਖਾ ਹੈ।ਕਿਉਂਕਿ ਰੱਬ ਦੀ ਭਗਤੀ ਦੇ ਰੰਗਾਂ ਤੋਂ ਬੇਸਮਝ ਲੋਕੀਂ ਕਈ ਤਰ੍ਹਾਂ ਦੀਆਂ ਗੱਲਾਂ ਬਣਾਉਂਦੇ ਹਨ।ਇਹ ਗੱਲ ਸੁਣ ਮੈਂ ਉਸਨੂੰ ਬਹਾਦਰੀ ਨਾਲ

ਰਹਿਣ ਦੀ ਪ੍ਰੇਰਨਾ ਦਿੱਤੀ ਅਤੇ ਕਿਹਾ ਕਿ ਆਮ ਸਧਾਰਨ ਔਰਤਾਂ ਨੇ ਤਾਂ ਕਾਵਾਂ ਨੂੰ ਹੀ ਜਨਮ ਦਿੱਤਾ ਹੈ ਜੋ ਮੋਹ ਮਾਇਆ ਦੇ ਜਾਲ ਵਿਚ ਫਸੇ ਰਹਿੰਦੇ ਹਨ,ਪਰ ਉਸਨੇ ਤਾਂ ਇਕ ਸੁੰਦਰ ਹੰਸਨੀ ਨੂੰ ਜਨਮ ਦਿੱਤਾ ਹੈ।ਕਾਵਾਂ ਦੀ ਦੁਨੀਆਂ ਵਿਚ ਹੰਸਨੀ ਦੀ ਹੋਂਦ ਓਪਰੀ ਤਾਂ ਲੱਗੇਗੀ ਹੀ ਪਰ ਉਸ ਹੰਸਨੀ ਦਾ ਜੀਵਨ ਬਣਾਈ ਰੱਖਣ ਲਈ ਉਸ ਅਗੇ ਹੰਸਾਂ ਵਾਲਾ ਸੁੱਚੇ ਮੋਤੀਆਂ ਦਾ ਚੋਗ ਖਿਲਾਰਨਾ ਜਰੂਰੀ ਹੈ।ਚਾਹੇ ਕਿੰਨੀਆਂ ਵੀ ਮੁਸੀਬਤਾਂ ਦਾ ਸਾਹਮਣਾ ਕਰਨਾ ਪਵੇ।ਹੰਸਨੀ ਦੇ ਸਿਮਰਨ ਰੂਪੀ ਖੰਭਾਂ ਦੀ ਰਾਖੀ ਕਰਨੀ ਹੀ ਪਏਗੀ।ਸਿਮਰਨ ਦੇ ਖੰਭਾਂ ਦੇ ਸਹਾਰੇ ਉਹ ਸਪਤ ਸ੍ਰਿੰਗ ਦੀਆਂ ਚੋਟੀਆਂ ਘੁੰਮ ਆਉਂਦੀ ਹੈ,ਸ਼ਹੀਦਾਂ ਸਿੰਘਾਂ ਦੇ ਦਰਸ਼ਨ ਕਰ ਲੈਂਦੀ ਹੈ ਤੇ ਹਾਲੇ ਹੋਰ ਪਤਾ ਨਹੀਂ ਉਸਨੇ ਕਿਹੜੇ ਖੰਡਾਂ ਬ੍ਰਹਮੰਡਾਂ ਦੀ ਸੈਰ ਕਰਨੀ ਹੈ।

ਬੋਹੜ ਥੱਲੇ ਬੈਠੀਆਂ ਸੱਚੇ ਸਾਹਿਬ ਦੀਆਂ ਗੱਲਾਂ ਕਰ ਰਹੀਆਂ ਸੀ ਕਿ ਬਿਰਹੋਂ ਕੁੱਠੜੀ ਬੱਚੀ ਨੂੰ ਕੋਈ ਖਿੱਚ ਪਈ।ਉਸ ਨੇ ਨਿਸ਼ਾਨ ਸਾਹਿਬ ਕੋਲ ਜਾਣ ਦੀ ਇੱਛਾ ਪ੍ਰਗਟ ਕੀਤੀ ਤੇ ਅਸੀਂ ਤਿੰਨੋ ਹੀ ਓਧਰ ਤੁਰ ਪਈਆਂ। ਨਿਸ਼ਾਨ ਸਾਹਿਬ ਦਾ ਪੁਸ਼ਾਕਾ ਬਦਲਿਆ ਜਾ ਰਿਹਾ ਸੀ। ਉਚੇ ਨਿਸ਼ਾਨਾ ਵਾਲੇ ਦੇ ਸੋਹਲੇ ਗਾਏ ਜਾ ਰਹੇ ਸਨ।ਕਲਗੀਆਂ ਵਾਲੇ ਦੇ ਪਿਆਰ ਵਿਚ ਝੂੰਮਦੀ ਹੋਈ ਸੰਗਤ ਦੀਆਂ ਨਜ਼ਰਾਂ ਅਸਮਾਨ ਵਿਚ ਝੂੰਮਦੇ ਕੇਸਰੀ ਨਿਸ਼ਾਨ ਸਾਹਿਬ ਨੂੰ ਦੇਖਣ ਕਈ ਤਾਂਘ ਰਹੀਆਂ ਸਨ। ਗੁਰੂ ਲੜ ਲੱਗਿਆਂ ਦੇ ਸਾਹਾਂ ਵਿਚ 'ਵਾਹਿਗੁਰੂ' ਨਾਮ ਰਚਿਆ ਹੋਇਆ ਸੀ ਅਤੇ ਨਜ਼ਰਾਂ ਨਿਸ਼ਾਨ ਸਾਹਿਬ ਵਲ ਦੇਖ ਰਹੀਆਂ ਸਨ।ਉਸ ਲੜਕੀ ਨੂੰ ਤਾਂ ਪਤਾ ਨਹੀਂ ਕੀ ਕੁਝ ਨਜ਼ਰੀਂ ਆਇਆ ਹੋਵੇਗਾ।ਖੌਰੇ ਬਾਜਾਂ ਵਾਲਾ ਆਪ ਹੀ ਉਸਦੇ ਸਾਹਮਣੇ ਆ ਖੜੋਇਆ ਹੋਵੇ। ਉਸਦੇ ਖੜ੍ਹੀ ਖੜ੍ਹੀ ਦੇ ਨੈਣ ਮੂੰਦੇ ਗਏ।ਦੋਨੋਂ ਹਥ ਜੁੜ ਕੇ ਛਾਤੀ ਨਾਲ ਲਗ ਗਏ, ਬੁਲ੍ਹ ਬੰਦ...! ਪਰ ਸਿਮਰਨ ਨਾਲ ਸਾਹਾਂ ਦਾ ਦੌਰ ਤੇਜ਼।ਉਹ ਡਿਗਣ ਹੀ ਲਗੀ ਸੀ ਕਿ ਉਸਦੀ ਮਾਂ ਨੇ ਸਹਾਰਾ ਦੇ ਕੇ ਬਿਠਾ ਦਿੱਤਾ।ਲੜਕੀ ਦੀ ਸਮਾਧੀ ਲਗ ਗਈ।ਧੌਣ ਸਿੱਧੀ ਕਰਕੇ ਤੇ ਪਿੱਠ ਵੀ ਬਿਲਕੁਲ ਸਿੱਧੀ ਕਰਕੇ ਉਹ ਚੌਂਕੜੀ ਮਾਰ ਕੇ ਬੈਠ ਗਈ। ਅੱਖੀਆਂ ਬੰਦ,ਆਲੇ ਦੁਆਲੇ ਤੋਂ ਬਿਲਕੁਲ ਬੇਖਬਰ ਤੇ ਫਿਰ ਜਿਵੇਂ ਉਸ ਕੋਲੋਂ ਕੁਝ ਜਰਿਆ ਨਹੀਂ ਸੀ ਜਾ ਰਿਹਾ।ਉਹ ਫੁੱਟ ਫੁੱਟ ਕੇ ਰੋਣ ਲਗ ਪਈ।ਆਪਣਾ ਮੂੰਹ ਗੋਡਿਆਂ ਵਿਚ ਲੈ ਕੇ ਬੈਠ ਗਈ। ਮੈਂ ਕੋਲ ਖੜੀ ਇਕ ਗੱਤੇ ਦੇ ਟੁਕੜੇ ਨਾਲ ਉਸਨੂੰ ਹਵਾ ਕਰ ਰਹੀ ਸੀ।ਸੰਗਤ ਵਿਚੋਂ ਕੁਝ ਲੋਕਾਂ ਦਾ ਧਿਆਨ ਉਸ ਵਲ ਖਿਚਿਆ ਗਿਆ।ਕੋਈ ਪਾਣੀ ਦਾ ਗਲਾਸ ਲੈਣ ਲਈ ਦੌੜਿਆ,ਕੋਈ ਉਸਨੂੰ ਲੰਮੀ ਪੈਣ ਲਈ ਕਹਿੰਦਾ ਅਤੇ ਕੋਈ ਹਵਾ ਝੱਲਣ ਲਈ ਪੱਖੀ ਲੱਭਦਾ ਫਿਰੇ। ਸਭ ਦਾ ਖਿਆਲ ਸੀ ਕਿ ਗਰਮੀ ਕਾਰਨ ਲੜਕੀ ਨੂੰ ਚੱਕਰ ਆ ਗਿਆ ਹੈ ਅਤੇ ਉਹ ਬੇਹੋਸ਼ ਹੋ ਗਈ ਹੈ।ਜਦੋਂ ਉਸਨੇ ਆਪਣਾ ਸਿਰ ਚੁੱਕਿਆ ਤਾਂ ਉਸਦੀ ਸਲਵਾਰ ਗੋਡਿਆਂ ਤੋਂ ਸਾਰੀ ਹੰਝੂਆਂ ਨਾਲ ਭਿੱਜੀ ਹੋਈ ਸੀ। ਉਸਦਾ ਗੁਲਾਬ ਵਰਗਾ ਚੇਹਰਾ ਹੰਝੂਆਂ ਦੇ ਤ੍ਰੇਲ ਤੁਪਕਿਆਂ ਨਾਲ ਸਜਿਆ ਹੋਇਆ ਦੇਖ ਮੇਰੇ ਮੂਹੋਂ —'ਵਾਹਿਗੁਰੂ....!ਵਾਹਿਗੁਰੂ.....!'ਨਿਕਲਣਾ ਸ਼ੁਰੂ ਹੋ ਗਿਆ।ਉਸ ਵੇਲੇ ਮੇਰੇ ਨਾਲ ਹੀ ਉਸ ਬੱਚੀ ਦੀਆਂ ਦੋ ਰਿਸ਼ਤੇਦਾਰ ਔਰਤਾਂ ਖੜੀਆਂ ਸਨ।ਇਕ ਨੇ ਮੇਰੇ ਵਲ ਦੇਖ ਕੇ ਕਿਹਾ—" ਇਸ ਦੇ ਕੋਲ ਖੜ੍ਹ ਕੇ ਕੋਈ ਸਿਮਰਨ ਨਾ ਕਰੇ।" ਪਰ ਉਸਦੇ ਕਹਿਣ ਦੇ ਬਾਵਜੂਦ ਮੇਰੇ ਮੂਹੋਂ ਆਪ-ਮੁਹਾਰੇ —ਵਾਹਿਗੁਰੂ....! ਵਾਹਿਗੁਰੂ.....! ਨਿਕਲਦਾ ਰਿਹਾ।ਜਦੋਂ ਉਸਨੇ ਦੇਖਿਆ ਕਿ ਮੈਂ ਨਹੀਂ ਰੁਕੀ ਤਾਂ ਉਸਨੇ ਆਪਣੇ ਲਫ਼ਜ਼ ਫਿਰ ਦੁਹਰਾਏ।ਉਸ ਔਰਤ ਦੇ ਕਹਿਣ ਦਾ

ਮਤਲਬ ਮੈਂ ਸਮਝਦੀ ਸੀ।ਉਸਦਾ ਖਿਆਲ ਸੀ ਕਿ ਬੱਚੀ ਦੇ ਕੋਲ ਖੜ੍ਹ ਕੇ ਨਾਮ ਜਪਣ ਨਾਲ ਉਸਦਾ ਸਿਮਰਨ ਹੋਰ ਤੇਜ਼ ਹੋ ਜਾਂਦਾ ਹੈ ਤੇ ਫਿਰ ਉਹ ਦੁਨੀਆਂ ਦੀ ਸੁੱਧ ਬੁੱਧ ਭੁਲਾ ਦਿੰਦੀ ਹੈ।

ਇਸ ਕਿਸਮ ਦੇ ਵਿਚਾਰ ਦੇਖ ਕੇ ਮੇਰੇ ਮਨ ਨੂੰ ਸੱਟ ਵਜੀ ਤੇ ਮੈਂ ਸੋਚਣ ਲੱਗ ਪਈ ਕਿ ਪਤਾ ਨਹੀਂ ਕਿਹੜੇ ਪੂਰਬਲੇ ਕਰਮਾਂ ਅਤੇ ਭਗਤੀ ਕਾਰਨ ਇਸ ਬੱਚੀ ਕੋਲ ਸਿਮਰਨ ਦਾ ਖਜ਼ਾਨਾ ਸਾਂਭਿਆ ਹੋਇਆ ਹੈ ਤੇ ਉਹ ਭਗਤੀ-ਭੰਡਾਰਾਂ ਦੀ ਨਜ਼ਾਰੇ ਮਾਣਦੀ ਹੈ ਪਰ ਭਗਤੀ ਦੇ ਅਣਮੋਲ ਖਜ਼ਾਨਿਆਂ ਤੋਂ ਅਣਜਾਣ,ਉਸਦੇ ਆਪਣੇ ਹੀ ਖੂਨ ਦੇ ਰਿਸ਼ਤੇ ਉਸਦੀਆਂ ਉਚੀਆਂ ਉਡਾਰੀਆਂ ਦੇਖ ਖੁਸ਼ ਨਹੀਂ ਹਨ।ਉਸਦੀ ਆਤਮਕ ਅਵਸਥਾ ਨੂੰ ਹੋਰ ਉੱਚਿਆਂ ਬਣਾਉਣ ਲਈ ਉਸਨੂੰ ਲੋੜੀਂਦਾ ਮਹੌਲ ਦੇਣ ਦੀ ਥਾਂ ਉਸਦੇ ਖੰਭ ਭਰੂਣ ਵਿਚ ਲੱਗੇ ਹੋਏ ਹਨ।ਉਸਨੂੰ ਸਮਾਜ ਦੀਆਂ ਤੰਦਾਂ ਵਿਚ ਬੰਨ੍ਹਣ ਲਈ ਥੱਲੇ ਖਿਚਦੇ ਹਨ।ਆਪਣੇ ਵਰਗਾ ਬਣਾਉਣ ਦੇ ਆਹਰ ਵਿਚ ਜੁੱਟੇ ਹੋਏ ਹਨ।

ਯਾਤਰਾ ਵਿਚ ਕਈ ਐਸੇ ਹੰਸੁਲੇ ਜੀਊੜੇ ਵੀ ਹੁੰਦੇ ਹਨ ਜਿਹੜੇ ਪ੍ਰੇਮਾ-ਭਗਤੀ ਦੇ ਅਣਿਆਲੇ ਬਾਣਾਂ ਦੀਆਂ ਅਜਰ ਪੀੜਾਂ ਤੋਂ ਵਾਕਿਫ ਹੁੰਦੇ ਹਨ।ਸਰਦਾਰ ਜੁਗਿੰਦਰ ਸਿੰਘ ਮਾਨ(ਹੇਮ ਕੁੰਟ ਸਾਹਿਬ ਟਰਸਟ ਦੇ ਪੂਰਬਲੇ ਪਰਧਾਨ, ਸਰਦਾਰ ਸਿਮਰਨ ਜੀਤ ਸਿੰਘ ਮਾਨ ਦੇ ਪਿਤਾ) ਨੇ ਆ ਕੇ ਉਸ ਲੜਕੀ ਨੂੰ ਪਿਆਰ ਨਾਲ ਬੁਲਾਇਆ,ਉਸਦੀ ਮਾਂ ਨੂੰ ਹੌਸਲਾ ਦਿਤਾ ਤੇ ਲੜਕੀ ਦੇ ਚੜ੍ਹਦੀ ਕਲਾ ਦੇ ਰੰਗਾਂ ਲਈ ਕਲਗੀਆਂ ਵਾਲੇ ਦੇ ਚਰਨ-ਕੰਵਲਾਂ ਵਿਚ ਬੇਨਤੀ ਕੀਤੀ।ਦੂਜੇ ਦਿਨ ਉਨ੍ਹਾਂ ਖੁਸ਼ੀ ਵਿਚ ਲੜਕੀ ਨਾਲ ਫੋਟੋ ਖਿਚਵਾਈ ਅਤੇ ਅਸੀਸਾਂ ਦੇ ਕੇ ਲੜਕੀ ਨੂੰ ਗੋਬਿੰਦ ਘਾਟ ਜਾਣ ਵਾਲੀ ਬਸ ਵਿਚ ਬਿਠਾਇਆ।

ਗੋਬਿੰਦ ਘਾਟ ਪਹੁੰਚ ਕੇ,ਸੰਗਤ ਬੱਸ ਵਿਚੋਂ ਉਤਰ ਕੇ ਗੁਰਦਵਾਰੇ ਜਾ ਰਹੀ ਸੀ।ਸੜਕ ਦੇ ਇਕ ਮੋੜ ਉਤੇ ਜਿਥੇ ਦੋ ਨਦੀਆਂ ਦੇ ਮਿਲਣ ਕਰਕੇ ਇਕ ਦਿਲ-ਕਸ਼ ਨਜ਼ਾਰਾ ਹੈ।ਇਕ ਨੀਲੇ ਚੋਲੇ,ਨੀਲੀ ਦਸਤਾਰ,ਸ਼ਸਤਰ-ਧਾਰੀ ਤੇ ਇਲਾਹੀ ਸੂਰਤ ਵਾਲਾ ਸਿੰਘ ਸਿਰ ਨੂੰ ਬਾਂਹ ਦਾ ਸਰ੍ਹਾਣਾ ਦੇ ਕੇ ਲੇਟਿਆ ਹੋਇਆ ਸੀ।ਉਹ ਲੜਕੀ ਬੀਬੀ ਗੁਰਦੀਪ ਕੌਰ ਜੀ ਦਾ ਹੱਥ ਫੜੀ ਉਸ ਕੋਲੋਂ ਦੀ ਲੰਘ ਗਈ ਪਰ ਉਸ ਸਿੰਘ ਦੀ ਦਿਲ-ਖਿੱਚਵੀਂ ਨਜ਼ਰ ਅਤੇ ਨੂਰਾਨੀ ਚੇਹਰੇ ਦੀ ਖਿੱਚ ਉਸ ਨੂੰ ਅੱਗੇ ਨਾ ਤੁਰਨ ਦੇਵੇ।ਉਸਨੇ ਬੀਬੀ ਜੀ ਨਾਲ ਗੱਲ ਕੀਤੀ।ਦੋਨੋਂ ਵਾਪਸ ਮੁੜੀਆਂ ਤੇ ਉਸ ਕਸ਼ਿਸ਼ ਭਰੇ ਸਿੰਘ ਕੋਲ ਆ ਕੇ ਖੜ੍ਹ ਗਈਆਂ।ਬੀਬੀ ਜੀ ਨੇ ਕਿਹਾ,— "ਬੱਚੇ! ਤੁਹਾਡੇ ਪਿੱਛੇ ਬਹੁਤ ਡੂੰਘੀ ਖੱਡ ਅਤੇ ਨਦੀ ਹੈ।ਕੰਢੇ ਉਤੇ ਪਏ ਹੋ...!ਡਿਗ ਪਓਗੇ.....।ਤੁਸੀਂ ਇਥੇ ਕਿਉਂ ਲੇਟੇ ਹੋਏ ਹੋ......?"ਬੀਬੀ ਜੀ ਦੀ ਗਲ ਸੁਣ ਕੇ ਉਸਨੇ ਮਸਕ੍ਰਾ ਕੇ ਕਿਹਾ,-"**ਅਸੀਂ ਸੰਗਤਾਂ ਦੇ ਦਰਸ਼ਨ ਕਰਨ ਲਈ ਇਥੇ ਪਏ ਹਾਂ।**" ਬੀਬੀ ਜੀ ਅਤੇ ਲੜਕੀ ਦੋਨੋਂ ਗੁਰਦਵਾਰੇ ਵਲ ਤੁਰ ਪਈਆਂ।ਦੋ ਕਦਮ ਚਲ ਕੇ ਉਨ੍ਹਾਂ ਨੇ ਪਿੱਛੇ ਮੁੜ ਕੇ ਦੇਖਿਆ ਤਾਂ ਉਥੇ ਕੋਈ ਭੀ ਨਹੀਂ ਸੀ।ਉਸ ਲੜਕੀ ਦੀ ਮਾਂ ਅਤੇ ਬਾਕੀ ਹੋਰ ਸੰਗਤਾਂ ਜੋ ਕੁਝ ਕਦਮ ਉਨ੍ਹਾਂ ਤੋਂ ਅੱਗੇ ਚੱਲ ਰਹੀਆਂ ਸਨ ਜਾਂ ਪਿੱਛੇ ਆ ਰਹੀਆਂ ਸਨ,ਉਨ੍ਹਾਂ ਵਿਚੋਂ ਕਿਸੇ ਨੇ ਵੀ ਇਸ ਤਰ੍ਹਾਂ ਸੜਕ ਉਤੇ ਪਿਆ ਹੋਇਆ ਚਮਕੀਲੀਆਂ ਅੱਖੀਆਂ ਅਤੇ ਸੋਹਣੇ ਚਿਹਰੇ ਵਾਲਾ ਦਰਸ਼ਨੀ ਸਿੰਘ ਨਾ ਦੇਖਿਆ।ਇਸ ਗੱਲ ਦਾ ਸਭ ਨੂੰ ਅਚੰਭਾ ਹੋ ਰਿਹਾ ਸੀ।

ਗੋਬਿੰਦ ਘਾਟ ਹੀ ਇਸ ਪ੍ਰੇਮ-ਪਰੁੱਤੀ ਲੜਕੀ ਨੇ ਅੰਮ੍ਰਿਤ ਪਾਨ ਕੀਤਾ।ਗੁਰਸਿੱਖ ਮਾਂ ਨੇ ਬੜੇ ਚਾਅ ਨਾਲ ਬੱਚੀ ਨੂੰ ਤਿਆਰ ਕਰਕੇ ਅੰਮ੍ਰਿਤ ਛਕਣ ਲਈ ਤੋਰਿਆ।ਅੰਮ੍ਰਿਤਧਾਰੀ ਮਾਂ ਅੰਮ੍ਰਿਤ ਦੀਆਂ ਇਲਾਹੀ ਬਰਕਤਾਂ ਨੂੰ ਜਾਣਦੀ ਸੀ।ਖੰਡੇ ਬਾਟੇ ਦੇ ਅੰਮ੍ਰਿਤ ਵਿਚ ਜੋ ਜਾਹਰੀ ਕਲਾ ਵਰਤਦੀ ਹੈ ਉਸਦਾ ਉਸਨੂੰ ਗਿਆਨ ਸੀ।ਉਸ ਨੂੰ ਪਤਾ ਸੀ ਕਿ ਅੰਮ੍ਰਿਤ ਦੀ ਬਖਸ਼ਿਸ਼ ਨਾਲ ਸਾਨੂੰ ਭਗਤੀ ਅਤੇ ਸ਼ਕਤੀ ਦਾ ਵਰਦਾਨ ਮਿਲਦਾ ਹੈ।ਅੰਮ੍ਰਿਤ ਨਾਲ ਤਨ ਮਨ ਸਿੰਜ ਹੋ ਕੇ ਗੁਰਸਿੱਖੀ ਜੀਵਨ ਮਉਲਦਾ ਹੈ,ਫੁਲਦਾ ਹੈ ਤੇ ਫਲਦਾ ਹੈ।ਖੰਡੇ ਬਾਟੇ ਦੇ ਅੰਮ੍ਰਿਤ ਦੀਆਂ ਬੂੰਦਾਂ ਪੀਣ ਨਾਲ ਸਾਡੇ ਅੰਦਰ ਛਿਪੇ ਅੰਮ੍ਰਿਤ-ਕੁੰਡ ਦੇ ਸੋਮੇ ਫੁੱਟਦੇ ਹਨ।ਨਾਮ ਰਸ ਦੀ ਪ੍ਰਾਪਤੀ ਹੁੰਦੀ ਹੈ। ਬੁਰਾਈਆਂ ਦੇ ਭਾਂਬੜ ਬੁੱਝ ਜਾਂਦੇ ਹਨ।ਠੰਢ ਪੈ ਜਾਂਦੀ ਹੈ।ਤਨ ਮਨ ਸਿੰਜਿਆ ਰਹਿੰਦਾ ਹੈ,ਰਸਿਆ ਰਹਿੰਦਾ ਹੈ ਤੇ ਰੱਜਿਆ ਰਹਿੰਦਾ ਹੈ। ਜਿਹਨਾਂ ਬਖਸ਼ੀਆਂ ਰੂਹਾਂ ਨੂੰ ਪਹਿਲਾਂ ਹੀ ਗੁਰੂ ਪ੍ਰੇਮ ਦੇ ਰੰਗ ਦਾ ਜਾਗ ਲੱਗਾ ਹੋਇਆ ਹੁੰਦਾ ਹੈ ਉਨ੍ਹਾਂ ਉਤੇ ਤਾਂ ਬਖਸ਼ਿਸ਼ਾਂ ਦੀ ਝੜੀ ਲਗ ਜਾਂਦੀ ਹੈ।ਉਹ ਇਹ ਵੀ ਜਾਣਦੀ ਸੀ ਕਿ ਜਦੋਂ ਕਿਸੇ ਪ੍ਰਾਣੀ ਦੇ ਮਨ-ਮੰਦਰ ਵਿਚ ਜਦੋਂ ਨਾਮ ਦਾ ਦੀਵਾ ਜਗਦਾ ਹੈ ਤਾਂ ਸਾਨੂੰ ਦੁਨਿਆਵੀ ਲੋਕਾਂ ਨੂੰ ਇਸ ਦੀ ਸੋਝੀ ਨਹੀਂ ਹੁੰਦੀ ਪਰ ਸਵਰਗ-ਪੁਰੀਆਂ ਵਿਚ ਉਸਦੀ ਲੋਅ ਪਹੁੰਚ ਜਾਂਦੀ ਹੈ।ਫਿਰ ਦੇਵੀ ਦੇਵਤੇ ਜਿਹੜੇ ਅੰਮ੍ਰਿਤ ਲਈ ਤਰਸਦੇ ਹਨ ਉਹ ਰਿੱਧੀਆਂ ਸਿੱਧੀਆਂ ਦੇ ਤੋਹਫੇ ਲੈ ਕੇ ਉਸ ਪ੍ਰਾਣੀ ਨੂੰ ਆਹਰੇ ਲਾਈ ਰੱਖਣ ਲਈ ਆਉਂਦੇ ਹਨ।ਭਗਤੀ ਦੀਆਂ ਮੰਜਿਲਾਂ ਤਹਿ ਕਰਨ ਵਿਚ ਵਿਘਨ ਪਾਉਂਦੇ ਹਨ।ਇਸ ਲਈ ਉਹ ਆਪਣੀ ਬਾਲੜੀ ਦੀ ਦੇਖ ਰੇਖ ਵਿਚ ਬੜੀ ਸੋਚ ਸਮਝ ਤੋਂ ਕੰਮ ਲੈ ਰਹੀ ਸੀ।

ਲੜਕੀ ਨੇ ਦਸਿਆ ਕਿ ਜਦੋਂ ਦਰਬਾਰ ਸਾਹਿਬ ਦੇ ਅੰਦਰ ਪੰਜ ਪਿਆਰੇ ਅੰਮ੍ਰਿਤ ਦਾ ਬਾਟਾ ਤਿਆਰ ਕਰਦੇ ਪਏ ਸਨ ਤਾਂ ਉਸ ਵੇਲੇ ਅੰਮ੍ਰਿਤ ਛਕਣ ਵਾਲੇ ੧੧੧ ਸੁਭਾਗੇ ਪ੍ਰਾਣੀਆਂ ਦੇ ਨਾਲ ਕਈ ਦੇਵੀ ਦੇਵਤੇ ਵੀ ਅੰਮ੍ਰਿਤ ਸੰਚਾਰ ਦਾ ਨਜਾਰਾ ਦੇਖਣ ਲਈ ਮੋਜੂਦ ਸਨ।

ਅੰਮ੍ਰਿਤ ਪਾਨ ਕਰਨ ਪਿਛੋਂ ਜਦੋਂ ਪੰਜਾਂ ਪਿਆਰਿਆਂ ਦੇ ਪਿਛੇ ਪਿਛੇ ਆ ਰਹੀ ਸੰਗਤ ਦਰਬਾਰ ਸਾਹਿਬ ਵਿਚੋਂ ਬਾਹਰ ਨਿਕਲੀ ਤਾਂ ਜੈਕਾਰਿਆਂ ਦੀਆਂ ਗੂੰਜਾਰਾਂ ਨੇ ਪਰਬਤਾਂ ਨਾਲ ਟਕਰਾ ਕੇ ਅਸਮਾਨ ਗੂੰਜਾ ਦਿੱਤਾ।ਹਰ ਪਾਸੇ ਇਲਾਹੀ ਰੰਗ ਛਾਇਆ ਹੋਇਆ ਸੀ, ਉਸ ਲੜਕੀ ਦਾ ਚੇਹਰਾ ਚਾਨਣੋ ਚਾਨਣ ਹੋਇਆ ਪਿਆ ਸੀ।ਹਰ ਪਾਸਿਓਂ—'ਵਾਹ ਵਾਹੁ ਗੋਬਿੰਦ ਸਿੰਘ ਜੀ....'ਦੀਆਂ ਧੁਨੀਆਂ ਆ ਰਹੀਆਂ ਸਨ।ਹਰ ਪ੍ਰੇਮੀ ਦੀ ਸੁਰਤੀ ਗੁਰੂ ਚਰਨਾਂ ਨਾਲ ਜੁੜੀ ਹੋਈ ਸੀ।ਹਰ ਕਿਸੇ ਨੂੰ ਘਰ ਬਾਰ ਦਾ ਖਿਆਲ ਪੂਰੀ ਤਰਾਂ ਭੁੱਲਿਆ ਹੋਇਆ ਸੀ।ਸਭ ਅੰਮ੍ਰਿਤ ਸੰਚਾਰ ਦੇ ਇਸ ਮਹਾਨ ਉਤੱਸਵ ਦਾ ਆਨੰਦ ਮਾਣ ਰਹੇ ਸਨ।ਅਣਦਿਸਦੀ ਦੁਨੀਆਂ ਦੇ ਵਸਨੀਕ ਦੇਵੀ ਦੇਵਤਿਆਂ ਦੀ ਮੋਜੂਦਗੀ ਦਾ ਤੇਜ ਪ੍ਰਤਾਪ ਸ਼ਾਇਦ ਇਸ ਉਤੱਸਵ ਦੇ ਰੰਗ ਨੂੰ ਹੋਰ ਵੀ ਚਮਕਾ ਰਿਹਾ ਸੀ।ਸੋਹਣੀ ਕੁਦਰਤ ਅਤੇ ਤਪੋ ਅਸਥਾਨ ਦੀ ਧਰਤੀ ਦੇ ਨਜ਼ਾਰੇ ਇਸ ਮਹਾਂ-ਉਤੱਸਵ ਵਿਚ ਆਪਣਾ ਸਵਰਗੀ ਰੰਗ ਭਰ ਰਹੇ ਸਨ।

ਗੋਬਿੰਦ ਧਾਮ ਪਹੁੰਚ ਕੇ ਜਦੋਂ ਨਿਸ਼ਾਨ ਸਾਹਿਬ ਦੀ ਸੇਵਾ ਹੋਣ ਲਗੀ ਤਾਂ ਲੜਕੀ ਦਾ ਸਿਮਰਨ ਤੇਜ਼ ਹੋ ਗਿਆ ਖੜੀ ਖੜੀ ਬਿਹੋਸ਼ ਹੋ ਗਈ।ਇਕ ਗੁਰਸਿੱਖ ਨੇ ਉਸਨੂੰ ਆਪਣੀਆਂ ਬਾਹਾਂ ਵਿਚ ਚੁੱਕ ਕੇ ਦਰਬਾਰ ਸਾਹਿਬ ਵਿਚ ਜਾ ਲਿਟਾਇਆ।ਮਾਂ ਅਤੇ ਕੁਝ ਹੋਰ ਰੰਗੀਆਂ ਰੂਹਾਂ ਜੋ ਸੱਚੇ ਪਾਤਸ਼ਾਹ ਦੇ ਚੋਜਾਂ

ਨੂੰ ਸਮਝਦੀਆਂ ਸੀ,ਕੋਲ ਬੈਠ ਕੇ ਸਿਮਰਨ ਕਰਨ ਲਗੀਆਂ 'ਵਾਹਿਗੁਰੂ' ਨਾਮ ਦੀ ਗੂੰਜ ਨਾਲ ਸਾਰਾ ਕਮਰਾ ਗੂੰਜ ਰਿਹਾ ਸੀ।ਜਦੋਂ ਹੋਸ਼ ਆਈ ਤਾਂ ਲੜਕੀ ਨੇ ਮਾਂ ਨੂੰ ਦੱਸਿਆ ਕਿ ਉਸਨੂੰ ਇਲਾਹੀ ਮੰਡਲ ਦੇ ਵਾਸੀ ਦੇ ਇਕ ਬਿਰਧ ਸਫੈਦ ਪੋਸ਼ ਬਾਬਾ ਜੀ ਨੇ ਦਰਸ਼ਨ ਬਖਸ਼ੇ ਤੇ ਉਸਨੇ ਮੈਨੂੰ ਮੇਰੇ ਜੀਵਨ ਦੇ ਉਦੇਸ਼ ਤੋਂ ਜਾਣੂੰ ਕਰਵਾਇਆ।

ਹੇਮਕੁੰਟ ਸਾਹਿਬ ਪਹੁੰਚ ਕੇ ਉਹ ਹੋਰ ਵੀ ਰੰਗੀ ਗਈ।ਇਸ਼ਨਾਨ ਕਰਕੇ ਸਤਿਗੁਰਾਂ ਦੇ ਚਰਨਾ ਵਿਚ ਮੱਥਾ ਟੇਕ ਕੇ ਅਰਦਾਸ ਕੀਤੀ,ਹੁਕਮਨਾਮਾ ਲਿਆ ਅਤੇ ਫਿਰ ਦਰਬਾਰ ਸਾਹਿਬ ਦੇ ਅੰਦਰ ਹੀ ਇਕ ਛੋਟਾ ਜਿਹਾ ਕਮਰਾ, ਜਿੱਥੇ ਰੁਮਾਲੇ ਰੱਖੇ ਜਾਂਦੇ ਹਨ ਅਤੇ ਪਲੰਗ ਉਤੇ ਗੁਰੂ ਮਹਾਰਾਜ ਜੀ ਦਾ ਸਰੂਪ ਸੁੱਖ ਆਸਣ ਵਿਚ ਬਿਰਾਜਮਾਨ ਹੈ,ਉਥੇ ਮੱਥਾ ਟੇਕਣ ਗਈ।ਉਥੇ ਉਸਦਾ ਸਿਮਰਨ ਐਨਾ ਉਛਾਲੇ ਖਾਣ ਲੱਗਿਆ ਕਿ ਬੇਹੋਸ਼ ਹੋ ਗਈ,ਉਥੇ ਹੀ ਪਈ ਰਹੀ।ਇਥੇ ਉਸ ਨੇ ਖਾਸ ਰੰਗ ਦੇਖੇ ਅਤੇ ਮਾਣੇ ਪਰ ਉਹ ਇਸ ਬਾਰੇ ਕਿਸੇ ਨੂੰ ਕੁਝ ਵੀ ਦੱਸਣਾ ਠੀਕ ਨਹੀਂ ਸਮਝਦੀ।

ਚਾਈਂ ਚਾਈਂ ਸਰੋਵਰ ਕੰਢੇ ਘੁੰਮਦੀ ਰਹੀ,ਰੰਗ ਮਾਣਦੀ ਰਹੀ।ਉਸਨੂੰ ਉਸਦਾ ਸਰੀਰ ਹਲਕਾ ਫੁੱਲ ਜਿਹਾ ਜਾਪ ਰਿਹਾ ਸੀ।ਉਸਨੇ ਦੱਸਿਆ ਕਿ ਗੋਬਿੰਦ ਧਾਮ ਤੋਂ ਹੇਮ ਕੁੰਟ ਸਾਹਿਬ ਤਕ ਪੈਦਲ ਆ ਕੇ ਅਤੇ ਸਰੋਵਰ ਦੇ ਕੰਢੇ ਘੁੰਮ ਕੇ ਉਸਨੂੰ ਕੋਈ ਥਕਾਵਟ ਨਹੀਂ ਹੋਈ।

ਅਣਦਿਸਦੀ ਦੁਨੀਆਂ ਦੇ ਨਜ਼ਾਰੇ ਦੇਖਣ ਵਾਲੀ ਤੇ ਉਚੀਆਂ ਉਡਾਰੀਆਂ ਮਾਰਨ ਵਾਲੀ ਇਹ ਵੱਡੇ ਘਰ ਦੀ ਬੇਟੀ ਆਪਣੇ ਆਪ ਨੂੰ ਸਧਾਰਨ ਕੁੜੀਆਂ ਵਾਂਗ ਹੀ ਦਿਖਾਉਣ ਦੀ ਕੋਸ਼ਿਸ਼ ਕਰਦੀ ਹੈ।ਭਗਤੀ ਭੰਡਾਰਾਂ ਨਾਲ ਮਾਲੋ ਮਾਲ ਹੋਈ ਕੁੜੀ,ਭਗਤੀ ਦੇ ਅਨਮੋਲ ਖਜਾਨਿਆਂ ਨੂੰ ਦੁਨੀਆਂ ਦੀਆਂ ਨਜ਼ਰਾਂ ਤੋਂ ਬਚਾ ਕੇ ਰਖਣ ਦੀ ਕੋਸ਼ਿਸ਼ ਕਰਦੀ ਹੈ।ਇਸੇ ਕਰਕੇ ਹੀ ਉਨ੍ਹਾਂ ਮਾਂਵਾਂ ਧੀਆਂ,ਦੋਨਾਂ ਨੇ ਹੀ ਆਪਣਾ ਨਾਮ ਅਤੇ ਥਾਂ ਟਿਕਾਣਾ ਲਿਖਣ ਦੀ ਆਗਿਆ ਨਹੀਂ ਦਿੱਤੀ।

*****************

# ਚੌਥੀ ਚੋਟੀ

ਗੁਰੂ ਪ੍ਰੇਮ ਦੀਆਂ ਡੋਰਾਂ ਵਿਚ ਬੱਝੇ ਹੋਏ ਇਕ ਗੁਰਸਿੱਖ ਨੇ ਬੜੇ ਚਾਵਾਂ ਨਾਲ ਹੇਮਕੁੰਟ ਸਾਹਿਬ ਦੇ ਗੁਰਦਵਾਰੇ ਦੀ ਸੇਵਾ ਸੰਭਾਲੀ।ਕੁਝ ਦਿਨ ਤਾਂ ਸਤਿਗੁਰੂ ਦੇ ਉਚ-ਸਥਾਨ ਉਤੇ ਗੁਰੂ-ਪ੍ਰੇਮ ਦੀ ਮਸਤੀ ਵਿਚ ਬੀਤ ਗਏ ਪਰ ਫਿਰ ਉਸ ਨੂੰ ਆਪਣੇ ਘਰ ਬਾਰ,ਪਤਨੀ ਅਤੇ ਬੱਚਿਆਂ ਦੀ ਯਾਦ ਸਤਾਉਣ ਲੱਗੀ।ਪਸ਼ੂਆਂ ਦਾ ਕੀ ਹਾਲ ਹੋਵੇਗਾ? ਬੱਚਿਆਂ ਅਤੇ ਪਤਨੀ ਦਾ ਗੁਜ਼ਾਰਾ ਕਿਵੇਂ ਚਲਦਾ ਹੋਏਗਾ?ਖੇਤੀ ਬਾੜੀ ਦਾ ਕੰਮ ਕਿਵੇਂ ਹੁੰਦਾ ਹੋਏਗਾ?ਇਸ ਚਿੰਤਾ ਕਾਰਨ ਰੱਬ ਦਾ ਨਾਮ ਸਿਮਰਣ ਵਿਚ ਵਿਘਨ ਪੈਣ

ਲੱਗਾ।ਇਕ ਰਾਤ ਉਹ ਆਪਣੇ ਕਮਰੇ ਵਿਚੋਂ ਬਾਹਰ ਨਿਕਲ ਕੇ ਸਪਤਸ੍ਰਿੰਗ ਵਲ ਦੇਖ ਰਿਹਾ ਸੀ ਕਿ ਚੌਥੀ ਚੋਟੀ ਉਤੇ ਇਕ ਇਲਾਹੀ ਨਜ਼ਾਰਾ ਦਿਖਿਆ।ਚੋਟੀ ਦੇ ਸਿਖਰ ਉਤੇ ਬਹੁਤ ਹੀ ਸੋਹਣੀ ,ਤੇਜ ਪ੍ਰਤਾਪ ਵਾਲੀ ਇਲਾਹੀ ਸ਼ਕਲ ਵਾਲਾ ਤੇ ਚਿੱਟੀ ਲੰਬੀ ਦਾੜੀ ਵਾਲਾ ਸੁੰਦਰ ਸੁਆਮੀ ਮਿੱਠੀਆਂ ਮੁਸਕਾਨਾਂ ਦਾ ਰੰਗ ਖਲਾਰਦਾ ਪਿਆ ਸੀ।ਦੂਰ ਖੜ੍ਹਿਆਂ ਵੀ ਉਸ ਦੇ ਹਾਵ-ਭਾਵ ਐਨੇ ਸਪੱਸ਼ਟ ਦਿਖਾਈ ਦੇ ਰਹੇ ਸਨ ਕਿ ਜਿਵੇਂ ਉਹ ਕੋਲ ਹੀ ਖੜ੍ਹਾ ਹੋਵੇ।ਉਸ ਮੇਹਰਾਂ ਦੇ ਸਾਈਂ ਨੇ  ਆਪਣਾ ਇਕ ਹੱਥ ਉਪਰ ਕਰਕੇ ਖੜ੍ਹਾ ਕੀਤਾ,ਹਥੇਲੀ ਵਿਚੋਂ ਮਿੱਠੀਆਂ ਸੋਹਜ-ਸੁਖਾਵੀਆਂ ਕਿਰਨਾਂ ਨਿਕਲੀਆਂ ਜੋ ਸਿੱਧੀਆਂ ਸਪਾਟ ਲਾਇਨਾਂ ਬਣਾ ਕੇ ਉਸ ਗੁਰਸਿੱਖ ਦੇ ਪਿੰਡ ਪਹੁੰਚ ਗਈਆਂ।ਉਸਦੇ ਘਰ-ਬਾਰ ਪਤਨੀ ਅਤੇ ਬੱਚਿਆਂ ਨੂੰ ਖੁਸ਼ੀਆਂ ਵਿਚ ਰੰਗਣ ਲਗੀਆਂ।ਪਲ ਦੋ ਪਲ ਲਈ ਝਲਕ ਦਿਖਾ ਕੇ ਉਹ ਸੁੱਖਾਂ ਦਾ ਦਾਤਾ ਅਲੋਪ ਹੋ ਗਿਆ। ਗੁਰਸਿੱਖ ਦਾ ਦਿਲ ਖੁਸ਼ੀਆਂ ਵਿਚ ਉਛਾਲੇ ਖਾਣ ਲੱਗਾ।ਘਰ ਬਾਰ ਦਾ ਫਿਕਰ ਤਾਂ ਦੂਰ ਹੋਣਾ ਹੀ ਸੀ,ਨਾਲ ਹੀ ਜੋ ਦਰਸ਼ਨ ਝਲਕਾਂ ਦੀ ਖੁਸ਼ੀ ਮਿਲੀ ਉਹ ਸੰਭਾਲੀ ਨਾ ਜਾਏ ਪਰ ਉਸਨੇ ਇਹ ਗੱਲ ਕਿਸੇ ਨੂੰ ਨਾ ਦੱਸੀ,ਦਿਲ ਵਿਚ ਹੀ ਸੰਭਾਲੀ ਰਖੀ।ਅਖੀਆਂ ਮੀਟ ਕੇ ਯਾਦ ਕਰ ਲੈਂਦਾ,ਅਤੇ ਖੀਵਾ ਹੋ ਲੈਂਦਾ।ਮਨ ਚਿਤ ਲਗਾ ਕੇ ਗੁਰੂ ਘਰ ਦੀ ਸੇਵਾ ਕਰਦਾ,ਖਿੜਿਆ ਰਹਿੰਦਾ ਅਤੇ ਸੱਚੇ ਪਿਤਾ ਦੀਆਂ ਸਿਫਤਾਂ ਕਰ ਕਰ ਉਸਨੂੰ ਰੱਜ ਨਾ ਆਉਂਦਾ।ਗੁਰੂ-ਪ੍ਰੇਮ ਦੇ ਘੁੱਟ ਭਰਦਾ ਹੋਇਆ ਉਹ ਕਹਿੰਦਾ ਕਿ ਉਸਦਾ ਬਾਪੂ ਉਸਨੂੰ ਬਹੁਤ ਲਾਡਾਂ ਪਿਆਰਾਂ ਨਾਲ ਰੱਖਦਾ ਹੈ।ਵਧੀਆ ਤੋਂ ਵਧੀਆ ਚੀਜ਼ਾਂ ਖਾਣ ਨੂੰ ਦਿੰਦਾ ਹੈ,ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀਂ ਹੋਣ ਦਿੰਦਾ।

ਉਚੇ ਉਚੇ ਪਰਬਤਾਂ ਵਲ ਦੇਖ ਉਹ ਖਿੜ ਖਿੜ ਹੱਸਦਾ।ਡੁਲ੍ਹ ਡੁਲ੍ਹ ਜਾਂਦੀ ਖੁਸ਼ੀ ਵਿਚ ਆ ਕੇ ਕਹਿੰਦਾ,-"ਬਾਪੂ ਤੇਰੇ ਘਰ ਦੀਆਂ ਕੰਧਾਂ ਕਿੰਨੀਆਂ ਉਚੀਆਂ ਹਨ?ਸੈਂਕੜੇ ਚੋਟੀਆਂ ਦੇ ਬਨੇਰਿਆਂ ਨਾਲ ਸਜੀ ਹੋਈ ਛੱਤ ਕਿੰਨੀ ਸੋਹਣੀ ਹੈ?" ਉਚੇ ਪਰਬਤਾਂ ਨੂੰ ਉਹ ਬਾਪੂ ਦੇ ਘਰ ਦੀਆਂ ਕੰਧਾਂ ਕਹਿੰਦਾ ਤੇ ਉਪਰ ਨੀਲਾ ਅਸਮਾਨ ਉਸਨੂੰ ਛੱਤ ਦਿਖਾਈ ਦਿੰਦਾ।ਇਸ ਉਚੇ ਲੰਬੇ ਸੋਹਣੇ ਘਰ ਵਿਚ ਉਹ ਚਾਈਂ ਚਾਈਂ ਘੁੰਮਦਾ ਰਹਿੰਦਾ।ਪਿਆਰ,ਸਤਿਕਾਰ,ਲਾਡ ਅਤੇ ਦੀਵਾਨਗੀ ਦੀਆਂ ਅਥਾਹ ਗਹਿਰਾਈਆਂ ਵਿਚੋਂ ਨਿਕਲਿਆ ਸ਼ਬਦ 'ਬਾਪੂ' ਉਸਦੇ ਮੂਹੋਂ ਬੜਾ ਹੀ ਚੰਗਾ ਲਗਦਾ।ਚੌਥੀ ਚੋਟੀ ਵਲ ਦੇਖਕੇ ਉਸਨੂੰ ਕੋਈ ਅਗੰਮੀ ਖਿਚ ਪੈਂਦੀ।ਉਸਦਾ ਦਿਲ ਕਰਦਾ ਕਿ ਉਹ ਉੜ ਕੇ ਉਥੇ ਪਹੁੰਚ ਜਾਵੇ।ਅਖੀਰ ਇਕ ਦਿਨ ਸਿਦਕ ਭਰੋਸੇ ਅਤੇ ਪ੍ਰੇਮ ਭਰੇ ਦਿਲ ਨਾਲ ਅਰਦਾਸ ਕਰਕੇ ਉਹ ਆਪਣੇ ਇਕ ਸਾਥੀ ਨਾਲ ਚੋਟੀ ਉਪਰ ਜਾਣ ਲਈ ਤੁਰ ਪਿਆ।ਖਤਰਨਾਕ ਰਸਤੇ ਉਤੇ ਪੱਥਰਾਂ ਨੂੰ ਜੱਫੀਆਂ ਪਾਈ ਉਹ ਰੀਂਘ ਰੀਂਘ ਕੇ ਚਲਦੇ ਹੋਏ ਅੱਗੇ ਵੱਧਦੇ ਗਏ,ਸੰਭਲ ਸੰਭਲ ਕੇ ਪੈਰ ਰੱਖਦੇ ਡਿਗਣ ਤੋਂ ਆਪਣੇ ਆਪ ਨੂੰ ਬਚਾਉਂਦੇ ਤੁਰੇ ਗਏ।

ਰਸਤੇ ਵਿਚ ਦੋ ਥਾਵਾਂ ਉਤੇ ਜਦੋਂ ਉਨ੍ਹਾਂ ਨੇ ਬਹੁਤ ਮੁਸ਼ਕਿਲ ਦੇਖੀ ਤਾਂ ਦੋਨੋਂ ਹੱਥ ਜੋੜ ਕੇ ਕਰਨ ਕਾਰਣ ਸਤਿਗੁਰੂ ਜੀ ਅੱਗੇ ਅਰਦਾਸ ਕੀਤੀ।ਅਖੀਰ ਉਹ ਦੋਨੋਂ ਆਪਣੇ ਬਾਪੂ ਦੀ ਉਂਗਲੀ ਫੜੀ ਡੱਕੇ ਡੋਲੇ ਖਾਂਦੇ ਹੋਏ ਧੁਰ ਉਪੱਰ ਦੁਸ਼ਟ ਦਮਨ ਦੀ ਤਪ-ਸਿਲਾ ਕੋਲ ਜਾ ਪਹੁੰਚੇ ਤੇ ਦਰਸ਼ਨ ਕਰਕੇ ਗਦ ਗਦ ਹੋਏ।

ਇੱਕ ਦਿਨ ਚੌਥੀ ਚੋਟੀ ਦੇ ਝਰਨਿਆਂ ਦੀ ਸੁੰਦਰਤਾ ਅਤੇ ਕ੍ਰਿਸ਼ਮਿਆਂ ਬਾਰੇ ਗੱਲਾਂ ਹੋ ਰਹੀਆਂ ਸਨ ਤਾਂ ਗੁਰਮੁਖ ਨੇ ਕਿਹਾ;-"ਮੈ ਤਾਂ ਕਹਿੰਦਾ ਹਾਂ ਕਿ ਜਦੋਂ ਤਕ ਕੋਈ ਚੌਥੀ ਚੋਟੀ ਉਪਰ ਨਹੀਂ ਪਹੁੰਚਦਾ ਤਦ ਤਕ ਉਸਨੂੰ ਹੇਮਕੁੰਟ ਸਾਹਿਬ ਦੀ ਅਸਲੀ ਸੁੰਦਰਤਾ ਬਾਰੇ ਪੂਰੀ ਤਰ੍ਹਾਂ ਜਾਣ ਨਹੀਂ ਸਕਦਾ।"ਸੁੰਦਰਤਾ ਦੇ ਅਕੱਥ ਨਜ਼ਾਰਿਆਂ ਬਾਰੇ ਕੁਝ ਕਹਿਣ ਦਾ ਯਤਨ ਕਰਦਾ ਪਰ ਉਸਨੂੰ ਕੋਈ ਸ਼ਬਦ ਨਾ ਮਿਲਦੇ।ਗੁੰਗੇ ਦੀ ਮਠਿਆਈ ਖਾਣ ਵਾਂਗੂੰ ਉਸ ਕੋਲੋਂ ਮਾਣੇ ਹੋਏ ਅਨੰਦ ਦਾ ਵਰਨਣ ਨਹੀਂ ਸੀ ਕੀਤਾ ਜਾਂਦਾ।

ਇਕ ਦਿਨ ਉਸਦੀ ਦੀ ਭੈਣ ਹੇਮਕੁੰਟ ਸਾਹਿਬ ਜੀ ਦੀ ਯਾਤਰਾ ਲਈ ਆਈ।ਦਰਸ਼ਨ ਇਸ਼ਨਾਨ ਕਰਨ ਪਿਛੋਂ ਉਹ ਆਪ ਤਾਂ ਗੋਬਿੰਦ ਧਾਮ ਚਲੇ ਗਈ ਪਰ ਉਸਦਾ ਪੰਜ ਕੁ ਸਾਲ ਦਾ ਬੇਟਾ ਜ਼ਿਦ ਕਰਕੇ ਇਕ ਰਾਤ ਲਈ ਆਪਣੇ ਮਾਮੇ ਕੋਲ ਹੀ ਰਹਿ ਪਿਆ।ਅੰਮ੍ਰਿਤ ਵੇਲੇ ਬਿਨਾ ਕਿਸੇ ਨੂੰ ਦੱਸਿਆਂ ਪੁਛਿਆਂ ਉਹ ਉਠ ਕੇ ਕਮਰੇ ਵਿਚੋਂ ਬਾਹਰ ਗਿਆ ਤੇ ਇਕ ਅਤਿ ਸੁੰਦਰ ਨਜ਼ਾਰਾ ਦੇਖ ਕੇ ਉਹ ਦੌੜਿਆ ਦੌੜਿਆ ਅੰਦਰ ਆ ਕੇ ਕਹਿਣ ਲਗਾ,_" ਮਾਮਾ ਜੀ.....!ਮਾਮਾ ਜੀ......!ਬਾਹਰ ਚਲ ਕੇ ਦੇਖੋ।ਪਹਾੜ ਨੇ ਚੰਦਰਮਾ ਨੂੰ ਕੁੱਛੜ ਚੁੱਕਿਆ ਹੋਇਆ ਹੈ।"ਬੱਚੇ ਦੀ ਭੋਲੀ ਭਾਲੀ ਗੱਲ ਸੁਣ ਕੇ ਸਾਰੇ ਹਸਦੇ ਹੋਏ ਬਾਹਰ ਆਏ।ਬਾਹਰ ਸੱਚੀ ਮੁੱਚੀ ਹੀ ਚੰਦਰਮਾ ਨੂੰ ਪਹਾੜ ਨੇ ਕੁੱਛੜ ਚੁੱਕਿਆ ਹੋਇਆ ਸੀ। ਚੰਦਰਮਾ ਦੇ ਰੰਗ ਦੀ ਸੋਹਲ ਸੁਖਾਵੀਂ ਰੋਸ਼ਨੀ (ਪਰਕਾਸ਼) ਦਾ ਇਕ ਗੋਲ ਅਕਾਰ ਦਾ ਟਿੱਕਾ,ਜਿਹੜਾ ਪੂਰਨਮਾਸ਼ੀ ਦਾ ਚੰਦ੍ਰਮਾ ਹੀ ਲੱਗ ਰਿਹਾ ਸੀ ਹੀ, ਚੌਥੀ ਚੋਟੀ ਉਪਰ ਸੋਭ ਰਿਹਾ ਸੀ।

# ਯੂਨੀਕ ਆਸ਼ਰਮ

ਅੰਮ੍ਰਿਤਸਰ ਹਸਪਤਾਲ ਵਿਚ ਇਕ ਪੈਂਤੀ ਕੁ ਸਾਲ ਦੀ ਬੀਬੀ ਪ੍ਰਕਾਸ਼ ਕੌਰ ਨੂੰ ਡਾਕਟਰਾਂ ਨੇ ਜਵਾਬ ਦੇ ਦਿੱਤਾ ਕਿ ਉਸਦੀ ਲਾ-ਇਲਾਜ ਬਿਮਾਰੀ ਦਾ ਉਨ੍ਹਾਂ ਕੋਲ ਕੋਈ ਇਲਾਜ ਨਹੀਂ ਹੈ।ਮੌਤ ਦੇ ਮੂੰਹ ਵਿਚ ਪਈ ਹੋਈ ਗੁਰਸਿੱਖ ਮਰੀਜ ਨੇ ਆਪਣੇ ਪਰਿਵਾਰ ਦੇ ਜੀਆਂ ਨੂੰ ਇਸ ਗੱਲ ਲਈ ਮਨਾ ਲਿਆ ਕਿ ਉਹ ਘਰ ਜਾਣ ਦੀ ਥਾਂ ਹਸਪਤਾਲ ਤੋਂ ਸਿੱਧੀ ਹਰਮੰਦਰ ਸਾਹਿਬ ਜਾ ਕੇ ਨਾਮ ਬਾਣੀ ਦੇ ਰੰਗ ਵਿਚ ਰਹਿ ਕੇ ਮੌਤ ਦੀ ਉਡੀਕ ਕਰੇਗੀ।ਹਰਮੰਦਰ ਸਾਹਿਬ ਪਹੁੰਚ ਕੇ ਉਹ ਕੀਰਤਨ ਦੇ ਰੰਗ ਵਿਚ ਰੰਗੀ ਗਈ।ਨਾਮ ਬਾਣੀ ਵਿਚ ਲੀਨ ਹੋ ਗਈ। ਅੰਮ੍ਰਿਤ ਧਾਰੀ ਭਜਨੀਕ ਬੀਬੀ ਨੇ ਦਰਬਾਰ ਸਾਹਿਬ ਦੀ ਉਪਰਲੀ ਮੰਜਿਲ ਉਤੇ ਬੈਠ ਕੇ ਘਸਮੈਲੈ ਜਿਹੇ ਰੰਗ ਦੀ ਲੋਈ ਵਿਚ ਆਪਣੇ ਆਪ ਨੂੰ ਲਪੇਟ ਲਿਆ ਅਤੇ ਸਵਾਸਾਂ ਰਾਹੀਂ ਅਜੱਪਾ-ਜਾਪ ਜਪਣ ਲੱਗੀ।ਕਦੀ ਕਦੀ ਉਹ ਉਠਦੀ ਅਤੇ ਸਰੋਵਰ ਕੰਢੇ ਜਾ ਕੇ ਆਪਣੇ ਉਸ ਜ਼ਖਮ ਉਤੇ ਅੰਮ੍ਰਿਤ-ਜਲ ਦੀਆਂ ਚੂਲੀਆਂ ਭਰ ਭਰ ਡ੍ਹੋਲ ਲੈਂਦੀ,ਜਿਸ ਜ਼ਖਮ ਉਤੇ ਡਾਕਟਰ ਦਵਾਈਆਂ ਲਗਾ ਲਗਾ ਕੇ ਹਾਰ ਚੁੱਕੇ ਸਨ।

ਗੁਰੂ ਨੇ ਸ਼ਰਣ ਪਈ ਦੀ ਲਾਜ ਰੱਖੀ।ਉਸਨੂੰ ਜੀਵਨ ਦਾਨ ਬਖਸ਼ਿਆ।ਹੁਣ ਉਹ ਆਪਣਾ ਜੀਵਨ ਗੁਰੂ ਦੇ ਲੇਖੇ ਲਾਉਣਾਂ ਚਹੁੰਦੀ ਸੀ।ਚੰਗੇ ਭਾਗਾਂ ਨਾਲ ਉਸਦਾ ਮੇਲ ਬੀਬੀ ਗੁਰਦੀਪ ਕੌਰ ਜੀ ਨਾਲ ਹੋ ਗਿਆ।ਬੀਬੀ ਜੀ ਦੀ ਹੱਲਾ-ਸ਼ੇਰੀ ਅਤੇ ਪੂਰੀ ਮਿਲਵਰਤਣ ਨਾਲ ਉਸਨੇ ਜਲੰਧਰ ਸ਼ਹਿਰ ਵਿਚ ਲੜਕੀਆਂ ਲਈ ਇਕ ਅਨਾਥ ਆਸ਼ਰਮ(ਯੁਨੀਕ ਆਸ਼ਰਮ) ਖੋਲ੍ਹਿਆ।ਇਕ ਵੱਡੇ ਘਰ ਦੀ ਪੜ੍ਹੀ ਲਿਖੀ ਬੇਟੀ ਨੇ ਆਪਣਾ ਜੀਵਨ ਲੇਖੇ ਲਾਉਣ ਲਈ ਸਾਦਗੀ ਅਤੇ ਗਰੀਬੀ ਨੂੰ ਅਪਣਾ ਲਿਆ।ਆਪਣੇ ਪਰਾਏ ਦੀ ਸੋਝੀ ਭੁਲਾ ਕੇ ਯਤੀਮ ਲ਼ੜਕੀਆਂ ਦੇ ਲੇਖੇ ਲੱਗਣ ਲਈ ਅਣਥੱਕ ਮੇਹਨਤ ਕਰਨੀ ਸ਼ੁਰੂ ਕਰ ਦਿੱਤੀ।ਜਾਤ ਪਾਤ ਦੇ ਭਿੰਨ ਭੇਦ ਮਿਟਾ ਕੇ ਉਸਨੇ ਅਨਾਥ ਬੱਚੀਆਂ ਨੂੰ ਗਲੇ ਲਗਾ ਲਿਆ।



ਆਸ਼ਰਮ ਦੇ ਬਾਹਰ ਇਕ ਖਾਸ ਠਿਕਾਣਾਂ ਬਣਾਇਆ ਹੋਇਆ ਹੈ।ਬਿਨਾ ਕਿਸੇ ਨੂੰ ਦੱਸਿਆਂ ਜਦੋਂ ਕੋਈ ਆਪਣੀ ਅਣ-ਚਾਹੀ ਬੱਚੀ ਨੂੰ ਉਸ ਵਿਚ ਰੱਖ ਜਾਂਦਾ ਤਾਂ ਆਸ਼ਰਮ ਦੇ ਅੰਦਰ ਘੰਟੀ ਵੱਜ ਜਾਂਦੀ ਹੈ।ਯੁਨੀਕ ਪਰਿਵਾਰ ਵਿਚ ਵਾਧਾ ਹੋ ਜਾਣ ਦੀ ਖੁਸ਼ੀ ਮਨਾਈ ਜਾਂਦੀ ਹੈ।ਬੱਚੀ ਦੇ ਮਾਂ ਬਾਪ ਦਾ ਪਤਾ ਨਹੀਂ ਲਗਦਾ ਕਿ ਕੌਣ ਹਨ।



ਬੀਬੀ ਗੁਰਦੀਪ ਕੌਰ ਜੀ ਬੱਚੀ ਨੂੰ ਉਠਾਉਂਦੇ ਹੋਏ ਤੇ ਉਸ ਖਾਸ ਠਿਕਾਣੇ ਦਾ ਢੱਕਣ ਉਠਾ ਕੇ ਕੋਲ ਖੜੀ ਲੜਕੀ, ਜਿਸ ਨੂੰ ਕਦੀ ਇਸੇ ਤਰ੍ਹਾਂ ਹੀ, ਤੇ ਇਸੇ ਠਿਕਾਣੇ ਤੋਂ ਹੀ ਬੀਬੀ ਜੀ ਨੇ ਉਠਾਇਆ ਸੀ।ਮਮਤਾ ਨਿਛਾਵਰ ਕਰਦਿਆਂ ਪਾਲ ਪੋਸ ਕੇ ਵੱਡੀ ਕੀਤਾ,ਪੜ੍ਹਾਇਆ ਲਿਖਾਇਆ ਤੇ ਜਵਾਨ ਹੋ ਕੇ ਅੱਜ ਇਹ ਵੀ ਪੂਰੀ ਲਗਨ ਨਾਲ ਆਸ਼ਰਮ ਦੀ ਸੇਵਾ ਕਰਦਿਆਂ ਸਿਆਣੀਆਂ ਧੀਆਂ ਵਾਲੇ ਫਰਜ ਨਿਭਾ ਰਹੀ ਹੈ।



ਬੀਬੀ ਗੁਰਦੀਪ ਕੌਰ ਜੀ ਨੇ ਇਸ ਆਸ਼ਰਮ ਦੀ ਤਨ ਮਨ ਧਨ ਨਾਲ ਸੇਵਾ ਕੀਤੀ।ਲੋਕ ਤਾਂ ਆਪਣੀ ਆਮਦਨ ਦਾ ਦਸਵੰਧ ਦੇ ਕੇ ਹੀ ਆਪਣਾ ਧਰਮ  ਨਿਭਾ ਲੈਂਦੇ ਹਨ ਪਰ ਬੀਬੀ ਜੀ ਤਾਂ ਮੁਸ਼ਕਿਲ  ਨਾਲ ਆਪਣੀ ਆਮਦਨ ਦਾ ਦਸਵੰਧ ਆਪਣੇ ਕੋਲ ਰੱਖਦੇ ਸੀ ਤੇ ਬਾਕੀ ਨੌਂ ਹਿੱਸੇ ਸੇਵਾ ਵਿਚ ਲਗਾਉਂਦੇ ਸੀ।ਪਤੀ ਦੀ ਜਮੀਨ ਤੋਂ ਇਲਾਵਾ ਬੀਬੀ ਜੀ ਦੇ ਪਿਤਾ ਸਰਦਾਰ ਬਹਾਦਰ ਧਰਮ ਸਿੰਘ ਜੀ ਨੇ ਆਪਣੀ ਜਮੀਨ ਦਾ ਕੱਝ ਹਿੱਸਾ ਬੀਬੀ ਜੀ ਦੇ ਨਾਮ ਲਗਾਇਆ ਹੋਇਆ ਸੀ ਜਿਸ ਦੀ ਆਮਦਨ ਬੀਬੀ ਜੀ ਸੇਵਾ ਵਿਚ ਹੀ ਲਗਾਉਂਦੇ ਸੀ।ਇਸ ਤੋਂ ਇਲਾਵਾ ਬਿਦੇਸ਼ਾਂ ਦੀ ਸੰਗਤ ਵੀ ਬੀਬੀ ਜੀ ਦੀ

ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਸੇਵਾ ਵਿਚ ਹਿੱਸਾ ਪਾਉਂਦੇ ਸੀ।ਬੀਬੀ ਜੀ ਯੁਨੀਕ ਆਸ਼ਰਮ ਦੇ ਫਾਉਂਡਰ ਮੈਂਬਰ ਸੀ।

********************

# ਰਵਿਦਾਸ ਜੀ ਦਾ ਬੇਗਮ ਪੁਰਾ



ਬੀਬੀ ਗੁਰਦੀਪ ਕੌਰ ਜੀ ਆਪਣੀਆਂ ਸਤਸੰਗਣਾਂ ਨਾਲ ਹੋਲੇ ਮਹੱਲੇ ਦੇ ਸਮਾਗਮ ਦਾ ਅਨੰਦ ਮਾਨਣ ਲਈ ਅਨੰਦ ਪੁਰ ਸਾਹਿਬ ਪਹੁੰਚੇ ਹੋਏ ਸਨ।ਦਸ਼ਮੇਸ਼ ਪਿਤਾ ਦੇ ਪ੍ਰੇਮ ਵਿਚ ਲਟਬੌਰੇ ਹੋਏ ਦਰਬਾਰ ਵਿਚ ਬੈਠੇ ਕੀਰਤਨ ਦਾ ਅਨੰਦ ਮਾਣ ਰਹੇ ਸੀ ਕਿ ਇਕ ਅੱਧ-ਖੜ ਉਮਰ ਦਾ ਆਦਮੀ,ਜਿਹੜਾ ਦੇਖਣ ਨੂੰ ਸਧਾਰਣ ਜਿਹਾ ਪੇਂਡੂ ਹਲ-ਵਾਹਕ ਲੱਗ ਰਿਹਾ ਸੀ,ਬੀਬੀ ਜੀ ਦੇ ਕੋਲ ਆ ਕੇ ਬੈਠ ਗਿਆ।ਆਪਣੇ ਹੱਥ ਨਾਲ ਇਸ਼ਾਰਾ ਕਰਕੇ ਬੀਬੀ ਜੀ ਨੂੰ ਕਹਿੰਦਾ;-"ਓਹ ਦੇਖ...!ਇਸ ਥਾਂ ਉਤੇ ਸਤਿਗੁਰਾਂ ਨੇ ਤੰਬੂ ਲਗਾਇਆ ਹੋਇਆ ਸੀ,ਤੇ ਉਸ ਜਗ੍ਹਾ ਉਤੇ ਖੜ੍ਹੇ ਹੋ ਕੇ ਸਤਿਗੁਰਾਂ ਨੇ ਸੀਸ ਦੀ ਮੰਗ ਕੀਤੀ ਸੀ।"

ਬੀਬੀ ਜੀ ਉਸਦੀਆਂ ਗੱਲਾਂ ਨੂੰ ਅਣਗੌਲਿਆਂ ਕਰਕੇ ਕੀਰਤਨ ਵਲ ਧਿਆਨ ਦੇਣ ਦੀ ਕੋਸ਼ਿਸ਼ ਕਰ ਰਹੇ ਸਨ।ਪਰ ਉਸ ਆਦਮੀ ਨੇ ਦੁਬਾਰਾ ਬੀਬੀ ਜੀ ਦਾ ਧਿਆਨ ਆਪਣੀ ਵਲ ਖਿੱਚਦਿਆਂ, ਕਿਹਾ;-"ਸਤਿਗੁਰਾਂ ਨੇ ਸੀਸ ਮੰਗੇ...!ਸਿੰਘਾਂ ਨੇ ਸੀਸ ਭੇਟ ਕੀਤੇ...!ਅਗੋਂ ਸਤਿਗੁਰਾਂ ਨੇ ਸੀਸ ਆਪਣੀ ਛਾਤੀ ਨਾਲ ਲਗਾ ਲਏ।ਉਨ੍ਹਾਂ ਵਿਚ ਆਪਣੀ ਰੂਹ ਭਰ ਦਿੱਤੀ।ਆਪਣਾ ਸਰੂਪ ਬਖਸ਼ ਦਿੱਤਾ।ਆਪਣੇ ਵਰਗੇ ਬਣਾ ਕੇ ਆਪਣੇ ਪੁੱਤਰ ਬਣਾ ਲਿਆ ਤੇ ਚਿੜੀਆਂ ਤੋਂ ਬਾਜ ਤੁੜਵਾਉਣ ਵਾਲੀ ਸ਼ਕਤੀ ਦੇ ਕੇ ਸਵਾ ਲੱਖ ਨਾਲ ਇਕੱਲੇ ਇਕੱਲੇ ਨੂੰ ਲੜਨ ਜੋਗੇ ਬਣਾ ਦਿੱਤਾ।"

ਬੀਬੀ ਜੀ ਆਲੇ ਦੁਆਲੇ ਦੀਆਂ ਗੱਲਾਂ ਤੋਂ ਪਿੱਛਾ ਛੁਡਾ ਕੇ ਪੂਰੇ ਧਿਆਨ ਨਾਲ ਕੀਰਤਨ ਵਿਚ ਲੀਨ ਹੋਣਾ ਚਹੁੰਦੇ ਸੀ।ਉਹ ਉਸ ਆਦਮੀ ਵਲੋਂ ਬੇਧਿਆਨੇ ਹੋ ਕੇ ਪਾਸਾ ਮੋੜ ਕੇ ਬਹਿ ਗਏ।ਪਰ ਉਹ ਫਿਰ ਵੀ ਬੋਲਣੋ ਨਾ ਹਟਿਆ ਤੇ ਕਹਿੰਦਾ;-"ਅੱਜ ਵੀ ਇਥੇ ਅੰਮ੍ਰਿਤ ਸੰਚਾਰ ਹੋ ਰਿਹਾ ਹੈ।ਸਤਿਗੁਰੂ ਜੀ ਉਥੇ ਹਾਜਰ ਹਨ।ਜਿਹੜੇ ਸੀਸ ਭੇਟ ਕਰਦੇ ਹਨ ਉਨ੍ਹਾਂ ਨੂੰ ਲੋਕ ਪ੍ਰਲੋਕ ਵਿਚ ਢੋਈ ਮਿਲੀ ਜਾ ਰਹੀ

ਹੈ।ਸ਼ਹੀਦਾਂ ਸਿੰਘਾਂ ਦੇ ਸਿਰਤਾਜ ਗੁਰੂ ਜੀ ਦੇਖ ਰਹੇ ਹਨ ਕਿ ਕਿਹੜਾ ਪ੍ਰਾਣੀ ਸੀਸ ਭੇਟ ਕਰਨ ਦਾ ਦ੍ਰਿੜ ਸੰਕਲਪ ਬਣਾ ਕੇ ਖੜਾ ਹੈ ਅਤੇ ਕਿਹੜਾ ਬਿਨਾ ਸੀਸ ਭੇਟ ਕਰਨ ਦੇ ਇਰਾਦੇ ਨਾਲ ਹੀ ਬਾਣਾ ਪਾਈ ਖੜ੍ਹਾ ਹੈ।ਅੱਜ ਕਤਾਰ ਤਾਂ ਬੜੀ ਲੰਬੀ ਹੈ।ਪਰ ਸੀਸ ਭੇਟ ਕਰਨ ਦੀ ਨੀਅਤ ਨਾਲ ਕੌਣ ਖੜਾ ਹੈ...? ਇਹ ਤਾਂ ਸਤਿਗੁਰੂ ਹੀ ਜਾਣਦੇ ਹਨ।ਉਦੋਂ ਤਾਂ ਬਈ...!ਸਿਰਫ ਪੰਜਾਂ ਦੀ ਹੀ ਕਤਾਰ ਬਣੀ ਸੀ।ਪਰ ਉਨ੍ਹਾਂ ਸੀਸ ਭੇਟ ਕੀਤੇ ਸੀ।ਉਹ ਪੂਰੇ ਸੀ।ਆਹ..! ਏਧਰ..!ਓਹ ਦੇਖ..! ਉਸ ਥਾਂ ਉਤੇ ਤੰਬੂ ਲੱਗਿਆ ਹੋਇਆ ਸੀ ਤੇ ਪੰਥ ਦੇ ਵਾਲੀ ਉਸ ਥਾਂ ਉਤੇ ਖੜੇ ਸਨ..।" ਹੱਥਾਂ ਦੇ ਇਸ਼ਾਰੇ ਕਰਕੇ ਉਹ ਵਾਰ ਵਾਰ ਬੀਬੀ ਜੀ ਦਾ ਧਿਆਨ ਆਪਣੀ ਵਲ ਖਿੱਚਦਾ ਹੋਇਆ ਖਾਲਸਾ ਪੰਥ ਦੀ ਸਿਰਜਨਾਂ ਵੇਲੇ ਦੇ ਦ੍ਰਿਸ਼-ਚਿੱਤ੍ਰ ਉਲੀਕੀ ਜਾ ਰਿਹਾ ਸੀ।

ਬੇਸ਼ਕ ਬੀਬੀ ਜੀ ਉਸ ਕੋਲੋਂ ਖਹਿੜਾ ਛੁਡਾਉਣਾ ਚਹੁੰਦੇ ਸੀ ਪਰ ਉਸ ਦੀਆਂ ਗੱਲਾਂ ੧੬੯੯ ਦੀ ਵਸਾਖੀ ਨਾਲ ਅੰਤਰ-ਆਤਮੇ ਜੋੜੀ ਜਾ ਰਹੀਆਂ ਸੀ।ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਿੱਠੀ, ਭਰਵੀਂ, ਗਰਜਦੀ ਅਵਾਜ਼ ਵਿਚੋਂ ਸੀਸ ਮੰਗਣ ਦੀ ਗੂੰਜ ਨਾਲ ਹਜਾਰਾਂ ਸੰਗਤਾਂ ਦੇ ਭਾਰੀ ਇਕੱਠ ਵਿਚ ਸੱਨਾਟਾ ਛਾ ਰਿਹਾ ਸੀ।ਉਦੋਂ ਲਾਉਡ ਸਪੀਕਰ ਨਹੀਂ ਸੀ ਹੁੰਦੇ ਫਿਰ ਵੀ ਗੁਰੂ ਜੀ ਨੂੰ ਸੁਣਨ ਲਈ ਭਾਰੀ ਦੀਵਾਨ ਸਜਿਆ ਹੋਇਆ ਸੀ।ਉਹ ਕਿਹੋ ਜਿਹੀ ਅਵਾਜ ਸੀ..? ਜਿਹੜੀ ਦੂਰ ਦੂਰ ਤੱਕ ਸਾਰਿਆਂ ਦੇ ਕੰਨਾਂ ਵਿਚੋਂ ਦੀ ਗੂੰਜਦੀ ਹੋਈ ਅੰਮ੍ਰਿਤ ਰਸ ਘੋਲ ਗਈ।ਬੀਬੀ ਜੀ ਦੀ ਸੁਰਤੀ ਦੀਆਂ ਉਡਾਰੀਆਂ ਅੱਜ ਉਸ ਅਵਾਜ ਦੀ ਖੋਜ ਵਿਚ ਖੁੱਭੀਆਂ ਹੋਈਆਂ ਸਨ।ਉਨ੍ਹਾਂ ਦੀ ਕਲਪਨਾ ਸ਼ਕਤੀ ਐਨੀ ਤੇਜ ਹੋ ਗਈ ਕਿ ਉਨ੍ਹਾਂ ਨੂੰ ਸਾਰੇ ਦ੍ਰਿਸ਼ ਹੂ ਬ ਹੂ ਦਿਖਾਈ ਦੇਣ ਲੱਗੇ।ਸਿੱਖੀ ਸਰੂਪ ਵਿਚ ਸਜੇ ਪੰਜ ਪਿਆਰਿਆਂ ਨੂੰ ਸਤਿਗੁਰੂ ਜੀ ਕੋਲੋਂ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਦਿਆਂ ਦਾ ਦ੍ਰਿਸ਼ ਦੇਖਕੇ ਉਹ ਸਰੂਰ ਵਿਚ ਆ ਕੇ ਝੂੰਮ ਰਹੇ ਸੀ ਕਿ ਉਸ ਆਦਮੀ ਨੇ ਬੀਬੀ ਜੀ ਨੂੰ 'ਆਪੇ ਗੁਰ ਚੇਲਾ' ਦੀ ਵਾਰਤਾ ਸੁਣਾਉਣ ਲਈ ਉਸ ਥਾਂ ਵਲ ਇਸ਼ਾਰਾ ਕੀਤਾ, ਜਿਥੇ ਬੈਠ ਕੇ ਗੁਰੂ ਜੀ ਨੇ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾਉਣ ਪਿਛੋਂ ਆਪ ਉਨ੍ਹਾਂ ਕੋਲੋਂ ਅੰਮ੍ਰਿਤ ਪਾਨ ਕਰ ਕੇ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਦਾ ਸਰੂਪ ਧਾਰਿਆ ਸੀ।

ਬੀਬੀ ਜੀ ਨੇ ਉਸ ਨੂੰ ਚੁੱਪ ਕਰਾਉਣ ਲਈ ਕਿਹਾ ਕਿ ਉਹ ਕਿਉਂ ਐਵੇਂ ਹੀ ਗੱਪਾਂ ਮਾਰੀ ਜਾਂਦਾ ਹੈ?ਗੱਲਾਂ ਤਾਂ ਇਸ ਤਰ੍ਹਾਂ ਕਰਦਾ ਹੈ ਜਿਵੇਂ ਉਸਨੇ ਉਹ ਸਭ ਕੁਝ ਅੱਖੀਂ ਦੇਖਿਆ ਹੋਵੇ।ਤਾਂ ਉਸ ਅਨਪੜ੍ਹ ਜਿਹੇ ਨੇ ਕਿਹਾ ਕਿ ਉਸ ਨੇ ਸਭ ਕੁਝ ਦੇਖਿਆ ਹੋਇਆ ਹੈ,ਉਹ ਸਭ ਕੁਝ ਜਾਣਦਾ ਹੈ,ਉਹ ਖੰਡਾਂ ਬ੍ਰਹਮੰਡਾਂ ਵਾਰੇ ਵੀ ਜਾਣਦਾ ਹੈ ਤੇ ਉਸਨੂੰ ਦੇਸ਼ਾਂ ਵਿਦੇਸ਼ਾਂ ਦੀ ਜਾਣਕਾਰੀ ਹੈ।ਸਾਦ-ਮੁਰਾਦੇ ਪੇਂਡੂ ਜੱਟ ਦੇ ਮੂਹੋਂ ਇਹੋ ਜਿਹੀਆਂ ਗੱਲਾਂ ਸੁਣ ਕੇ ਬੀਬੀ ਜੀ ਦਾ ਹਾਸਾ ਨਿਕਲ ਗਿਆ।ਉਨ੍ਹਾਂ ਨੇ ਹੱਸਦਿਆਂ ਹੋਇਆਂ ਕਿਹਾ;-"ਤੇਰਾ ਪਿੰਡ ਕਿਹੜਾ ਹੈ?"ਤਾਂ ਉਸਨੇ ਕਿਹਾ;-"ਬੇਗਮਪੁਰਾ।"

ਕਿਸੇ ਅਗੰਮੀ ਖਿੱਚ ਨਾਲ ਖਿੱਚੀਆਂ ਜਾ ਰਹੀਆਂ ਬੀਬੀ ਜੀ ਦੀਆਂ ਨਜਰਾਂ ਉਨ੍ਹਾਂ ਥਾਵਾਂ ਉਤੇ ਜਾ ਟਿਕੀਆਂ ਜਿਨ੍ਹਾਂ ਦਾ ਜ਼ਿਕਰ ਉਸ ਬੇਗਮਪੁਰੇ ਦੇ ਵਾਸੀ ਨੇ ਕੀਤਾ ਸੀ।ਖਾਲਸਾ ਪੰਥ ਦੀ ਸਿਰਜਨਾ ਦੇ ਦ੍ਰਿਸ਼ ਚਿੱਤਰਾਂ ਨੇ ਪੰਥ ਦੇ ਵਾਲੀ ਦੇ ਪ੍ਰੇਮ-ਵੈਰਾਗ ਦੀ ਝੜੀ ਲਗਾ ਦਿੱਤੀ।ਆਪਣੇ ਨੂਰੀ ਪ੍ਰੀਤਮ ਦੀ ਯਾਦ

ਵਿਚ ਬੀਬੀ ਜੀ ਨੇ ਰੱਜ ਕੇ ਹੰਝੂ ਵਹਾਏ। ਹਜਾਰਾਂ ਸੰਗਤਾਂ ਦੇ ਭਾਰੀ ਇਕੱਠ ਵਿਚ ਗੁਰੂ ਜੀ ਦੀ ਗਰਜਵੀਂ ਅਵਾਜ਼ ਦੀ ਮਿੱਠੜੀ ਗੂੰਜ ਨੇ ਬੀਬੀ ਜੀ ਦੇ ਸੀਨੇ ਉਤੇ ਅਣਿਆਲੇ ਤੀਰਾਂ ਦੀ ਬੌਛਾੜ ਕਰ ਦਿੱਤੀ। ਉਹ ਗੂੰਜ..!ਜਿਹੜੀ ਕਿਸੇ ਮਾਈਕ ਦੀ ਮੁਥਾਜ ਨਹੀਂ ਸੀ। ਫਿਰ ਵੀ ਦੂਰ ਦੂਰ ਤੱਕ ਸੰਗਤਾਂ ਦੇ ਕੰਨਾਂ ਵਿਚ ਅੰਮ੍ਰਿਤ-ਰਸ ਘੋਲ ਰਹੀ ਸੀ। ਹੁਣ ਵਾਲੀਆਂ ਸੰਗ ਮਰਮਰ ਦੀਆਂ ਇਮਾਰਤਾਂ ਦੀ ਥਾਂ, ਖੁੱਲ੍ਹੇ ਮੈਦਾਨ ਵਿਚ ਇਕ ਤੰਬੂ ਲੱਗਿਆ ਹੋਇਆ ਸੀ। ਇਲਾਹੀ ਤੇਜ ਪ੍ਰਤਾਪ ਵਾਲੇ ਗੁਰੂ ਜੀ ਸੀਸ ਭੇਟ ਕਰਨ ਵਾਲੇ ਸੁਭਾਗੇ ਜੀਊੜਿਆਂ ਨੂੰ ਇਸ ਤੰਬੂ ਵਿਚ ਲਿਜਾ ਕੇ ਖਾਲਸੇ ਦਾ ਸਰੂਪ ਬਖਸ਼ ਰਹੇ ਸੀ।

ਦਰਬਾਰ ਦੀ ਸਮਾਪਤੀ ਹੋਈ। ਸੰਗਤਾਂ ਉਠ ਕੇ ਆਪੋ ਆਪਣੇ ਜੋੜੇ ਲੈਣ ਲਈ ਜੋੜਾ ਘਰ ਵਲ ਤੁਰ ਪਈਆਂ। ਜੋੜਾ ਘਰ ਅੱਗੇ ਐਨੀ ਭੀੜ ਹੋ ਗਈ ਕਿ ਬੀਬੀ ਜੀ ਦਾ ਭੀੜ ਵਿਚ ਵੜਨ ਨੂੰ ਦਿਲ ਨਾ ਕੀਤਾ। ਉਹ ਆਪਣੀਆਂ ਸਾਥਣਾ ਨਾਲ ਭੀੜ ਤੋਂ ਦੂਰ ਇਕ ਪਾਸੇ ਜਾ ਕੇ ਖੜ੍ਹ ਗਏ। ਭੀੜ ਖਤਮ ਹੋਣ ਦੀ ਉਡੀਕ ਕਰ ਰਹੇ ਸੀ ਕਿ ਆਪਣੇ ਆਪ ਨੂੰ ਬੇਗਮ ਪੁਰੇ ਦਾ ਵਾਸੀ ਕਹਿਣ ਵਾਲਾ ਕੋਲ ਆਣ ਪਹੁੰਚਿਆ। ਉਸਨੇ ਸਭਨਾ ਦੇ ਜੋੜੇ ਉਨ੍ਹਾਂ ਦੇ ਪੈਰਾਂ ਅੱਗੇ ਰੱਖ ਦਿੱਤੇ। ਜੋੜੇ ਦੇਖ ਕੇ ਉਹ ਹੈਰਾਨ ਹੋਈਆਂ ਇਕ ਦੂਜੇ ਵਲ ਦੇਖ ਰਹੀਆਂ ਸਨ ਕਿ ਅੱਖ ਦੇ ਫੋਰ ਵਿਚ ਹੀ ਉਹ ਪਤਾ ਨਹੀਂ ਕਿਥੇ ਅਲੋਪ ਹੋ ਗਿਆ। ਆਲੇ ਦੁਆਲੇ ਸਭ ਪਾਸੇ ਦੇਖਿਆ ਪਰ ਉਹ ਪਤਾ ਨਹੀਂ ਕਿਥੇ ਛਪਨ ਹੋ ਗਿਆ। ਤਦ ਬੀਬੀ ਜੀ ਨੂੰ ਅਣਦਿਸਦੀ ਦੁਨੀਆਂ ਦੇ ਬੇਗਮ ਪੁਰੇ ਸ਼ਹਿਰ ਦੇ ਵਸਨੀਕ ਸ਼ਹੀਦਾਂ ਸਿੰਘਾਂ ਦੀਆਂ ਅਸਚਰਜ ਰੰਗੀਨੀਆ ਦੇ ਰੰਗੀਨ ਨਜ਼ਾਰੇ ਦੀ ਸੋਝੀ ਪਈ।

ਅਦ੍ਰਿਸ਼ਟ,ਅਗੋਚਰ,ਕਲਾ ਧਾਰ ਨੇ ਦ੍ਰਿਸ਼ਟਾਂਤ ਦਿਖਾਉਣ ਲਈ ਅਗੰਮੀ ਖੇਡ੍ਹ ਖੇਡ੍ਹੀ। ਖੇਡ੍ਹ ਖਤਮ ਹੋਈ ਤਾਂ ਬੀਬੀ ਜੀ ਦੀਆਂ ਅਖੀਆਂ ਖੁਲ੍ਹੀਆਂ ਕਿ ਜਿਸ ਦੀਆਂ ਗੱਲਾਂ ਨੂੰ ਅਣਗੌਲਿਆਂ ਕਰਕੇ ਉਹ ਉਸ ਨੂੰ ਚੁੱਪ ਕਰਵਾਉਣਾ ਚਹੁੰਦੇ ਸੀ, ਉਹ ਕੌਣ ਸੀ। ਖਾਲਸਾ ਪੰਥ ਦੇ ਸਿਰਜਨਾ ਦਿਵਸ ਉਤੇ ਸੰਗਤਾਂ ਨਾਲ ਗੁਰੂ-ਪ੍ਰੇਮ ਦੀਆਂ ਸਾਂਝਾਂ ਪਾਉਣ ਆਏ ਬੇਗਮ ਪੁਰੇ ਦੇ ਵਾਸੀ ਦੀ ਰੰਗਲੀ ਖੇਡ ਦੀਆਂ ਗੁੱਝੀਆਂ ਰਮਜਾਂ ਦੀ ਸਮਝ ਆ ਗਈ। ਹੁਣ ਬੀਬੀ ਜੀ ਉਸ ਦੀਆਂ ਗੱਲਾਂ ਸੁਣਨ ਲਈ ਤਰਸ ਰਹੇ ਸੀ ਪਰ ਉਹ ਕਿਧਰੇ ਨਜ਼ਰ ਨਹੀਂ ਸੀ ਆ ਰਿਹਾ। ਪ੍ਰੇਮ-ਵੱਸ ਹੋ ਕੇ,ਉਹ ਇਹੋ ਜਿਹੇ ਕੇਲ ਕਲੋਲ ਕਰਨ ਵਾਲੇ ਦੇ ਚਰਨਾਂ ਤੋਂ ਬਲਿਹਾਰੀ ਜਾਣ ਲੱਗੇ। ਬੀਬੀ ਜੀ ਦੇ ਪ੍ਰੇਮ-ਹੰਝੂਆਂ ਨਾਲ ਸ਼ਿੰਗਾਰੇ ਹੋਏ ਮੁੱਖੜੇ ਉਤੇ ਵਿਸਮਾਦੀ ਲਾਲੀਆਂ ਚਮਕਣ ਲੱਗੀਆਂ।

ਮਹਾਂ ਪੁਰਖਾਂ ਅਨੁਸਾਰ ਬੇਗਮ ਪੁਰਾ ਸੱਚ ਖੰਡ ਦਾ ਹੀ ਇਕ ਦ੍ਰਿਸ਼ ਹੈ। ਸ਼ਬਦ ਸੁਰਤ ਦੇ ਮੇਲ ਨਾਲ ਬ੍ਰਹੰਮ-ਮੰਡਲ ਦੇ ਵਾਸੀ, ਬੇਗਮ ਪੁਰਿਆਂ ਦੇ ਅਲੌਕਿਕ ਨਜਾਰਿਆਂ ਦਾ ਅਨੰਦ ਮਾਣਦੇ ਰਹਿੰਦੇ ਹਨ।

ਕਈ ਸੁਭਾਗੇ ਪ੍ਰਾਣੀਆਂ ਦੇ ਜੀਵਨ ਵਿਚ ਕਈ ਵਾਰੀ ਕੁਝ ਐਸੀਆਂ ਸੁਲੱਖਣੀਆਂ ਘੜੀਆਂ ਆ ਜਾਂਦੀਆਂ ਹਨ ਕਿ ਉਨ੍ਹਾਂ ਦੀ ਸੁਰਤੀ ਦੀਆਂ ਡੋਰਾਂ ਕੱਸਣ ਲਈ ਉਨ੍ਹਾਂ ਨੂੰ ਕਿਸੇ ਪੂਰਨ ਸੰਤ ਦਾ ਸੰਗ ਮਿਲ ਜਾਂਦਾ ਹੈ,ਜਿਹੜਾ ਆਪਣੀ ਸੁਰਤੀ ਦੇ ਚੜ੍ਹਾਓ ਦੇ ਸਹਾਰੇ ਨਾਲ ਉਨ੍ਹਾਂ ਦੀਆਂ ਸੁਰਤੀਆਂ ਨੂੰ

ਉਚੀਆਂ ਉਡਾਰੀਆਂ ਮਰਵਾ ਕੇ ਬੇਗਮ ਪੁਰੇ ਸ਼ਹਿਰ ਵਲ ਝਾਤ ਪੁਆ ਦਿੰਦਾ ਹੈ।ਤੇ ਫਿਰ ਭਗਤ-ਜਨ ਉਸ ਪ੍ਰਮ-ਅਨੰਦ ਦੇ ਠਿਕਾਣੇ ਦੇ ਵਸਨੀਕ ਬਣਨ ਲਈ ਦਇਆ ਧਰਮ ਦਾ ਜੀਵਨ ਬਤੀਤ ਕਰਦੇ ਹੋਏ ਨਾਮ ਬਾਣੀ ਦੀ ਕਮਾਈ ਕਰਨ ਵਿਚ ਜੁੱਟ ਜਾਂਦੇ ਹਨ।

ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਵਾਲੇ ਜੀਉੜੇ ਸ਼ਬਦ-ਸੁਰਤ ਦੇ ਮਿਲਾਪ ਦੀ ਘਾਲਣਾ ਘਾਲ ਕੇ ਗੁਰੂ ਦੀ ਕਿਰਪਾ ਨਾਲ ਬੇਗਮ ਪੁਰੇ ਦੇ ਵਸਨੀਕ ਬਣਨ ਦੀ ਅਵੱਸਥਾ ਪ੍ਰਾਪਤ ਕਰ ਲੈਂਦੇ ਹਨ।ਕਈ ਵਾਰੀ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਬੀਬੀ ਗੁਰਦੀਪ ਕੌਰ ਜੀ ਵਰਗੀਆਂ ਪ੍ਰੇਮ-ਪਰੁੱਤੀਆਂ ਜਿੰਦਾ ਨਾਲ ਗੱਲਾਂ ਬਾਤਾਂ ਕਰਨ ਲਈ ਬੇਗਮਪੁਰੇ ਦੇ ਵਸਨੀਕ ਆਪ ਪ੍ਰਗਟ ਹੋ ਜਾਂਦੇ ਹਨ।ਪ੍ਰੇਮ-ਮੰਡਲ ਦੇ ਵਾਸੀਆਂ ਨੂੰ ਹੱਥ ਦੇ ਇਸ਼ਾਰੇ ਨਾਲ ਸਮਝਾ ਜਾਂਦੇ ਹਨ ਕਿ ਜਦੋਂ ਅਕਾਲ ਪੁਰਖ ਦੀ ਮੌਜ ਨਾਲ ਖਾਲਸਾ ਪੰਥ ਦੀ ਸਿਰਜਨਾ ਕੀਤੀ ਗਈ ਸੀ ਤਾਂ ਤੰਬੂ ਵਾਲੀ ਥਾਂ ਕਿਹੜੀ ਸੀ ਤੇ ਕਿਹੜੀ ਥਾਂ ਖੜ੍ਹੇ ਹੋ ਕੇ ਸਾਡੇ ਪੰਥ ਦੇ ਵਾਲੀ ਨੇ ਸਿਰਾਂ ਦੀ ਮੰਗ ਕੀਤੀ ਸੀ।

ਰਵਿਦਾਸ ਜੀ ਨੇ ਇਲਾਹੀ ਮੰਡਲ ਦੀ ਅਵੱਸਥਾ ਦੇ ਇਕ ਠਿਕਾਣੇ ਦਾ ਨਾਮ ਬੇਗਮ ਪੁਰਾ ਰੱਖਿਆ।ਦੁਨਿਆਵੀ ਦੁੱਖਾਂ ਗਮਾਂ ਤੋਂ ਪਰ੍ਹੇ ਵਸਦੇ ਇਸ ਬੇਗਮ ਪੁਰੇ ਦੀ ਸੈਰ ਕਰਦਿਆਂ **ਭਗਤ ਰਵਿਦਾਸ ਜੀ** ਨੇ ਇਕ ਐਸਾ ਦ੍ਰਿਸ਼ ਪੇਸ਼ ਕੀਤਾ ਹੈ ਕਿ ਕੋਈ ਸਵਰਗ ਵੀ ਉਸਦੀ ਰੀਸ ਨਹੀਂ ਕਰ ਸਕਦਾ।ਸਵਰਗਾਂ ਵਿਚ ਤਾਂ ਸੁੱਖ,ਅਰਾਮ ਤੇ ਐਸ਼ ਪ੍ਰਸਤੀ ਕਰਨ ਲਈ ਤ੍ਰਿਸ਼ਨਾਵਾਂ ਦੇ ਜਾਲ ਦਾ ਪਾਸਾਰਾ ਹੈ।ਪਰ ਰਵਿਦਾਸ ਜੀ ਦੇ ਬੇਗਮ ਪੁਰੇ ਵਿਚ **'ਤ੍ਰਿਸ਼ਨਾ ਅਗਨਿ ਪ੍ਰਭ ਆਪ ਬੁਝਾਈ॥' ਦਾ ਵਰਤਾਰਾ ਹੈ।'ਊਹਾਂ ਖੈਰਿ ਸਦਾ ਮੇਰੇ ਭਾਈ॥' ਸਭ ਕੁਝ ਦੀ ਪ੍ਰਾਪਤੀ ਦਾ ਠਿਕਾਣਾਂ ਹੈ।'ਇਛਾ ਪੂਰਕ ਸਰਵ ਸੁੱਖ ਦਾਤਾ ਹਰਿ ਜਾ ਕੈ ਵਸ ਹੈ ਕਾਮ ਧੇਨਾ॥' ਉਸ ਬੇਗਮ ਪੁਰੇ ਦੇ ਵਸਨੀਕਾਂ ਦੇ ਮੂੰਹ ਵਿਚੋਂ ਨਿਕਲੀ ਹਰ ਗੱਲ ਦਾ ਇਸ ਲੋਕ ਵਿਚ ਹੀ ਨਹੀਂ ਸਗੋਂ ਪ੍ਰਲੋਕ ਵਿਚ ਵੀ ਪੂਰੇ ਹੋ ਜਾਣਾ ਯਕੀਨੀ ਹੁੰਦਾ ਹੈ।ਇਹੀ ਗੁਰਮੁਖਾਂ ਦਾ ਅਸਲੀ ਠਿਕਾਣਾ(ਆਤਮਿਕ ਅਵੱਸਥਾ)ਹੈ।**

ਬੇਗਮ ਪੁਰਾ ਸਹਰ ਕੋ ਨਾਉ॥ਦੂਖ ਅੰਦੋਹੁ ਨਹੀਂ ਤਿਹਿ ਠਾਉ॥

ਨਾਂ ਤਸਵੀਰ ਖਿਰਾਜ ਨਾ ਮਾਲੁ॥ਖਉਫੁ ਨ ਖਤਾ ਨ ਤਰਸੁ ਜਵਾਲੁ॥੧॥

**ਅਬ ਮੋਹਿ ਖੂਬ ਵਤਨ ਗਹ ਪਾਈ॥ਊਹਾਂ ਖੈਰਿ ਸਦਾ ਮੇਰੇ ਭਾਈ॥੧॥ਰਹਾਉ॥**

ਕਾਇਮੁ ਦਾਇਮੁ ਸਦਾ ਪਾਤਿਸਾਹੀ॥ਦੋਮ ਨ ਸੇਮ ਏਕ ਸੋ ਆਹੀ॥

ਆਬਾਦਾਨੁ ਸਦਾ ਮਸਹੂਰ॥ਊਹਾਂ ਗਨੀ ਬਸਹਿ ਮਾਮੂਰ॥੨॥

ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ਮਹਰਮ ਮਹਲ ਨ ਕੋ ਅਟਕਾਵੈ॥

ਕਹਿ ਰਵਿਦਾਸ ਖਲਾਸ ਚਮਾਰਾ॥ਜੋ ਹਮ ਸਹਿਰੀ ਸੁ ਮੀਤੁ ਹਮਾਰਾ॥੩॥੨

ਰਵਿਦਾਸ ਜੀ ਆਤਮਿਕ ਅਵੱਸਥਾ ਵਾਲੇ ਰੱਬੀ ਬੇਗਮ ਪੁਰੇ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ ਮੈਨੂੰ ਹੁਣ ਉਹ ਠਿਕਾਣਾਂ ਮਿਲ ਗਿਆ ਹੈ ਜਿਥੇ ਕੋਈ ਗਮ ਨਹੀਂ ਹੈ।ਕੋਈ ਦੁਖ ਜਾਂ ਚਿੰਤਾ ਨਹੀਂ ਹੈ।ਨਾ ਕੋਈ ਡਰ ਹੈ ਤੇ ਨਾ ਹੀ ਕਿਸੇ ਦੀ ਮੁਥਾਜੀ ਹੈ।ਇਹ ਟਿਕਾਣਾਂ,ਮੈਨੂੰ ਬੜਾ ਰਾਸ ਆਇਆ ਹੈ ਕਿਉਂਕਿ ਇਥੇ ਸਭ ਰੱਜੇ ਹੋਏ ਹਨ।ਧਨੀ ਹਨ।ਕੋਈ ਭੁੱਖਾ ਨਹੀਂ ਹੈ।ਸਭਨਾ ਦਾ ਰਾਜ ਭਾਗ ਸਹੀ ਸਲਾਮਤ ਹੈ ਤੇ ਮੈ ਆਪਣੇ ਮਿੱਤਰ ਪਿਆਰੇ ਦੇ ਸ਼ਹਿਰ ਵਿਚ,ਜਿਥੇ ਮੇਰਾ ਦਿਲ ਕਰੇ,ਸੈਰ ਕਰਦਾ ਹਾਂ।

ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਭਗਤ-ਜਨ ਅਖੀਆਂ ਮੀਟ ਕੇ ਸੁਰਤੀ ਦੇ ਚੜ੍ਹਾਓ ਨਾਲ ਆਪਣੇ ਅੰਦਰੋਂ ਹੀ,ਆਪੋ ਆਪਣੇ ਬੇਗਮ ਪੁਰੇ ਦੀ ਸੈਰ ਕਰ ਲੈਂਦੇ ਹਨ।ਉਨ੍ਹਾਂ ਨੂੰ ਕਿਧਰੇ ਜਾਣ ਦੀ ਲੋੜ ਨਹੀਂ ਪੈਂਦੀ।ਸਿਰਫ ਪਲਕਾਂ ਦੇ ਦਰਵਾਜੇ ਢੋਅ ਕੇ ਲਿਵ ਵਿਚ ਲੀਨ ਹੋਣ ਦੀ ਲੋੜ ਪੈਂਦੀ ਹੈ।ਭਗਤ ਰਵਿਦਾਸ ਜੀ ਵੀ ਕਿਸੇ ਉਡਣ ਖਟੋਲੇ ਵਿਚ ਬੈਠ ਕੇ ਬਦਲਾਂ ਤੋਂ ਪਾਰ ਵਸਦੇ ਬੇਗਮ ਪੁਰੇ ਵਿਚ ਨਹੀਂ ਸੀ ਗਏ।ਉਨ੍ਹਾਂ ਨੇ ਤਾਂ ਘਰ ਬੈਠਿਆਂ, ਆਪਣੇ ਅੰਦਰੋਂ ਹੀ ਸਭ ਕੁਝ ਲੱਭਿਆ ਸੀ।ਇਹ ਵੀ ਸਚਾਈ ਹੈ ਕਿ ਰਵਿਦਾਸ ਜੀ ਦਾ ਬੇਗਮ ਪੁਰਾ ਕੋਈ ਕਲਪਨਿਕ ਦ੍ਰਿਸ਼ ਜਾਂ ਕੋਈ ਸੁਪਨਾ ਨਹੀਂ ਹੈ।ਉਨ੍ਹਾਂ ਨੇ ਸੱਚੀਂ ਮੱਚੀਂ ਹੀ ਬੇਗਮ ਪੁਰੇ ਦੇ ਰੰਗ ਮਾਨਣ ਦਾ ਅਨੁਭਵ ਕੀਤਾ ਸੀ।ਇਹ ਅਨੁਭਵ ਉਨ੍ਹਾਂ ਨੇ ਸ਼ਬਦ ਦੀ ਕਮਾਈ ਨਾਲ ਕੀਤਾ ਸੀ।ਜੀਉਂਦੇ ਜੀਅ ਸ਼ਬਦ ਵਿਚ ਲੀਨ ਹੋ ਕੇ ਕੀਤਾ ਸੀ।

ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗੰਮੀ ਜੋਤ ਦੇ ਪ੍ਰਕਾਸ਼ ਰਾਹੀਂ,ਅੱਜ ਵੀ ਰਵਿਦਾਸ ਜੀ ਆਪਣੇ ਭਗਤਾਂ ਨੂੰ ਬੇਗਮ ਪੁਰੇ ਦੇ ਦਰਸ਼ਨ ਕਰਵਾਉਣ ਲਈ ਸਦਾ ਤਿਆਰ ਹਨ।ਕਾਸ਼!ਸਾਡੇ ਵਿਚ ਸੱਚੇ ਭਗਤਾਂ ਵਾਲੀ ਸ਼ਰਧਾ-ਭਾਵਨਾ ਤੇ ਨਾਮ-ਬਾਣੀ ਦੀ ਕਮਾਈ ਹੋਵੇ।ਰੱਬ ਮੇਹਰ ਕਰੇ...!ਸਾਡਾ ਮਨ ਹਉਮੈ ਦੀ ਸੜਿਹਾਂਦ ਵਿਚੋਂ ਨਿੱਕਲ ਕੇ ਪ੍ਰੇਮਾ-ਭਗਤੀ ਦੇ ਫੁਲਾਂ ਦੀ ਖੁਸ਼ਬੂ ਨਾਲ ਭਰ ਜਾਵੇ।ਜਦੋਂ ਅਸੀਂ ਬਾਣੀਂ ਰਾਹੀਂ ਰਵਿਦਾਸ ਜੀ ਦੀ ਸੁਰਤੀ ਨਾਲ ਸੁਰਤੀ ਜੋੜ ਕੇ,ਉਸਦੀ ਹੇਕ ਨਾਲ ਹੇਕ ਮਿਲਾ ਕੇ ਬੇਗਮ ਪੁਰੇ ਦਾ ਸੋਹਲਾ ਗਾਇਆ ਤਾਂ ਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਉਤੇ ਬਿਰਾਜਮਾਨ ਸਾਰੇ ਗੁਰੂਆਂ ਭਗਤਾਂ ਦਾ ਅਸ਼ੀਰਵਾਦ ਮਿਲ ਜਾਣਾਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਪ੍ਰਗਟ ਹੋ ਰਹੇ,ਜੀਊਂਦੇ ਜਾਗਦੇ ਇਲਾਹੀ ਜੋਤ-ਸਰੂਪਾਂ ਨੇ ਸਾਨੂੰ ਮੋਹ ਮਾਇਆ ਦੇ ਕਾਲੇ ਹਨੇਰੇ ਵਿਚੋਂ ਖਿੱਚ ਕੇ ਬੇਗਮ ਪੁਰੇ ਦੇ ਵਸਨੀਕ ਬਣਾ ਦੇਣਾ ਹੈ।ਕਾਸ਼..!ਅਸੀਂ ਵੀ ਸੁਰਤ ਦੇ ਚੜ੍ਹਓ ਨਾਲ ਰਵਿਦਾਸ ਜੀ ਦੇ ਬੇਗਮ ਪੁਰੇ ਸ਼ਹਿਰ ਦੀ ਸੈਰ ਕਰੀਏ।

ਇਸ ਸਚਾਈ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਇਕ ਘੜੀ ਸਾਡੇ ਉਤੇ ਵੀ ਆਉਣੀ ਹੈ।ਜਦੋਂ ਮੌਤ ਨੇ ਸਾਨੂੰ ਹੱਡ ਮਾਸ ਦੇ ਪਿੰਜਰ ਤੋਂ ਅਲੱਗ ਕਰ ਦੇਣਾ ਹੈ।ਉਸ ਵੇਲੇ ਸਾਨੂੰ ਆਪੋ ਆਪਣੇ ਕਰਮਾ ਅਨੁਸਾਰ ਅਣਦਿਸਦੀ ਦੁਨੀਆਂ ਦੇ ਨਜਾਰੇ ਦਿਸ ਪੈਣੇ ਹਨ।ਫਿਰ ਇਹ ਸਰੀਰ ਤਾਂ ਮਿੱਟੀ ਦੀ ਢੇਰੀ ਬਣ ਕੇ ਰਹਿ ਜਾਣਾਂ ਹੈ ਪਰ ਸਾਡੀ ਜੀਵ ਆਤਮਾ ਨੂੰ ਉਹ ਕੁਝ ਦਿਸਣਾ ਹੈ ਜੋ ਇਸ ਸਰੀਰ ਦੀਆਂ ਅਖੀਆਂ ਨਾਲ ਨਹੀਂ ਸੀ ਦਿਸਦਾ।**ਹਾਂ ਜੀ!ਫਿਰ ਆਪਾਂ ਖੁਲ੍ਹੇ ਦਿਲ ਨਾਲ ਦੇਖਾਂਗੇ ਕਿ ਅਸੀਂ ਕਿਹੜੇ ਬੇਗਮ ਪੁਰੇ ਦੀ ਸੈਰ ਕਰਦੇ ਹਾਂ।**ਜਾਂ ਨਰਕਾਂ ਦੀਆਂ ਖੂਹੀਆਂ ਵਿਚ ਧੱਕੇ ਖਾਂਦੇ

ਹੋਏ ਚੁਰਾਸੀ ਲੱਖ ਜੂਨਾਂ ਦੇ ਗੇੜੇ ਵਿਚ ਫਸ ਜਾਂਦੇ ਹਾਂ।ਸਾਡਾ ਭਲਾ ਤਾਂ ਇਸੇ ਵਿਚ ਹੀ ਹੈ ਕਿ ਅਸੀਂ ਜੀਊਂਦੇ ਜੀਅ ਹੀ ਅਖੀਆਂ ਮੀਟ ਕੇ ਆਪਣੇ ਅੰਦਰ ਵੜਨ ਦੀ ਜਾਚ ਸਿੱਖ ਕੇ ਦ੍ਵਿੱਬ-ਦ੍ਰਿਸ਼ਟੀ ਦੀ ਦਾਤ ਪ੍ਰਾਪਤ ਕਰ ਲਈਏ ਅਤੇ ਮਰਨ ਤੋਂ ਪਹਿਲੇ ਹੀ ਬੇਗਮ ਪੁਰੇ ਦੇ ਵਾਸੀਆਂ ਨਾਲ ਸਾਂਝ ਪਾ ਕੇ ਬੇਗਮ ਪੁਰੇ ਸ਼ਹਿਰ ਵਿਚ ਆਪਣੀ ਰਿਹਾਇਸ਼ ਦਾ ਕੋਈ ਬੰਦੋਬਸਤ ਕਰ ਸਕੀਏ।

**ਭਾਈ ਵੀਰ ਸਿੰਘ ਜੀ** ਆਪਣੀਆਂ ਲਿਖਤਾਂ ਵਿਚ **ਬੇਗਮ ਪੁਰੇ ਦੇ ਅਨੰਦ-ਪ੍ਰਕਾਸ਼** ਦਾ ਜ਼ਿਕਰ ਕਰਦੇ ਹਨ।ਉਹ ਆਪਣੇ ਅਨੁਭਵ ਦਾ ਵਰਨਣ ਕਰਦੇ ਹੋਏ ਲਿਖਦੇ ਹਨ ਕਿ ਇਕ ਵਾਰੀ ਕੀਰਤਨ ਸੁਣਦਿਆਂ,ਉਨ੍ਹਾਂ ਦੀ ਸੁਰਤੀ ਦੀਆਂ ਉਚੀਆਂ ਉਡਾਰੀਆਂ ਉਨ੍ਹਾਂ ਨੂੰ ਇਲਾਹੀ ਮੰਡਲਾਂ ਦੇ ਬੇਗਮਪੁਰੇ ਸ਼ਹਿਰ ਵਿਚ ਲੈ ਗਈਆਂ।



ਕਾਸ਼...!ਸਾਡੀ ਮਨ-ਵੀਣਾਂ ਦੀਆਂ ਤਾਰਾਂ ਉਤੇ ਵੀ ਹਰੀ-ਜਸ ਦੇ ਸੋਹਲੇ ਅਲਾਪ ਹੋਣ ਲੱਗ ਪੈਣ।ਨਹੀਂ ਤਾਂ, ਪਲ ਪਲ ਕਰਕੇ ਉਮਰ ਦੇ ਦਿਨ ਤਾਂ ਘਟੀ ਹੀ ਜਾ ਰਹੇ ਹਨ।

**ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ॥**

**ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ॥**

*******************

# ਪਿਆਰੀ ਦਾ ਪਿਆਰਾ ਰਵਿਦਾਸ



ਸੜਕ ਦੇ ਭੀੜ ਭੜੱਕੇ,ਸ਼ੋਰ ਸ਼ਰਾਬੇ ਅਤੇ ਹਰ ਰੋਜ਼ ਰੇਲਵੇ ਫਾਟਕ ਬੰਦ ਹੋਣ ਕਰਕੇ ਗੱਡੀ ਦੀ ਇੰਤਜ਼ਾਰ ਕਰਨ ਤੋਂ ਛੁਟਕਾਰਾ ਪਾ ਕੇ ਮੈ ਆਪਣੇ ਘਰ ਦੇ ਪਿਛਲੇ ਪਾਸਿਓਂ,ਗਲੀਆਂ ਵਿਚੋਂ ਦੀ ਪੈਦਲ ਜਾਣ ਵਾਲਾ ਰਸਤਾ ਲੱਭ ਲਿਆ।ਇਸ ਰਸਤੇ ਵਿਚ ਰਵਿਦਾਸੀਆਂ ਦੇ ਮੁਹੱਲੇ ਦੀ ਇਕ ਭੀੜੀ ਗਲੀ ਆਉਂਦੀ ਸੀ।ਗਲੀ ਦੇ ਸ਼ੁਰੂ ਵਿਚ ਹੀ ਰਵਿਦਾਸ ਜੀ ਦਾ ਛੋਟਾ ਜਿਹਾ ਗੁਰਦੁਆਰਾ ਸੀ।ਜਿਸ ਦੇ ਦਰਵਾਜ਼ੇ ਨੂੰ ਅਕਸਰ ਤਾਲਾ ਲਗਾ ਹੋਇਆ ਹੁੰਦਾ ਸੀ।

ਇਕ ਦਿਨ ਮੈ ਉਥੋਂ ਦੀ ਲੰਘ ਰਹੀ ਸੀ ਕਿ ਇਕ ਬਜ਼ੁਰਗ ਬੀਬੀ ਜਿਸ ਦਾ ਨਾਮ ਪਿਆਰੀ ਸੀ ਉਸ ਨੇ ਗੁਰਦੁਆਰੇ ਦੇ ਦਰਵਾਜੇ ਦਾ ਜਿੰਦਰਾ ਖੋਲ੍ਹਿਆ ਤੇ ਅੰਦਰ ਚਲੇ ਗਈ।

ਮੈਂ ਵੀ ਉਸਦੇ ਨਾਲ ਹੀ ਅੰਦਰ ਵੜ ਗਈ ਤੇ ਉਸ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਕੇ ਹੁਕਮਨਾਮਾ ਲੈਣ ਲਈ ਆਗਿਆ ਮੰਗੀ।ਉਹ ਬੜੀ ਖੁਸ਼ ਹੋਈ ਪਰ ਨਾਲ ਹੀ ਉਸਨੇ ਅਫਸੋਸ ਜਾਹਿਰ ਕੀਤਾ ਕਿ ਕੋਈ ਸੇਵਾਦਾਰ ਨਾ ਹੋਣ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਕੀਤਾ ਜਾਂਦਾ।ਕਦੀ ਕਿਸੇ ਦਾ ਵਿਆਹ ਸ਼ਾਦੀ ਹੋਵੇ ਜਾਂ ਰਵਿਦਾਸ ਜੀ ਦਾ ਜਨਮ ਦਿਹਾੜਾ ਹੋਵੇ ਤਾਂ ਪ੍ਰਕਾਸ਼ ਕੀਤਾ ਜਾਂਦਾ ਹੈ।ਉਸਨੇ ਦੱਸਿਆ ਕਿ ਗੁਰਦੁਆਰੇ ਦੀ ਚਾਬੀ ਉਸੇ ਕੋਲ ਹੀ ਹੁੰਦੀ ਹੈ ਤੇ ਉਹ ਸਵੇਰੇ ਸ਼ਾਮੀ ਆ ਕੇ ਝਾੜੂ ਪੋਚਾ ਫੇਰ ਜਾਂਦੀ ਹੈ।

ਅੰਦਰ ਵੇਹੜੇ ਵਿਚ ਇਕ ਟਾਹਲੀ ਦੇ ਦਰਖਤ ਥੱਲੇ ਦੋ ਮੰਜੀਆਂ ਪਈਆਂ ਸਨ।ਇਕ ਖੂੰਜੇ ਵਿਚ ਲੱਗੇ ਨਲਕੇ ਉਤੇ ਹੱਥ ਧੋ ਕੇ ਉਸਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਛੋਟਾ ਜਿਹਾ ਕਮਰਾ ਖੋਲ੍ਹਿਆ।ਬਿਜਲੀ ਨਾ ਹੋਣ ਕਰਕੇ ਅੰਦਰ ਘੁੱਪ ਹਨੇਰਾ ਸੀ।ਜਦੋਂ ਉਸਨੇ ਗਲੀ ਵਲ ਨਿਕਲਦੀ ਖਿੜਕੀ ਖੋਲ੍ਹੀ ਤਾਂ ਕੁਝ ਦਿਖਾਈ ਦੇਣ ਲਗਿਆ।ਕਮਰੇ ਦੇ ਵਿਚਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁੱਖ ਆਸਣ ਵਿਚ ਬਿਰਾਜਮਾਨ ਸਨ।ਚਾਰੋ ਪਾਸੇ ਕੰਧਾਂ ਉਤੇ ਰਵਿਦਾਸ ਜੀ ਦੀਆਂ ਵੱਡੀਆਂ ਵੱਡੀਆਂ ਤਸਵੀਰਾਂ ਸੱਜੀਆਂ ਪਈਆਂ ਸਨ।

ਪਿਆਰੀ ਨੇ ਭਾਵੁਕ ਹੋ ਕੇ ਆਪਣੀ ਸਾਫ ਸੁਥਰੀ,ਚਿੱਟੀ ਮਲਮਲ ਦੀ ਚੁੰਨੀ ਦੇ ਲੜ ਨਾਲ ਤਸਵੀਰਾਂ ਨੂੰ ਇਸ ਤਰ੍ਹਾਂ ਸਾਫ ਕਰਨਾ ਸ਼ੁਰੂ ਕੀਤਾ ਜਿਵੇਂ ਉਹ ਸੱਚੀਂ ਮੁੱਚੀ ਹੀ ਰਵਿਦਾਸ ਜੀ ਦੀ ਸੇਵਾ ਕਰ ਰਹੀ ਹੋਵੇ।ਸ਼ਰਧਾ ਭਾਵਨਾਂ ਦੀ ਮੂਰਤੀ ਬਣੀ ਹੋਈ ਦੇ ਮੂਹੋਂ ਨਿਕਲ ਰਹੇ ਧੰਨ ਗੁਰੂ...!ਧੰਨ ਮੇਰੇ ਸਤਿਗੁਰੂ..! ਤੇਰਾ ਹੀ ਆਸਰਾ..!ਤੇ ਦਿਲ ਦੀਆਂ ਅੰਤਰੀਵ ਭਾਵਨਾਵਾਂ ਦੇ ਹੋਰ ਕਈ ਪ੍ਰੇਮ-ਭਿੱਜੇ ਬੋਲ ਸੁਣ ਕੇ ਮੇਰਾ ਦਿਲ ਵੀ ਪੰਘਰਿਆ ਤੇ ਪ੍ਰੇਮ-ਭਾਵਨਾਵਾਂ ਹੰਝੂਆਂ ਦਾ ਰੂਪ ਧਾਰ ਕੇ ਅਖੀਆਂ ਰਾਹੀਂ ਵਹਿਣ ਲੱਗਿਆ।ਉਹ ਤਸਵੀਰਾਂ ਵਲ ਦੇਖ ਦੇਖ ਰੀਝਦੀ ਰਹੀ ਤੇ ਮੈ ਉਸਦੀ ਪ੍ਰੇਮਾ-ਭਗਤੀ ਵਲ ਦੇਖ ਦੇਖ ਨਿਹਾਲ ਹੁੰਦੀ ਰਹੀ।ਇਓਂ ਲੱਗੇ ਜਿਵੇਂ ਕਣ ਕਣ ਵਿਚ ਰਮਿਆ ਹੋਇਆ ਰਾਮ ਪਿਆਰਾ,ਪਿਆਰੀ ਦੇ ਗੂੜ੍ਹੇ ਪਿਆਰ ਰਾਹੀਂ ਤਸਵੀਰਾਂ ਵਿਚੋਂ ਪ੍ਰਗਟ ਹੋ ਕੇ ਉਸਦੇ ਤਨ ਮਨ ਨੂੰ ਠਾਰ ਰਿਹਾ ਹੈ।ਉਸ ਦੀਆਂ ਅੱਖੀਆਂ ਵਿਚੋਂ ਵਗਦੀਆਂ ਪ੍ਰੇਮ-ਹੰਝੂਆਂ ਦੀਆਂ ਲੜੀਆਂ ਰਵਿਦਾਸ ਜੀ ਦੇ ਚਰਨ ਕੰਵਲ ਧੋ ਰਹੀਆਂ ਸਨ।ਸਰਵ-ਨਿਵਾਸੀ,ਘਟ ਘਟ ਵਾਸੀ,ਸਰਵ-ਕਲਾ-ਭਰਪੂਰ ਵਾਹਿਗੁਰੂ ਰਵਿਦਾਸ ਜੀ ਦੀਆਂ ਅਲੱਗ ਅਲੱਗ ਸ਼ਕਲਾਂ ਵਾਲੀਆਂ ਵੱਖਰੀਆਂ ਵੱਖਰੀਆਂ ਤਸਵੀਰਾਂ ਵਿਚੋਂ ਪ੍ਰਗਟ ਹੋ ਕੇ ਪਿਆਰੀ ਦੀ ਪ੍ਰੇਮਾ ਭਗਤੀ ਨੂੰ ਭਾਗ ਲਗਾ ਰਿਹਾ ਸੀ।

ਕਦੀ ਮੈ ਤਸਵੀਰਾਂ ਰਾਹੀਂ ਪਿਆਰੀ ਦੀ ਪ੍ਰੇਮਾ ਭਗਤੀ ਵਿਚੋਂ ਪ੍ਰਗਟ ਹੋ ਰਹੀ ਰਵਿਦਾਸ ਜੀ ਦੀ ਜੀਊਂਦੀ ਜਾਗਦੀ ਹੋਂਦ ਨੂੰ ਮਹਿਸੂਸ ਕਰ ਲਵਾਂ ਤੇ ਕਦੀ ਦਸੋ ਪਾਤਿਸ਼ਾਹੀਆਂ,ਭਗਤਾਂ ਫਕੀਰਾਂ ਤੇ ਸੰਤਾਂ ਦੇ ਜੋਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸਿਰ ਨਿਵਾ ਕੇ ਰਵਿਦਾਸ ਜੀ ਨੂੰ ਨਮਸਕਾਰ ਕਰ ਲਵਾਂ।ਗੁਰੂਆਂ ਭਗਤਾਂ ਦੀਆਂ ਲਟ ਲਟ ਕਰਦੀਆਂ ਇਲਾਹੀ ਜੋਤਾਂ ਦੀ ਦੀਪ ਮਾਲਾ ਵਿਚੋਂ ਰਵਿਦਾਸ ਜੀ ਦੀ ਜੋਤ ਦੇ ਦਰਸ਼ਨ ਕਰਕੇ ਖੀਵੀ ਹੋ ਲਵਾਂ ਤੇ ਕਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਉਪਕਾਰ ਯਾਦ ਕਰ ਲਵਾਂ ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗੱਦੀ ਉਤੇ ਬਿਰਾਜਮਾਨ ਕਰਨ ਦੀ ਗੋਹਜ ਕਲਾ

ਵਰਤਾ ਕੇ ਇਲਾਹੀ ਬਾਣੀ ਰਾਹੀਂ ਗੁਰੂਆਂ ਭਗਤਾਂ ਦੀਆਂ ਉਚੀਆਂ ਸੁੱਚੀਆਂ ਹਸਤੀਆਂ ਨੂੰ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਉਤੇ ਬਿਰਾਜਮਾਨ ਕਰਕੇ, ਹਮੇਸ਼ਾਂ ਹਮੇਸ਼ਾਂ ਲਈ ਸਾਨੂੰ ਸੰਪੂਰਨ ਗੁਰੂ, ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਲੜ ਲਗਾ ਦਿੱਤਾ।

ਵਾਰੀ ਵਾਰੀ ਸਾਰੀਆਂ ਤਸਵੀਰਾਂ ਉਤੇ ਚੁੰਨੀ ਦਾ ਲੜ ਫੇਰਨ ਪਿਛੋਂ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲੇ ਝਾੜ ਕੇ ਵਿਛਾਉਣ ਲੱਗੀ ਤਾਂ ਮੈਂ ਉਸ ਕੋਲੋਂ ਪ੍ਰਕਾਸ਼ ਕਰਕੇ ਹੁਕਮਨਾਮਾ ਲੈਣ ਦੀ ਆਗਿਆ ਮੰਗੀ।ਉਸਨੇ ਖੁਸ਼ੀ ਨਾਲ ਹਾਂ ਕਹਿ ਦਿੱਤੀ।ਮੈਂ ਗੁਰੂ ਜੀ ਦੀ ਤਾਬਿਆ ਵਿਚ ਬੈਠ ਕੇ ਪ੍ਰਕਾਸ਼ ਕੀਤਾ।ਸਤਿਗੁਰਾਂ ਨੇ ਹੁਕਮਨਾਮਾ ਬਖਸ਼ਿਆ ਤੇ ਮੈ ਦੁਬਾਰਾ ਸ਼ਾਮ ਨੂੰ ਗੁਰਦੁਆਰੇ ਆ ਕੇ ਰਹਿਰਾਸ ਸਾਹਿਬ ਦਾ ਪਾਠ ਕਰਕੇ ਸੁੱਖ ਆਸਣ ਦੀ ਸੇਵਾ ਕਰਨ ਦੀ ਜਿੰਮੇਵਾਰੀ ਲੈ ਕੇ ਪਿਆਰੀ ਕੋਲੋਂ ਵਿਦਾ ਹੋਈ।

ਪਿਆਰੀ ਨਾਲ ਰਲ ਕੇ ਹਰ ਰੋਜ ਹੀ ਮੇਰਾ ਸਵੇਰੇ ਸ਼ਾਮੀ ਗੁਰਦੁਆਰੇ ਆਉਣ ਦਾ ਨਿਤਨੇਮ ਬਣ ਗਿਆ।ਇਕ ਦਿਨ ਪਿਆਰੀ ਨੇ ਕਿਹਾ:-"ਮੈਡਮ ਜੀ! ਤੁਸੀਂ ਕਿਸ ਬਰਾਦਰੀ ਵਿਚੋਂ ਹੋ?"ਮੈਂ ਉਸ ਨੂੰ ਪਿਆਰ ਨਾਲ ਜੱਫੀ ਪਾ ਕੇ ਕਿਹਾ:-"ਦੇਖ…!ਮੈਂ ਤੇਰੇ ਰਵਿਦਾਸ ਨੂੰ ਪਿਆਰ ਕਰਦੀ ਹਾਂ।ਪਿਆਰੀ...! ਤੂੰ ਮੇਰੇ ਪਿਆਰੇ ਦੀ ਪਿਆਰੀ ਹੈਂ।ਫਿਰ ਤੂੰ ਦੱਸ! ਤੇਰੀ ਮੇਰੀ ਬਰਾਦਰੀ ਵੀ ਤਾਂ ਇੱਕੋ ਹੀ ਹੋਈ…?"

ਉਸ ਦਿਨ ਤੋਂ ਪਿਆਰੀ ਦੇ ਪਿਆਰ ਵਿਚ ਵਾਧਾ ਹੁੰਦਾ ਦੇਖ ਮੈ ਵੀ ਉਸ ਨਾਲ ਦਿਲ ਖੋਲ੍ਹ ਕੇ ਗੁਰੂ ਪ੍ਰੇਮ ਦੀਆਂ ਗੱਲਾਂ ਸਾਂਝੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਇਕ ਦਿਨ ਇਕ ਰਾਜ਼ ਦੀ ਗੱਲ ਦੱਸਦਿਆਂ ਉਸ ਨੇ ਮੈਨੂੰ ਖਾਸ ਹਦਾਇਤ ਕੀਤੀ ਕਿ ਮੈ ਇਹ ਗੱਲ ਹੋਰ ਕਿਸੇ ਨੂੰ ਨਾ ਦੱਸਾਂ। ਪ੍ਰੇਮ-ਮੂਰਤੀ ਬਣੀ ਹੋਈ ਨੇ ਅਖੀਆਂ ਬੰਦ ਕਰ ਲਈਆਂ ਤੇ ਦਰਸ਼ਨ ਝਲਕਾਰਿਆਂ ਨੂੰ ਮਨ-ਅਖੀਆਂ ਵਿਚ ਵਸਾ ਕੇ ਕਿਹਾ:-"ਇਕ ਦਿਨ ਮੈ ਇਥੇ ਝਾੜੂ ਫੇਰ ਰਹੀ ਸੀ ਕਿ ਮੈਨੂੰ ਗੁਰੂ ਰਵਿਦਾਸ ਜੀ ਦੇ ਦਰਸ਼ਨ ਹੋਏ।ਕੀ ਦੱਸਾਂ ਮੈਡਮ ਜੀ....!ਇਕੋ ਹੀ ਝਲਕਾਰੇ ਨਾਲ ਮੇਰੇ ਅੰਦਰ ਠੰਡ ਪੈ ਗਈ....!ਮੈਥੋਂ ਖੁਸ਼ੀ ਸਹਾਰੀ ਨਾ ਜਾਏ…!ਤਦ ਤੋਂ ਮੈ ਹਮੇਸ਼ਾਂ ਦਰਸ਼ਨਾਂ ਦੀ ਤਾਂਘ ਵਿਚ ਹੀ ਰਹਿੰਦੀ ਹਾਂ।ਹਰ ਰੋਜ ਝਾੜੂ ਫੇਰਦੀ ਦੀਆਂ ਅਖੀਆਂ ਅਗੇ ਉਹੀ ਨਜਾਰਾ ਫਿਰਦਾ ਰਹਿੰਦਾ ਹੈ"

ਆਪਣੇ ਵਿਧਵਾ ਜੀਵਨ ਦੇ ਦੁਖਾਂ ਦੀ ਕਹਾਣੀ ਸੁਣਾ ਕੇ ਓਸਨੇ ਦੱਸਿਆ ਕਿ ਉਸਨੂੰ ਸਿਰਫ ਸਤਿਗੁਰਾਂ ਦਾ ਹੀ ਸਹਾਰਾ ਹੈ ਤੇ ਰਵਿਦਾਸ ਜੀ ਦੇ ਚਰਨਾਂ ਵਿਚ ਆ ਕੇ ਉਸਨੂੰ ਆਪਣੇ ਸਾਰੇ ਦੁੱਖ ਭੁੱਲ ਜਾਂਦੇ ਹਨ।ਕਦੀ ਕਦੀ ਗੁਰੂ ਜੀ ਦੇ ਚਰਨਾ ਵਿਚ ਬੈਠ ਕੇ ਦਿਲ ਦੇ ਦੁੱਖੜੇ ਰੋਣ ਨਾਲ ਮਨ ਹਲਕਾ ਹੋ ਜਾਂਦਾ ਹੈ।

ਕੁਝ ਦਿਨਾ ਵਿਚ ਅਸੀਂ ਦੋਨਾਂ ਨੇ ਰਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਦੀ ਸਫਾਈ ਅਤੇ ਰੰਗ ਰੋਗਨ ਦਾ ਕੰਮ ਪੂਰਾ ਕੀਤਾ, ਚੰਦੋਏ ਅਤੇ ਰੁਮਾਲਿਆਂ ਦੀ ਹਾਲਤ ਬੜੀ ਖਸਤਾ ਹੋ ਚੁੱਕੀ ਸੀ। ਇਕ ਦਿਨ ਮੈਂ ਨਵਾਂ ਚੰਦੋਆ,ਰੁਮਾਲੇ ਤੇ ਹੋਰ ਲੋੜੀਂਦੇ ਵਸਤਰ ਲੈ ਕੇ ਗਈ ਤਾਂ ਮੁਹੱਲੇ ਦੀ ਸੰਗਤ ਨੇ ਰਲ ਕੇ ਬੜੇ ਚਾਵਾਂ ਨਾਲ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਦਿਆਂ ਚੰਦੋਆ ਬਦਲਣ ਦੀ ਸੇਵਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੰਦਰ ਪੁਸ਼ਾਕੇ,ਗੁਰੂ ਜੀ ਦੇ ਪੀੜ੍ਹੇ ਅਤੇ ਤਖਤ ਪੋਸ਼ ਦੇ ਨਵੇਂ ਵਿਛਾਉਣੇ ਦੇਖ ਕੇ ਸਾਰੇ ਖੁਸ਼ ਹੋਏ। ਉਸ ਦਿਨ ਤੋਂ ਮੁਹੱਲੇ ਦੀਆਂ ਹੋਰ ਬੀਬੀਆਂ ਨਾਲ ਵੀ ਮੇਰੀ ਵਾਕਫੀਅਤ ਹੋ ਗਈ। ਗਲੀ ਵਿਚ ਆਉਂਦਿਆਂ ਜਾਂਦਿਆ ਸਾਰੀਆਂ ਹੀ ਮੈਨੂੰ ਬੜੇ ਪਿਆਰ ਅਤੇ ਆਦਰ ਸਤਿਕਾਰ ਨਾਲ ਬੁਲਾਉਣ ਲੱਗੀਆਂ।

ਕਾਲਜ ਵਿਚ ਐਨ.ਐਸ.ਐਸ.ਦੇ ਯੂਨਿਟ ਦੀ ਇਨਚਾਰਜ ਹੋਣ ਕਰਕੇ ਮੈ ੫੦ ਲੜਕੀਆਂ ਦਾ ਦਸ ਦਿਨ ਦਾ ਕੈਂਪ ਲਗਾਣ ਲਈ ਇਸੇ ਗੁਰਦੁਆਰੇ ਤੇ ਮੁਹੱਲੇ ਨੂੰ ਆਪਣੇ ਕੰਮ ਲਈ ਚੁਣਿਆ। ਪਿਆਰੀ ਦੇ ਨਾਲ ਹੋਰ ਕਈ ਔਰਤਾਂ ਨੇ ਵੀ ਇਸ ਕੈਂਪ ਵਿਚ ਬੜੀ ਦਿਲਚਸਪੀ ਦਿਖਾਈ। ਉਹ ਛੇਤੀ ਤੋਂ ਛੇਤੀ ਘਰ ਦੇ ਕੰਮ ਕਾਜ ਤੋਂ ਵੇਹਲੀਆਂ ਹੋ ਕੇ ਗੁਰਦੁਆਰੇ ਪਹੁੰਚਦੀਆਂ। ਲੜਕੀਆਂ ਵੀ ਗੁਰਦੁਆਰੇ ਪਹੁੰਚ ਕੇ ਸਭ ਤੋਂ ਪਹਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੀਆਂ,ਸ਼ਰਧਾ ਭਾਵਨਾ ਨਾਲ ਮੇਰੇ ਕੋਲੋਂ ਹੁਕਮਨਾਮਾ ਸੁਣਦੀਆਂ ਤੇ ਫਿਰ ਮੁਹੱਲੇ ਦੀਆਂ ਔਰਤਾਂ ਨਾਲ ਆਪੋ ਆਪਣੇ ਕੰਮਾਂ ਵਿਚ ਲੱਗ ਜਾਂਦੀਆਂ।

**ਐਨ.ਐਸ.ਐਸ.ਦੀ ਸਰਕਾਰੀ ਗਰਾਂਟ ਇਸ ਲਈ ਮਿਲਦੀ ਸੀ ਕਿ ਜਾਤ ਪਾਤ ਅਤੇ ਅਮੀਰੀ ਗਰੀਬੀ ਦਾ ਫਰਕ ਮਿਟਾਉਣ ਲਈ ਕਾਲਜਾਂ ਦੇ ਵਿਦਿਆਰਥੀ ਝੁੱਗੀਆਂ ਝੌਂਪੜੀਆਂ ਅਤੇ ਦਲਿਤਾਂ ਦੇ ਮੁਹੱਲਿਆਂ ਵਿਚ ਜਾ ਕੇ ਸਾਂਝ ਪੈਦਾ ਕਰਨ..**। ਇਸ ਉਦੇਸ਼ ਨੂੰ ਮੁੱਖ ਰੱਖ ਕੇ ਰਾਤ ਨੂੰ ਮੁਹੱਲੇ ਦੀਆਂ ਔਰਤਾਂ ਲੜਕੀਆਂ ਦੇ ਕਲਚਰਲ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਕਾਲਜ ਵਿਚ ਆ ਜਾਂਦੀਆਂ। ਲੋਕ ਗੀਤਾਂ ਅਤੇ ਗਿੱਧੇ ਦੀਆਂ ਬੋਲੀਆਂ ਦਾ ਭਰਪੂਰ ਖਜਾਨਾਂ ਸਾਂਭੀ ਬੈਠੀਆਂ ਸੁਆਣੀਆਂ ਕਾਲਜ ਦੀਆਂ ਕੁੜੀਆਂ ਨਾਲ ਰਲ ਮਿਲ ਕੇ ਗਾਉਂਦੀਆਂ ਨੱਚਦੀਆਂ ਤੇ ਖੁਸ਼ੀਆਂ ਦੀਆਂ ਘੜੀਆਂ ਬਿਤਾ ਕੇ ਚਲੇ ਜਾਂਦੀਆਂ। ਇਸੇ ਤਰ੍ਹਾਂ ਹੀ ਹੱਸਦਿਆਂ ਖੇਲ੍ਹਦਿਆਂ ਸਾਡੇ ਕੈਂਪ ਦੇ ਦਿਨ ਬੀਤ ਗਏ।

ਕੈਂਪ ਵਿਚ ਕੁਝ ਕੁੜੀਆਂ ਇਸ ਮੁਹੱਲੇ ਦੀਆਂ ਵੀ ਸਨ। ਉਨ੍ਹਾਂ ਕੋਲੋਂ ਪਿਆਰੀ ਨੂੰ ਮੇਰੀ ਜਾਤ ਦਾ ਪਤਾ ਲੱਗ ਗਿਆ ਤੇ ਫਿਰ ਇਹ ਗੱਲ ਓਹਨਾਂ ਸਭਨਾਂ ਵਿਚ ਫੈਲ ਗਈ ਜਿਹੜੀਆਂ ਮੈਨੂੰ ਆਪਣੀ ਜਾਤ ਦੀ ਸਮਝ ਕੇ ਬੜਾ ਪਿਆਰ ਕਰਦੀਆਂ ਸਨ। ਕੈਂਪ ਦੀ ਸਮਾਪਤੀ ਪਿਛੋਂ ਦੂਜੇ ਦਿਨ ਜਦੋਂ ਮੈ ਕਾਲਜ ਪਹੁੰਚਣ ਤੋਂ ਪਹਿਲੇ ਗੁਰਦੁਆਰੇ ਵਿਚ ਪਹਿਲਾਂ ਵਾਂਗ ਹੀ ਪ੍ਰਕਾਸ਼ ਕਰਨ ਲਈ ਗਈ ਤਾਂ ਪਿਆਰੀ ਇਕੱਲੀ ਨਹੀਂ ਸੀ ਉਸ ਨਾਲ ਦੋ ਹੋਰ ਔਰਤਾਂ ਵੀ ਸਨ। ਪਹਿਲੇ ਤਾਂ ਉਹ ਚੁੱਪ ਕਰਕੇ ਮੇਰੇ ਮੂੰਹ ਵਲ ਦੇਖਦੀਆਂ ਰਹੀਆਂ ਫਿਰ ਪਿਆਰੀ ਦੱਬੀ ਹੋਈ ਅਵਾਜ਼ ਵਿਚ ਬੋਲੀ;-"ਮੈਡਮ ਜੀ!ਕੀ ਤੁਸੀਂ ਸੱਚੀਂ ਮੁੱਚੀਂ ਹੀ ਜੱਟ ਹੋ?ਸਾਨੂੰ ਤਾਂ ਯਕੀਨ ਜਿਹਾ ਨਹੀਂ ਆਉਂਦਾ।"ਦੂਜੀ ਨੇ ਹੈਰਾਨਗੀ ਨਾਲ ਕਿਹਾ;-"ਹੈ..ਹੈ..!ਅਸੀਂ ਤਾਂ ਢਾਈ ਸਾਲ ਤਕ ਤੈਨੂੰ ਆਪਣੀ ਹੀ ਸਮਝਦੇ ਰਹੇ....?"

ਉਨ੍ਹਾਂ ਸਾਰੀਆਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਹੋਇਆਂ ਮੈ ਕਿਹਾ;- " ਮੈ ਰਵੀਦਾਸ ਜੀ ਨੂੰ ਹਮੇਸ਼ਾਂ ਬਾਬੇ ਨਾਨਕ ਦੀ ਗੁਰਗੱਦੀ ਉਤੇ ਗੁਰੂਆਂ ਅਤੇ ਭਗਤਾਂ ਦੇ ਨਾਲ ਬਿਰਾਜਮਾਨ ਦੇਖਦੀ ਹਾਂ।ਇਸ ਲਈ ਮੈਨੂੰ ਰਵਿਦਾਸ ਜੀ ਦੀ ਬਰਾਦਰੀ ਅਤੇ ਬਾਬੇ ਨਾਨਕ ਦੀ ਬਰਾਦਰੀ ਇਕੋ ਹੀ ਲਗਦੀ ਹੈ।ਜੇ ਸੱਚ ਪੁਛੋਂ ਤਾਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਗੁਰੂਆਂ ਅਤੇ ਭਗਤਾਂ ਦੇ ਰੂਪ-ਰੰਗ ਨੂੰ ਇੱਕੋ ਹੀ ਨਿਰੰਕਾਰੀ ਜੋਤ ਵਿਚ ਤੇ ਇਕੋ ਹੀ ਜਾਤ ਵਿਚ ਪ੍ਰਗਟਾ ਦਿੱਤਾ ਹੋਵੇ.....!"

ਇਸ ਪਿਛੋਂ ਮੇਰਾ ਗੁਰਦੁਆਰੇ ਵਿਚ ਆਉਣਾਂ ਜਾਣਾਂ ਪਹਿਲਾਂ ਵਾਂਗ ਹੀ ਰਿਹਾ।ਪਿਆਰੀ ਤੇ ਗਲੀ ਦੀਆਂ ਔਰਤਾਂ ਨਾਲ ਮੇਲ ਜੋਲ ਵੀ ਹੁੰਦਾ ਰਿਹਾ।ਪਰ ਉਹ ਪਹਿਲਾਂ ਵਾਲੀ ਗੱਲ ਨਾ ਰਹੀ।ਫਿਰ ਵੀ ਮੈ ਅਖੀਰ ਤੱਕ ਅਪਣੱਤ ਬਣਾਈ ਰੱਖਣ ਦੀ ਕੋਸ਼ਿਸ਼ਿ ਜਾਰੀ ਰੱਖੀ।

ਪਿਆਰੀ ਦੇ ਦਿਲ ਦਿਮਾਗ ਉਤੇ ਜਨਮ ਤੋਂ ਹੀ ਜੰਮੀ ਹੋਈ ਜਾਤ ਪਾਤ ਦੀ ਮੈਲ ਉਤਾਰਨ ਦੀ ਨੀਅਤ ਨਾਲ ਮੈ ਉਸਨੂੰ ਨਾਲ ਲੈ ਕੇ ਬੀਬੀ ਗੁਰਦੀਪ ਕੌਰ ਜੀ ਕੋਲ ਪਹੁੰਚੀ।ਉਨ੍ਹਾਂ ਨੇ ਸਾਨੂੰ ਲੁਧਿਆਣਾ ਨਿਵਾਸੀ ਇਕ ਗੁਰਸਿੱਖ ਬੀਬੀ ਨਾਲ ਮਿਲਾਇਆ ਜਿਹੜੀ ਹਮੇਸ਼ਾਂ ਕਲਗੀਆਂ ਵਾਲੇ ਦੇ ਪ੍ਰੇਮ-ਰੰਗ ਵਿਚ ਰੰਗੀ ਰਹਿੰਦੀ ਸੀ ਅਤੇ ਹਰ ਸਾਲ ਹੇਮ ਕੁੰਟ ਸਾਹਿਬ ਦੀ ਯਾਤਰਾ ਗੁਰੂ ਜੀ ਦੇ ਦਰਸ਼ਨਾ ਦੇ ਚਾਅ-ਉਮਾਹ ਨਾਲ ਕਰਿਆ ਕਰਦੀ ਸੀ।ਉਸ ਰੰਗ-ਰੱਤੜੀ ਬੀਬੀ ਨੇ ਸਾਨੂੰ ਆਪਣੇ ਜੀਵਨ ਦੀ ਰੰਗ-ਰੰਗੀਲੀ ਹੱਡ ਬੀਤੀ ਸੁਣਾਉਂਦਿਆਂ ਦੱਸਿਆ ਕਿ ਉਹ ੧੮ ਸਾਲ ਦੀ ਸੀ ਤਾਂ ਉਸਨੇ ਹੇਮ ਕੁੰਟ ਸਾਹਿਬ ਦੀ ਯਾਤਰਾ ਪਹਿਲੀ ਵਾਰੀ ਕੀਤੀ।ਜਦੋਂ ਉਹ ਔਖੀਆਂ ਘਾਟੀਆਂ ਚੜ੍ਹਦੀ ਥੱਕ ਕੇ ਚੂਰ ਹੋ ਗਈ,ਉਸ ਕੋਲੋਂ ਇਕ ਕਦਮ ਵੀ ਪੁੱਟਿਆ ਨਹੀਂ ਸੀ ਜਾ ਰਿਹਾ ਤਦ ਉਸ ਨੇ ਦੇਖਿਆ ਕਿ ਇਕ ਅੰਮ੍ਰਿਤਧਾਰੀ ਸਿੰਘ (ਸ਼ਹੀਦ ਸਿੰਘ) ਉਸਦੇ ਕੋਲ ਖੜ੍ਹਾ ਹੈ।ਜਿਸ ਨੇ ਲੰਬਾ ਚੋਲਾ ਪਾਇਆ ਹੋਇਆ ਹੈ।ਸਿੰਘ ਨੇ ਉਸ ਬੀਬੀ ਦੀ ਬਾਂਹ ਫੜੀ ਅਤੇ ਉਸਨੂੰ ਬਰਫਾਂ ਦੇ ਉਤੋਂ ਦੀ ਫੁੱਲਾਂ ਵਾਂਗੂੰ ਉੜਾਉਂਦਾ ਹੋਇਆ ਪਲਾਂ ਵਿਚ ਹੀ ਹੇਮ ਕੁੰਟ ਸਾਹਿਬ ਪਹੁੰਚ ਗਿਆ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਬਲੇ ਜਨਮ-ਸਥਾਨ ਦੀ ਧਰਤੀ ਉਤੇ ਵਾਪਰਨ ਵਾਲੇ ਚਮਤਕਾਰਾਂ ਦੀਆਂ ਗੱਲਾਂ ਸੁਣ ਕੇ ਪਿਆਰੀ ਦੇ ਦਿਲ ਦਿਮਾਗ ਵਿਚ ਰਵਿਦਾਸ ਜੀ ਦੇ ਜੀਵਨ ਕਾਲ ਦੇ ਚਮਤਕਾਰਾਂ ਦੇ ਦ੍ਰਿਸ਼-ਚਿੱਤ੍ਰ ਛਾ ਗਏ।ਰਵਿਦਾਸ ਜੀ ਦੇ ਪ੍ਰੇਮ ਵਿਚ ਰੰਗੀ ਹੋਈ ਨੇ ਕਿਹਾ;-"ਸਾਡੇ ਗੁਰੂ ਜੀ ਨੇ ਵੀ ਆਪਣੇ ਜੀਵਨ ਕਾਲ ਵਿਚ ਇਹੋ ਜਿਹੇ ਅਨੇਕਾਂ ਕ੍ਰਿਸ਼ਮੇ ਦਿਖਾਏ ਸੀ।"ਰਵਿਦਾਸ ਜੀ




ਦੇ ਗੁਣ ਗਾਉਂਦੀ ਹੋਈ ਨੇ **ਰਾਣੀ ਮੀਰਾ ਬਾਈ** ਦੇ ਰਵਿਦਾਸ ਜੀ ਨੂੰ ਗੁਰੂ ਧਾਰਣ ਕਰਨ ਦੀ ਕਥਾ ਸੁਣਾਈ ਤੇ ਫਿਰ ਉਸਨੇ ਉਸ ਪੰਡਿਤ ਦੀ ਗੱਲ ਸੁਣਾਈ ਜਿਸ ਨੇ ਗੰਗਾ ਮਈਆ ਦਾ ਰਵਿਦਾਸ ਜੀ

ਨੂੰ ਭੇਜਿਆ ਹੋਇਆ ਅਣਮੋਲ ਕੰਗਣ ਰਵਿਦਾਸ ਜੀ ਨੂੰ ਦੇਣ ਦੀ ਥਾਂ,ਲਾਲਚ-ਵੱਸ ਹੋ ਕੇ ਰਾਜੇ ਕੋਲ ਵੇਚ ਦਿੱਤਾ ਸੀ ਤੇ ਜਦੋਂ ਰਾਜਾ ਉਸਦੇ ਨਾਲ ਦੇ ਦੂਜੇ

ਕੰਗਣ ਦੀ ਤਲਾਸ਼ ਵਿਚ ਰਵਿਦਾਸ ਜੀ ਕੋਲ ਪਹੁੰਚਾ ਤਾਂ ਰਵਿਦਾਸ ਜੀ ਨੇ ਆਪਣੀ ਜੁੱਤੀਆਂ ਗੰਢਣ ਵਾਲੀ ਪਾਣੀ ਦੀ ਕੁੰਨੀ ਵਿਚੋਂ ਹੀ ਰਾਜੇ ਨੂੰ ਗੰਗਾ ਮਈਆ ਦੀਆਂ ਲਹਿਰਾਂ ਵਿਚ ਤਰਦੇ ਅਨੇਕਾਂ ਕੰਗਣ ਰੁੜ੍ਹਦੇ ਜਾਂਦੇ ਦਿਖਾ ਦਿਤੇ।




ਬੀਬੀ ਗੁਰਦੀਪ ਕੌਰ ਜੀ ਨੇ ਅਪਣੱਤ ਦਾ ਅਹਿਸਾਸ ਦਿਵਾਉਣ ਲਈ ਕਿਹਾ;- "ਕਿਉਂ....?ਤੁਹਾਡਾ ਗੁਰੂ ਸਾਡਾ ਕੁਝ ਨਹੀਂ ਲਗਦਾ...?ਉਹ ਤਾਂ ਸਭ ਦਾ ਸਾਂਝਾ ਹੈ,ਸਭ ਦਾ ਪਿਆਰਾ ਹੈ "ਬੀਬੀ ਜੀ ਦੀ ਪ੍ਰੇਮ-ਭਿੰਨੀ ਰਸਨਾ 'ਚੋਂ ਨਿਕਲੇ ਸ਼ਬਦਾਂ ਦੀ ਪ੍ਰੇਮ ਬਾਣਾਂ ਦੀ ਬੌਛਾੜ ਨੇ ਪਿਆਰੀ ਨੂੰ ਯਕੀਨ ਦੁਆ ਦਿਤਾ ਕਿ ਉਨ੍ਹਾਂ ਦੀ ਪ੍ਰੇਮਾ-ਭਗਤੀ ਨੂੰ ਰਵਿਦਾਸ ਜੀ ਦੀ ਬਾਣੀ ਨੇ ਗੂੜ੍ਹੇ ਰੰਗ ਲਾਏ ਹਨ।ਪਰ ਪਿਆਰੀ ਦੇ ਮਨ ਵਿਚ ਰਹਿ ਰਹਿ ਕੇ ਇਕ ਸਵਾਲ ਪੈਦਾ ਹੋ ਰਿਹਾ ਸੀ ਕਿ ਬੀਬੀ ਜੀ ਗੁਰੂ ਰਵਿਦਾਸ ਜੀ ਨੂੰ ਐਨਾ ਪਿਆਰ ਕਰਨ ਦੇ ਬਾਵਜੂਦ ਵੀ ਭਗਤ ਰਵਿਦਾਸ ਕਿਉਂ ਕਹਿੰਦੇ ਹਨ।ਗੁਰੂ ਰਵਿਦਾਸ ਕਿਉਂ ਨਹੀਂ ਕਹਿੰਦੇ?ਤਦ ਬੀਬੀ ਜੀ ਨੇ ਉਸਦੇ ਗਿਲੇ ਸ਼ਿਕਵੇ ਦੂਰ ਕਰਨ ਲਈ ਉਸਨੂੰ ਸਮਝਾਇਆ ਕਿ **ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਲਾਹੀ ਤਖਤ ਉਤੇ ਦਸਾਂ ਗੁਰੂਆਂ ਪਿਛੋਂ ਜੇਕਰ ਰਵਿਦਾਸ ਜੀ ਗੁਰ-ਗੱਦੀ ਉਤੇ ਬਿਰਾਜਮਾਨ ਹੁੰਦੇ ਤਾਂ ਰਵਿਦਾਸ ਜੀ ਸਾਡੇ ਗਿਆਰਵੇਂ**


**ਗੁਰੂ ਹੋਣੇ ਸੀ**,ਪਰ ਹੁਣ ਤਾਂ ਗਿਆਰਵੇਂ ਪਾਤਿਸ਼ਾਹ ਦੇ ਸਰੂਪ ਵਿਚ ਸਾਰੇ ਗੁਰੂ ਅਤੇ ਭਗਤ ਇਕੱਠੇ ਹੀ ਬਿਰਾਜਮਾਨ ਹਨ।ਇਸ ਲਈ ਸਾਨੂੰ ਇਸ ਸਚਾਈ ਦੇ ਪ੍ਰਤੱਖ ਦਰਸ਼ਨ ਕਰਨ ਪਿਛੋਂ ਭਗਤ ਰਵਿਦਾਸ ਜੀ ਨੂੰ ਭਗਤ ਕਹਿਣ ਵਿਚ ਕੋਈ ਇਤਰਾਜ ਨਹੀਂ ਹੋਣਾ ਚਾਹੀਦਾ।ਪਹਿਲੀਆਂ ਦਸੋ ਪਾਤਿਸ਼ਾਹੀਆਂ ਆਪੋ ਆਪਣੇ ਸਮੇਂ ਅਨੁਸਾਰ ਗੁਰਗੱਦੀ ਉਤੇ ਬਿਰਾਜਮਾਨ ਹੋਈਆਂ ਹਨ ਇਸੇ ਲਈ ਉਨ੍ਹਾਂ ਨੂੰ ਗੁਰੂ ਕਿਹਾ ਜਾਂਦਾ ਹੈ।ਗਿਆਰਵੇਂ ਪਾਤਿਸ਼ਾਹ ਦੇ ਸਰੂਪ ਵਿਚ ਸਾਰੇ ਭਗਤਾਂ ਤੇ ਗੁਰੂਆਂ ਨੂੰ ਨਾਲ ਲੈ ਕੇ ਗੁਰੂ ਨਾਨਕ ਦੀ ਨਿਰੰਕਾਰੀ ਜੋਤ ਨੇ ਜੁੱਗੋ ਜੁੱਗ ਅਟੱਲ ਸੰਪੂਰਣ ਗੁਰੂ ਦਾ ਸਰੂਪ ਧਾਰਿਆ ਹੈ।

ਬੀਬੀ ਜੀ ਨੇ ਦਸ਼ਮੇਸ਼ ਪਿਤਾ ਦੇ ਅਨੇਕਾਂ ਮਜ਼ਬੀ ਸਿੰਘਾਂ ਦੀਆਂ ਮਹਾਨ ਕੁਰਬਾਨੀਆਂ ਦਾ ਜ਼ਿਕਰ ਕੀਤਾ।ਜਿਨ੍ਹਾਂ ਨੂੰ ਗੁਰੂ ਜੀ ਨੇ ਪੁਤਰਾਂ ਤੋਂ ਵੀ ਵੱਧ ਪਿਆਰ ਕੀਤਾ ਅਤੇ ਆਪਣੀ ਜਿੰਦ ਦੀ ਜਾਨ ਕਿਹਾ,ਆਪਣਾਂ ਹੀ ਸਰੂਪ ਸਮਝਿਆ ਤੇ ਕਿਹਾ ਕਿ ਮੈ ਇਨ੍ਹਾਂ ਸਿੰਘਾਂ ਦੇ ਵਿਚ ਹੀ ਨਿਵਾਸ ਕਰਦਾ ਹਾਂ।

**ਖਾਲਸਾ ਮੇਰਾ ਰੂਪ ਹੈ ਖਾਸ॥ਖਾਲਸੇ ਮੇਂ ਹਉ ਕਰਉ ਨਿਵਾਸ॥**

**ਖਾਲਸਾ ਮੇਰੇ ਪਿੰਡ ਪਰਾਣ॥ਖਾਲਸਾ ਮੇਰੀ ਜਿੰਦ ਕੀ ਜਾਨ॥**

ਬੜੇ ਹੀ ਭਾਵੁਕ ਹੋ ਕੇ ਬੀਬੀ ਜੀ ਨੇ ਦਸ਼ਮੇਸ਼ ਪਿਤਾ ਦੇ ਦਰਬਾਰ ਵਿਚ ਇੱਜਤ ਮਾਣ ਪ੍ਰਾਪਤ ਕਰਨ ਵਾਲੇ ਤੇ ਗੁਰੂ ਜੀ ਦੇ ਸੰਗੀ ਸਾਥੀ ਰਹਿਣ ਵਾਲੇ, ਮਜ਼ਬੀ ਸਿੰਘ ਭਾਈ ਸੰਗਤ ਸਿੰਘ ਜੀ ਦੀ ਇਤਿਹਾਸਿਕ ਵਾਰਤਾ ਸੁਣਾਈ।ਗੁਰੂ ਜੀ ਨੇ ਉਸ ਦੀ ਟਹਿਲ ਸੇਵਾ ਤੋਂ ਖੁਸ਼ ਹੋ ਕੇ ਉਸਨੂੰ ਹੁਕਮਨਾਮਾ ਬਖਸ਼ਿਸ਼ ਕੀਤਾ ਸੀ,ਜਿਸ ਵਿਚ ਕਲਗੀਆਂ ਵਾਲੇ ਨੇ ਭਾਈ ਸੰਗਤ ਸਿੰਘ ਜੀ ਨੂੰ ਆਪਣਾ ਵਾਰਸ ਕਹਿ ਕੇ ਪੁਤਰਾਂ ਤੋਂ ਵੀ ਵੱਧ ਪਿਆਰਾ ਹੋਣ ਦਾ ਸਨਮਾਨ ਬਖਸ਼ਿਆ ਹੋਇਆ ਹੈ।ਖਾਲਸਾ ਪੰਥ ਨੂੰ ਭਾਈ ਸੰਗਤ ਸਿੰਘ ਜੀ ਦਾ ਮਾਣ ਸਤਿਕਾਰ ਕਰਨ ਲਈ ਅਤੇ ਦਸਵੰਧ ਦੀਆਂ ਸੌਗਾਤਾਂ ਭੇਟਾ ਕਰਨ ਲਈ ਹੁਕਮ ਜਾਰੀ ਕੀਤਾ ਹੋਇਆ ਹੈ।





ਇਹ ਹੁਕਮਨਾਮਾ ਪੰਜਾਬ,ਜਿਲਾ ਹੁਸ਼ਿਆਰਪੁਰ,ਗੜ੍ਹ ਸੰਕਰ ਦੇ ਨੇੜੇ ਪਿੰਡ ਨੈਨੋ ਵਾਲ ਦੇ ਇਤਿਹਾਸਕ ਗੁਰਦੁਆਰੇ ਵਿਚ ਮੌਜੂਦ ਹੈ।

ਭਾਈ ਸੰਗਤ ਸਿੰਘ ਜੀ ਦੀ ਸ਼ਕਲ ਸੂਰਤ ਅਤੇ ਕੱਦ ਕਾਠ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦਾ ਸੀ ।ਚਮਕੌਰ ਦੀ ਲੜਾਈ ਵਿਚ ਭਾਈ ਸੰਗਤ ਸਿੰਘ ਜੀ ਗੁਰੂ ਜੀ ਦਾ ਪਹਿਰਾਵਾ ਪਾ ਕੇ ਅਤੇ ਗੁਰੂ ਜੀ ਕੋਲੋਂ ਆਪਣੇ ਸੀਸ ਉਤੇ ਕਲਗੀ ਸਜਵਾ ਕੇ ਜੰਗ ਦੇ ਮੈਦਾਨ ਵਿਚ ਗਏ ਤੇ ਦੁਸ਼ਮਣਾਂ ਨੂੰ ਗੁਰੂ ਜੀ ਦਾ ਭੁਲੇਖਾ ਪਾ ਕੇ ਸ਼ਹੀਦ ਹੋ ਗਏ।




ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਭਾਈ ਸੰਗਤ ਸਿੰਘ ਜੀ ਦੇ ਸੀਸ ਉਤੇ ਕਲਗੀ ਸਜਾਉਂਦੇ ਹੋਏ।

ਵਿਚਾਰਾਂ ਦੀ ਸਾਂਝ ਕਰਦਿਆਂ ਮੈ ਆਪਣੇ ਮਨ ਦਾ ਭੁਲੇਖਾ ਦੂਰ ਕਰਨ ਲਈ ਬੀਬੀ ਜੀ ਕੋਲੋਂ ਪੁੱਛਿਆ ਕਿ ਉਹ ਚਮਕੌਰ ਦੀ ਲੜਾਈ ਵਿਚ ਭਾਈ ਸੰਗਤ ਸਿੰਘ ਜੀ ਦੇ ਸ਼ਹੀਦ ਹੋਣ ਦੀ ਗੱਲ ਕਰਦੇ ਹਨ ਪਰ ਕਈ ਲੋਕ ਭਾਈ ਜੀਵਨ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਸਜਾ ਕੇ ਚਮਕੌਰ ਦੇ ਜੰਗ ਵਿਚ ਸ਼ਹੀਦ ਹੋਣ ਦੀ ਗੱਲ ਕਰਦੇ ਹਨ ਤੇ ਭਾਈ ਜੀਵਨ ਸਿੰਘ ਜੀ ਦੇ ਨਾਮ ਉਤੇ ਇੱਕ ਡਾਕ




ਟਿਕਟ ਵੀ ਛਪ ਚੁੱਕੀ ਹੈ ਜਿਸ ਵਿਚ ਕਲਗੀ ਸਜਾਉਣ ਦੀ ਤੇ ਜੰਗ ਦੇ ਮੈਦਾਨ ਦੀਆਂ ਤਸਵੀਰਾਂ ਹਨ ।ਨਾਲ ਹੀ ਭਾਈ ਜੀਵਨ ਸਿੰਘ ਜੀ ਦੀ ਅੰਮ੍ਰਿਤ ਛਕਣ ਤੋਂ ਪਹਿਲੇ ਦੀ ਤਸਵੀਰ ਵੀ ਹੈ ਜਦੋਂ ਭਾਈ ਸਾਹਿਬ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਜੁਲਮ ਦੀ ਅੰਨ੍ਹੀ ਹਨੇਰੀ ਵਿਚੋਂ ਗੁਰੂ ਜੀ ਦਾ ਸੀਸ ਚੁੱਕਿਆ ਤੇ ਦਿੱਲੀ ਤੋ ਚੱਲ ਕੇ ਅਨੰਦ ਪੁਰ ਸਾਹਿਬ ਪਹੁੰਚੇ।ਤਦ ਬੀਬੀ ਜੀ ਨੇ ਹੈਰਾਨੀ ਪ੍ਰਗਟ ਕਰਦੇ ਹੋਏ ਕਿਹਾ;-" ਪਤਾ ਨਹੀਂ!ਮੇਰਾ ਤਾਂ ਮਨ ਨਹੀਂ ਮੰਨਦਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੀਵਨ ਸਿੰਘ ਜੀ ਦੇ ਸੀਸ ਉਤੇ ਕਲਗੀ ਸਜਾ ਕੇ ਜੰਗ ਦੇ ਮੈਦਾਨ ਵਿਚ ਤੋਰਿਆ ਹੋਵੇਗਾ,ਕਿਉਂਕਿ ਜੇ ਧਿਆਨ ਨਾਲ ਸੋਚੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਸਿਰਫ ਨੌਂ ਸਾਲ ਦੀ ਸੀ।ਜਦੋਂ ਭਾਈ ਜੈਤਾ ਜੀ (ਅੰਮ੍ਰਿਤ ਛਕਣ ਦੇ ਪਿਛੋਂ ਭਾਈ ਜੈਤਾ ਜੀ ਦਾ ਨਾਮ ਭਾਈ ਜੀਵਨ ਸਿੰਘ ਜੀ ਰਖਿਆ ਗਿਆ) ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਦਿੱਲੀ ਤੋਂ ਅਨੰਦ ਪੁਰ ਸਾਹਿਬ ਪਹੁੰਚੇ।ਗੁਰੂ ਜੀ ਨੇ ਭਾਈ ਜੈਤਾ ਜੀ ਨੂੰ ਪਿਆਰ ਨਾਲ 'ਰੰਘਰੇਟਾ ਗੁਰੂ ਕਾ ਬੇਟਾ' ਕਿਹਾ।ਮਾਤਾ ਸੁੰਦਰ ਕੌਰ ਜੀ,ਬਾਲ ਸ੍ਰੀ ਗੁਰੂ ਗੋਬਿੰਦ ਰਾਇ ਅਤੇ ਸੰਗਤ ਨੇ ਮਿਲ ਕੇ ਗੁਰੂ ਜੀ ਦੇ ਸੀਸ ਦਾ ਸਸਕਾਰ ਕੀਤਾ।ਚਮਕੌਰ ਦੇ ਯੁਧ ਸਮੇ ੯ ਸਾਲਾਂ ਦੇ ਗੁਰੂ ਜੀ ਬਾਲਪਨ ਤੋਂ ਜਵਾਨੀ ਦੀ ਅਵੱਸਥਾ ਵਿਚ ਪਹੁੰਚੇ ਹੋਏ ਸਨ ਤੇ ਉਸੇ ਹਿਸਾਬ ਨਾਲ ਹੀ ਭਾਈ ਜੀਵਨ ਸਿੰਘ ਜੀ ਦੀ ਜਵਾਨੀ ਨੇ ਵੀ ਬੁਢਾਪੇ ਦਾ ਰੂਪ ਧਾਰ ਲਿਆ ਹੋਵੇਗਾ।ਉਮਰ ਦੇ ਹਿਸਾਬ ਨਾਲ ਤਾਂ ਭਾਈ ਜੀਵਨ ਸਿੰਘ ਦੀ ਦਾੜ੍ਹੀ ਚਿੱਟੀ ਹੋਣ

ਦਾ ਅੰਦਾਜਾ ਵੀ ਲਗਾਇਆ ਜਾ ਸਕਦਾ ਹੈ।ਫਿਰ ਭਾਈ ਜੀਵਨ ਸਿੰਘ ਜੀ ਨੂੰ ਦੇਖ ਕੇ ਦੁਸ਼ਮਣ ਗੁਰੂ ਜੀ ਦਾ ਭੁਲੇਖਾ ਕਿਵੇਂ ਖਾ ਸਕਦੇ ਸੀ?ਭਾਈ ਜੀਵਨ ਸਿੰਘ ਜੀ ਦੀ ਦਲੇਰੀ ਅਤੇ ਕੁਰਬਾਨੀ ਦੀ ਕੋਈ ਰੀਸ ਨਹੀਂ ਕਰ ਸਕਦਾ ਪਰ ਚਮਕੌਰ ਦੇ ਯੁੱਧ ਵਿਚ ਸ਼ਹੀਦੀ ਪਾਉਣ ਵਾਲੇ ਭਾਈ ਸੰਗਤ ਸਿੰਘ ਜੀ ਹੀ ਸਨ।



ਮਜ਼ਬੀ ਸਿੰਘਾਂ ਦੀਆਂ ਮਹਾਨ ਸ਼ਹੀਦੀਆਂ ਤੇ ਕੁਰਬਾਨੀਆਂ ਦੀ ਗੱਲ ਕਰਦਿਆਂ ਬੀਬੀ ਜੀ ਨੇ ਸਾਨੂੰ ਇਸ ਸਚਾਈ ਦੀ ਜਾਣਕਾਰੀ ਕਰਵਾਈ ਕਿ **ਭਾਈ ਜੈ ਸਿੰਘ** ਵੀ ਇਕ ਰਵਿਦਾਸੀਆ ਸਿੰਘ ਸੀ।ਜਿਸਨੇ ਦਰਖਤ ਨਾਲ ਪੁੱਠੇ ਟੰਗ ਹੋ ਕੇ ਪਹਿਲਾਂ ਆਪਣਾ ਸਾਰਾ ਪਰਿਵਾਰ ਅਖੀਆਂ ਦੇ ਸਾਹਮਣੇ ਸ਼ਹੀਦ ਹੁੰਦਾ ਦੇਖਿਆ ਅਤੇ ਫਿਰ ਆਪਣੀ ਪੁੱਠੀ ਖੱਲ ਲੁਹਾਉਂਦਿਆਂ ਹੋਇਆਂ ਬੇਮਿਸਾਲ

ਸ਼ਹੀਦੀ ਪ੍ਰਾਪਤ ਕੀਤੀ।ਪਰ ਗੁਰੂ ਦੇ ਸ਼ੇਰ ਬੱਚੇ ਨੇ ਜੁਲਮੀ ਨਵਾਬ ਦੀ ਈਨ ਨਹੀਂ ਮੰਨੀ।ਜਦੋਂ ਨਵਾਬ ਤਸੀਹੇ ਦੇ ਕੇ ਹਾਰ ਗਿਆ ਤਾਂ ਉਸਨੇ ਭਾਈ ਜੈ ਸਿੰਘ ਦਾ ਮਨੋ ਬਲ ਕਮਜੋਰ ਕਰਨ ਲਈ ਉਸਨੂੰ ਉਸਦੀ ਨੀਵੀਂ ਜਾਤ ਦਾ ਅਹਿਸਾਸ ਦਿਵਾਉਣ ਲਈ ਪੁੱਠੀ ਖੱਲ ਲੁਹਾਣ ਦੀ ਸਜ਼ਾ ਸੁਣਾਈ।


ਬੀਬੀ ਜੀ ਨੇ ਇਸ ਗੱਲ ਉਤੇ ਬੜਾ ਦੁਖ ਪ੍ਰਗਟ ਕੀਤਾ ਕਿ ਸਾਡੇ ਸਿੱਖ ਮਿਊਜ਼ਿਮਾਂ ਵਿਚ ਬੰਦ ਬੰਦ ਕਟਵਾਉਣ ਵਾਲੇ,ਚਰਖੜੀਆਂ ਉਤੇ ਚੜ੍ਹਨ ਵਾਲੇ ਅਤੇ ਦੂਜੇ ਮਹਾਨ ਸ਼ਹੀਦਾਂ ਸਿੰਘਾਂ ਨਾਲ ਭਾਈ ਜੈ ਸਿੰਘ ਜੀ ਦੀ ਤਸਵੀਰ ਕਿਧਰੇ ਵੀ ਦਿਖਾਈ ਨਹੀਂ ਦਿੰਦੀ।ਸਿੱਖ ਲਿਟਰੇਚਰ ਵਿਚ ਵੀ ਭਾਈ ਜੈ ਸਿੰਘ ਦੇ ਜੀਵਨ-ਚਿੱਤ੍ਰ ਨਹੀਂ ਮਿਲਦੇ। ਬੀਬੀ ਜੀ ਦੀ ਜਾਣਕਾਰੀ ਮੁਤਾਬਿਕ ਸਿਰਫ ਇਕ ਤਸਵੀਰ ਹੀ ਸੀ,ਜਿਹੜੀ ਭਾਈ ਜੈ ਸਿੰਘ ਜੀ ਦੇ ਪਿੰਡ ਬਾਰਨ ਦੇ ਗੁਰਦੁਆਰੇ ਵਿਚ ਲੱਗੀ ਹੋਈ ਹੈ।ਪਰ ਉਹ ਵੀ ਅਧੂਰੀ ਹੈ ਕਿਉਂਕਿ ਉਸ ਵਿਚ ਭਾਈ ਸਾਹਿਬ ਦੀ ਨੂੰਹ ਪਤਨੀ ਅਤੇ ਪੁੱਤਰਾਂ ਦੀ ਜੋੜੀ ਦੀ ਦਰਦਨਾਕ ਸ਼ਹੀਦੀ ਦੀ ਝਲਕ ਕਿਧਰੇ ਦਿਖਾਈ ਨਹੀਂ ਦਿੰਦੀ। ਸ਼ਾਇਦ ਇਸੇ ਗੱਲ ਕਰਕੇ ਹੀ ਈਸਾਈ ਲੋਕ ਸਾਨੂੰ ਅਕ੍ਰਿਤਘਣ ਕਹਿੰਦੇ ਹਨ।ਉਨ੍ਹਾਂ ਦੇ ਈਸਾ ਦੀ ਕੁਰਬਾਨੀ ਦਾ ਮੁਕਾਬਲਾ ਭਾਈ ਜੈ ਸਿੰਘ ਜੀ ਦੀ ਕੁਰਬਾਨੀ ਨਾਲ ਕਰੀਏ ਤਾਂ ਸਾਫ ਜਾਹਰ ਹੁੰਦਾ ਹੈ ਕਿ ਭਾਈ ਜੈ ਸਿੰਘ ਦੀ ਸ਼ਹਾਦਤ ਈਸਾ ਤੋਂ ਘੱਟ ਨਹੀਂ ਹੈ।ਸਾਡਾ ਇਤਿਹਾਸ ਤਾਂ ਈਸਾ ਵਰਗੇ ਅਨੇਕਾਂ ਮਹਾਨ ਸ਼ਹੀਦਾਂ ਦੀ ਸੁਨਹਿਰੀ ਰੌਸ਼ਨੀ ਨਾਲ ਚਮਕਦਾ ਪਿਆ ਹੈ।ਪਰ ਇਹ ਮੰਨਣ ਵਾਲੀ ਗੱਲ ਹੈ ਕਿ ਸਾਡੇ ਵਿਚ ਪ੍ਰਚਾਰ ਦੀ ਕਮੀ ਹੈ।

ਬੀਬੀ ਜੀ ਨੇ ਭਾਈ ਜੈ ਸਿੰਘ ਦੀਆਂ ਅੱਛੀਆਂ ਤਸਵੀਰਾਂ ਬਣਵਾਉਣ ਦੀ ਕੋਸ਼ਿਸ਼ ਕਰਨ ਲਈ ਕੁਝ ਅੱਛੇ ਚਿੱਤਰਕਾਰਾਂ ਨਾਲ ਸੰਪਰਕ ਕਰਨ ਦੀ ਯੋਜਨਾ ਬਣਾਈ।ਪਰ ਸੁਪਨਾ ਪੂਰਾ ਕਰਨ ਤੋਂ ਪਹਿਲੇ ਹੀ ਉਹ ਗੁਰ-ਪੁਰੀ ਸਿਧਾਰ ਗਏ।

ਨੌਕਰੀ ਤੋਂ ਰੀਟਾਇਰ ਹੋਣ ਪਿਛੋਂ ਮੈਨੂੰ ਉਸ ਸ਼ਹਿਰ ਦੇ ਨਾਲ ਨਾਲ ਉਸ ਗੁਰਦੁਆਰੇ ਅਤੇ ਉਥੋਂ ਦੇ ਲੋਕਾਂ ਤੋਂ ਵੀ ਦੂਰ ਜਾਣਾ ਪਿਆ।ਇਕ ਦਿਨ ਖਬਰ ਸੁਣੀ ਸੀ ਕਿ ਪਿਆਰੀ ਸੜਕ ਕਰਾਸ ਕਰ ਰਹੀ ਸੀ ਕਿ ਐਕਸੀਡੈਂਟ ਹੋਣ ਨਾਲ ਉਸਦੀ ਮੌਤ ਹੋ ਗਈ।ਖਬਰ ਸੁਣ ਕੇ ਮੈਨੂੰ ਉਸਦੀ ਰਵਿਦਾਸ ਜੀ ਦੇ ਦਰਸ਼ਨ ਝਲਕਾਰਿਆਂ ਵਾਲੀ ਗੱਲ ਯਾਦ ਆਈ ਤੇ ਮੇਰੀ ਸੁਰਤੀ ਉਸੇ ਗੁਰਦੁਆਰੇ ਜਾ ਪਹੁੰਚੀ। ਪਿਆਰੀ ਦੇ ਪਿਆਰ ਵਿਚ ਡੁੱਬ ਕੇ ਮੈਂ ਰਵਦਿਾਸ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਉਸਦਾ ਪਿਆਰਾ ਰਵਿਦਾਸ ਉਸਨੂੰ ਸਦਾ ਸਦਾ ਲਈ ਆਪਣੇ ਇਲਾਹੀ ਬੇਗਮ ਪੁਰੇ ਸ਼ਹਿਰਦਾ ਵਸਨੀਕ ਬਣਾ ਲਵੇ।

**************

# ਸਰਦਾਰ ਤਰਸੇਮ ਸਿੰਘ ਤੇ ਚੁਰਾਸੀ ਦੇ ਦੰਗੇ




## ਸਰਦਾਰ ਤਰਸੇਮ ਸਿੰਘ

ਤੀਰਥ ਯਾਤਰੀਆਂ ਦੀ ਬੱਸ ਦੇ ਡਰਾਇਵਰ ਸਨ।ਰੋਜ਼ੀ ਰੋਟੀ ਕਮਾਉਣ ਦੇ ਨਾਲ ਨਾਲ ਉਹ ਸਿੱਖ ਇਤਿਹਾਸ ਨਾਲ ਜੁੜੇ ਗੁਰਦੁਆਰਿਆਂ ਦੀ ਯਾਤਰਾ ਬੜੀ ਸ਼ਰਧਾ ਤੇ ਪ੍ਰੇਮ-ਭਾਵਨਾਂ ਨਾਲ ਕਰਦੇ ਸਨ ਪਰ ਹੇਮ-ਕੁੰਟ ਸਾਹਿਬ ਦੀ ਕੁਦਰਤੀ ਸੁੰਦਰਤਾ ਤੇ ਤਪ-ਸਾਧਨਾਂ ਨਾਲ ਰੰਗੀ-ਰਸੀ ਧਰਤੀ ਨਾਲ ਉਨ੍ਹਾਂ ਦਾ ਖਾਸ ਲਗਾਓ ਸੀ। ਰਿਸ਼ਟ ਪੁਸ਼ਟ ਹੋਣ ਕਰਕੇ ਸਿੱਧੇ ਪੱਧਰੇ ਵਲ-ਵਲੇਵੇਂ ਖਾਂਦੇ ਲੰਬੇ ਰਸਤਿਆਂ ਉਤੇ ਜਾਣ ਨਾਲੋਂ ਸਿੱਧੀਆਂ ਚੜ੍ਹਾਈਆਂ ਚੜ੍ਹ ਕੇ ਛੋਟੇ ਰਸਤੇ ਆਪ

ਹੀ ਲੱਭ ਲੈਂਦੇ ਸਨ।

ਇਕ ਵਾਰੀ ਉਹ ਪਹਾੜਾਂ ਦੀਆਂ ਉਚਿਆਈਆਂ ਤਹਿ ਕਰਦੇ ਹੋਏ ਰਸਤਾ ਭੁਲ ਗਏ। ਸੱਚੇ ਦਿਲ ਨਾਲ ਸਤਿਗੁਰਾਂ ਨੂੰ ਯਾਦ ਕੀਤਾ ਤਾਂ ਦੋ ਕੁੱਤੇ ਆ ਗਏ।ਉਨ੍ਹਾਂ ਦੀ ਪੈਂਟ ਦੇ ਪਹੁੰਚੇ ਨੂੰ ਮੂੰਹ ਵਿਚ ਫੜ ਕੇ ਇਸ਼ਾਰੇ ਕਰਦੇ ਹੋਏ ਠੀਕ ਰਸਤੇ ਉਤੇ ਲੈ ਗਏ।ਇਸ ਅਨੋਖੇ ਅਨੁਭਵ ਨੇ ਉਨ੍ਹਾਂ ਨੂੰ ਸਰਵ ਕਲਾ ਭਰਪੂਰ ਸਤਿਗੁਰੂ ਦੇ ਅੰਗ ਸੰਗ ਹੋਣ ਦਾ ਅਹਿਸਾਸ ਦੁਆਇਆ।ਇਕ ਯਾਤਰਾ ਦੌਰਾਨ ਉਨ੍ਹਾਂ ਨੂੰ ਕੁਝ ਵਿਦੇਸ਼ੀ ਯਾਤਰੂਆਂ ਨਾਲ ਹੇਮ-ਕੁੰਟ ਸਾਹਿਬ ਦੀ ਯਾਤਰਾ ਕਰਨ ਦਾ ਮੌਕਾ ਮਿਲਿਆ,ਜਿਹੜੇ ਕਿਸੇ ਰਿੱਧੀਆਂ ਸਿੱਧੀਆਂ ਵਾਲੇ ਯੋਗੀ ਦੀ ਤਲਾਸ਼ ਵਿਚ ਸਨ।ਸਰਦਾਰ ਤਰਸੇਮ ਸਿੰਘ ਦੀ ਮਦਦ ਨਾਲ ਪਹਾੜੀ ਲੋਕਾਂ ਤੋਂ ਪੁੱਛ ਪੜਤਾਲ ਕਰਨ ਪਿਛੋਂ ਉਹ ਇਕ ਐਸੇ ਯੋਗੀ ਨੂੰ ਮਿਲਣ ਵਿਚ ਕਾਮਯਾਬ ਹੋ ਗਏ ਜਿਹੜਾ ਕਈ ਕਈ ਕਈ ਮਹੀਨੇ ਸਮਾਧੀ ਲਗਾਈ ਬੈਠਾ ਰਹਿੰਦਾ ਸੀ ਤੇ ਬਰਫਾਂ ਵਿਚ ਭੀ ਉਹ ਸਰੀਰ ਉਤੇ ਕੋਈ ਕੱਪੜਾ ਨਹੀਂ ਪਉਂਦਾ ਸੀ। ਵਿਦੇਸ਼ੀਆਂ ਨੇ ਤਪੱਸਵੀ ਕੋਲੋਂ ਕਈ ਸਵਾਲ ਪੁੱਛੇ।ਅਗੋਂ ਉਸਨੇ ਸਵਾਲਾਂ ਦੇ ਜਵਾਬ ਦੇ ਕੇ ਉਨ੍ਹਾਂ ਦੀ ਪੂਰੀ ਤਸੱਲੀ ਕਰਵਾਈ।ਵਿਦੇਸ਼ੀਆਂ ਨੇ ਯੋਗੀ ਦੀਆਂ ਤਸਵੀਰਾਂ ਲਈਆਂ ਅਤੇ ਸਾਰੀ ਗਲ ਬਾਤ ਟੇਪ ਕਰਕੇ ਆਪਣੇ ਨਾਲ ਲੈ ਗਏ।



ਜੀਉਂਦੇ ਰਹਿ ਕੇ ਸਰੀਰਕ ਲੋੜਾਂ ਤੋਂ ਨਿਰਲੇਪ ਹਹਿਣ ਵਾਲਾ ਯੋਗੀ ਆਪਣੇ ਵਿਚਾਰ ਟੇਪ ਕਰਵਾ ਰਿਹਾ ਹੈ।ਬਰਫਾਨੀ ਮੌਸਮ ਹੋਣ ਕਰਕੇ ਹਰ ਪਾਸੇ ਬਰਫ ਪਈ ਦਿਖਾਈ ਦਿੰਦੀ ਹੈ,ਸਭਨਾਂ ਨੇ ਗਰਮ ਕਪੜੇ ਪਾਏ ਹੋਏ ਹਨ ਪਰ ਯੋਗ-ਸਾਧਨਾਂ ਦੀ ਮੂਰਤੀ ਬਣ ਕੇ ਬੈਠਾ ਨੰਗ-ਮੁਨੰਗਾ ਯੋਗੀ ਮਨੁਖੀ ਜੀਵਨ ਦਾ ਉਚ-ਪਦ ਪਰਾਪਤ ਕਰਨ ਦਾ ਨਮੂਨਾਂ ਬਣੀ ਬੈਠਾ ਹੈ।



ਸਰਦਾਰ ਤਰਸੇਮ ਸਿੰਘ ਜੀ ਅਤੇ ਹੋਰ ਸੁਭਾਗੇ ਜੀਊੜੇ ਯੋਗੀ ਦੀ ਸੰਗਤ ਮਾਣਦੇ ਹੋਏ।



ਸਿਰਜਨਹਾਰੇ ਦੀ ਸੁੰਦਰ ਸਿਰਜਨਾਂ ਨੂੰ ਪਿਆਰ ਕਰਨ ਵਾਲਾ ਯੋਗੀ ਹੇਮ-ਕੁੰਟ ਸਾਹਿਬ ਦੀ ਅਤਿ ਸੁੰਦਰ ਅਤੇ ਪੂਰਨ ਸ਼ਾਂਤੀ ਨੂੰ ਆਪਣੀ ਬੁੱਕਲ ਵਿਚ ਸਪੇਟੀ ਬੈਠੀ ਸਪਤ-ਸਰਿੰਗ ਦੀ ਵਾਦੀ ਵਿਚ ਬੈਠ ਕੇ ਬਚਨ ਬਿਲਾਸ ਕਰਦਾ ਹੋਇਆ।

ਇਸ ਯੋਗੀ ਨੂੰ ਮਿਲਣ ਪਿਛੋਂ ਸਰਦਾਰ ਤਰਸੇਮ ਸਿੰਘ ਦੇ ਦਿਲ ਵਿਚ ਯੋਗੀਆਂ ਨੂੰ ਮਿਲਣ ਦੀ ਲਗਨ ਲਗ ਗਈ।ਇਕ ਵਾਰੀ ਹੇਮ ਕੁੰਟ ਸਾਹਿਬ ਜਾ ਕੇ ਕਿਸੇ ਐਸੇ ਯੋਗੀ ਦੀ ਤਲਾਸ਼ ਵਿਚ ਲਗ ਗਏ ਜਿਸ ਦੇ ਦਰਸ਼ਨ ਕਿਸੇ ਧਰਮੀ ਪੁਰਸ਼ ਨੂੰ ਹੀ ਹੁੰਦੇ ਸਨ।ਸਾਧੂਆਂ ਸੰਤਾਂ ਕੋਲੋਂ ਯੋਗੀ ਦੀ ਗੁਫ਼ਾ ਦਾ ਠਿਕਾਣਾਂ ਪੁਛ ਕੇ ਤੁਰ ਪਏ।ਕਠਿਨ ਰਾਹਾਂ ਉਤੇ ਤੁਰਦੇ ਹੋਏ ਬੜੀ ਬੁਰੀ ਤਰ੍ਹਾਂ ਥੱਕ ਗਏ ਪਰ ਯੋਗੀ ਦੀ ਗੁਫ਼ਾ ਕਿਧਰੇ ਨਾ ਨਜ਼ਰ ਨਾ ਆਈ।ਹਾਰ ਕੇ ਸੁਰਤੀ ਵਾਹਿਗੁਰੂ ਜੀ ਦੇ ਚਰਨਾਂ ਵਿਚ ਜੋੜ ਕੇ ਅਰਦਾਸ ਕੀਤੀ।ਮੱਥਾ ਟੇਕ ਕੇ ਜਦੋਂ ਅਖੀਆਂ ਖ੍ਹੋਲੀਆਂ ਤਾਂ ਦਿਲਾਂ ਦੀਆਂ ਜਾਨਣ ਵਾਲਾ ਯੋਗੀ ਸ੍ਹਾਮਣੇਂ ਖੜ੍ਹਾ ਮੁਸਕ੍ਰਾ ਰਿਹਾ ਸੀ।ਬੜੇ ਪਿਆਰ ਨਾਲ ਬਚਨ-ਬਿਲਾਸ ਕਰਦਾ ਹੋਇਆ ਆਪਣੀ ਗੁਫ਼ਾ ਵਿਚ ਲੈ ਗਿਆ।ਭੋਲੇ ਸਿਖ ਨੂੰ ਯੋਗੀ ਕੋਲੋਂ ਪਰਸ਼ਾਦ ਲੈਣ ਦੀ ਇੱਛਾ ਹੋਈ।ਉਥੇ ਖਾਣ ਪੀਣ ਵਾਲੀ ਕੋਈ ਚੀਜ਼ ਨਹੀਂ ਸੀ।ਕੰਦ ਮੂਲ ਚੁਣ ਖਾਣ ਵਾਲੇ ਯੋਗੀ ਨੇ ਉਸਦੇ ਅੱਡੇ ਹੋਏ ਬੁੱਕ ਵਿਚ ਕੁਝ ਕੂਲੇ ਕੂਲੇ ਪੱਤੇ ਰਖ ਕੇ ਉਸਦੀ ਇੱਛਾ ਪੂਰੀ ਕਰ ਦਿਤੀ ਤੇ ਉਸ ਨੂੰ ਠੀਕ ਰਸਤੇ ਉਤੇ ਪਹੁੰਚਾਉਣ ਦੇ ਲਈ ਉਸ ਦੇ ਨਾਲ ਤੁਰ ਪਿਆ। ਯੋਗੀ ਨਾਲ ਉਚੀਆਂ ਸੁੱਚੀਆਂ ਗਲਾਂ ਕਰਦਿਆਂ ਪਤਾ ਹੀ ਨਾ ਲਗਿਆ ਕਿ ਐਨਾਂ ਕਠਿਨ ਰਸਤਾ ਕਿਵੇਂ ਪਾਰ ਹੋ ਗਿਆ।ਥਕਾਵਟ ਦਾ ਭੀ ਖਿਆਲ ਨਾ ਅਇਆ।ਸਹਿਜ ਸੁਭਾ ਹੀ ਗਲਾਂ ਕਰਦਿਆਂ ਯੋਗੀ ਦੇ ਮੂੰਹ ਵਿਚੋਂ ਦੋ ਭਵਿਖ ਬਾਣੀਆਂ ਨਿਕਲ ਗਈਆਂ ਜ੍ਹਿਨਾਂ ਦੀ ਸਚਾਈ ਬਾਰੇ ਪਿਛੋਂ ਪਤਾ ਲਗਾ।ਯੋਗੀ ਨੇ ਇਕ ਤਾਂ ਇਹ ਕਿਹਾ ਕਿ ਘਰ ਦਾ ਗੇਟ ਤੁੜਵਾ ਕੇ ਬਹੁਤ ਵੱਡਾ ਗੇਟ ਲਗਵਾਉਣਾ ਪਵੇਗਾ ਤੇ ਦੂਜੀ ਗਲ ਇਹ ਆਖੀ ਕਿ ਜੁਲਮ ਦੀ ਕਾਲੀ ਹਨੇਰੀ ਝੁਲੇਗੀ ਜਿਸ ਵਿਚ ਸਰਦਾਰ ਤਰਸੇਮ ਸਿੰਘ ਕੋਈ ਕ੍ਰਿਸ਼ਿਮਾਂ ਕਰ ਕੇ ਦਿਖਾਉਣਗੇ। ਪਹਿਲੀ ਗਲ ਤਾਂ ਛੇਤੀ ਹੀ ਸੱਚੀ ਹੋ ਗਈ। ਪਹਿਲਾਂ ਉਹ ਕਿਸੇ ਦੀ ਬੱਸ ਦੇ ਡਰਾਈਵਰ ਸਨ ਹੁਣ ਉਨ੍ਹਾਂ ਨੇ ਤੀਰਥ ਯਾਤਰੀਆਂ ਲਈ ਬਸ ਆਪਣੀ ਖਰੀਦ ਲਈ ਤੇ ਘਰ ਦਾ ਗੇਟ ਵਡਾ ਕਰਕੇ ਵੇਹੜੇ ਵਿਚ ਲਿਆ ਕੇ ਖੜ੍ਹੀ ਕਰ ਲਈ।

ਗੁਰੂ ਦਰਸ਼ਨਾਂ ਦੀਆਂ ਚਾਹਵਾਨ ਸੰਗਤਾਂ ਨਾਲ ਪ੍ਰੇਮ ਪਾ ਕੇ ਗੁਰੁ-ਧਾਮਾਂ ਦੀਆਂ ਯਾਤਰਾਵਾਂ ਕਰਦਿਆਂ ਕਈ ਸਾਲ ਬੀਤ ਗਏ।ਹੇਮ-ਕੁੰਟ ਸਾਹਿਬ ਵੀ ਹਰ ਸਾਲ ਕਈ ਕ੍ਰਿਸ਼ਿਮੇ ਦੇਖਣ ਤੇ ਸੁਣਨ ਨੂੰ ਮਿਲਦੇ ਰਹੇ। ਯੋਗੀਆਂ ਤੇ ਮਹਾਂ ਪੁਰਸ਼ਾਂ ਨਾਲ ਮੇਲ ਮਿਲਾਪ ਵਧਦਾ ਗਿਆ ਜਿਸ ਕਰਕੇ ਆਤਮਿਕ ਅਵਸਥਾ ਵਿਚ ਗੁਰਸਿਖਾਂ ਵਾਲੀ ਚੜ੍ਹਦੀ ਕਲਾ ਦੇ ਰੰਗ ਆਉਣ ਲਗੇ ਤੇ ਯੋਗੀ ਦੀ ਭਵਿਖ ਬਾਣੀ ਸੱਚੀ ਹੋਣ ਦਾ ਸਮਾਂ ਵੀ ਆਣ ਪਹੁੰਚਾ।

੧੯੮੪ ਦੇ ਦੰਗਿਆਂ ਵਿਚ ਭਾਰਤ ਦੇ ਸਾਰੇ ਸ਼ਹਿਰਾਂ ਵਿਚ,ਖਾਸ ਕਰਕੇ ਜਦੋਂ ਦਿੱਲੀ ਦੀ ਧਰਤੀ ਉਤੇ ਸਿਆਸੀ ਛਤਰ ਛਾਇਆ ਹੇਠ ਸਿਖਾਂ ਨੂੰ ਕੋਹ ਕੋਹ ਕੇ ਮਾਰਨ ਦੀ ਮੁਹਿੰਮ ਚੱਲੀ ਤਾਂ ਸਰਦਾਰ ਤਰਸੇਮ ਸਿੰਘ ਤੇ ਉਨ੍ਹਾਂ ਦਾ ਪਰਿਵਾਰ ਵੀ ਇਸ ਜਬਰ ਜ਼ੁਲਮ ਦਾ ਸ਼ਿਕਾਰ ਹੋਇਆ।ਉਨ੍ਹਾਂ ਦਾ ਅਠਾਰਾਂ ਸਾਲਾਂ ਦਾ ਬੇਟਾ ਤੇ ਵੀਹ ਸਾਲਾਂ ਦਾ ਭਤੀਜਾ ਉਨ੍ਹਾਂ ਦੀਆਂ ਅੱਖੀਆਂ ਸਾਹਮਣੇ ਖੜ੍ਹੇ ਕਰਕੇ ਸ਼ਹੀਦ ਕੀਤੇ। ਤਮਾਸ਼ਾ ਦੇਖਣ ਵਾਲੇ ਦੰਗਾ ਕਾਰੀਆਂ ਦੀ ਭੀੜ ਲਗੀ ਹੋਈ ਸੀ।ਸਭ ਤੋਂ ਪਹਿਲੇ ਸਰਦਾਰ ਤਰਸੇਮ ਸਿੰਘ ਦੇ ਦੋਨਾਂ ਹਥਾਂ ਦੀਆਂ ਉਂਗਲੀਆਂ ਕੱਟ ਦਿਤੀਆਂ ਗਈਆਂ ਤੇ ਰੱਤ ਦੀਆਂ ਧਾਰਾਂ ਚੁਆਂਦੇ ਹੱਥਾਂ ਸਮੇਤ ਉਨ੍ਹਾਂ ਨੂੰ ਰੱਸਿਆਂ ਨਾਲ ਨੂੜ ਕੇ ਬੂੰਨ ਦਿਤਾ।ਪਰ ਉਹ ਕੁਝ ਨਾ ਬੋਲੇ।ਉਨ੍ਹਾਂ ਦੇ ਬੁਲ੍ਹ ਸੀਤੇ ਰਹੇ।ਸ਼ਾਤ

ਰੂਪ ਵਿਚ ਪਥੱਰ ਦਾ ਬੁੱਤ ਬਣ ਕੇ ਅਡੋਲ ਖੜੇ ਰਹੇ।ਦੇਖਣ ਵਾਲਿਆਂ ਨੂ ਅਜੀਬ ਜਿਹਾ ਲੱਗ ਰਿਹਾ ਸੀ ਕਿਉਂਕਿ ਉਹ ਤਾਂ ਉਨ੍ਹਾਂ ਨੂੰ ਤੜਫਦਾ ਹੋਇਆ ਦੇਖਣਾ ਚਹੁੰਦੇ ਸੀ।ਸੋ ਉਸ ਗੁਰਸਿੱਖ ਨੂੰ ਤੜਫਾਉਣ ਦੀ ਰੀਝ ਪੂਰੀ ਕਰਨ ਲਈ ਹਤਿਆਰਿਆਂ ਨੇ ਅਗਲੀ ਕਾਰਵਾਈ ਸ਼ੁਰੂ ਕੀਤੀ।ਸਰਦਾਰ ਜੀ ਦੇ ਜਿਗਰ ਦਾ ਟੋਟਾ..!ਉਨ੍ਹਾਂ ਦਾ ਬੇਟਾ....!ਜਿਸਦੇ ਗਲੇ ਵਿਚ ਕਦੀ ਹੇਮ ਕੁੰਟ ਸਾਹਿਬ ਦੀ ਯਾਤਰਾ ਸਮੇ ਅਤੇ ਨਗਰ ਕੀਰਤਨਾਂ ਸਮੇ ਢੋਲਕੀ ਲਟਕਦੀ ਹੁੰਦੀ ਸੀ ਤੇ ਉਹ ਲੋਰ ਵਿਚ ਆ ਕੇ ਗੁਰਬਾਣੀ ਦੇ ਸ਼ਬਦ ਗਾ ਕੇ ਸੰਗਤਾਂ ਨੂੰ ਨਿਹਾਲ ਕਰਿਆ ਕਰਦਾ ਸੀ।ਜਾਲਮਾ ਨੇ ਉਸਦੇ ਗਲੇ ਵਿਚ ਟਾਇਰ ਪਾ ਕੇ ਉਪਰ ਤੇਲ ਛਿੜਕ ਕੇ ਅੱਗ ਲਗਾ ਦਿੱਤੀ।ਸਰਦਾਰ ਤਰਸੇਮ ਸਿੰਘ ਜੀ ਆਪਣੇ ਭਜਨ-ਬਾਣੀ ਦੇ ਰੰਗ ਵਿਚ ਰੰਗੇ ਹੋਏ ਲਾਲ ਦੀ ਅੱਗ ਦੇ ਭਾਂਬੜਾਂ ਵਿਚ ਮਚ ਰਹੇ ਦੀ ਹਾਲ ਪਾਹਰਿਆ ਸੁਣ ਰਹੇ ਸੀ।।ਪਰ ਉਹ ਫਿਰ ਵੀ ਅਡੋਲ ਖੜ੍ਹੇ ਰਹੇ...।ਜ਼ਰਾ ਨਾ ਕੁਸਕੇ..।ਇਸ ਪਿਛੋਂ ਹਤਿਆਰਿਆਂ ਨੇ ਉਨ੍ਹਾਂ ਦੇ ਜਵਾਨ ਭਤੀਜੇ ਨੂੰ ਸ੍ਹਾਮਣੇ ਖੜ੍ਹਾ ਕਰਕੇ ਉਸਦੇ ਗਲੇ ਵਿਚ ਟਾਇਰ ਪਾ ਕੇ ਤੇਲ ਛਿੜਕਿਆ ਤੇ ਅੱਗ ਲਗਾ ਦਿੱਤੀ।ਦੋਨੋਂ ਲੜਕੇ ਜੀਉਂਦੇ ਜੀਅ ਅੱਗ ਦੇ ਲਾਂਬੂ ਬਣ ਕੇ ਜਲ ਰਹੇ ਸਨ।ਹਤਿਆਰਿਆਂ ਦੀ ਟੋਲੀ ਤਾਂਡਵ ਨਾਚ ਨੱਚ ਰਹੀ ਸੀ ਪਰ ਸਰਦਾਰ ਤਰਸੇਮ ਸਿੰਘ ਜੀ ਅਡੋਲ ਖੜ੍ਹੇ ਪਤਾ ਨਹੀਂ ਕਿਹੜੀ ਦੁਖ ਸੁਖ ਨੂੰ ਸਮ ਕਰਕੇ ਜਾਨਣ ਦੀ ਆਤਮਿਕ ਅਵਸਥਾ ਹੰਢਾ ਰਹੇ ਸੀ।

ਇਤਿਹਾਸਿਕ ਗੁਰਦੁਆਰਿਆ ਦੀਆਂ ਯਾਤਰਾਵਾਂ ਕਰਨ ਵਿਚ ਅਤੇ ਸੰਗਤਾਂ ਨੂੰ ਗੁਰੂ ਘਰਾਂ ਦੇ ਦਰਸ਼ਨ ਕਰਵਾਉਣ ਵਿਚ ਜੀਵਨ ਬਤੀਤ ਕਰਨ ਵਾਲੇ ਗੁਰਸਿੱਖ ਉਤੇ ਸਰਵੰਸ ਦਾਨੀ ਦਸ਼ਮੇਸ਼ ਪਿਤਾ ਨੇ ਕੋਈ ਨਾ ਕੋਈ ਬਖਸ਼ਿਸ਼ ਤਾਂ ਜਰੂਰ ਕੀਤੀ ਹੋਈ ਹੋਵੇਗੀ ਜਿਸ ਨਾਲ ਉਹ ਜ਼ੁਲਮ ਦੀ ਅੰਨ੍ਹੀਂ ਹਨੇਰੀ ਵਿਚ ਅਡੋਲ ਖੜ੍ਹਾ ਹੋ ਕੇ ਸਰੀਰ ਛੱਡਣ ਤੋਂ ਪਹਿਲੇ ਹੀ ਸ਼ਹੀਦਾਂ ਸਿੰਘਾਂ ਦੀ ਅਣਦਿਸਦੀ ਦੁਨੀਆਂ ਦਾ ਵਸਨੀਕ ਬਣਿਆਂ ਹੋਇਆ ਸੀ।ਹੋ ਸਕਦਾ ਹੈ ਕਿ ਆਪਣੇ ਸੋਹਣੇ ਲਾਲ ਅਤੇ ਭਤੀਜੇ ਨੂੰ ਅੱਗ ਦੀਆਂ ਲਾਟਾਂ ਦੇ ਹਵਾਲੇ ਹੁੰਦਿਆਂ ਦੇਖ ਕੇ ਉਸ ਨੂੰ ਬੰਦਾ ਸਿੰਘ ਬਹਾਦਰ ਦੀ ਯਾਦ ਆਈ ਹੋਵੇ,ਜਿਸ ਦੇ ਸਰੀਰ ਨੂੰ ਜੰਬੂਰਾਂ ਨਾਲ ਨੋਚਿਆ ਗਿਆ ਸੀ ਤੇ ਉਸਦੀਆਂ ਅੱਖੀਆਂ ਦੇ ਸਾਹਮਣੇ ਉਸਦੇ ਜੀਊਂਦੇ ਬੱਚੇ ਦਾ ਦਿਲ ਕੱਢ ਕੇ ਜਬਰਦਸਤੀ ਉਸਦੇ ਮੂੰਹ ਵਿਚ ਤੁੰਨਿਆਂ ਗਿਆ ਸੀ।ਪਰ ਉਹ ਆਪਣੇ ਸਿੱਖੀ ਸਿਦਕ ਤੋਂ ਹਾਰਿਆ ਨਹੀਂ ਸੀ।ਦਸ਼ਮੇਸ਼ ਪਿਤਾ ਦੇ ਸ਼ੇਰ ਬੱਚੇ ਭਾਈ ਜੈ ਸਿੰਘ ਨੇ ਵੀ ਸਿੱਖੀ ਸਿਦਕ ਨਿਭਾਉਣ ਦੀ ਖਾਤਰ ਪਿੱਪਲ ਦੇ ਦਰਖਤ ਨਾਲ ਪੁੱਠੇ ਟੰਗ ਹੋ ਕੇ ਪੁੱਠੀਆਂ ਖੱਲਾਂ ਲੁਹਾਉਂਦੇ ਹੋਏ ਨੇ ਆਪਣੀ ਪਤਨੀ,ਦੋ ਪੁੱਤਰਾਂ ਅਤੇ ਨੂੰਹ ਰਾਣੀ ਨੂੰ ਤਸੀਹੇ ਸਹਿ ਕੇ ਸ਼ਹੀਦ ਹੁੰਦਿਆਂ ਦੇਖਿਆ ਸੀ।ਉਹੀ ਹਾਲ ਸਰਦਾਰ ਤਰਸੇਮ ਸਿੰਘ ਜੀ ਦਾ ਸੀ।ਉਹ ਵੀ ਆਪਣੀ ਸ਼ਹੀਦੀ ਤੋਂ ਪਹਿਲੇ ਆਪਣੇ ਪੁੱਤਰ ਅਤੇ ਭਤੀਜੇ ਦੀ ਸ਼ਹੀਦੀ ਅੱਖੀ ਦੇਖਦੇ ਹੋਏ ਸਤਿਗੁਰਾਂ ਦੀ ਯਾਦ ਵਿਚ ਲੀਨ ਅਡੋਲ ਖੜ੍ਹੇ ਸੀ।ਜਿਸ ਵੇਲੇ ਉਨ੍ਹਾਂ ਦੀਆਂ ਉਂਗਲੀਆਂ ਕੱਟ ਹੁੰਦੀਆਂ ਹੋਣਗੀਆਂ ਤਾਂ ਉਸ ਵੇਲੇ ਭਾਈ ਮਨੀ ਸਿੰਘ ਜੀ ਸਾਹਮਣੇ ਆ ਖਲੋਏ ਹੋਣਗੇ।ਜਿਨ੍ਹਾਂ ਨੇ ਖਿੜੇ ਮੱਥੇ ਸ਼ਹੀਦੀ ਕਬੂਲ ਕਰਦਿਆਂ ਬੰਦ ਬੰਦ ਕੱਟਣ ਵਾਲੇ ਨੂੰ ਕਿਹਾ ਸੀ ਕਿ ਉਹ ਲਿਹਾਜ ਕਰਕੇ ਭਾਈ ਸਾਹਿਬ ਦੇ ਹੱਥ ਦੇ ਗੁੱਟ ਉਤੋਂ ਕੱਟਣਾ ਸ਼ੁਰੂ ਨਾ ਕਰੇ...! ਆਪਣੇ ਹਾਕਮ ਦੇ ਹੁਕਮ ਦੀ ਪਾਲਣਾ ਕਰਨ ਲਈ ਉਂਗਲੀਆਂ ਦੇ ਪੋਟਿਆਂ ਤੋਂ ਕੱਟਣਾ ਸ਼ੁਰੂ ਕਰਕੇ ਬੰਦ ਬੰਦ ਕੱਟਣ ਦੇ ਹੁਕਮ ਦੀ ਪਾਲਣਾ ਕਰੇ!

ਜਦੋਂ ਪੁੱਤਰ ਅਤੇ ਭਤੀਜੇ ਨੂੰ ਜਲਦਾ ਦੇਖ ਕੇ ਭੀ ਉਨ੍ਹਾਂ ਦੇ ਸਰੀਰ ਵਿਚ ਕੋਈ ਹਰਕਤ ਨਾ ਆਈ ਤਾਂ ਦੰਗਾਕਾਰੀਆਂ ਨੇ ਉਨ੍ਹਾਂ ਦੇ ਗਲੇ ਵਿਚ ਭੀ ਟਾਇਰ ਪਾ ਕੇ ਤੇਲ ਛਿੜਕਿਆ ਤੇ ਅੱਗ ਲਗਾ ਦਿਤੀ।ਉਹ ਪੱਥਰ ਦਾ ਬੁੱਤ ਬਣੀ ਅੱਗ ਦੀਆਂ ਲਾਟਾਂ ਵਿਚ ਅਡੋਲ ਖੜੇ ਜਲ ਰਹੇ ਸੀ।ਖੜ੍ਹਿਆਂ ਖੜ੍ਹਿਆਂ ਦਾ ਹੀ ਲਹੂ ਮਾਸ ਦਾ ਜਿਸਮ ਸੜ ਕੇ ਢੇਰੀ ਹੋ ਗਿਆ ਤੇ ਦੇਖਣ ਵਾਲਿਆਂ ਲਈ ਇਕ ਕ੍ਰਿਸ਼ਮਾ ਬਣ ਕੇ ਰਹਿ ਗਿਆ।ਇਹ ਕ੍ਰਿਸ਼ਮਾ ਦੇਖ ਕੇ ਖੂਨ ਦੀ ਹੋਲੀ ਖੇਲ੍ਹਣ ਵਾਲਿਆਂ ਦੇ ਸੀਨੇ ਵੀ ਤ੍ਰਬ੍ਹਕ ਗਏ।ਦਰਿੰਦਿਆਂ ਦੀ ਟੋਲੀ ਵਿਚੋਂ ਹੀ ਕਿਸੇ ਨੇ ਜਾ ਕੇ ਸਰਦਾਰ ਤਰਸੇਮ ਸਿੰਘ ਜੀ ਦੀ ਵਿਧਵਾ ਨੂੰ ਮੌਤ ਦੀ ਖਬਰ ਸੁਣਾਉਂਦਿਆ ਕਿਹਾ,-" ਸਰਦਾਰ ਕੋ ਤੜਪਾਨੇ ਕੇ ਲੀਏ ਇਤਨਾ ਕੁਛ ਕੀਆ....! ਲੇਕਿਨ ਉਸ ਪਰ ਤੋ ਜੈਸੇ ਕੋਈ ਅਸਰ ਹੀ ਨਹੀਂ ਹੋ ਰਹਾ ਥਾ....!ਨਾ ਜਾਨੇ ਵੋਹ ਕੌਨ ਸਾ ਕ੍ਰਿਸ਼ਮਾ ਥਾ...!"

ਨਰਿੰਦਰ ਕੌਰ ਤੇ ਅਜਿਹੀਆਂ ਹੋਰ ਅਨੇਕਾਂ ਵਿਧਵਾਵਾਂ,ਮਾਵਾਂ ਤੇ ਭੈਣਾਂ ਦਾ ਵਿਰਲਾਪ ਸੁਣ ਕੇ ਉਸ ਵੇਲੇ ਅੰਬਰ ਦੇ ਸੀਨੇ ਵਿਚ ਛੇਕ ਹੁੰਦੇ ਸਨ। ਧਰਤੀ ਦਾ ਕਲੇਜਾ ਫਟਦਾ ਸੀ ਪਰ ਉਹ ਖੂਨ ਦੀ ਹੋਲੀ ਖੇਲ੍ਹਣ ਵਾਲੇ ਹਾਲੇ ਤਕ ਬੇਦੋਸ਼ਿਆਂ ਨੂੰ ਮਾਰ ਮਾਰ ਕੇ ਰੱਜੇ ਨਹੀ ਸਨ।ਦੰਗੇ ਕਰਵਾਉਣ ਵਾਲੇ ਹਾਕਮਾ ਦੀਆਂ ਕੂੜ-ਨੀਤੀਆਂ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਉਹ ਉਨ੍ਹਾਂ ਦੇ ਇਸ਼ਾਰਿਆਂ ਉਤੇ ਸਿੱਖੀ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਬੇ ਧੜਕ ਹੋ ਕੇ ਅੰਨ੍ਹੇ ਵਾਹ ਮਾਰ ਧਾੜ ਕਰੀ ਜਾ ਰਹੇ ਸੀ।ਮਿੱਟੀ ਦੇ ਤੇਲ ਦੀਆਂ ਕੈਨੀਆਂ ਅਤੇ ਸਾੜ ਫੂਕ ਕਰਨ ਦਾ ਹੋਰ ਸਮਾਨ ਹਾਕਮਾ ਵਲੋਂ ਖੁਲ੍ਹੇ ਦਿਲ ਨਾਲ ਸਪਲਾਈ ਹੋ ਰਿਹਾ ਸੀ।ਲਾਸ਼ਾਂ ਦੇ ਢੇਰ ਲਗਾਉਣ ਦੀ ਹੱਲਾ ਸ਼ੇਰੀ ਦਿੱਤੀ ਜਾ ਰਹੀ ਸੀ।ਸਿੱਖ ਬੀਬੀਆਂ ਦੀ ਬੇਪਤੀ ਕਰਨ ਦੀ ਖੁਲ੍ਹ ਨੇ ਦੰਗਾ ਕਾਰੀਆਂ ਦੇ ਹੌਸਲੇ ਬੁਲੰਦ ਕੀਤੇ ਹੋਏ ਸਨ।ਉਸ ਵੇਲੇ ਰਾਜ ਭਾਗ ਦੰਗਾ ਕਾਰੀਆਂ ਦਾ ਹੀ ਸੀ।

ਦੰਗਾਕਾਰੀਆਂ ਦੀ ਜਾਤ ਕੋਈ ਨਹੀਂ ਸੀ।ਉਨ੍ਹਾਂ ਦਾ ਧਰਮ ਵੀ ਕੋਈ ਨਹੀਂ ਸੀ।ਉਹ ਤਾਂ ਬਸ...! ਹਾਕਮ ਜਾਤੀ ਦੇ ਪਾਲੇ ਹੋਏ ਕੁੱਤੇ ਸਨ।ਧਰਮੀ ਬੰਦੇ ਦੀ ਇਹ ਨਿਸ਼ਾਨੀ ਹੁੰਦੀ ਹੈ ਕਿ ਉਹ ਆਪਣੇ ਧਰਮ ਨੂੰ ਪਿਆਰ ਕਰਦਾ ਹੈ ਅਤੇ ਦੂਜੇ ਦੇ ਧਰਮ ਦਾ ਸਤਿਕਾਰ ਕਰਦਾ ਹੈ।ਉਸ ਵੇਲੇ ਮਨੁਖਤਾ ਦੇ ਰਿਸ਼ਤੇ ਨੂੰ ਸਮਝਣ ਵਾਲੇ ਧਰਮੀ ਹਿੰਦੂ ਵੀ ਇਨਸਾਨੀਅਤ ਦਾ ਘਾਣ ਹੁੰਦਾ ਦੇਖ ਕੇ ਤ੍ਰਾਹ ਗਏ ਸਨ।ਬਹੁਤਿਆਂ ਨੂੰ ਉਸ ਵੇਲੇ ਸੀਸ ਗੰਜ ਗੁਰਦੁਆਰੇ ਵਲ ਦੇਖ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਨੇ ਚੰਗੀ ਤਰ੍ਹਾਂ ਸਮਝਾ ਦਿੱਤਾ ਸੀ ਕਿ ਜੇਕਰ ਸ੍ਰੀ ਗੁਰੂ ਤੇਗ ਬਹਾਦਰ ਕਸ਼ਮੀਰੀ ਪੰਡਿਤਾਂ ਦੀ ਫਰਿਆਦ ਸੁਣ ਕੇ ਸੀਸ ਕੁਰਬਾਨ ਨਾ ਕਰਦੇ ਤਾਂ ਹਿੰਦੂ ਜਾਤੀ ਦਾ ਨਾਮੋ-ਨਿਸ਼ਾਨ ਨਹੀਂ ਸੀ ਹੋਣਾ...।ਜੇ ਬਾਲਿਕ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਤਾ ਜੀ ਨੂੰ ਸੀਸ ਭੇਟ ਕਰਨ ਲਈ ਨਾ ਕਹਿੰਦੇ ਤਾਂ ਇਸ ਵੇਲੇ ਸਭ ਮੁਸਲਮਾਨ ਹੀ ਮੁਸਲਮਾਨ ਨਜਰੀਂ ਆਉਣੇ ਸੀ।ਭਾਈ ਸੰਤੋਖ ਸਿੰਘ ਜੀ ਦੀ ਲਿਖਤ ਦੀ ਸਚਾਈ ਸੀਸ ਗੰਜ ਗੁਰਦੁਆਰੇ ਰਹੀਂ ਗੂੰਜ ਰਹੀ ਸੀ।

ਅਬ ਕੀ ਕਹੂੰ ਨਾ ਤਬ ਕੀ॥


ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ॥ਸੁੰਨਤ ਹੋਤੀ ਸਭ ਕੀ॥

ਚੰਗੇ ਦਿਲ ਵਾਲਿਆਂ ਨੇ ਆਪਣੀ ਜਾਨ ਦੀ ਬਾਜੀ ਲਗਾ ਕੇ ਸਿੱਖ ਪਰਿਵਾਰਾਂ ਨੂੰ ਆਪਣੇ ਘਰਾਂ ਵਿਚ ਸ਼ਰਣ ਦਿੱਤੀ।ਉਹ ਲੋਕਾਂ ਦੇ ਘਰ,ਦੁਕਾਨਾ ਤੇ ਫੈਕਟਰੀਆਂ ਨੂੰ ਤਾਂ ਅੱਗ ਦੀ ਲਪੇਟ ਵਿਚ ਆਉਣ ਤੋਂ ਬਚਾ ਨਾ ਸਕੇ ਪਰ ਜਿਹੜੇ ਸਿੱਖ ਜਾਨਾਂ ਬਚਾ ਕੇ ਪੰਜਾਬ ਆ ਗਏ।ਉਨ੍ਹਾਂ ਵਿਚੋਂ ਬਹੁਤੇ ਹਿੰਦੂ ਪਰਿਵਾਰਾਂ ਦੀ ਮੇਹਰਬਾਨੀ ਨਾਲ ਹੀ ਬਚੇ।ਵੱਢੇ ਸਿਆਸਤਦਾਨ ਅਤੇ ਅਮੀਰ ਲੋਕ ਆਪਣੇ ਅਸਰ ਰਸੂਖ ਨਾਲ ਬਚ ਗਏ ਤੇ ਕੁਝ ਐਸੇ ਵੀ ਸਨ ਜ੍ਹਿਨਾਂ ਨੇ ਮੁਕਾਬਲਾ ਕਰਨ ਦੀ ਦਲੇਰੀ ਕੀਤੀ।

ਹਾਕਮ ਜਾਤੀ ਅਤੇ ਉਸਦੇ ਆਪਣਿਆਂ (ਦੰਗਾਕਾਰੀਆਂ) ਦੇ ਖਿਲਾਫ ਖੜ੍ਹਨ ਦੀ ਹਿੰਮਤ ਕਿਸੇ ਵਿਚ ਨਹੀਂ ਸੀ।ਪੁਲੀਸ ਵੀ ਚੁੱਪ ਕਰਕੇ ਦਰਸ਼ਕ ਬਣਨ ਤੋਂ ਸਿਵਾ ਕੁਝ ਨਾ ਕਰ ਸਕੀ।ਸਿੱਖਾਂ ਦੀਆਂ ਲਾਸ਼ਾਂ ਦਾ ਸਸਕਾਰ ਕਿਸੇ ਨੇ ਨਾ ਕੀਤਾ।ਅਧ-ਸੜੀਆਂ ਲਾਸ਼ਾਂ ਦੀ ਬਿਅਦਬੀ ਹੋਈ। ਰੇਲਵੇ ਲਾਈਨਾ ਅਤੇ ਗੰਦੇ ਨਾਲਿਆਂ ਵਿਚ ਰੁਲਦੀਆਂ ਦੇਖੀਆਂ ਗਈਆਂ।

## ਸਿੱਖਾਂ ਦੀਆਂ ਰੁਲ ਰਹੀਆਂ ਲਾਸ਼ਾਂ ਨੂੰ ਕੁੱਤਿਆਂ ਦੇ ਹਵਾਲੇ ਪਿਆ ਦੇਖਿਆ ਗਿਆ।











(ਇਹ ਫੋਟੋਆਂ http://www.carnage84.com/records/library/library.htm

http://www.carnage84.com/records/library/library.htm ਤੋਂ

ਧੰਨਵਾਦ ਸਾਹਿਤ ਲਈਆਂ ਗਈਆਂ ਹਨ www.carnage84.com )

ਪਤੀ,ਪੁੱਤਰ ਤੇ ਭਤੀਜੇ ਦੀ ਮੌਤ ਪਿਛੋਂ ਬੀਬੀ ਨਰਿੰਦਰ ਕੌਰ ਲਾਸ਼ਾਂ ਦੇਖਣ ਲਈ ਵਿਲਕਣ ਲਗੀ।ਲਾਸ਼ਾਂ ਲੱਭਣ ਲਈ ਉਹ ਏਧਰ ਓਧਰ ਭਟਕੀ ਪਰ ਪੱਲੇ ਕੁਝ ਨਾ ਪਿਆ।ਅਖੀਰ ਬੜੇ ਔਖੇ ਹਾਲਾਤਾਂ ਵਿਚੋਂ ਦੀ ਗੁਜਰਦੀ ਹੋਈ ਨੇ ਛੋਟੇ ਬੇਟੇ(ਚਰਨ ਜੀਤ ਸਿੰਘ) ਦੇ ਸਿਰ ਦਾ ਜੂੜਾ ਖ੍ਹੋਲ ਕੇ ਦੋ ਗੁੱਤਾਂ ਕਰ ਦਿੱਤੀਆਂ ਅਤੇ ਬੇਟੀ ਨੂੰ ਲੈ ਕੇ ਕਿਸੇ ਨਾ ਕਿਸੇ ਤ੍ਰੀਕੇ ਪੰਜਾਬ ਪਹੁੰਚ ਗਈ।


ਥੋੜੇ ਦਿਨ ਪਿੰਡ,ਰਿਸ਼ਤੇਦਾਰਾਂ ਕੋਲ ਰਹਿਣ ਪਿਛੋਂ ਫਗਵਾੜੇ ਕਿਸੇ ਦੇ ਘਰ ਵਿਚ ਇਕ ਛੋਟਾ ਜਿਹਾ ਕਮਰਾ ਕਿਰਾਏ ਤੇ ਲੈ ਕੇ ਬੇਟੇ ਨੂੰ ਸਕੂਲ ਵਿਚ ਦਾਖਲ ਕਰਵਾ ਦਿਤਾ ਤੇ ਬੇਟੀ ਨੂੰ ਕਾਲਿਜ ਦਾਖਲ ਕਰਵਾ ਦਿਤਾ। ਮਾਸੂਮ ਚਰਨ ਜੀਤ ਦੇ ਦਿਲ ਦਿਮਾਗ ਨੂੰ ਦੰਗਿਆਂ ਦੀ ਅਮਿੱਟ ਛਾਪ ਨੇ ਘੇਰਿਆ ਹੋਇਆ ਸੀ।ਉਹ ਗੁੰਮ ਸੁੰਮ ਹੋਇਆ ਰਹਿੰਦਾ।ਅਲ੍ਹੜ ਮੁਟਿਆਰ ਸਵਦੀਪ ਹਰ ਵੇਲੇ ਬਦਲਾ ਲੈਣ ਬਾਰੇ ਹੀ ਸੋਚਦੀ ਰਹਿੰਦੀ।ਮਾਂ ਦਾ ਦਰਦ ਮਹਿਸੂਸ ਕਰਦੀ। ਸਮਝਦਾਰ ਤੇ ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਛੇਤੀ ਹੀ ਉਸਨੇ ਨੌਕਰੀ ਕਰ ਲਈ ਤੇ ਪ੍ਰਾਈਵੇਟ ਪੜ੍ਹ ਕੇ ਬੀ.ਏ. ਪਾਸ ਕਰ ਲਈ।

ਨਰਿੰਦਰ ਕੌਰ ਦੁਖਾਂ ਦਰਦਾਂ ਦੀਆਂ ਕਹਾਣੀਆਂ ਬੱਚਿਆਂ ਦੇ ਸਾਹਮਣੇ ਫਰੋਲਣ ਤੋਂ ਸੰਕੋਚ ਕਰਦੀ ਸੀ। ਜਦੋਂ ਦਿਲ ਵਿਚ ਉਬਾਲ ਉਠਦਾ ਤਾਂ ਉਹ ਇਕ ਗੁਰਸਿਖ ਸਹੇਲੀ ਗਵਾਂਢਣ ਕੋਲ ਜਾ ਕੇ ਦਿਲ ਹੌਲਾ ਕਰ ਲੈਂਦੀ।ਇਕ ਦਿਨ ਸਵੇਰੇ ਸਵੇਰੇ ਹੀ ਉਹ ਘਬਰਾਈ ਹੋਈ ਜਾ ਕੇ ਕਹਿਣ ਲਗੀ,—"ਅਜ ਮੇਰਾ ਮੋਇਆ ਪੁੱਤ ਮੈਨੂੰ ਮਿਲ ਪਿਆ..ਅਜ ਮੇਰਾ ਪਰਦੀਪ ਮੈਨੂੰ ਮਿਲ ਪਿਆ।" ਉਸਦਾ ਪਾਗਲ-ਪਨ ਸਮਝ ਆਉਣ ਤੋਂ ਬਾਹਰ ਦੀ ਗਲ ਸੀ।ਥੋੜੀ ਦੇਰ ਉਹ ਪਾਣੀ ਤੋਂ ਬਿਨਾਂ ਮੱਛੀ ਵਾਂਗੂੰ ਤੜਫੀ।ਢਿੱਡ ਵਿਚ ਮੁੱਕੀਆਂ ਦੇ ਦੇ ਰੋਂਦੀ ਰਹੀ ਤੇ ਫਿਰ ਉਸ ਨੇ ਦਸਿਆ ਕਿ ਰਾਤ ਸੁਪਨੇ ਵਿਚ ਉਸਨੂੰ ਕਦੀ ਆਪਣੇ ਮੁੱਛ-ਫੁਟ ਗੱਭਰੂ ਪੁੱਤਰ ਦਾ ਸੁੰਦਰ ਸਰੂਪ ਦਿਸਦਾ ਰਿਹਾ ਤੇ ਉਹ ਉਸਦੀ ਚੜ੍ਹਦੀ ਜਵਾਨੀ ਦੇਖ ਕੇ ਰਹੌਂਸਦੀ ਰਹੀ।ਤੇ ਕਦੀ ਗਿੱਲੀ ਸੁਆਹ ਦੀ ਢੇਰੀ ਵਿਚੋਂ ਉਸਦੇ ਨਕਸ਼ ਉਘੱੜ ਉਘੱੜ ਪੈਂਦੇ ਦਿਸਦੇ ਰਹੇ।

ਇਕ ਦਿਨ ਗਵਾਂਢਣ ਨੇ ਨਰਿੰਦਰ ਕੌਰ ਦਾ ਦਰਦ ਮਹਿਸੂਸ ਕਰਦੀ ਹੋਈ ਨੇ ਫੋਨ ਕਰਕੇ ਬੀਬੀ ਗੁਰਦੀਪ ਕੌਰ ਜੀ ਨੂੰ ਸਾਰੀ ਗਲ ਦਸੀ ਤੇ ਉਸ ਨਾਲ ਮੁਲਾਕਾਤ ਕਰਵਾਉਣ ਲਈ ਹਰਮੰਦਰ ਸਾਹਿਬ ਬਾਬਾ ਦੀਪ ਸਿੰਘ ਜੀ ਦੇ ਬੁੰਗੇ ਥੱਲੇ ਪ੍ਰਕਰਮਾਂ ਵਿਚ ਮਿਲਣ ਦਾ ਠੀਕ ਸਮਾਂ ਨੀਯਤ ਕਰ ਲਿਆ।ਦੱਸੇ ਹੋਏ ਸਮੇ ਅਨੁਸਾਰ ਜਦੋਂ ਦੋਨੋ ਸਹੇਲੀਆਂ ਪਹੁਚੀਆਂ ਤਾਂ ਬੀਬੀ ਜੀ ਦਾ ਲਾਡ ਪਿਆਰ ਦੇਖ ਨਰਿੰਦਰ ਨੂੰ ਆਪਣੀ ਮਾਂ ਯਾਦ ਆ ਗਈ ਤੇ ਉਸ ਨੇ ਦਰਦ-ਕਹਾਣੀ ਸੁਣਾਉਣੀ ਸ਼ੁਰੂ ਕਰ ਦਿਤੀ।

"ਜਦੋਂ ਦੰਗਿਆਂ ਦੀ ਖਬਰ ਅੱਗ ਵਾਂਗੂੰ ਫੈਲ ਗਈ ਤਾਂ ਸਰਦਾਰ ਜੀ ਨੇ ਮੈਨੂੰ ਕਿਹਾ ਕਿ ਮੈ ਘਬਰਾਉਣ ਦੀ ਥਾਂ ਹਿੰਮਤ ਤੋਂ ਕੰਮ ਲਵਾਂ ਤੇ ਘਰ ਦੇ ਵੇਹੜੇ ਵਿਚ ਖੜ੍ਹੀ ਅਪਣੀ ਬਸ ਵਿਚ ਮੁਹੱਲੇ (ਸ਼ਹਾਦਰਾ) ਦੇ ਸਿੱਖ ਪਰਿਵਾਰਾਂ ਨੂੰ ਬਿਠਾ ਕੇ ਪੰਜਾਬ ਵਲ ਕੂਚ ਕਰਨ ਦੀ ਤਿਆਰੀ ਕਰਾਂ।ਪਰ ਉਸੇ ਵੇਲੇ ਹੀ ਮੇਰੀ ਇਕ ਦੁਖਾਂ-ਸੁਖਾਂ ਦੀ ਸਾਂਝਣ ਸਹੇਲੀ (ਪੰਡਤਾਣੀ) ਨੇ ਆ ਕੇ ਦਸਿਆ ਕਿ ਹਜੂਮ ਇਸੇ ਪਾਸੇ ਹੀ ਆ ਰਿਹਾ ਹੈ ਤੇ ਅਸੀਂ ਦੌੜ ਕੇ ਉਸ ਦੇ ਘਰ ਜਾ ਕੇ ਲੁਕ ਕੇ ਆਪਣੀਆਂ ਜਾਨਾਂ ਬਚਾ

ਲਈਏ।ਉਸ ਨੇ ਦੋ ਦਿਨ ਸਾਨੂੰ ਘਰ ਵਿਚ ਲੁਕਾਈ ਰਖਿਆ ਪਰ ਤੀਜੇ ਦਿਨ ਉਸ ਨੂੰ ਆਪਣੀ ਤੇ ਆਪਣੇ ਪਰਿਵਾਰ ਦੀਆਂ ਜਾਨਾਂ ਦਾ ਫਿਕਰ ਪੈ ਗਿਆ।ਉਸ ਨੇ ਕਿਹਾ ਕਿ ਹੁਣ ਇਹ ਅਫਵਾਹ ਉੜੀ ਹੈ ਕਿ ਜਿਸ ਹਿੰਦੂ ਨੇ ਕੋਈ ਸਿੱਖ ਲੁਕਾਇਆ ਹੋਇਆ ਹੋਵੇਗਾ ਉਸ ਨੂੰ ਭੀ ਮਾਰ ਮੁਕਾਇਆ ਜਾਵੇਗਾ।ਅਜਿਹੀ ਹਾਲਤ ਵਿਚ ਹਜੂਮ ਦੀਆਂ ਅੱਖੀਆਂ ਤੋਂ ਬਚਦੇ ਹੋਏ ਅਸੀਂ ਫਿਰ ਆਪਣੇ ਸੜੇ-ਫੂਕੇ ਘਰ ਵਿਚ ਪਹੁੰਚ ਗਏ।




ਦਸਾਂ ਨੌਹਾਂ ਦੀ ਕਿਰਤ-ਕਮਾਈ ਨਾਲ ਬਣਾਏ ਹੋਏ,ਜਿਸ ਪਿਆਰੇ ਘਰ ਨੇ ਪਰਿਵਾਰਿਕ ਸੁਖਾਂ-ਸਧਰਾਂ ਦੀਆਂ ਕਹਾਣੀਆਂ ਨੂੰ ਆਪਣੀ ਹੋਂਦ ਵਿਚ ਸੰਭਾਲਿਆ ਹੋਇਆ ਸੀ,ਉਹੀ ਘਰ ਪਿਛਲੇ ਤਿੰਨਾਂ ਦਿਨਾਂ ਦੇ ਕਹਿਰ ਦਾ ਨਮੂੰਨਾਂ ਬਣਿਆਂ ਹੋਇਆ ਸੀ।ਗੁਰੂ ਪਿਆਰੀਆਂ ਸੰਗਤਾਂ ਨੂੰ ਗੁਰੂ-ਧਾਮਾਂ ਦੀ ਯਾਤਰਾ ਕਰਵਾਉਣ ਵਾਲੀ ਬਸ ਅੱਗ ਦੇ ਭਾਂਬੜ ਬਣ ਕੇ ਮਚਣ ਪਿਛੋਂ ਹਾਲੇ ਵੀ ਧੁਖ ਰਹੀ ਸੀ।

ਥੋੜੀ ਦੇਰ ਪਿਛੋਂ ਗਲੀ ਵਿਚੋਂ ਹਜੂਮ ਦੀਆਂ ਰਾਖਸ਼ਸੀ ਅਵਾਜਾਂ ਸੁਣ ਕੇ ਸਾਨੂੰ ਆਪਣੇ ਆਪ ਉਤੇ ਕਹਿਰ ਦੀ ਹਨੇਰੀ ਝੁੱਲਦੀ ਦਿਸੀ, ਘਰ ਦਾ ਦਰਵਾਜਾ ਭੰਨਣ ਦੀ ਠਾਹ ਠਾਹ ਸੁਣਾਈ ਦਿਤੀ ਤੇ ਫਿਰ ਹਿੜ-ਹਿੜਾਉਂਦੇ ਹੋਏ ਖਰੂਦੀਏ ਜਲਾਦ ਵੇਹੜ ਆ ਵੜੇ। ਸਰਦਾਰ ਜੀ ਨੂੰ, ਮੇਰੇ ਅਠਾਰਾਂ ਸਾਲਾਂ ਦੇ ਲਾਡਾਂ ਨਾਲ ਪਾਲੇ ਪਰਦੀਪ ਤੇ ਵੀਹ ਸਾਲਾਂ ਦੇ ਭਤੀਜੇ ਨੂੰ ਲੈ ਕੇ ਚਲੇ ਗਏ।ਬੇਬਸੀ ਦੀ ਹਾਲਤ ਵਿਚ ਸਰਦਾਰ ਜੀ ਨੇ ਸਵਦੀਪ ਵਲ ਦੇਖ ਕੇ ਮੈਨੂੰ ਤਰਲੇ ਨਾਲ ਇਹ ਹੀ ਕਿਹਾ,— "ਤੂੰ ਮੇਰੀ ਸਵਦੀਪ ਨੂੰ ਤੇ ਆਪਣੇ-ਆਪ ਨੂੰ ਬਚਾ ਲਵੀਂ...!"

ਬੜੀ ਮੁਸ਼ਕਿਲ ਨਾਲ ਬੀਬੀ ਨਰਿੰਦਰ ਕੌਰ ਕੋਲੋਂ ਏਨਾਂ ਕੁ ਹਾਲ ਹੀ ਸੁਣਾਇਆ ਗਿਆ ਤੇ ਫਿਰ ਉਸ ਦੀ ਬੱਸ ਹੋ ਗਈ। ਕੁਝ ਹੋਰ ਦੱਸਣ ਦੀ ਹਿੰਮਤ ਨਾ ਰਹੀ।ਬੈਠੀ ਆਪਣੇ ਢਿੱਡ ਵਿਚ ਮੁੱਕੀਆਂ ਦਿੰਦੀ ਹੋਈ ਗੁੱਛਾ ਮੁੱਛਾ ਹੋਈ ਜਾਵੇ।ਹਾਲੋਂ ਬਿਹਾਲ ਹੋਈ ਜਾਵੇ ਤੇ ਸ੍ਰੀ ਹਰਮੰਦਰ ਸਹਿਬ ਉਤੇ ਨਜ਼ਰਾਂ ਟਿਕਾਈ ਇਹੀ ਕਹੀ ਜਾਵੇ,—"ਓਹ ਮੇਰੇ ਸਤਿਗੁਰਾ...! ਇਹ ਦਰਦ ਦਾ ਗੋਲਾ...ਮੇਰੇ ਪਰਦੀਪ ਦੇ ਦਰਦ ਦਾ ਗੋਲਾ ਮੇਰੇ ਢਿੱਡ ਵਿਚ ਫਿਰਨੋਂ ਨਹੀਂ ਹਟਦਾ...। ਦਾਤਿਆ! ਕਿਦਾਂ ਸਹਾਂ ..? ਇਨ੍ਹਾਂ ਪੀੜਾਂ ਨੂੰ ਕਿਦਾਂ ਪੀਵਾਂ...?"ਬੀਬੀ ਗੁਰਦੀਪ ਕੌਰ ਜੀ ਕੋਲੋਂ ਉਸਦਾ ਵਿਰਲਾਪ ਦੇਖਿਆ ਨਹੀਂ ਸੀ ਜਾਂਦਾ।ਉਹ ਮਮਤਾ ਭਰੇ ਦਿਲ ਨਾਲ ਉਸ ਦਾ ਪਿੰਡਾ ਪਲੋਸਦਿਆਂ ਸਤਿਗੁਰਾਂ ਅਗੇ ਜੋਦੜੀ ਕਰਨ ਲਗੇ। ਕਲਗੀਆਂ ਵਾਲੇ ਨੂੰ ਪੁਕਾਰਦੇ ਹੋਏ ਕਹਿੰਦੇ,_ "ਬਹੁੜੀਂ ਵੇ ਕਲਗੀਆਂ ਵਾਲੜਿਆ...! ਆਪਣੀ ਬੱਚੀ ਨੂੰ ਹਿੰਮਤ ਦੇਹ...! ਸਰਬੰਸ ਦਾਨੀਆਂ..! ਮਹਾਂ ਤਿਆਗੀਆ...!ਤੇਰੀ ਬੱਚੀ ਤਾਂ ਤੇਰੇ ਕੁਣਬੇ ਵਿਚੋਂ ਹੈ...!ਤੇਰੀ ਸਿਖੀ ਦੀ ਖਾਤਰ ਇਸ ਨੇ ਪਤੀ-ਪੁਤਰਾਂ ਦੀ ਭੇਟ ਚੜਾਈ ਹੈ...!ਵੇ ਮੇਰੇ ਮਾਲਿਕਾ! ਇਸ ਨੂੰ ਚੜ੍ਹਦੀ ਕਲਾ ਦੇ ਰੰਗਾਂ ਵਿਚ ਰੰਗ ਲੈ...!ਪੰਥ ਦੇ ਵਾਲੀਆ...!ਸ਼ਕਤੀ ਦਾ ਦਾਨ ਦੇਹ....!ਇਸ ਨੂੰ

ਆਪਣਾ ਸਹਾਰਾ ਦੇਹ ਮੇਰਿਆ ਸਾਈਆਂ...! ਮੈਂ ਤਾਂ ਕਿਸੇ ਸ਼ਹੀਦ ਦੀ ਭੇਟਾ ਵੀ ਤੇਰੇ ਚਰਨਾਂ ਵਿਚ ਨਹੀਂ ਚੜ੍ਹਾਈ ! ਫਿਰ ਵੀ ਤੂੰ ਮੇਰੇ ਰੰਡੇਪੇ ਵਿਚ ਮੈਨੂੰ ਆਪਣੇ ਪਿਆਰ ਅਤੇ ਸਹਾਰੇ ਨਾਲ ਦੁਖਾਂ ਤਕਲੀਫਾਂ ਦੇ ਅਸਰਾਂ ਤੋਂ ਬਚਾਈ ਰਖਿਆ ਹੈ। ਆਪਣੀ ਬਣਾ ਕੇ ਰਖਿਆ ਹੈ।ਪਰ ਇਸਨੇ ਤਾਂ ਤੇਰੀਆਂ ਸਿੰਘਣੀਆਂ ਤੇ ਸੂਰਿਆਂ ਦੀਆਂ ਰੀਤਾਂ ਰਸਮਾਂ ਪੂਰੀਆਂ ਕੀਤੀਆਂ ਹਨ...!ਪਤੀ,ਪੁੱਤਰਾਂ ਦੀਆਂ ਸ਼ਹੀਦੀਆਂ ਦੀ ਭੇਟਾ ਚੜ੍ਹਾਈ ਹੈ....!ਮੇਰਿਆ ਸੱਚਿਆ ਸਾਈਆਂ...!ਇਸ ਦੇ ਵਿਧਵਾ ਜੀਵਨ ਨੂੰ ਵੀ ਤੂੰ ਅਪਣੇ ਰੰਗਾਂ ਵਿਚ ਰੰਗ ਲੈ..ਮੇਰੇ ਪ੍ਰੀਤਮਾਂ...!"

ਹੌਸਲਾ ਦਿਲਾਸਾ ਦਿੰਦਿਆਂ ਬੀਬੀ ਜੀ ਨੇ ਉਸਨੂੰ ਬਾਹੋਂ ਫੜ ਕੇ ਉਠਾਇਆ ਤੇ ਕਰੁਣਾਂ ਰਸ ਵਿਚ ਭਿਜਿਆਂ ਹੋਇਆਂ ਨੇ ਦਰਸ਼ਨ-ਇਸ਼ਨਾਨ ਕੀਤੇ। ਜਦੋਂ ਵਿਦਾ ਹੋਣ ਲਗੇ ਤਾਂ ਉਨ੍ਹਾਂ ਨਰਿੰਦਰ ਕੌਰ ਦਾ ਹੱਥ ਫੜ ਕੇ ਉਸ ਦੀ ਮੁੱਠੀ ਵਿਚ ਨੋਟਾਂ ਦੀ ਇਕ ਦੱਥੀ ਦੇ ਦਿਤੀ।ਪਰ ਉਸਨੇ ਨਾਂਹ ਨਾਂਹ ਕਰਦੀ ਹੋਈ ਨੇ ਨੋਟ ਬੀਬੀ ਜੀ ਨੂੰ ਫੜਾਉਂਦਿਆਂ ਆਪਣੇ ਹੱਥ ਦੀ ਹਥੇਲੀ ਪੁਠੀ ਕਰਕੇ ਕਿਹਾ;-"ਇਹ ਹੱਥ ਅਜ ਤਕ ਇਸੇ ਤਰ੍ਹਾਂ ਹੀ ਰਹਿਣ ਗਿੱਝੇ ਹੋਏ ਹਨ।ਇਨ੍ਹਾਂ ਹੱਥਾਂ ਨੇ ਅਜ ਤਕ ਦਿਤਾ ਹੀ ਦਿਤਾ ਹੈ। " ਫਿਰ ਦੋਨਾਂ ਹੱਥਾਂ ਦਾ ਬੁਕ ਅੱਡ ਕੇ ਕਹਿਣ ਲਗੀ,—"ਅਜ ਤਕ ਕਦੀ ਕਿਸੇ ਅਗੇ ਇਸ ਤਰ੍ਹਾਂ ਹੱਥ ਫੈਲਾਏ ਨਹੀਂ ਹਨ।" ਤਦ ਬੀਬੀ ਜੀ ਨੇ ਅਪਣੀ ਮਮਤਾ ਦਾ ਹੱਕ ਜਮਾਉਂਦਿਆਂ ਹੋਇਆਂ ਜਬਰਦਸਤੀ ਨੋਟ ਦੇ ਦਿਤੇ।ਇਸ ਦੇ ਪਿਛੋਂ ਨੌਕਰੀ ਦੀ ਤਲਾਸ਼ ਲਈ ਬੀਬੀ ਜੀ ਉਸ ਨੂੰ ਲੈ ਕੇ ਇਕ ਦਿਨ ਲੁਧਿਅਣੇ ਦੇ ਨੇੜੇ ਟੈਕਸਲਾ ਟੀ ਵੀ ਦੇ ਮਾਲਿਕ ਕੋਲ ਗਏ।ਗੁਰਮੁਖ ਪਿਆਰਾ ਨੌਕਰੀ ਤਾਂ ਦੇ ਨਾ ਸਕਿਆ ਪਰ ਉਸਨੇ ਕੁਝ ਮਾਇਆ ਦੇ ਕੇ ਤੇ ਚੜ੍ਹਦੀ ਕਲਾ ਵਿਚ ਰਹਿਣ ਲਈ ਪੰਥ ਦੇ ਵਾਲੀ ਅਗੇ ਜੋਦੜੀਆਂ ਕਰਦੇ ਹੋਏ ਨੇ ਨਾਮ-ਬਾਣੀ ਵਿਚ ਰੰਗ ਹੋਣ ਦੀ ਅਸੀਸ ਦੇ ਕੇ ਤੋਰਿਆ।

ਬੀਬੀ ਗੁਰਦੀਪ ਕੌਰ ਜੀ ਦੀ ਸੰਗਤ ਤੇ ਉਨ੍ਹਾਂ ਦੀ ਸੱਚੇ ਦਿਲੋਂ ਕੀਤੀ ਬੇਨਤੀ ਦੇ ਫਲ ਸਰੂਪ ਨਰਿੰਦਰ ਕੌਰ ਨੂੰ ਭਾਣਾਂ ਮਿਠਾ ਕਰਕੇ ਮੰਨਣ ਦੀ ਹਿੰਮਤ ਆ ਗਈ।ਸਤਿਗੁਰਾਂ ਨੇ ਬਖਸ਼ਿਸ਼ ਕੀਤੀ,ਹਿੰਮਤ ਦਿਤੀ ਤੇ ਐਸੀ ਕਲਾ ਵਰਤਾਈ ਕਿ ਯਾਦਾਂ ਨੂੰ ਸੀਨੇ ਨਾਲ ਲਗਾਈ ਸਬਰ ਸੰਤੋਖ ਆ ਗਿਆ।ਨਿਆਸਰਿਆਂ ਦੇ ਅਸਰੇ ਉਤੇ ਭਰੋਸਾ ਬੱਝਾ। ਗੁਰਮਤ ਅਨੁਸਾਰ ਨਾਮ-ਬਾਣੀ ਦੇ ਅਧਾਰ ਤੇ ਜੀਊਣ ਦੀ ਲਗਨ ਲਗ ਗਈ।ਕੀਰਤਨ ਕਰਨ ਵਿਚ ਰੁਚੀ ਵਧੀ।ਦੰਗਾ-ਪੀੜਤਾਂ ਲਈ ਹੋਏ ਸਮਾਗਮਾਂ ਵਿਚ ਜਾ ਕੇ ਸਟੇਜਾਂ ਉਤੇ ਬੈਠ ਕੇ ਕੀਰਤਨ ਕਰਨਾ ਤੇ ਸਰਕਾਰੀ ਜਬਰ-ਜੁਲਮ ਦੇ ਖਿਲਾਫ ਕਵਿਤਾਵਾਂ ਪੜ੍ਹਨੀਆਂ ਸ਼ੁਰੂ ਕਰ ਦਿਤੀਆਂ।

ਉਨ੍ਹਾਂ ਦਿਨਾਂ ਵਿਚ, ਜੋਸ਼ ਵਿਚ ਆਏ ਗੱਬਰੂਆਂ ਨੇ ਕੇਸਰੀ ਰੰਗ ਦੀਆਂ ਦਸਤਾਰਾਂ ਸਜਾਉਣੀਆਂ ਸ਼ੁਰੂ ਕਰ ਦਿਤੀਆਂ ਸਨ।ਜੁਲਮ ਤੇ ਜਾਲਮਾਂ ਦੇ ਖਿਲਾਫ ਅਵਾਜ ਉਠਾਉਣ ਲਈ ਸਿੰਘਾਂ-ਸਿੰਘਣੀਆਂ ਨੇ ਵੱਡੀਆਂ ਵੱਡੀਆਂ ਕੁਰਬਾਨੀਆਂ ਕੀਤੀਆਂ।ਮਾਵਾਂ ਦੇ ਲਾਲ ਸ਼ਹੀਦੀਆਂ ਦੇ ਜਾਮ ਪੀਣ ਤੁਰ ਪਏ।ਹਮਲਾਵਰਾਂ ਦੀਆਂ ਸਿੱਖੀ ਖਤਮ ਕਰਨ ਦੀਆਂ ਤੇ ਸਿਖ ਇਤਿਹਾਸ ਨੂੰ ਗੁੰਧਲਾ ਕਰਕੇ,ਉਨ੍ਹਾਂ ਰਾਹੀਂ ਹੀ ਤੇ ਉਨ੍ਹਾਂ ਦੀ ਮਰਜੀ ਮੁਤਾਬਿਕ ਸਿੱਖ ਇਤਿਹਾਸ ਲਿਖਣ ਦੀਆਂ ਲੂੰਬੜ-ਚਾਲਾਂ ਫ਼ੇਲ ਕਰਨ ਲਈ,ਸਿੰਘ ਸੂਰਮੇਂ ਜੱਗ ਦੇ ਵੇਹੜੇ ਵਿਚ ਸਚਾਈ ਦੀਆਂ ਆਤਿਸ਼ਬਾਜੀਆਂ ਦਾ ਰੂਪ ਧਾਰ ਕੇ ਜਲ

ਗਏ।ਗੁਰੂ ਗੋਬਿੰਦ ਸਿੰਘ ਜੀ ਦੇ ਦੁਲਾਰੇ ਝੂਠ ਰੂਪੀ ਹਨੇਰੇ ਦਾ ਸੀਨਾ ਚੀਰ ਕੇ ਸਚਈ ਦੇ ਚੰਗਿਆੜਿਆਂ ਦਾ ਮੀਂਹ ਵਰਾਉਂਦੇ ਹੋਏ ਅਰਸ਼ੀ-ਪ੍ਰੀਤਮ ਦੇ ਦਰਬਾਰ ਵਿਚ ਜਾ ਹਾਜ਼ਰ ਹੋਏ।ਸ਼ਹੀਦਾਂ ਸਿੰਘਾਂ ਸਿੰਘਣੀਆਂ ਦੀਆਂ ਅਮਰ ਪਦਵੀਆਂ ਪਾ ਕੇ ਮਨੁਖੀ ਜੀਵਨ ਦਾ ਲਾਹਾ ਖੱਟ ਗਏ। ਏਧਰ ਸ਼ੇਤਾਨੀ ਹਮਲਾਵਰਾਂ ਦੇ ਹੈਵਾਨੀ ਸਿਪਾਹੀਆਂ ਨੇ ਆਪਣੇ ਰਾਖਸ਼ਿਸ ਅਫਸਰਾਂ ਕੋਲੋਂ ਮੰਦੇ ਕਰਮਾਂ ਲਈ ਤਮਗੇ ਪ੍ਰਾਪਤ ਕਰਕੇ ਉਚੀਆਂ ਕੁਰਸੀਆਂ ਤਾਂ ਮੱਲ ਲਈਆਂ ਪਰ ਮਨੁਖਾ ਜੀਵਨ ਨੂੰ ਅਜਾਈਂ ਗੁਆ ਕੇ ਧਰਮਰਾਜ ਦੀ ਸੱਚੀ ਕਚਹਿਰੀ ਵਿਚ ਮਿਲਣ ਵਾਲੀਆਂ,ਕਾਲੇ ਕਰਮਾਂ ਦੀਆਂ ਸਜਾਵਾਂ ਦੇ ਭਾਗੀਦਾਰ ਬਣੇ।

ਬੀਬੀ ਨਰਿੰਦਰ ਕੌਰ ਸਟੇਜ ਉਤੇ ਜਾ ਕੇ ਮਿੱਠੀ ਅਵਾਜ਼ ਵਿਚ ਭਾਵੁਕ ਹੋ ਕੇ 'ਕੇਸਰੀ ਪੱਗਾਂ ਦੀ ਰੁਤ ਆਈ'ਵਾਲਾ ਗੀਤ ਗਾਇਆ ਕਰਦੀ ਸੀ। ਦਿਲੀ-ਦੰਗਿਆਂ ਦੀ ਉਸਦੀ ਆਪਣੀ ਹੱਡ-ਬੀਤੀ ਦਾ ਜ਼ਿਕਰ ਇਸ ਗੀਤ ਰਾਹੀਂ ਸੁਣ ਕੇ, ਪੰਥ-ਪ੍ਰੇਮੀਆਂ ਦੇ ਦਿਲ ਵਲੂੰਧਰੇ ਜਾਂਦੇ ਸਨ। ਇਹ ਗੀਤ ਉਨ੍ਹਾਂ ਦਿਨਾਂ ਵਿਚ ਬੜਾ ਪ੍ਰਚਲਤ ਹੋਇਆ ਸੀ...'ਕੇਸਰੀ ਪੱਗਾਂ ਦੀ ਰੁਤ ਆਈ ਨੀ ਅੰਮੀਏਂ...ਕੇਸਰੀ ਪੱਗਾਂ ਦੀ ਰੁਤ ਆਈ! ਹਰ ਵੀਰੇ ਦੀਆਂ ਅੱਖੀਆਂ ਦੇ ਵਿਚ ਰੋਹ ਦੀ ਲਾਲੀ ਛਾਈ।'



ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਬੀਬੀ ਨਰਿੰਦਰ ਕੌਰ ਸਟੇਜ ਉਪਰ ਖੜ੍ਹੀ— 'ਕੇਸਰੀ ਪੱਗਾਂ ਦੀ ਰੁੱਤ ਆਈ 'ਗਾਉਂਦੀ ਹੋਈ।ਪਿੱਛੇ,ਸਟੇਜ ਉਪਰ ਸ਼ਹੀਦ ਬਿਅੰਤ ਸਿੰਘ ਦੀ ਪਤਨੀ ਬਿਮਲ ਕੌਰ ਖਾਲਸਾ,ਉਸਦਾ ਬੱਚਾ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਲੀਡਰ ਬੈਠੇ ਦਿਖਾਈ ਦੇ ਰਹੇ ਹਨ।

ਦੰਗਿਆਂ ਦੀ ਮਾਰ-ਧਾੜ ਵਿਚੋਂ ਜਾਨਾਂ ਬਚਾ ਕੇ ਜਿਹੜੇ ਸਿੱਖ ਪੰਜਾਬ ਪਹੁੰਚ ਗਏ,ਉਨ੍ਹਾਂ ਦੇ ਜ਼ਖਮਾਂ ਉਤੇ ਮਲ੍ਹਮ-ਪੱਟੀ ਲਾਉਣ ਲਈ ਪੰਜਾਬ ਦੇ ਸਿੱਖਾਂ ਨੇ ਪੂਰੀ ਹਮਦਰਦੀ ਨਾਲ ਉਨ੍ਹਾਂ ਦਾ ਦੁੱਖ ਵੰਡਾਇਆ। ਥਾਂ ਥਾਂ ਕੈਂਪ ਲਗਾਏ ਗਏ। ਇਸੇ ਤਰ੍ਹਾਂ ਦਾ ਹੀ ਇਕ ਕੈਂਪ ਲੜਕਿਆਂ ਦੇ ਜੀ.ਜੀ.ਐਨ. ਖਾਲਸਾ ਕਾਲਿਜ ਲੁਧਿਆਣੇ ਵਿਚ ਵੀ ਲਗਾਇਆ ਗਿਆ।ਹਮਦਰਦੀ ਤੇ ਜਜ਼ਬਾਤਾਂ ਨਾਲ ਭਰੇ ਨੌਜਵਾਨ ਲੜਕੇ ਰੇਲਵੇ ਸਟੇਸ਼ਨ ਤੇ ਜਾ ਕੇ ਦੰਗੇ-ਪੀੜਤਾਂ ਨੂੰ ਗੱਡੀਆਂ ਵਿਚੋਂ ਲੱਭ ਕੇ ਕੈਂਪ ਵਿਚ ਲਿਅਉਂਦੇ।ਅਗੋਂ ਲੁਧਿਆਣਾਂ ਨਿਵਾਸੀ ਦੁੱਖਾਂ ਵਿਚ ਨਪੀੜੇ ਹੋਇਆਂ ਪੀੜਤਾਂ ਦੇ ਦਰਦ ਹੰਡਾਉਂਦੇ ਹੋਏ ਸੇਵਾ ਵਿਚ ਜੁੱਟ ਜਾਂਦੇ।ਇਹਨਾਂ ਪੀੜਤਾਂ ਵਿਚ ਜ਼ਿਆਦਾ ਔਰਤਾਂ ਹੀ ਸੀ। ਜਿਹੜੀਆਂ ਆਪਣੇ ਪਤੀ ਪੁਤਰਾਂ ਤੇ ਹੋਰ ਰਿਸ਼ਤੇਦਾਰਾਂ ਨੂੰ ਦੰਗਿਆਂ ਵਿਚ ਗੁਆ ਚੁਕੀਆਂ ਸਨ।ਹਰ ਔਰਤ ਦੀ ਕਹਾਣੀ ਸੁਣ ਕੇ ਲੂੰ-ਕੰਡੇ ਖੜ੍ਹੇ ਹੁੰਦੇ ਸਨ।ਘਰ ਅਤੇ ਦੁਕਾਨਾਂ ਫੂਕ ਹੋਣ ਪਿਛੋਂ ਇਕ ਬਜ਼ੁਰਗ ਔਰਤ ਆਪਣੀਆਂ ਜਵਾਨ ਧੀਆਂ ਅਤੇ ਨੋਹਾਂ ਨੂੰ ਲੈ ਕੇ ਬੈਠੀ ਹੋਈ ਸੀ ਜਿਹੜੀਆਂ ਸਾਰੀਆਂ ਹੀ ਵਿਧਵਾ ਹੋ ਚੁੱਕੀਆਂ ਸੀ।

ਇਕ ਦਿਨ ਇਕ ਚੌਦਾਂ ਸਾਲ ਦਾ ਲੜਕਾ ਆਪਣੀ ਮਾਂ ਨਾਲ ਇਨ੍ਹਾਂ ਦੁਖਿਆਰੀਆਂ ਲਈ ਕੁਝ ਕਪੜੇ ਤੇ ਹੋਰ ਲੋੜੀਂਦੀਆਂ ਵਸਤਾਂ ਲੈ ਕੇ ਗਿਆ।ਵਸਦੇ ਰਸਦੇ ਘਰਾਂ ਵਾਲਿਆਂ ਨੂੰ ਇਸ ਤਰ੍ਹਾਂ ਦੁਖਾਂ ਵਿਚ ਕਰ੍ਹਾ ਹੁੰਦਾ ਦੇਖ ਕੇ,ਛੋਟੇ ਜਿਹੇ ਲੜਕੇ ਦੇ ਦਿਲ ਉਤੇ ਗਹਿਰਾ ਅਸਰ ਹੋਇਆ।ਉਸਨੇ ਆਪਣੀ ਮਾਂ ਨੂੰ ਕਿਹਾ,-"ਮਮੀ!ਇਸ ਸਾਲ ਜਿਹੜੇ ਪੈਸੈ ਤੁਸੀਂ ਸਾਡੇ ਗਰਮ ਕਪੜੇ ਖਰੀਦਣ ਲਈ ਖਰਚਣੇ ਸੀ।ਉਹਨਾਂ ਪੈਸਿਆਂ ਨਾਲ ਇਨ੍ਹਾਂ ਲੋਕਾਂ ਦੀ ਮਦਦ ਕਰ ਦਿਓ। ਅਸੀਂ ਸਰਦੀਆਂ ਲਈ ਨਵੇਂ ਕਪੜੇ ਨਹੀਂ ਖਰੀਦਾਂਗੇ।ਪਿਛਲੇ ਸਾਲ ਵਾਲੇ ਪਾ ਕੇ ਗੁਜਾਰਾ ਕਰ ਲਵਾਂਗੇ।" ਦੂਜੇ ਦਿਨ ਮਾਂ ਪੁਤੱਰ ਦੋਨੋ ਆਏ ਤੇ ਵਧ ਤੋਂ ਵਧ ਜਿੰਨਾ ਹੋ ਸਕਿਆ ਸੇਵਾ ਵਿਚ ਹਿੱਸਾ ਪਾਇਆ।ਉਮਰ ਦੇ ਹਿਸਾਬ ਨਾਲ ਵਾਧੇ ਪਏ ਲੜਕੇ ਦੀਆਂ ਪਿਛਲੇ ਸਾਲ ਦੀਆਂ ਸਕੂਲ ਯੂਨੀਫਾਰਮ ਦੀਆਂ ਜਰਸੀਆਂ ਉਚੀਆਂ ਹੋ ਗਈਆਂ ਸੀ।ਮਾਂ ਨੇ ਪੈਂਟਾਂ ਉਧੇੜ ਕੇ ਥੋੜ੍ਹਾ ਬਹੁਤ ਠੀਕ ਕਰ ਦਿਤੀਆਂ।ਪਰ ਜਰਸੀਆਂ ਠੀਕ ਨਾ ਹੋ ਸਕੀਆਂ।ਲੜਕਾ ਉਸੇ ਤਰ੍ਹਾਂ ਹੀ ਸਕੂਲ ਜਾਂਦਾ ਰਿਹਾ ਉਸ ਨੇ ਇਕ ਵਾਰੀ ਵੀ ਨਵੇਂ ਕੱਪੜੇ ਲੈਣ ਲਈ ਨਾ ਕਿਹਾ।

ਇਕ ਦਿਨ ਕਾਲਿਜ ਦੇ ਹਾਲ ਵਿਚ ਦੰਗਾ-ਪੀੜਤਾਂ ਦੀ ਹਮਦਰਦੀ ਅਤੇ ਸਰਕਾਰੀ ਜਬਰ-ਜ਼ੁਲਮ ਦੇ ਖਿਲਾਫ ਭਾਰੀ ਇਕੱਠ ਹੋਇਆ।ਪਟਿਆਲੇ ਦੇ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ ਵੀ ਪਹੁੰਚੇ।ਉਨ੍ਹਾਂ ਬੜੇ ਭਾਵੁਕ ਹੋ ਕੇ ਭਾਸ਼ਨ ਦਿਤਾ। ਜਦੋਂ ਸਭ ਦੇ ਭਾਸ਼ਨ ਹੋ ਚੁੱਕੇ ਤਾਂ ਬੀਬੀ ਨਰਿੰਦਰ ਕੌਰ ਸ਼ਬਦ ਕੀਰਤਨ ਕਰਨ ਲਈ ਹਰਮੋਨੀਅਮ ਦੇ ਅਗੇ ਆ ਕੇ ਬੈਠੀ।ਸ਼ਬਦ ਪੜ੍ਹਨ ਤੋਂ ਪਹਿਲੇ ਸਿੰਘਣੀਆਂ ਵਾਲੀ ਸੂਰਮ-ਗਤੀ ਨਾਲ ਉਸਨੇ ਆਪਣੇ ਪਤੀ,ਪੁੱਤਰ ਤੇ ਭਤੀਜੇ ਨੂੰ ਸ਼ਹੀਦ ਕਹਿ ਕੇ,ਉਸ ਬਰਬਾਦੀ ਦਾ ਹਾਲ ਸੁਣਾਇਆ,ਜਿਹੜੀ ਉਸਦੀ ਆਪਣੀ ਹੱਡ-ਬੀਤੀ ਸੀ। ਤੇ ਫਿਰ ਉਸ ਨੇ ਆਪਣੇਂ ਦਾਦੇ ਦੀ ਸਿੰਘ ਸਭਾ ਦੇ ਮੋਰਚੇ ਵਿਚ ਪ੍ਰਾਪਤ ਕੀਤੀ ਹੋਈ ਸ਼ਹੀਦੀ ਬਾਰੇ ਦਸਿਆ।ਸ਼ਹੀਦ ਦੀ ਪੋਤਰੀ ਹੋਣ ਕਰਕੇ ਵਿਰਸੇ ਵਿਚੋਂ ਹੀ ਸ਼ਹੀਦੀਆਂ ਦਾ ਸਰਮਾਇਆ ਮਿਲਣ ਦਾ ਮਾਣ ਮਹਿਸੂਸ ਕਰਨ ਦੀ ਗਲ ਕੀਤੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਏ ਪੂਰਨਿਆਂ ਉਤੇ ਚਲਣ ਲਈ ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ। ਗੁਰੂ-ਚਰਨਾਂ ਵਿਚ ਲੀਨ ਹੋ ਕੇ ਸ਼ਬਦ-ਕੀਰਤਨ ਹੋਣ ਪਿਛੋਂ ਇਕੱਠ ਦੀ ਸਮਾਪਤੀ ਹੋ ਗਈ ਤੇ

ਸਾਰੇ ਆਪੋ ਆਪਣੇ ਘਰਾਂ ਨੂੰ ਤੁਰ ਪਏ।ਮਹਾਰਾਜਾ ਪਟਿਆਲਾ ਨੇ ਜਾਣ ਤੋਂ ਪਹਿਲੇ ਪ੍ਰੋਗਰਾਮ ਦੇ ਇਨਚਾਰਜ ਪ੍ਰੋਫੈਸਰਾਂ ਨਾਲ ਗਲ ਕੀਤੀ ਕਿ ਬੀਬੀ ਨਰਿੰਦਰ ਕੌਰ ਨੂੰ ਪੈਸਿਆਂ ਦੀ ਮਦਦ ਦਿਤੀ ਜਾਵੇ।ਪਰ ਨਰਿੰਦਰ ਕੌਰ ਨੇ ਅਗੋਂ ਇਹ ਜਵਾਬ ਦਿਤਾ ਕਿ ਉਹ ਕਦੀ ਨਹੀਂ ਚਹੁੰਦੀ ਕਿ ਉਸ ਦੀ ਕੌਮ ਬਿਦੋਸ਼ਿਆਂ ਅਤੇ ਮਸੂਮਾਂ ਉਤੇ ਜ਼ੁਲਮ ਢਾਹੇ ਪਰ ਕੌਮ ਦੇ ਆਗੂਆਂ ਅਤੇ ਮਹਾਰਾਜਾ ਸਾਹਿਬ ਅਗੇ ਉਸਦੀ ਬੇਨਤੀ ਹੈ ਕਿ ਉਹ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ...।ਇਹੀ ਉਸ ਦੀ ਸਚੇ ਦਿਲ ਦੀ ਪੁਕਾਰ ਹੈ ਅਤੇ ਇਹੋ ਹੀ ਉਸਦੀ ਅਸਲੀ ਮਦਦ ਹੈ।ਉਸਨੇ ਪੈਸਿਆਂ ਦੀ ਮਦਦ ਕਬੂਲ ਨਹੀਂ ਕੀਤੀ।ਬੇਸ਼ਕ ਉਹ ਉਸ ਵੇਲੇ ਕਿਸੇ ਦੇ ਘਰ ਵਿਚ ਇਕ ਘੁਰਨੇ ਵਰਗਾ ਕਮਰਾ ਕਿਰਾਏ ਤੇ ਲੈ ਕੇ ਮਾਸੂਮ ਬਚਿਆਂ ਨਾਲ ਗੁਜਾਰਾ ਕਰ ਰਹੀ ਸੀ।

*******************

# ਅਸੀਂ ਸਿੱਖ ਹਾਂ

ਹਾਂ ਜੀ..!ਅਸੀਂ ਸਿੱਖ ਹਾਂ।ਅਸੀਂ ਬਾਬੇ ਨਾਨਕ ਦੇ ਬੇੜੇ ਦੇ ਸਵਾਰ ਹਾਂ।**ਦਸੋ ਪਾਤਿਸ਼ਾਹੀਆਂ ਦੀ ਜੋਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਝੋਲੇ ਇਸ ਬੇੜੇ ਨੂੰ ਅੱਗੇ ਤੋਰਦੇ ਹਨ**।ਗੁਰੂਆਂ ਭਗਤਾਂ ਤੇ ਫਕੀਰਾਂ ਦੇ ਹੱਥੀ ਫੜੇ ਚੱਪੂ,ਸਾਨੂੰ ਸੰਸਾਰ ਸਾਗਰ ਦੀਆਂ ਭਵਜਲ ਲਹਿਰਾਂ ਵਿਚ ਡਿਗਣ ਤੋਂ ਬਚਾਉਂਦੇ ਹਨ।




ਅਸੀਂ ਕੀ ਹਾਂ..?ਕਦੋਂ ਤੋਂ ਤੁਰੇ ਹੋਏ ਹਾਂ...?ਤੇ ਹੁਣ ਅਸੀਂ ਕੀ ਹਾਂ..?ਇਸ ਮਸਲੇ ਨੂੰ ਗਹੁ ਨਾਲ ਵਿਚਾਰੀਏ ਤਾਂ ਪਤਾ ਲਗਦਾ ਹੈ ਕਿ ਅਨੰਤ ਕਾਲ ਦੇ ਚੱਕਰ ਵਿਚ ਫਸੇ ਹੋਇਆਂ ਨੇ

ਪਤਾ ਨਹੀਂ ਅਸੀਂ ਕਿੰਨੀ ਕੁ ਵਾਰੀ ਚੁਰਾਸੀ ਲੱਖ ਜੂਨਾਂ ਦਾ ਸਫਰ ਤਹਿ ਕੀਤਾ ਹੈ।ਪਰ ਇਹ ਗੱਲ ਸਪੱਸ਼ਟ ਹੈ ਕਿ ਇਸ ਵੇਲੇ ਅਸੀਂ ਸਿੱਖ ਹਾਂ। ਸਾਡੀ ਆਪਣੀ ਇਕ ਵੱਖਰੀ ਕੌਮ ਹੈ।

ਹਾਂ...! ਸ਼ਾਇੰਸਦਾਨਾਂ ਦੀ ਖੋਜ ਮੁਤਾਬਿਕ ਬਾਂਦਰਾਂ ਦੀ ਸ਼ਕਲ ਮਨੁੱਖਾਂ ਨਾਲ ਮਿਲਦੀ ਜੁਲਦੀ ਹੈ ਤੇ ਉਹ ਮਨੁੱਖਾ ਜਾਤੀ ਦੇ ਪੁਰਖੇ ਹਨ।ਸਾਡੇ ਪੁਰਖਿਆਂ(ਬਾਂਦਰਾਂ) ਨੇ ਜੰਗਲਾਂ ਵਿਚੋਂ ਨਿਕਲ ਕੇ ਘਰ ਵਸਾਉਣੇ ਸ਼ੁਰੂ ਕੀਤੇ।ਸਾਡੀਆਂ ਸ਼ਕਲਾਂ ਵਿਚ ਨਿਖਾਰ ਆਇਆ ਸਾਡੀਆਂ ਪੂਛਾਂ ਪਤਾ ਨਹੀਂ ਕਿੱਧਰ ਗਈਆਂ?ਅਸੀਂ ਸੋਹਣੇ ਸੁਨੱਖੇ ਪ੍ਰਾਣੀ ਅਕਲਾਂ ਵਾਲੇ,ਗੁਣੀ ਗਿਆਨੀ ਬਣ ਗਏ।ਸਾਡੀ ਸਭਿਅਤਾ ਤੇ ਸਭਿਆਚਾਰ ਨੇ ਤਰੱਕੀ ਕੀਤੀ।ਅਸੀਂ ਆਰੀਅਨ ਕਹਿਲਾਉਣ ਲੱਗੇ।

ਉਦੋਂ ਪਾਣੀ ਕੁਦਰਤੀ ਸਾਧਨਾਂ ਤੋਂ ਹੀ ਪ੍ਰਾਪਤ ਹੁੰਦਾ ਸੀ।ਦਰਿਆਵਾਂ ਦੇ ਕੰਢਿਆਂ ਉਤੇ ਹੀ ਵਸੋਂ ਹੋਇਆ ਕਰਦੀ ਸੀ ਇਸ ਲਈ ਅਸੀਂ ਪੰਜਾਂ ਦਰਿਆਵਾਂ ਦੇ ਕੰਢਿਆਂ ਉਤੇ ਬੈਠ ਕੇ ਵੇਦਾਂ ਦੀ ਰਚਨਾਂ ਕੀਤੀ।ਇਸੇ ਕਰਕੇ ਹੀ ਸਾਡੀ ਹੁਣ ਦੀ ਪੰਜਾਬੀ ਬੋਲੀ, ਉਸ ਸਮੇ ਦੇ ਲੋਕਾਂ ਦੀ ਮਾਤ ਭਾਸ਼ਾ(ਸੰਸਕ੍ਰਿਤ)ਦੇ ਨਾਲ ਬਾਕੀ ਬੋਲੀਆਂ ਨਾਲੋਂ ਜ਼ਿਆਦਾ ਮਿਲਦੀ ਜੁਲਦੀ ਹੈ ਤੇ ਪੰਜਾਬੀ ਨੂੰ ਸੰਸਕ੍ਰਿਤੀ ਦੀ ਜੇਠੀ ਧੀ ਵੀ ਕਿਹਾ ਜਾਂਦਾ ਹੈ।

ਅਸੀਂ ਰਿਸ਼ੀ ਮੁਨੀ ਬਣੇ।ਵੇਦ ਮੰਤਰਾਂ ਦੇ ਪੁਜਾਰੀ ਬਣੇ।ਵੇਦ ਬਾਣੀ ਦੀ ਸੁਚੱਮਤਾ ਨੂੰ ਸੰਭਾਲਣ ਲਈ ਅਸੀਂ ਹਰ ਹੀਲਾ ਵਰਤਿਆ।ਖੈਰ..!ਕਿਸੇ ਤਰ੍ਹਾਂ ਵੀ..! ਅਸੀਂ ਵੇਦਾਂ ਦਾ ਮੂਲ ਬਚਾ ਲਿਆ।ਆਮ ਅਣਜਾਣ,ਬੇਸਮਝਾਂ,ਦੁਸ਼ਮਣਾਂ ਤੇ ਸ਼ਰਾਰਤੀ ਪ੍ਰਾਣੀਆ ਕੋਲ ਵੇਦ ਬਾਣੀ ਜਾਣ ਦੀ ਖੁਲ੍ਹ ਦੇਣ ਨਾਲ ਵੇਦ ਬਾਣੀ ਦਾ ਮੂਲ ਵਿਗੜ ਸਕਦਾ ਸੀ।ਬੇਸਮਝ ਜਾਂ ਸ਼ਰਾਰਤੀ ਅਨਸਰ, ਜਾਣੇ ਅਣਜਾਣੇ ਵਿਚ ਕੋਈ ਹੇਰਾ ਫੇਰੀ ਕਰ ਸਕਦੇ ਸੀ।ਜਿਵੇਂ ਕਿ ਅਜ ਕਲ੍ਹ ਸਾਡੇ ਧਰਮ ਗ੍ਰੰਥਾਂ ਨਾਲ ਹੋ ਰਿਹਾ ਹੈ ਪਰ ਅਸੀਂ ਹਰ ਹਾਲਤ ਵਿਚ, ਪੂਰਾ ਪਹਿਰਾ ਦਿੱਤਾ ਅਤੇ ਚੰਗੇ ਭਾਗਾਂ ਨਾਲ ਵੇਦ ਬਚਾ ਲਏ।ਜਿਵੇਂ ਮੁਸਲਮਾਨਾਂ ਨੇ ਆਪਣਾ ਕੁਰਾਨ ਬਚਾਇਆ ਹੋਇਆ ਹੈ।ਧ੍ਰਮ ਗ੍ਰੰਥ ਕੌਮਾਂ ਦਾ ਅਣਮੋਲ ਸਰਮਾਇਆ ਹੁੰਦਾ ਹੈ।ਲੋਕੀਂ ਇਨ੍ਹਾਂ ਨੂੰ ਜਿੰਦ ਜਾਨ ਨਾਲ ਪਿਆਰ ਕਰਦੇ ਹਨ ਤੇ ਇਨ੍ਹਾਂ ਦੀ ਪਵਿੱਤ੍ਰਤਾ ਤੇ ਸੁਚੱਮਤਾ ਨੂੰ ਕਾਇਮ ਰੱਖਣ ਲਈ ਕੁਰਬਾਨ ਹੋ ਜਾਂਦੇ ਹਨ।ਅਸੀਂ ਵੀ ਆਪਣੀ ਸੰਸਕ੍ਰਿਤੀ ਨੂੰ ਪਿਆਰ ਕੀਤਾ ਤੇ ਵੇਦਾਂ ਦੇ ਮੂਲ ਨੂੰ ਆਂਚ ਨਹੀਂ ਆਉਣ ਦਿੱਤੀ।ਸਾਡੀ ਹਿੰਮਤ ਅਤੇ ਮਿਹਨਤ ਦੇ ਫਲ ਸਰੂਪ ਹੀ ਅੱਜ ਦੁਨੀਆਂ ਦੇ ਸਾਇੰਸਦਾਨਾਂ ਨੂੰ ਸਾਇੰਸ ਦੀ ਖੋਜ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਨਾਲ ਵੇਦਾਂ ਤੋਂ ਵੀ ਬਹੁਤ ਕੁਝ ਮਿਲ ਰਿਹਾ ਹੈ।

ਸ਼ਾਡੇ ਪੰਜ ਪਾਣੀਆਂ ਦੀ ਧਰਤੀ ਨੇ ਸਾਡੀ ਰਿਸ਼ੀਆਂ ਮੁਨੀਆਂ ਦੀ ਸਭਿਅਤਾ ਨੂੰ ਸਭਿਆਚਾਰਿਕ ਗੁਣ ਬਖਸ਼ੇ। ਅਸੀਂ ਧੰਨਵਾਨ ਹੋਏ।ਗਵਾਂਢੀ ਦੇਸ਼ ਸਾਡੇ ਦੇਸ਼ ਨੂੰ ਸੋਨੇ ਦੀ ਚਿੜੀ ਕਹਿਣ ਲੱਗੇ।ਧੰਨ ਲੁੱਟਣ ਲਈ ਪੰਜਾਬ ਦੀਆਂ ਹੱਦਾਂ ਟੱਪ ਕੇ ਹਮਲਾਵਰਾਂ ਨੇ ਲੁੱਟਾਂ ਖੋਹਾਂ ਦਾ ਸਿਲਸਿਲਾ ਸ਼ੁਰੂ ਕੀਤਾ।'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ।'ਦੀ ਕਹਾਵਤ ਅਨੁਸਾਰ ਪੰਜਾਬੀਆਂ ਨੂੰ ਹਮਲਾਵਰਾਂ ਦਾ ਮੁਕਾਬਲਾ ਕਰਨ ਲਈ ਹਮੇਸ਼ਾਂ ਤਿਆਰ ਰਹਿਣਾਂ ਪੈਂਦਾ।ਇਨ੍ਹਾਂ ਹਮਲਾਵਰਾਂ ਵਿਚੋਂ ਹੀ ਕਈਆਂ ਨੂੰ ਇਹ

ਸੋਨੇ ਦੀ ਚਿੜੀ ਕੁਝ ਜ਼ਿਆਦਾ ਹੀ ਪਸੰਦ ਆ ਜਾਂਦੀ ਤੇ ਉਹ ਵਾਪਿਸ ਜਾਣ ਦੀ ਥਾਂ ਇਥੇ ਹੀ ਵਸੇਬਾ ਕਰ ਲੈਂਦੇ।ਅਸੀਂ ਉਨ੍ਹਾਂ ਨੂੰ ਵੀ ਆਪਣੇ ਵਿਚੇ ਹੀ ਸਮਾ ਲਿਆ।ਪਰ ਇਸ ਦਾ ਨਤੀਜਾ ਇਹ ਨਿਕਲਿਆ ਕਿ ਅਸੀਂ ਇਕ ਨਾ ਰਹੇ,ਸਾਡੇ ਵਿਚ ਪਾੜ ਪੈ ਗਏ।ਮੁਸਲਿਮ ਧਰਮ ਵਿਚ ਆਣ ਖੜੋਇਆ।

ਮੁਗਲ ਰਾਜਿਆਂ ਦੀ ਛਤਰ ਛਾਇਆਂ ਹੇਠ ਮੁਸਲਿਮ ਧਰਮ ਦੀ ਚੜ੍ਹਤ ਹੋਈ।ਜਦੋਂ ਮੁਗਲ ਰਾਜੇ ਔਰੰਗਜ਼ੇਬ ਨੇ ਦੇਸ਼ ਵਿਚੋਂ ਹਿੰਦੂ ਧਰਮ ਨੂੰ ਖਤਮ ਕਰਨ ਦੀ ਠਾਣ ਲਈ ਅਤੇ ਜਬਰਦਸਤੀ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਜਬਰ ਜੁਲਮ ਦੀ ਹੱਦ ਕਰ ਦਿੱਤੀ ਤਾਂ ਕਸ਼ਮੀਰੀ ਪੰਡਿਤਾਂ ਦੀ ਫਰਿਆਦ ਸੁਣ ਕੇ **ਗੁਰੂ ਬਾਲਿਕ ਗੋਬਿੰਦ ਰਾਏ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਵਾ ਕੇ** ਲੋਕਾਂ ਵਿਚ ਇਕ ਨਵੀਂ ਜਾਗ੍ਰਤੀ ਦਾ ਜਜ਼ਬਾ ਭਰਿਆ।ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ,-



ਅਬ ਕੀ ਕਹੂੰ ਨਾ ਤਬ ਕੀ॥

ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ

ਸੁੰਨਤ ਹੋਤੀ ਸਭ ਕੀ॥

ਗੁਰੂ ਗੋਬਿੰਦ ਸਿੰਘ ਜੀ ਨੇ ਮਜ਼ਲੂਮਾਂ ਦੀ ਰੱਖਿਆ ਲਈ ਮੁਗਲ ਰਾਜਿਆਂ ਨਾਲ ਯੁਧ ਕਰਕੇ ਮੁਗਲਾਂ ਦੇ ਦੰਦ ਖੱਟੇ ਕੀਤੇ।ਜੁਲਮ ਨੂੰ ਠੁੱਲ ਪਈ।

ਹਿੰਦੂ ਧਰਮ ਬਚ ਗਿਆ।ਪਰ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸਦੇ ਵਿਚੋਂ ਹੀ ਇਕ ਹੋਰ ਧਰਮ ਪੈਦਾ ਹੋ ਗਿਆ।**ਸਿੱਖ ਧਰਮ...!** ਖੰਡੇ ਬਾਟੇ ਦੀ ਪਾਹੁਲ ਨਾਲ ਖਾਲਸਾ ਪੰਥ ਦੀ ਸਿਰਜਨਾਂ ਹੋਈ।ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਪਾਨ ਕਰਕੇ ਗੁਰੂ ਜੀ, ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਦਾ ਸਰੂਪ ਧਾਰ ਗਏ ਤੇ ਸੀਸ ਭੇਟ ਕਰਕੇ ਸਿੱਖੀ ਦੀ ਦਾਤ ਪ੍ਰਪਤ ਕਰਨ ਵਾਲੇ ਪੰਜ ਪਿਆਰੇ ਜਾਤ ਪਾਤ ਦੇ ਨਾਮੋ ਨਿਸ਼ਾਨ ਮਿਟਾ ਕੇ ਨਿਆਰੇ **ਖਾਲਸੇ ਦੇ ਰੂਪ ਵਿਚ ਪ੍ਰਗਟ ਹੋਏ।**

ਉਨ੍ਹਾਂ ਪੰਜਾਂ ਤੋਂ ਅੱਜ ਅਸੀਂ ਕਿੰਨੇ ਹੋ ਗਏ ਹਾਂ...? ਇਸ ਨਵ-ਜੰਮੇ ਧਰਮ ਦੀ ਉਮਰ ਕੋਈ ਖਾਸ ਲੰਮੇਰੀ ਤਾਂ ਨਹੀਂ ਹੋਈ।ਫਿਰ ਵੀ ਅਸੀਂ ਦੁਨੀਆਂ ਦੇ ਹਰ ਕੋਨੇ ਵਿਚ ਦਿਸ ਪੈਂਦੇ ਹਾਂ।ਬਾਹਰਲੇ ਦੇਸ਼ਾਂ ਦੇ ਲੋਕਾਂ ਦਾ ਝੁਕਾ ਸਿੱਖ ਧਰਮ ਵਲ ਵਧ ਰਿਹਾ ਹੈ।ਸੱਚ ਦੇ ਖੋਜੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਜੋਤ ਨੂੰ ਪਛਾਨਣ ਵਾਲੇ ਪ੍ਰਾਣੀ ਸਿੱਖ ਧਰਮ ਦੀਆਂ ਖੂਬੀਆਂ ਦੇਖ ਕੇ ਇਸ ਨੂੰ ਅਪਣਾ ਰਹੇ ਹਨ।ਗੁਰਸਿੱਖੀ ਜੀਵਨ ਦੇ ਚੜ੍ਹਦੀ ਕਲਾ ਦੇ ਰੰਗਾਂ ਦੀ ਛਹਿਬਰ ਵਿਚ ਰੱਜ ਰੱਜ ਕੇ ਨਹਾਉਣ ਕਈ ਬਾਣੀ

ਅਤੇ ਬਾਣੇ ਦੇ ਧਾਰਣੀ ਹੋ ਰਹੇ ਹਨ।ਦੇਸ਼ਾਂ ਬਿਦੇਸ਼ਾਂ ਵਿਚ ਗੁਰਦੁਆਰਿਆਂ ਦੀਆਂ ਸੁੰਦਰ ਇਮਾਰਤਾਂ ਵਿਚੋਂ ਧੁਰ ਕੀ ਬਾਣੀ ਦੀ ਅੰਮ੍ਰਿਤ ਬਰਖਾ ਹੋ ਰਹੀ ਹੈ।

ਅਸੀਂ ਸਿੱਖ ਹਾਂ।ਸਾਨੂੰ ਸਿੱਖੀ ਪਿਆਰੀ ਹੈ।'ਸਿਰ ਜਾਏ ਤਾਂ ਜਾਏ ,ਮੇਰਾ ਸਿੱਖੀ ਸਿਦਕ ਨਾ ਜਾਏ।'ਗੁਰਸਿੱਖੀ ਨੂੰ ਪਿਆਰ ਕਰਨ ਵਾਲਿਆਂ ਨੇ ਬੰਦ ਬੰਦ ਕਟਵਾ ਲਏ,ਪੁੱਠੀਆਂ ਖੱਲਾਂ ਲੁਹਾ ਲਈਆਂ ਆਰਿਆਂ ਨਾਲ ਚਿਰਵਾਏ ਗਏ ਪਰ ਸਿੱਖੀ ਸਿਦਕ ਨਹੀਂ ਹਾਰਿਆ। ਸਭ ਨੂੰ ਆਪਣਾਂ ਧਰਮ ਪਿਆਰਾ ਹੁੰਦਾ ਹੈ।ਪਰ ਧਰਮ ਵਿਚ ਪ੍ਰਪੱਕ ਹੋਣਾ ਹਰ ਇਕ ਦੇ ਵੱਸ ਦੀ ਗੱਲ ਨਹੀਂ ਹੁੰਦੀ।ਉਹ ਵਿਰਲੇ ਹੀ ਹੁੰਦੇ ਹਨ ਜਿਹੜੇ ਆਪਣੇ ਧਰਮ ਦੇ ਅਸੂਲਾਂ ਦੀ ਅਤੇ ਮਰਿਆਦਾ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹੋਣ।ਮੰਦਰਾਂ ਗੁਰਦੁਆਰਿਆਂ ਮਸੀਤਾਂ ਅਤੇ ਚਰਚਾਂ ਦੇ ਪੁਜਾਰੀ,ਕਥਾਕਾਰ,ਕੀਰਤਨੀਏਂ ਤੇ ਪ੍ਰਬੰਧਕ ਆਪਣੇ ਧਾਰਮਿਕ ਪਰਿਰਾਵੇ ਵਿਚ ਹੀ ਸੋਹਣੇ ਲਗਦੇ ਹਨ। ਤੇ ਪੂਰੇ ਦਿਖਾਈ ਦਿੰਦੇ ਹਨ ਪਰ ਉਹ ਵੀ ਕਈ ਵਾਰੀ ਰੂਹਾਨੀ ਮੰਜ਼ਿਲਾ ਤਹਿ ਕਰਦੇ ਹੋਏ ਥਿੜਕ ਜਾਂਦੇ ਹਨ ਤੇ ਕਈ ਕਮਜੋਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ।ਅਧੂਰੇ ਰਹਿ ਜਾਂਦੇ ਹਨ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਉਨ੍ਹਾਂ ਦੀ ਸਿੱਖੀ ਖਤਮ ਹੋ ਗਈ ਹੈ।ਕਿਸੇ ਬਿਮਾਰ ਨੂੰ ਮੁਰਦਾ ਕਹਿਣਾ ਠੀਕ ਨਹੀਂ ਹੈ।ਬਿਮਾਰੀ ਦੇ ਇਲਾਜ ਲਈ ਨਾਮ ਬਾਣੀ ਅਤੇ ਸੇਵਾ ਸਿਮਰਨ ਦੀ ਘਾਲ ਕਮਾਈ ਦੀ ਦਵਾਈ ਲੈਣ ਦੀ ਲੋੜ ਹੈ।

ਹਿੰਦੂ ਵੀਰ ਆਪਣੇ ਧਰਮ ਦਾ ਅਨੰਦ ਮਾਣਦੇ ਹਨ।ਕਿਸੇ ਦੇ ਗਲ ਵਿਚ ਜਨੇਊ ,ਹੱਥ ਵਿਚ ਮਾਲਾ,ਭਗਵੇਂ ਕਪੜੇ,ਤੇ ਮੱਥੇ ਉਤੇ ਟਿੱਕਾ ਹੈ ਅਤੇ ਕੋਈ ਸਾਦੇ ਲਿਬਾਸ ਵਿਚ ਆਪਣੇ ਆਪ ਨੂੰ ਹਿੰਦੂ ਕਹਾਉਣ ਵਿਚ ਮਾਣ ਮਹਿਸੂਸ ਕਰਦਾ ਹੋਇਆ ਧਰਮ ਦਾ ਅਨੰਦ ਮਾਣਦਾ ਹੈ।ਇਹ ਵੀ ਹੋ ਸਕਦਾ ਹੈ ਕਿ ਭਗਵੇਂ ਵੇਸ ਵਾਲਾ ਦਿਖਾਵੇ ਦਾ ਹੀ ਹਿੰਦੂ ਹੋਵੇ ਤੇ ਸਾਦੇ ਲਿਬਾਸ ਵਾਲੇ ਨੇ ਕਿਰਤ ਕਮਾਈ ਕਰਦਿਆਂ ਵੀ ਜਪ ਤਪ ਦੀ ਸਾਧਨਾਂ ਨਾਲ ਆਪਣੇ ਮਨ-ਮੰਦਰ ਦੀ ਜੋਤ ਪ੍ਰਗਟਾ ਲਈ ਹੋਵੇ।ਪਰ ਇਸ ਅਟੱਲ ਸਚਾਈ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ ਕਿ ਆਪਣੇ ਵਿਰਸੇ ਨਾਲ ਜੁੜ ਕੇ ਅਤੇ ਆਪੋ ਆਪਣਾ ਧਾਰਮਿਕ ਪਹਿਰਾਵਾ ਪਾ ਕੇ ਸਾਡਾ ਧਰਮ ਵਿਚ ਭਰੋਸਾ ਤੇ ਵਿਸ਼ਵਾਸ ਵਧਦਾ ਹੈ ਅਤੇ ਰੂਹਾਨੀ ਰਾਹਾਂ ਦੀਆਂ ਕਠਿਨ ਮੰਜ਼ਿਲਾਂ ਤਹਿ ਕਰਕੇ ਭਗਤੀ ਦੀਆ ਚਰਮ ਸੀਮਾਂਵਾਂ ਪਾਰ ਕਰਨੀਆਂ ਸੌਖੀਆਂ ਹੋ ਜਾਂਦੀਆਂ ਹਨ।ਧਾਰਮਿਕ ਪਹਿਰਾਵਾ ਅਤੇ ਪਹਿਨਣ ਵਾਲੇ ਦੀ ਸ਼ਖਸੀਅਤ ਵਿਚੋਂ ਉਸਦੇ ਧਾਰਮਿਕ ਗੁਣਾ ਵਾਲੀ ਰਹਿਣੀ,ਬਹਿਣੀ,ਕਹਿਣੀ,ਸਹਿਣੀ ਅਤੇ ਕਥਨੀ ਦਾ ਪ੍ਰਗਟਾਵਾ ਹੋਣਾ ਆਪਣੇ ਆਪ ਵਿਚ ਹੀ ਧਰਮ ਪ੍ਰਚਾਰ ਦਾ ਇਕ ਸਭ ਤੋਂ ਵਧੀਆ ਸਾਧਨ ਹੈ ਅਤੇ ਸਲਾਹੁਣ ਯੋਗ ਗਲ ਹੈ।

ਸ਼ਾਨੂੰ ਦਸ਼ਮੇਸ਼ ਪਿਤਾ ਨੇ ਨਿਆਰੇ ਖਾਲਸੇ ਦਾ ਸਰੂਪ ਬਖਸ਼ਿਆ।ਅਸੀਂ ਭਾਗਾਂ ਵਾਲੇ ਹਾਂ ਕਿ ਇਹ ਸਰੂਪ ਸਾਡੇ ਲਈ ਆਪਣੇ ਗੁਰੂ ਜੀ ਦੇ ਜੀਵਨ ਰਾਹਾਂ ਉਤੇ ਤੁਰਨ ਲਈ ਪ੍ਰੇਰਨਾ ਸਰੋਤ ਹੈ।ਅੰਤਰ-ਆਤਮੇ ਸ਼ਬਦ-ਸੁਰਤ ਦੇ ਪ੍ਰਮ-ਮਿਲਾਪ ਦੀਆਂ ਤ੍ਰੰਗਾਂ ਦੇ ਰੰਗ ਮਾਣਦੇ ਹੋਏ, ਅਸੀਂ ਸ਼ਹੀਦੀਆਂ ਕੁਰਬਾਨੀਆਂ ਦੇ ਰਾਹਾਂ ਉਤੇ ਤੁਰੇ ਜਾਂਦੇ ਕਦੀ ਥੱਕਦੇ ਨਹੀਂ ਹਾਂ...।ਅਕੱਦੇ ਨਹੀਂ ਹਾਂ...।ਗੁਰੂ ਜੀ ਦਾ ਬਖਸ਼ਿਆ ਬਾਣਾ ਪਾ ਕੇ ਅਸੀਂ ਗੁਰੂ ਜੀ ਦੇ ਦੱਸੇ ਹੋਏ ਰਾਹਾਂ ਤੋਂ ਬੇਮੁੱਖ ਨਹੀਂ ਹੁੰਦੇ।ਪੰਥ ਦੇ ਵਾਲੀ ਨੂੰ

ਆਪਣੇ ਅੰਗ ਸੰਗ ਸਮਝਦੇ ਹੋਇਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦਾ ਪ੍ਰਕਾਸ਼,ਜੀਵਨ ਦੇ ਹਰ ਪੱਖ ਵਿਚ ਸੇਧ ਦਿੰਦਾ ਹੈ।ਹਨੇਰੇ ਵਿਚ ਭਟਕਣ ਤੋਂ ਬਚਾਉਂਦਾ ਹੈ।ਹੁਕਮ ਅਨੁਸਾਰ ਭਾਣਾਂ ਮੰਨਣ ਦਾ ਬਲ ਬਖਸ਼ਦਾ ਹੈ ਅਤੇ ਸ਼ਬਦ ਸੁਰਤ ਦਾ ਮਿਲਾਪ ਕਰਵਾ ਕੇ ਦਸਮ ਦੁਆਰੇ ਦੇ ਰੰਗ ਰਸ ਮਾਨਣ ਲਈ ਸਹਾਈ ਹੁੰਦਾ ਹੈ।ਜਿਵੇਂ ਦੁਲਹਨ ਦਾ ਹਾਰ ਸ਼ਿੰਗਾਰ, ਉਸਦੇ ਚੀਰ ਵਿਚ ਪਿਆ ਸੰਧੂਰ ਅਤੇ ਮੱਥੇ ਦੀ ਬਿੰਦੀ ਉਸਦੇ ਸੁਹਾਗਣ ਭਾਗਣ ਹੋਣ ਦੀ ਨਿਸ਼ਾਨੀ ਹੁੰਦੀ ਹੈ।ਉਸੇ ਤਰ੍ਹਾਂ ਹੀ ਦਸਤਾਰ ਤੇ ਪੰਜ ਕਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਆਰੇ ਖਾਲਸੇ ਦੇ ਪ੍ਰਤੀਕ ਹਨ।

ਦੂਜੇ ਧਰਮਾਂ ਵਾਂਗ ਹੀ ਅੱਜ ਸਿੱਖ ਧਰਮ ਵਿਚ ਵੀ ਕਈ ਸਿੱਖ ਪਰਿਵਾਰਾਂ ਵਿਚ ਬਾਣੀ ਤੇ ਬਾਣੇ ਦੀ ਘਾਟ ਨਜ਼ਰੀਂ ਆਉਂਦੀ ਹੈ।ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਉਹ ਸਿੱਖ ਨਹੀਂ ਹਨ। **ਉਹ ਸਿੱਖ ਹਨ।ਪਰ ਉਹ ਸਿੰਘ ਨਹੀਂ ਹਨ।** ਸਿੰਘ ਅੰਮ੍ਰਿਤਧਾਰੀ ਨੂੰ ਹੀ ਕਿਹਾ ਜਾਂਦਾ ਹੈ।ਵਿਰਸੇ ਵਿਚੋਂ ਹਰ ਸਿੱਖ ਨੂੰ ਗੁਰਸਿੱਖੀ ਦੇ ਸੰਸਕਾਰ ਮਿਲਦੇ ਹਨ।ਜੇਕਰ ਕੋਈ ਸਿੱਖ ਸਿੰਘ ਨਹੀਂ ਹੈ ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਉਹ ਕਿਸੇ ਹੋਰ ਧਰਮ ਵਿਚ ਚਲੇ ਗਿਆ ਹੈ।ਪਤਾ ਨਹੀਂ ਕਿਹੜੇ ਵੇਲੇ ਉਸ ਨੇ ਜਾਂ ਉਸਦੇ ਬੱਚਿਆਂ ਨੇ ਸਿੰਘ ਸੱਜ ਜਾਣਾ ਹੈ।ਤੇ ਇਹ ਵੀ ਨਹੀਂ ਪਤਾ ਕਿ ਕਿਹੜੇ ਵੇਲੇ ਕਿਸੇ ਹੋਰ ਧਰਮ ਦੇ ਬੰਦੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਪ੍ਰੇਮ ਪ੍ਰਕਾਸ਼ ਦੇ ਵੇਹੜੇ ਵਿਚ ਆ ਵੜਨਾ ਹੈ ਤੇ **ਵਾਹੁ ਵਾਹੁ ਬਾਣੀ ਨਿਰੰਕਾਰ ਹੈ** ਦੀ ਸ਼ਰਣ ਵਿਚ ਆ ਕੇ ਜੁਗੋ ਜੁਗ ਅਟੱਲ ਸੰਪੂਰਨ ਗੁਰੂ ਵਾਲਾ ਬਣ ਕੇ ਦਸ਼ਮੇਸ਼ ਪਿਤਾ ਦੇ ਪਰਿਵਾਰ ਵਿਚ ਆ ਰਲਣਾ ਹੈ।ਧਰਮ ਤਾਂ ਇਕ ਬੇੜੀ ਹੈ ਜਿਸ ਵਿਚ ਬੈਠ ਕੇ ਅਸੀਂ ਸੰਸਾਰ ਸਾਗਰ ਦੀਆਂ ਭਵਜਲ ਲਹਿਰਾਂ ਨੂੰ ਪਾਰ ਕਰਨਾ ਹੈ।ਜਿਸ ਵਿਚ ਸਵਾਰ ਹੋ ਕੇ ਅਸੀਂ ਧਾਰਮਿਕ ਜੀਵਨ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨੀਆਂ ਹਨ।ਸੇਵਾ ਸਿਮਰਨ ਦੇ ਲਾਹੇ ਪ੍ਰਾਪਤ ਕਰਕੇ ਜੀਵਨ ਨੂੰ ਸ਼ਾਤ ਮਈ ਅਤੇ ਅਨੰਦ ਭਰਪੂਰ ਬਣਾਉਣਾਂ ਹੈ ਤੇ ਜਪ ਤਪ ਦੀਆਂ ਕਰੜੀਆਂ ਕਮਾਈਆਂ ਕਰਕੇ ਦ੍ਰਿੱਬ ਦ੍ਰਿਸ਼ਟੀ ਤੇ ਜੋਤ ਪ੍ਰਗਟ ਹੋਣ ਦੇ ਇਲਾਹੀ ਫਲ ਪ੍ਰਾਪਤ ਕਰਕੇ ਪ੍ਰਭੂ ਪ੍ਰੀਤਮ ਨਾਲ ਅਭੇਦਤਾ ਪ੍ਰਾਪਤ ਕਰਨੀ ਹੈ।

ਹਰ ਬੇੜੀ ਦਾ ਮਲਾਹ ਬੇੜੀ ਨੂੰ ਪਾਰ ਲਗਾਉਂਦਾ ਹੈ।ਸਾਡੀ ਬੇੜੀ ਦਾ ਮਲਾਹ ਬਾਬਾ ਨਾਨਕ ਹੈ। ਗੁਰੂਆਂ,ਭਗਤਾਂ,ਫਕੀਰਾਂ ਤੇ ਸੰਤਾਂ ਮਹਾਂ ਪੁਰਸ਼ਾਂ ਰਾਹੀਂ ਸਿੱਖ ਧਰਮ ਦਾ ਬੇੜਾ ਤਿਆਰ ਹੁੰਦਾ ਗਿਆ।ਤੇ ਫਿਰ ਸਾਡੇ ਦਸ਼ਮੇਸ਼ ਪਿਤਾ ਨੇ ਅਕਾਲ ਪੁਰਖ ਦੇ ਆਦੇਸ਼ ਅਨੁਸਾਰ ਖਾਲਸਾ ਪੰਥ ਦੀ ਸਾਜਨਾ ਕਰਕੇ ਬਾਬੇ ਨਾਨਕ ਦੇ ਬੇੜੇ ਦੀ ਮਲਾਹਗੀਰੀ ਦਾ ਕੰਮ ਹਮੇਸ਼ਾਂ ਹਮੇਸ਼ਾਂ ਲਈ ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪ ਦਿੱਤਾ।

ਹਾਂ ਜੀ !ਅਸੀਂ ਬਾਬੇ ਨਾਨਕ ਦੇ ਬੇੜੇ ਦੇ ਸਵਾਰ ਹਾਂ। ਸੰਸਾਰ ਸਾਗਰ ਵਿਚ ਸਾਡੇ ਨਾਲ ਨਾਲ ਤੁਰੇ ਜਾਣ ਵਾਲੀਆਂ ਬੇੜੀਆਂ ਵਾਲਿਓ...! ਤੁਸੀਂ ਆਪੋ ਆਪਣੇ ਦੇਵੀ ਦੇਵਤਿਆਂ ਪੀਰਾਂ ਪੈਗੰਬਰਾਂ ਦਾ ਨਾਮ ਧਿਆਉਂਦੇ ਹੋਏ ਚੁੱਪ ਕਰਕੇ ਤੁਰਦੇ ਜਾਓ...! ਐਵੇਂ ਹੀ ਬਾਬੇ ਨਾਨਕ ਦੇ ਬੇੜੇ ਨਾਲ ਖਹਿਣ ਦੀ ਕੋਸ਼ਿਸ਼ਿ ਨਾ ਕਰੋ..!।ਇਹ ਸਿੱਖੀ ਦਾ ਬੇੜਾ ਹੈ।ਇਹ ਮਰਜੀਵੜਿਆਂ ਦੀ ਸਵਾਰੀ ਹੈ।ਧਿਆਨ ਨਾਲ

ਸੁਣੋ...!ਇਸ ਦੀ ਗੂੰਜ ਵਿਚੋਂ ਤੁਹਾਨੂੰ ਸਰਬੱਤ ਦਾ ਭਲਾ ਮੰਗ ਕੇ ਸਭ ਦੇ ਹੋ ਜਾਣ ਦੀ ਅਤੇ ਸਭਨਾ ਨੂੰ ਆਪਣੇ ਬਣਾਉਣ ਦੀ ਗੁੰਜਾਰ ਸੁਣਾਈ ਦੇਵੇਗੀ..!

ਇਹ ਸੱਚ ਹੈ ਕਿ ਵੈਦਿਕ ਕਾਲ ਤੋਂ ਖਾਲਸਾ ਪੰਥ ਦੀ ਸਿਰਜਨਾ ਤਕ ਅਸੀਂ ਤੇ ਤੁਸੀਂ ਸਾਰੇ ਇਕੋ ਹੀ ਸੀ।ਨਹੀਂ...!.ਨਹੀਂ...!ਬਾਂਦਰ ਜਾਤੀ ਵਿਚ ਵੀ ਅਸੀਂ ਤੁਹਾਡੇ ਨਾਲ ਹੀ ਸੀ।ਅਨੰਤ ਕਾਲ ਤੋਂ ਅਸੀਂ ਇਕੱਠੇ ਹੀ ਤੁਰੇ ਆ ਰਹੇ ਹਾਂ।ਪਰ ਇਸ ਸਚਾਈ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਾਡੇ ਸਭ ਦੇ ਸਿਰਜਨਹਾਰੇ ਨੇ ਸੰਸਾਰ ਸਾਗਰ ਨੂੰ ਪਾਰ ਕਰਨ ਲਈ ਵਖਰੇ ਵਖਰੇ ਸਮੇ ਵਿਚ,ਸਮੇ ਦੇ ਹਾਲਾਤਾਂ ਅਨੁਸਾਰ,ਵੱਖੋ ਵੱਖਰੇ ਬੇੜਿਆਂ ਦੀ ਰਚਨਾ ਕਰਕੇ ਸੰਸਾਰ ਸਮੁੰਦਰ ਵਿਚ ਠੇਲ੍ਹਿਆ।ਖਾਲਸਾ ਪੰਥ ਦਾ ਬੇੜਾ ਵੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਬਾਬੇ ਨਾਨਕ ਤੋਂ ਲੈ ਕੇ ਗੁਰੁ ਤੇਗ ਬਹਾਦਰ ਜੀ ਤਕੱ ਸਾਰੇ ਗੁਰੂਆਂ ਤੇ ਸੰਤਾਂ ਭਗਤਾਂ ਦੀ ਦੇਖ ਰੇਖ ਹੇਠ ਤਿਆਰ ਹੋਇਆ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਸੰਸਾਰ ਸਮੁੰਦਰ ਵਿਚ ਪ੍ਰਵੇਸ਼ ਕੀਤਾ ਗਿਆ।

ਪੁਰਾਣਿਓਂ ਬੇੜਿਓ....!ਤੁਸੀਂ ਇਸ ਨਵੇਂ ਬੇੜੇ ਨੂੰ ਸੰਸਾਰ ਸਾਗਰ ਵਿਚ ਜੀ ਆਇਆਂ ਕਹੋ...! ਐਵੇਂ ਨਾ ਇਸਦੀ ਲਿਸ਼ਕ ਪੁਸ਼ਕ ਦੇਖ ਕੇ ਇਸ ਨਾਲ ਸ਼ਰੀਕੇ ਬਾਜੀ ਕਰੋ।

ਆਓ...! ਆਪਾਂ ਸਾਰੇ ਆਪੋ ਆਪਣੀਆਂ ਬੇੜੀਆਂ ਵਿਚ ਬੈਠੇ ਹੋਏ ਰੂਹਾਨੀ ਮੰਜਿਲਾਂ ਤਹਿ ਕਰੀਏ।ਮੰਜਿਲ ਤਾਂ ਸਭ ਦੀ ਇਕੋ ਹੀ ਹੈ।ਗਵਾਂਢੀਓ...! ਆਓ !ਸਾਰੇ ਰਲ ਕੇ ਚੰਗੀਆਂ ਚੰਗੀਆਂ ਚੀਜ਼ਾਂ ਦਾ ਲੈਣ ਦੇਣ ਕਰੀਏ...।

**ਸਾਂਝ ਕਰੀਜੈ ਗੁਣਾ ਕੇਰੀ ਛੋਡ ਓਵਗੁਣ ਚਲੀਏ**

---

# ਦੇਹੁ ਸ਼ਿਵਾ ਬਰ ਮੋਹਿ ਇਹੈ



ਬੀਬੀ ਗੁਰਦੀਪ ਕੌਰ ਜੀ ਅਪਣੇ ਘਰ ਦੇ ਵਰਾਂਡੇ ਵਿਚ ਕਿਸੇ ਮਹਿਮਾਨ ਨਾਲ ਬੈਠੇ ਨਿੱਘੀ ਧੁੱਪ ਦਾ ਅਨੰਦ ਮਾਣਦੇ ਹੋਏ ਗੁਰੂ-ਪ੍ਰੇਮ ਦੀਆਂ ਗਲਾਂ ਵਿਚ ਮਸਤ ਸਨ।ਥੋੜੀ ਦੂਰ ਬੈਠੀ ਉਨ੍ਹਾਂ ਦੀ ਪੜਪੋਤਰੀ ਬਾਲ ਅਵਸਥਾ ਦੀਆਂ ਖੇਡਾਂ ਖੇਡਦੀ ਹੋਈ ਸ਼ਿਵ ਜੀ ਦਾ ਬੁੱਤ ਬਣੀ ਬੈਠੀ ਬਹੁਤ ਹੀ ਪਿਆਰੀ ਲਗ ਰਹੀ ਸੀ।ਤਿੰਨ ਕੁ ਸਾਲ ਦੀ ਬੱਚੀ ਦੀ ਸੇਵਾ ਸੰਭਾਲ ਲਈ ਰੱਖੀ ਹੋਈ

ਪੰਦਰਾਂ ਕੁ ਸਾਲ ਦੀ ਨੌਕਰਾਣੀ ਕੋਲ ਬੈਠੀ ਆਪਣੀ ਕਾਮਯਾਬੀ ਉਤੇ ਖੁਸ਼ ਹੋ ਰਹੀ ਸੀ,ਕਿਉਂਕਿ ਉਸੇ ਨੇ ਹੀ ਬੱਚੀ ਨੂੰ ਸ਼ਿਵ ਜੀ ਬਣ ਕੇ ਬੈਠਣਾ ਸਿਖਾਇਆ ਸੀ ਤੇ ਜੈ ਜੈ ਕਾਰ ਕਰਨੀ ਭੀ ਉਸੇ ਨੇ ਹੀ ਸਿਖਾਈ ਸੀ।

ਰੱਬ ਦਾ ਰੂਪ ਬੱਚੀ ਨੂੰ,**ਸ਼ਿਵ ਜੀ** ਦੀ ਸਮਾਧੀ ਦੇ ਰੂਪ ਵਿਚ ਬੈਠੀ ਹੋਈ ਦੇਖ ਕੇ ਮਹਿਮਾਨ ਦਾ ਦਿਲ ਕੀਤਾ ਕਿ ਉਹ ਬੱਚੀ ਦੀ ਦਾਦੀ ਨੂੰ ਕੈਮਰਾ ਲਿਆ ਕੇ ਉਸ ਦੀਆਂ ਫੋਟੋਆਂ ਖਿੱਚਣ ਲਈ ਕਹੇ।ਪਰ ਨੌਕਰਾਣੀ ਦੇ ਖਿੜ ਖਿੜਾ ਕੇ ਹੱਸਣ ਨਾਲ ਬੀਬੀ ਜੀ ਦਾ ਧਿਆਨ ਉਸ ਪਾਸੇ ਚਲਾ ਗਿਆ। ਉਨ੍ਹਾਂ ਨੇ ਪਿੱਛੇ ਮੁੜ ਕੇ ਦੇਖਿਆ ਅਤੇ ਨੋਕਰਾਣੀ ਨੂੰ ਕੋਲ ਬੁਲਾ ਕੇ ਬੱਚੀ ਨੂੰ ਦੋਨੋ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਕਹਿਣਾ ਸਿਖਾਣ ਦੀ ਹਿਦਾਇਤ ਕੀਤੀ।

ਬੀਬੀ ਜੀ ਦੇ ਇਸ ਰਵਈਏ ਤੋਂ ਹੈਰਾਨ ਹੋ ਕੇ ਮਹਿਮਾਨ ਨੇ ਕਿਹਾ-"ਦੇਖੋ ਤਾਂ ਸਹੀ.....!ਇਹ ਛੋਟੀ ਜਿਹੀ ਬੱਚੀ ਸ਼ਿਵ ਜੀ ਦੇ ਰੂਪ ਵਿਚ ਬੈਠੀ ਕਿੰਨੀ ਪਿਆਰੀ ਲਗ ਰਹੀ ਹੈ।ਬੀਬੀ ਜੀ! ਤੁਸੀਂ ਸ਼ਿਵ ਜੀ ਤੋਂ ਇਸ ਤਰਾਂ ਮੂੰਹ ਕਿਉਂ ਮੋੜਦੇ ਹੋ?"

ਬੀਬੀ ਜੀ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ,-"ਨਹੀਂ....! ਮੈਂ ਸ਼ਿਵ ਜੀ ਤੋਂ ਮੂੰਹ ਨਹੀਂ ਮੋੜਦੀ।ਸ਼ਿਵ-ਸ਼ੰਕਰ ਭੋਲੇ ਨਾਥ ਦੀ ਮਹਿਮਾ ਤਾਂ ਅਪਰੰਪਾਰ ਹੈ।ਅਕਾਲ ਪੁਰਖ ਨੇ ਸ੍ਰਿਸ਼ਟੀ ਦਾ ਕਾਰੋਬਾਰ ਚਲਾਉਣ ਲਈ ਬ੍ਰਹਮਾ,ਵਿਸ਼ਨੂੰ ਅਤੇ ਸ਼ਿਵ-ਸ਼ੰਕਰ ਨੂੰ ਸ਼ਕਤੀਆਂ ਦੇ ਅਥਾਹ ਭੰਡਾਰ ਬਖਸ਼ੇ ਹਨ।ਪਰ ਮੇਰਾ ਵਿਚਾਰ ਹੈ ਕਿ ਜੇਕਰ ਇਸ ਬੱਚੀ ਨੂੰ ਰਬ ਨੇ ਸਾਡੇ ਗੁਰਸਿੱਖਾਂ ਦੇ ਘਰ ਜਨਮ ਦਿੱਤਾ ਹੈ ਤਾਂ ਫਿਰ ਸਾਡੇ ਪਰਿਵਾਰ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਇਸ ਨੂੰ ਆਪਣੇ ਸੰਸਕਾਰਾਂ ਨਾਲ ਜੋੜੀਏ।ਇਹ ਨੋਕਰਾਣੀ ਹਿੰਦੂ ਹੈ,ਇਸ ਦੇ ਸੰਸਕਾਰਾਂ ਵਿਚ ਸ਼ਿਵ ਜੀ ਦੀ ਪੂਜਾ ਹੈ ਤੇ ਇਹ ਆਪਣੇ ਤਰੀਕੇ ਨਾਲ ਕੁਝ ਸਿਖਾਉਂਦੀ ਹੈ।(ਬੱਚੀ ਵਲ ਇਸ਼ਾਰਾ ਕਰਕੇ) ਓਹ ਦੇਖ...! ਓਹੀ ਬੱਚੀ ਹੁਣ ਨਿੱਕੇ ਨਿੱਕੇ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਕਹਿੰਦੀ ਹੋਈ ਕਿੰਨੀ ਸੋਹਣੀ ਲਗਦੀ ਹੈ?"



ਬੀਬੀ ਜੀ ਦੀ ਗਲ ਮਹਿਮਾਨ ਨੂੰ ਠੀਕ ਲੱਗੀ ਪਰ ਉਸ(ਸ਼ਿਵ ਅਤੇ ਸ਼ਿਵਾ ਦੇ ਭੇਦ ਤੋਂ ਅਣਜਾਣ)ਨੇ ਇਕ ਹੋਰ ਸਵਾਲ ਖੜ੍ਹਾ ਕਰ ਦਿੱਤਾ ਕਿ ਜਦ **ਸ੍ਰੀ ਗੁਰੂ ਗੋਬਿੰਦ ਸਿੰਘ ਜੀ**

**ਸ਼ਿਵ ਜੀ** ਕੋਲੋਂ ਸ਼ੁਭ ਕਰਮਾਂ ਲਈ ਵਰ ਮੰਗਦੇ ਹੋਏ

ਕਹਿੰਦੇ ਹਨ 'ਦੇਹੁ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥' ਤਾਂ ਅਸੀਂ ਫਿਰ ਸ਼ਿਵ ਜੀ ਦੀ ਪੂਜਾ ਕਿਉਂ ਨਹੀਂ ਕਰਦੇ?ਆਖਰ ਸਾਡੇ ਗੁਰਾਂ ਦਾ ਵਰ ਦਾਤਾ ਤਾਂ ਸ਼ਿਵ ਹੀ ਹੈ।ਤਦ ਬੀਬੀ ਜੀ ਨੇ ਬੜੇ ਪ੍ਰੇਮ ਨਾਲ ਉਸ ਨੂੰ ਕਿਹਾ,-"ਤੂੰ ਕਦੀ ਚੌਪਈ ਸਾਹਿਬ ਦਾ ਪਾਠ ਕੀਤਾ ਹੈ?"

" ਹਾਂ...!ਮੈ ਤਾਂ ਹਰ ਰੋਜ ਨਿਤ-ਨੇਮ ਦੀਆਂ ਪੰਜੋ ਬਾਣੀਆਂ ਦਾ ਪਾਠ ਕਰਦੀ ਹਾਂ।ਚੌਪਈ ਸਾਹਿਬ ਦੇ ਪਾਠ ਤਾਂ ਮੈਂ ਬਹੁਤ ਕੀਤੇ ਹਨ।ਦੁੱਖਾਂ ਸੁੱਖਾਂ ਵਿਚ ੪੦ ਦਿਨ ਲਗਾਤਾਰ ਹਰ ਰੋਜ਼ ੨੧ ਪਾਠ ਕਰਨ ਨਾਲ ਮਨ ਦੀ ਹਰ ਇੱਛਾ ਪੂਰੀ ਹੋ ਜਾਂਦੀ ਹੈ।"

ਮਹਿਮਾਨ ਦੀ ਗੱਲ ਸੁਣ ਕੇ ਬੀਬੀ ਜੀ ਨੇ ਮੁਸਕਰਾਉਂਦੇ ਹੋਇਆਂ ਕਿਹਾ,-"ਚੰਗਾ!ਤਾਂ ਫਿਰ ਅਜ ਘਰ ਜਾ ਕੇ ਸਿਰਫ ਇਸੇ ਇੱਛਾ ਨੂੰ ਮੁੱਖ ਰੱਖ ਕੇ ਚੌਪਈ ਸਾਹਿਬ ਦਾ ਪਾਠ ਅਰਥਾਂ ਸਮੇਤ ਕਰੀਂ ਕਿ ਤੈਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਰ-ਦਾਤਾ ਸ਼ਿਵਾ ਅਤੇ ਸ਼ੰਕਰ ਭੋਲੇ ਨਾਥ ਦੇ ਅੰਤਰ ਦੀ ਸਮਝ ਆ ਜਾਵੇ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੀ ਬਹੁਤ ਥਾਈਂ ਇਸ ਭੇਦ ਦੀ ਗੰਢ ਚੰਗੀ ਤਰ੍ਹਾਂ ਖ੍ਹੋਲੀ ਹੋਈ ਹੈ।ਹੋ ਸਕੇ ਤਾਂ ਗੁਰੂ ਜੀ ਦੀ ਸ਼ਰਨ ਵਿਚ ਜਾ ਕੇ ਬਾਣੀ ਪੜ੍ਹੀਂ...!ਪਰ ਪਹਿਲਾਂ ਚੌਪਈ ਸਾਹਿਬ ਜ਼ਰੂਰ ਪੜ੍ਹ...।ਮੈਂ ਤੈਨੂੰ ਨਿਤਨੇਮ ਦਾ ਅਰਥਾਂ ਵਾਲਾ ਗੁਟਕਾ ਲਿਆ ਦਿੰਦੀ ਹਾਂ।"ਇਹ ਕਹਿ ਕੇ ਬੀਬੀ ਜੀ ਉਠੇ ਅਤੇ ਅੰਦਰੋਂ ਗੁਟਕਾ ਲਿਆ ਕੇ ਮਹਿਮਾਨ ਦੇ ਹੱਥ ਫੜਾਉਂਆਂ ਕਹਿੰਦੇ,

ਮਹਾਂ ਮੂੜ੍ਹ ਕਛੁ ਭੇਦ ਨਾ ਜਾਨਤ॥.....

ਮਹਾਂ ਦੇਵ ਕੌ ਕਹਤ ਸਦਾ ਸਿਵ॥

ਨਿਰੰਕਾਰ ਕਾ ਚੀਨਤ ਨਹਿ ਭਿਵ॥

ਕਬਿਯੋ ਬਾਚ ਬੇਨਤੀ ਚੌਪਈ

ਅਰਥਾਤ: ਲੋਕ ਸ਼ਿਵ ਸ਼ੰਕਰ(ਮਹਾਦੇਵ) ਨੂੰ ਅਕਾਲ ਪੁਰਖ(ਸ਼ਿਵ)ਕਹਿੰਦੇ ਹਨ ਅਤੇ ਨਿਰੰਕਾਰ ਦੇ ਭੇਦ ਦੀ ਖੋਜ ਨਹੀਂ ਕਰਦੇ।

ਮਹਿਮਾਨ ਔਰਤ ਆਪਣੇ ਘਰ ਪਹੁੰਚ ਕੇ ਸਭ ਤੋਂ ਪਹਿਲੇ ਚੌਪਈ ਸਾਹਿਬ ਦੇ ਅਰਥ ਪੜ੍ਹਨ ਲਗੀ।ਉਸ ਨੂੰ ਆਪਣੇ ਆਪ ਉੱਤੇ ਸ਼ਰਮ ਆਈ ਕਿ ਉਸ ਨੂੰ ਬਹੁਤ ਸਾਰੀਆਂ ਗਲਾਂ ਦਾ ਪਤਾ ਹੀ ਨਹੀਂ ਸੀ,ਜੋ ਚੌਪਈ ਸਾਹਿਬ ਦੇ ਪਾਠ ਵਿਚ ਹਨ।ਉਸ ਨੂੰ ਇਉਂ ਲਗਿਆ ਜਿਵੇਂ ਪਹਿਲੀ ਵਾਰੀ ਉਸਨੇ ਚੌਪਈ ਸਾਹਿਬ ਦਾ ਪਾਠ ਕੀਤਾ ਹੋਵੇ।ਪਹਿਲੀ ਵਾਰੀ ਸਮਝਿਆ ਕਿ ਬ੍ਰਹਮਾ ਵਿਸ਼ਨੂੰ ਮਹੇਸ਼ ਸਭ ਕਾਲ ਵਸ ਹਨ।ਅਕਾਲ ਪੁਰਖ ਨੇ ਇੰਨ੍ਹਾਂ ਨੂੰ ਪੈਦਾ ਕੀਤਾ ਅਤੇ ਇਹ ਸਿਰਜਨਾ ਦਾ ਸਾਰਾ ਤਮਾਸ਼ਾ ਕਰਤਾ ਪੁਰਖ ਦੀ ਹੀ ਰਚਨਾ ਹੈ।

ਕਾਲ ਪਾਇ ਬ੍ਰਹਮਾ ਬਪੁ ਧਰਾ॥ਕਾਲ ਪਾਇ ਸਿਵਜੂ ਅਵਤਰਾ॥

ਕਾਲ ਪਾਇ ਕਰ ਬਿਸਨੁ ਪ੍ਰਕਾਸਾ॥ ਸਕਲ ਕਾਲ ਕਾ ਕੀਆ ਤਮਾਸਾ॥

ਕਬਿਯੋ ਬਾਚ ਬੇਨਤੀ

ਪਹਿਲੇ ਕਦੀ ਉਸਨੇ ਅਰਥ ਜਾਨਣ ਦੀ ਕੋਸ਼ਿਸ਼ ਹੀ ਨਹੀਂ ਸੀ ਕੀਤੀ। ਤੋਤੇ ਵਾਂਗੂੰ ਰਟਿਆ ਹੋਇਆ ਪਾਠ ਪੜ੍ਹ ਕੇ ਨਿਤਨੇਮ ਪੂਰਾ ਕਰ ਲੈਣ ਦੀ ਤਸੱਲੀ ਹੋ ਜਾਂਦੀ ਸੀ। ਪਰ ਅੱਜ ਪਤਾ ਲਗਿਆ ਕਿ ਇਸ ਜਗਤ ਤਮਾਸ਼ੇ ਵਿਚ,ਇਹ ਦੇਵੀ ਦੇਵਤੇ ਸਾਰੇ ਕਾਲ ਦੇ ਸ਼ਕੰਜੇ ਵਿਚ ਜਕੜੇ ਹੋਏ ਹਨ।

ਜਵਨ ਕਾਲ ਜੋਗੀ ਸਿਵ ਕੀਓ॥ ਬੇਦਰਾਜ ਬ੍ਰਹਮਾ ਜੂ ਥੀਓ॥

ਜਵਨ ਕਾਲ ਸਭ ਲੋਕ ਸਵਾਰਾ॥ ਨਮਸਕਾਰ ਹੈ ਤਾਹਿ ਹਮਾਰਾ॥

ਕਬਿਯੋ ਬਾਚ ਬੇਨਤੀ

ਭਾਵ:-ਜਿਸ ਅਕਾਲ ਪੁਰਖ ਨੇ ਸ਼ਿਵ ਜੀ ਜਿਹੇ ਜੋਗੀ-ਰਾਜ ਦੀ ਰਚਨਾ ਕੀਤੀ,ਬੇਦਾਚਾਰੀਆ ਬ੍ਰਹਮਾ ਪੈਦਾ ਕੀਤਾ ਅਤੇ ਬਾਕੀ ਸਾਰੀ ਸ਼੍ਰਿਸ਼ਟੀ ਸਾਜੀ ਉਸਨੂੰ ਮੇਰੀ ਨਮਸਕਾਰ ਹੈ।

ਸਾਰੀ ਸਮਝ ਆ ਗਈ ਕਿ ਸ੍ਰੀ ਗੋਬਿੰਦ ਸਿੰਘ ਜੀ ਕਿਸ ਨੂੰ ਨਮਸਕਾਰ ਕਰਦੇ ਸੀ। ਸਵਈਏ ਪੜ੍ਹਦਿਆਂ ਭੀ ਸ਼ਿਵ (ਮਹੇਸਰ) ਦੀ ਗਲ ਮਿਲ ਗਈ।

ਬ੍ਰਹਮ ਮਹੇਸਰ ਬਿਸਨ ਸਚੀਪਤਿ ਅੰਤ ਫਸੇ ਜਮ ਫਾਸ ਪਰੈਂਗੇ ॥

ਭਾਵ:- ਬ੍ਰਹਮਾ,ਸ਼ਿਵ,ਵਿਸ਼ਨੂੰ ਅਤੇ ਇੰਦਰ ਦੇਵਤਾ,ਇਹਨਾਂ ਸਭਨਾ ਨੇ ਆਖਰ ਮੌਤ ਦੇ ਵਸ ਪੈਣਾ ਹੈ।

ਜਾਪ ਸਾਹਿਬ ਦੇ ਅਰਥ ਪੜ੍ਹ ਕੇ ਉਸਨੂੰ ਪੰਥ ਦੇ ਵਾਲੀ,ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਰ-ਦਾਤੇ (ਘਟ ਘਟ ਵਾਸੀ,ਸਰਬ ਨਿਵਾਸੀ) ਦੀ ਚੰਗੀ ਤਰ੍ਹਾਂ ਪਛਾਣ ਹੋ ਗਈ ਤੇ ਇਸ ਖੁਸ਼ੀ ਵਿਚ,ਉਸਨੂੰ ਹੋਰ ਗਹਿਰਾਈਆਂ ਵਿਚ ਜਾ ਕੇ ਬਾਣੀ ਪੜ੍ਹਨ ਦੀ ਭੁੱਖ ਜਾਗੀ। ਉਹ ਜਾਣ ਗਈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ,ਉਸ ਸਿਰਜਨਹਾਰੇ ਨੂੰ ਨਮਸਕਾਰ ਕਰਦੇ ਹਨ ਜਿਹੜਾ ਸਾਰੀ ਸ੍ਰਿਸ਼ਟੀ ਦਾ ਕਰਤਾ ਧਰਤਾ ਹੈ ਅਤੇ ਕਣ ਕਣ ਵਿਚ ਸਮਾਇਆ ਹੋਇਆ ਹੈ। ਰਹਿ ਰਹਿ ਕੇ ਮਨ ਵਿਚ ਇਹੀ ਖਿਆਲ ਆਏ ਕਿ ਉਸ ਨੇ ਪਹਿਲਾਂ ਅਰਥਾਂ ਨੂੰ ਮਨ ਵਿਚ ਵਸਾ ਕੇ ਬਾਣੀ ਕਿਉਂ ਨਹੀਂ ਪੜ੍ਹੀ। ਕਾਸ਼..! ਉਹ ਸ਼ੁਰੂ ਤੋਂ ਹੀ ਇਸ ਤਰ੍ਹਾਂ ਬਾਣੀ ਦਾ ਆਨੰਦ ਮਾਣਦੀ। ਪਰ ਉਹ ਤਾਂ ਸੁੱਕਾ ਖੂਹ ਹੀ ਗੇੜਦੀ ਰਹੀ। ਫਿਰ ਭੀ ਉਹ ਖੁਸ਼ ਸੀ ਕਿ ਬੀਬੀ ਜੀ ਦੀ ਸੰਗਤ ਕਰਨ ਨਾਲ ਉਸ ਨੂੰ ਸੋਝੀ ਹੋਈ। ਅੱਜ ਉਸ ਦੇ ਖੂਹ ਦੀ ਮਾਹਲ ਦੀਆਂ ਟਿੰਡਾਂ ਵਿਚ ਬਾਣੀ ਦੇ ਭਾਵ-ਅਰਥਾਂ ਦਾ ਪਾਣੀ ਉਸ ਦੀ ਦਿਲ ਧਰਤੀ ਨੂੰ ਸਿੰਜ ਰਿਹਾ ਸੀ। ਪਹਿਲਾਂ ਬਾਣੀ ਉਸਦੇ ਮੂੰਹ ਵਿਚੋਂ ਹੀ ਨਿਕਲਦੀ ਸੀ ਪਰ ਹੁਣ ਉਹੀ ਬਾਣੀ ਉਸਦੇ ਦਿਲ ਦਿਮਾਗ ਨੂੰ ਸਿੰਜਦੀ ਹੋਈ ਪ੍ਰੇਮਾ ਭਗਤੀ ਦੀ ਹਰਿਆਵਲ ਨਾਲ ਜੀਵਨ ਹਰਾ ਭਰਾ ਕਰੀ ਜਾ ਰਹੀ ਸੀ। ਬਾਣੀ ਦੇ ਅਰਥ ਅਤੇ ਸਿੱਖ ਇਤਿਹਾਸ ਜਾਨਣ ਦੀ ਲਈ ਉਸਦੀ ਰੁਚੀ ਵਧਣ ਲੱਗੀ।

ਉਸ ਨੇ ਪਾਰਵਤੀ ਜੀ ਵਾਰੇ ਕੁਝ ਜਾਨਣ ਦੀ ਕੋਸ਼ਿਸ਼ ਕੀਤੀ।ਉਸਨੂੰ ਪਤਾ ਲੱਗਿਆ ਕਿ ਪਾਰਵਤੀ ਦੇ ੧੦੮ ਨਾਮ ਹਨ ਜਿਵੇਂ ਕਿ **ਦੁਰਗਾ,ਸ਼ੀਤਲਾ,ਚੰਡਿਕਾ** ਆਦਿ..।**ਸ਼ਿਵਾ** ਦੇ ਨਾਮ ਨਾਲ ਵੀ ਉਸਨੂੰ ਪੁਕਾਰਿਆ ਜਾਂਦਾ ਹੈ।

ਇਕ ਦਿਨ ਉਸ ਨੇ ਟੀ.ਵੀ. ਉਤੇ ਸ਼ਿਵ ਪਾਰਵਤੀ ਦੀ ਫਿਲਮ ਦੇਖੀ।ਜਿਸ ਵਿਚ ਇਹ ਦਸਿਆ ਹੋਇਆ ਸੀ ਕਿ ਪਾਰਵਤੀ ਆਪਣੀ ਇੱਛਾ ਨਾਲ ਹੀ ਪੁੱਤਰ ਪੈਦਾ ਕਰਦੀ ਹੈ।ਸ਼ਿਵ ਉਸ ਵੇਲੇ ਤਪ-ਸਾਧਨਾ ਵਿਚ ਸੀ।ਘੋਰ ਤਪੱਸਿਆ ਪਿਛੋਂ ਜਦੋਂ ਉਹ ਘਰ ਆਉਂਦਾ ਹੈ ਤਾਂ ਭੁਲੇਖੇ ਨਾਲ ਹੀ ਉਸ ਕੋਲੋਂ ਪਾਰਵਤੀ ਦੇ ਪੁਤਰ ਦਾ ਗਲਾ ਕਟਿਆ ਜਾਂਦਾ ਹੈ।ਪਾਰਵਤੀ ਨੇ ਦੁਖੀ ਹੋ ਕੇ ਕਿਹਾ ਕਿ ਉਸਦੇ ਪੁੱਤਰ ਨੂੰ ਜਿਉਂਦਾ ਕਰੋ ਨਹੀਂ ਤਾਂ ਉਹ ਆਪਣੇ ਪ੍ਰਾਣ ਤਿਆਗ ਦੇਵੇਗੀ।ਭੋਲੇ ਨਾਥ ਨੇ ਆਪਣੇ ਬੰਦੇ ਭੇਜ ਕੇ ਕਿਸੇ ਅਜਿਹੇ ਬੱਚੇ ਦਾ ਸਿਰ ਕੱਟ ਕੇ ਲਿਆਉਣ ਲਈ ਕਿਹਾ ਜਿਸ ਦੀ ਮਾਂ ਉਸ ਵਲ ਪਿੱਠ ਕਰਕੇ ਸੁੱਤੀ ਹੋਈ ਹੋਵੇ।ਸੇਵਾਦਾਰਾਂ ਨੂੰ ਮੁਸ਼ਕਿਲ ਨਾਲ ਇਕ ਹੱਥਨੀ ਦਾ ਬੱਚਾ ਹੀ ਲੱਭਾ ਜਿਸ ਦੀ ਮਾਂ ਨੇ ਉਸ ਵਲ ਪਿੱਠ ਕੀਤੀ ਹੋਈ ਸੀ।ਉਹ ਉਸੇ ਦਾ ਸਿਰ ਕੱਟ ਕੇ ਲੈ ਆਏ।ਸ਼ਿਵ ਜੀ ਨੇ ਹਥਨੀ ਦੇ ਬੱਚੇ ਦਾ ਸਿਰ ਜੋੜ ਕੇ ਆਪਣੀ ਪਤਨੀ ਦਾ ਬੱਚਾ ਜਿਉਂਦਾ ਕਰ ਦਿੱਤਾ।ਤੇ ਉਹ ਗਣੇਸ਼ ਬਣ ਗਿਆ। ਤਦ ਬ੍ਰਹਮਾ,ਵਿਸ਼ਨੂੰ ,ਸ਼ਿਵ ਅਤੇ ਇਨ੍ਹਾਂ ਤਿਨੋਂ ਦੇਵਤਿਆਂ ਦੀਆਂ ਪਤਨੀਆਂ ਨੇ ਰਲ ਕੇ **ਸ਼ਿਵਾ(ਵਿਧਾਤਾ,ਪਰਮਾਤਮਾ)** ਦਾ ਸ਼ੁਕਰਾਨਾ ਕਰਦਿਆਂ ਹੋਇਆਂ,ਅਖੀਆਂ ਮੀਟ ਕੇ "ਓਮ ਨਮਹ ਸ਼ਿਵਾ....!ਓਮ ਨਮਹ ਸ਼ਿਵਾ.....!" ਦੀ ਧੁਨ ਲਗਾ ਕੇ ਅਰਾਧਨਾ ਕੀਤੀ।

ਖੁਦ **ਸ਼ਿਵ ਜੀ** ਭੀ **ਸ਼ਿਵਾ** ਦੀ ਅਰਾਧਨਾ ਕਰਦੇ ਸੀ।ਕੀ ਸ਼ਿਵ ਭੋਲੇ ਨਾਥ ਆਪਣੇ ਆਪ ਦੀ ਪੂਜਾ ਕਰ ਰਹੇ ਸੀ..?ਜਾਂ ਕੀ ਉਹ ਆਪਣੀ ਪਤਨੀ ਦੀ ਅਰਾਧਨਾ ਕਰ ਰਹੇ ਸਨ....? ਜਿਹੜੀ ਪੁਤੱਰ ਮਰੇ ਦੇ ਵਿਯੋਗ ਵਿਚ ਤੜਫਦੀ ਹੋਈ ਆਪਣੇ ਪ੍ਰਾਣ ਤਿਆਗਣ ਨੂੰ ਫਿਰਦੀ ਸੀ...।ਜਿਹੜੀ ਆਪਣੇ ਪਤੀ ਅਤੇ ਬ੍ਰਹਮਾ ਵਿਸ਼ਨੂੰ ਦੇ ਐਨਾ ਸਮਝਾਉਣ 'ਤੇ ਵੀ ਨਾ ਸਮਝੀ ਕਿ ਵਿਧਾਤਾ ਦੇ ਕਨੂੰਨ ਮੁਤਾਬਿਕ ਮਰਿਓ ਨੂੰ ਜੀਵਾਉਣਾ ਠੀਕ ਨਹੀਂ ਹੈ ਤੇ ਅਖੀਰ ਪਤਨੀ ਦੀ ਜ਼ਿਦ ਕਰਕੇ ਸ਼ਿਵ ਜੀ ਨੂੰ ਕਿਸੇ ਮਾਂ ਦੇ ਪੁਤਰ ਦਾ ਗਲਾ ਕੱਟ ਕੇ ਪਤਨੀ ਦੀ ਇੱਛਾ ਪੂਰੀ ਕਰਨੀ ਪਈ।

ਨਹੀਂ...! ਸ਼ਿਵ ਭੋਲੇ ਪਤਨੀ ਦੀ ਪੂਜਾ ਨਹੀਂ ਸੀ ਕਰਦੇ।ਉਹ ਤਾਂ ਆਪਣੇ ਦੇਵ ਲੋਕ ਦੇ ਸਾਥੀਆਂ ਨਾਲ ਰਲ ਕੇ ਉਸ **ਕਰਤਾ ਪੁਰਖ(ਸ਼ਿਵਾ)** ਦੀ ਅਰਾਧਨਾ ਕਰ ਰਹੇ ਸੀ,ਜਿਸ ਦੇ ਨਾਮ ਉਪਰ ਉਨ੍ਹਾਂ ਦੀ ਪਤਨੀ ਦਾ ਨਾਮ ਸ਼ਿਵਾ ਪਿਆ।

ਧਰਮੀ ਮਾਂ ਬਾਪ ਆਪਣੇ ਬੱਚਿਆਂ ਦੇ ਨਾਮ ਰੱਬ ਦੇ ਨਾਮ ਉਪਰ ਰੱਖ ਕੇ ਖੁਸ਼ੀ ਮਹਿਸੂਸ ਕਰਦੇ ਹਨ।ਦੇਵੀ ਦੇਵਤਿਆਂ ਵਿਚ ਵੀ ਇਹੋ ਰਸਮ ਸੀ।ਪਾਰਵਤੀ ਦੇ ਮਾਂ ਬਾਪ ਨੇ ਵੀ ਆਪਣੀ ਬੇਟੀ ਦਾ ਨਾਮ ਵਿਧਾਤਾ ਦੇ ਨਾਮ ਉਪਰ ਹੀ ਰੱਖਿਆ।

ਖੁਦ ਪਾਰਵਤੀ ਆਪ ਵੀ ਓਮ ਨਮਹ ਸ਼ਿਵਾ....! ਦੀ ਧੁਨੀ ਲਗਾ ਕੇ ਦੂਜੇ ਦੇਵੀ ਦੇਵਤਿਆਂ ਦੇ ਨਾਲ ਮਿਲ ਕੇ ਪ੍ਰਭੂ ਪਰਮਾਤਮਾਂ ਅੱਗੇ ਸਿਰ ਨਿਵਾ ਰਹੀ ਸੀ।

ਕੀ ਪਾਰਵਤੀ ਅਪਣੀ ਪੂਜਾ ਆਪੇ ਹੀ ਕਰੀ ਜਾ ਰਹੀ ਸੀ....?ਨਹੀਂ...! ਉਹ ਤਾਂ ਸਾਰੇ ਦੇਵੀ ਦੇਵਤਿਆਂ ਨਾਲ ਰਲ ਕੇ ਉਸ **(ਸ਼ਿਵਾ)**(ਅਕਾਲ ਪੁਰਖ)ਦੀ ਅਰਾਧਨਾ ਕਰ ਰਹੀ ਸੀ ਜੋ ਦੇਵੀ ਦੇਵਤਿਆਂ ਦੀਆਂ ਮੰਗਾਂ ਪੂਰੀਆਂ ਕਰਨ ਯੋਗ ਹੈ।ਉਹ ਉਸ ਕਰਤਾ ਪੁਰਖ ਨੂੰ ਨਮਸਕਾਰ ਕਰ ਰਹੀ ਸੀ ਜਿਸ ਨੇ ਸਾਰੇ ਦੇਵੀ ਦੇਵਤਿਆਂ ਨੂੰ ਸ਼ਕਤੀਆਂ ਦਾ ਵਰਦਾਨ ਦਿਤਾ।ਹਾਂ!ਜਿਸ ਦੀ ਕਿਰਪਾ ਨਾਲ ਪਾਰਵਤੀ ਦਾ ਮਰਿਆ ਪੁੱਤਰ ਜੀਊਂਦਾ ਹੋਇਆ ।ਜਿਵੇਂ ਅਜ ਕੋਈ ਬੰਦਾ ਜਿਸ ਦਾ ਨਾਮ ਓਮ ਹੋਵੇ ਤੇ ਉਹ'ਓਮ ਨਮਹ ਸ਼ਿਵਾ...।'ਕਹਿ ਕੇ ਪ੍ਰਭੂ ਭਗਤੀ ਵਿਚ ਲੀਨ ਹੋਵੇ।ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਉਹ ਆਪਣੀ ਪੂਜਾ ਆਪ ਹੀ ਕਰੀ ਜਾ ਰਿਹਾ ਹੈ।ਇਸੇ ਤਰ੍ਹਾਂ ਹੀ ਪਾਰਵਤੀ ਵੀ ਸਰਵ-ਕਲਾ-ਸਮਰੱਥ ਪ੍ਰਭੂ **(ਸ਼ਿਵਾ)**ਦੀ ਭਗਤੀ ਕਰ ਰਹੀ ਸੀ।

ਇਹ ਗਲ ਸਪੱਸ਼ਟ ਹੋ ਗਈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਰਦਾਤਾ ਵੀ ਉਹੀ **ਸ਼ਿਵਾ** ਹੈ ਜਿਸ ਦੀ ਅਰਾਧਨਾ ਪਾਰਵਤੀ ਕਰਦੀ ਸੀ।ਨਹੀਂ ਤਾਂ ਕੀ ਇਹ ਸੋਚਿਆ ਜਾ ਸਕਦਾ ਹੈ,ਕਿ ਆਪਣੇ ਪੁੱਤਰਾਂ ਨੂੰ ਖਿੜੇ ਮੱਥੇ ਸ਼ਹੀਦੀ ਗਾਨੇ ਬੰ੍ਹਨ ਕੇ ਮੈਦਾਨੇ ਜੰਗ ਵਿਚ ਤੋਰਨ ਵਾਲੇ ਦਸ਼ਮੇਸ਼ ਪਿਤਾ ਉਸ ਪਾਰਵਤੀ ਦੇਵੀ ਅੱਗੇ ਹੱਥ ਜੋੜ ਕੇ ਸ਼ੁਭ ਕਰਮਾਂ ਲਈ ਵਰ ਮੰਗਣਗੇ..?ਜਿਹੜੀ ਆਪਣੇ ਪੁੱਤਰ ਦੇ ਵਿਯੋਗ ਵਿਚ ਤੜਫਦੀ ਹੋਵੇ....।

ਕੀ ਚੌਪਈ ਸਾਹਿਬ ਦੇ ਪਾਠ ਵਿਚ ਮਹਾਂ ਦੇਵ(ਸ਼ਿਵ ਭੋਲੇ ਨਾਥ) ਨੂੰ ਨਿਰੰਕਾਰ ਕਹਿਣ ਵਾਲੇ ਪ੍ਰਾਣੀਆਂ ਨੂੰ ਮਹਾਂ ਮੂਰਖ ਕਹਿਣ ਵਾਲੇ ਸਤਿਗੁਰੂ ਜੀ ਦਾ ਮਹਾਂ ਦੇਵ(ਸ਼ਿਵ) ਜਾਂ ਉਸਦੀ ਪਤਨੀ ਪਾਰਵਤੀ (ਸ਼ਿਵਾ)ਤੋਂ ਵਰ ਮੰਗਣਾਂ ਜਚਦਾ ਹੈ?

ਇਹ ਕਿਦਾਂ ਹੋ ਸਕਦਾ ਹੈ ਕਿ ਪਾਰਬਤੀ ਉਸ ਸਤਿਗੁਰੂ ਨੂੰ ਵਰ ਦਿੰਦੀ ਹੋਵੇ ਜਿਹੜਾ ਉਸਦੇ ਪਤੀ ਨੂੰ ਰੱਬ ਕਹਿਣ ਵਾਲੇ ਨੂੰ ਮੂਰਖ ਕਹਿੰਦਾ ਹੋਵੇ।

ਮਹਾਂ ਦੇਵ ਕੋ ਕਹਤ ਸਦਾ ਸਿਵ॥

ਨਿਰੰਕਾਰ ਕਾ ਚੀਨਤ ਨਹੀਂ ਭਿਵ॥

ਕਬਿਯੋ ਬਾਚ ਬੇਨਤੀ

ਭਾਵ:- ਲੋਕ ਨਿਰੰਕਾਰ ਦੀ ਖੋਜ(ਚੀਨਤ)ਨਹੀਂ ਕਰਦੇ ਅਤੇ ਮਹਾਂ ਦੇਵ ਨੂੰ ਹੀ ਸ਼ਿਵ ਕਹੀ ਜਾਂਦੇ ਹਨ।

ਅੱਜ ਸਾਡੇ ਦੇਸ਼ ਦੇ ਪ੍ਰਧਾਨ ਮੰਤ੍ਰੀ ਡਾਕਟਰ ਮਨਮੋਹਨ ਸਿੰਘ ਜੀ 'ਦੇਹੁ ਸ਼ਿਵਾ ਬਰ ਮੋਹਿ ਇਹੈ'ਦੇ ਆਦੇਸ਼ ਨੂੰ ਮੁਖ ਰੱਖ ਕੇ ਹੀ ਸ਼ੁਭ ਕਰਮ ਕਰਨ ਦਾ ਬਲ ਮੰਗਣ ਲਈ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹੋਏ ਦੇਸ਼-ਸੇਵਾ ਨਿਭਾ ਰਹੇ ਹਨ।ਪਰ ਉਨ੍ਹਾਂ ਦੇ ਘਰ ਵਿਚ ਦੇਵੀ ਪਾਰਵਤੀ ਦੇ ਬੁੱਤ ਕਿਧਰੇ ਨਜਰ ਨਹੀਂ ਆਉਂਦੇ।ਹਾਂ...! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਜਿਸਦੀ ਸੇਵਾ-ਸੰਭਾਲ ਪ੍ਰਗਟ ਗੁਰਾਂ ਦੀ ਦੇਹ ਸਮਝ ਕੇ ਭੈ-ਭਾਵਨੀ ਨਾਲ ਕੀਤੀ ਜਾਂਦੀ ਹੈ।ਨਾਮ ਬਾਣੀ ਦਾ ਪਰਵਾਹ ਚਲਦਾ ਹੈ।ਗੁਰੂ ਜੀ ਹੁਕਮਨਾਮੇ ਬਖਸ਼ ਕੇ ਜੀਵਨ ਜੀਊਣ ਦੀ ਸੇਧ ਬਖਸ਼ਦੇ ਹਨ।

***************

# ਰਾਮ ਤੇ ਸ੍ਰੀ ਰਾਮ ਚੰਦ੍ਰ ਜੀ



ਚ੍ਰਿੰਕਾਲ ਤੋਂ ਹੀ ਇਹ ਰੀਤ ਚਲੀ ਆ ਰਹੀ ਹੈ ਕਿ ਧਰਮੀ ਮਾਂ ਬਾਪ ਆਪਣੇ ਬੱਚਿਆਂ ਦਾ ਨਾਮ ਦੇਵੀ ਦੇਵਤਿਆਂ ਦੇ ਨਾਮ ਉਤੇ ਜਾਂ ਰੱਬ ਦੇ ਨਾਮ ਉਤੇ ਰੱਖ ਕੇ ਖੁਸ਼ ਹੁੰਦੇ ਹਨ।ਕਈ ਦੇਵੀ ਦੇਵਤਿਆਂ ਨੂੰ ਵੀ ਰੱਬ ਦੇ ਨਾਮ ਨਾਲ ਪੁਕਾਰਨ ਦੀ ਰਸਮ ਧੁਰ ਤੋਂ ਹੀ ਚਲੀ ਆ ਰਹੀ ਹੈ।ਅੱਜ ਵੀ ਅਸੀਂ ਆਮ ਲੋਕਾਂ ਦੇ ਨਾਮ,ਰੱਬ ਦੇ ਨਾਮ ਉਪਰ ਦੇਖਦੇ ਹਾਂ ਜਿਵੇਂ ਕਿ **ਓਮ,ਨਾਰਾਇਣ,ਰਾਮ,ਸ਼ਿਵਾ, ਓਅੰਕਾਰ,ਪ੍ਰਭੂ,ਕਰਤਾਰ,ਭਗਵਾਨ** ਤੇ **ਗੋਬਿੰਦ** ਆਦਿ।ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਆਪਣੇ ਬੇਟੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਰੱਬ ਦੇ ਨਾਮ ਉਪਰ ਹੀ ਗੋਬਿੰਦ ਰਾਏ ਰੱਖਿਆ ਸੀ।

ਧਰਮੀ ਰਾਜੇ ਦਸ਼ਰਥ ਨੇ ਆਪਣੇ ਅਵਤਾਰ ਬੇਟੇ **ਸ੍ਰੀ ਰਾਮ ਚੰਦਰ ਜੀ** ਦਾ ਨਾਮ ਵੀ ਕਣ ਕਣ ਵਿਚ ਰਮੇ ਹੋਏ **ਰਾਮ** ਦੇ ਨਾਮ ਉਪਰ ਹੀ **ਰਾਮ ਚੰਦਰ** ਰਖਿਆ ਸੀ।ਅਜ ਵੀ ਕਈਆਂ ਦੇ ਨਾਮ ਰਾਮ ਚੰਦਰ,ਰਾਮ ਦੁਲਾਰੀ ਰਾਮ ਕੌਰ,ਰਾਮ ਸਿੰਘ,ਰਾਮ ਨਾਰਾਇਣ ਤੇ ਰਾਮ ਲਾਲ ਆਦਿ ਹਨ।ਇਹ ਵੀ ਸੱਚ ਹੈ ਕਿ ਕੁਝ ਲੋਕ ਸ੍ਰੀ ਰਾਮ ਚੰਦਰ ਜੀ ਨੂੰ ਯਾਦ ਕਰਕੇ ਹੀ ਇਹ ਨਾਮ ਰਖਦੇ ਹਨ।ਕਿਉਂਕਿ ਸ੍ਰੀ ਰਾਮ ਚੰਦਰ ਜੀ ਦੁਆਪਰ ਯੁਗ ਦੇ ਅਵਤਾਰ ਹੋਏ ਹਨ।ਉਨ੍ਹਾਂ ਨੇ ਬੁਰਾਈ ਦੇ ਕਾਲੇ ਹਨੇਰੇ ਦਾ ਅੰਤ ਕਰਕੇ ਸਚਾਈ ਦੀ ਦੀਪ ਮਾਲਾ ਨਾਲ ਇਸ ਜਗ ਨੂੰ ਰੁਸ਼ਨਾਇਆ ਪਰ ਇਹ ਬੜੀ ਦੁਖਦਾਈ ਗਲ ਹੈ ਕਿ ਕੁਝ ਲੋਕ ਇਸ ਗਲ ਤੋਂ ਉਕੱਾ ਹੀ ਅਣਜਾਣ ਹਨ ਕਿ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** ਵਿਚ **ਰਾਮ** ਸ਼ਬਦ **ਸ੍ਰੀ ਰਾਮ ਚੰਦਰ ਜੀ** ਲਈ ਨਹੀਂ ਸਗੋਂ ਉਸ **ਰਾਮ** ਲਈ ਵਰਤਿਆ ਹੋਇਆ ਹੈ ਜਿਸ **ਰਾਮ**(ਪਰਮਾਤਮਾ) ਨੇ ਰਾਜੇ ਦਸ਼ਰਥ ਦੇ ਘਰ **ਸ੍ਰੀ ਰਾਮ ਚੰਦਰ ਜੀ** ਦੀ ਦਾਤ ਬਖਸ਼ੀ।ਜੋ ਸਾਡਾ

ਸਭਨਾ ਦਾ ਦਾਤਾਰ ਪਿਤਾ ਹੈ। ਦੀਨ ਦੁਨੀਆਂ ਦਾ ਵਾਲੀ,ਜਿਹੜਾ ਕਣ ਕਣ ਵਿਚ ਰਮਿਆ ਹੋਇਆ ਹੈ ਉਹੀ ਸਾਡਾ ਰਾਮ ਪਿਆਰਾ ਹੈ।

ਧਰਮੀ ਬੰਦੇ ਕਦੀ ਕਿਸੇ ਦੇ ਧਰਮ ਨੂੰ ਮਾੜਾ ਨਹੀਂ ਕਹਿੰਦੇ। ਉਹ ਆਪਣੇ ਧਰਮ ਨੂੰ ਪਿਆਰ ਕਰਦੇ ਹਨ ਅਤੇ ਦੂਜੇ ਦੇ ਧਰਮ ਦਾ ਸਤਿਕਾਰ ਕਰਦੇ ਹਨ। ਪਰ ਸਿਆਸੀ ਚਾਲਾਂ ਚੱਲਣ ਵਾਲੇ ਸ਼ਰਾਰਤੀ ਅਨਸਰ ਹਮੇਸ਼ਾਂ ਧਰਮ ਦੇ ਮੋਢੇ ਉਤੇ ਬੰਦੂਕ ਰੱਖ ਕੇ ਗੋਲੀਆਂ ਚਲਾਉਂਦੇ ਹਨ। ਜੇ ਅਸੀਂ ਆਪਣਾ ਪੁਰਾਣਾ ਇਤਿਹਾਸ ਫਰੋਲੀਏ ਤਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਾਡੇ ਦੇਸ਼ ਵਿਚ ਬਹੁਤੀਆਂ ਲੜਾਈਆਂ ਧਰਮ ਦੇ ਨਾਮ ਉਤੇ ਹੀ ਹੋਈਆਂ ਹਨ। ਸਿਆਸੀ ਬੱਲ ਪ੍ਰਾਪਤ ਕਰਨ ਲਈ ਧਰਮ ਦੀ ਆੜ ਲੈ ਕੇ ਲੋਕਾਂ ਦਾ ਬੇਵਕੂਫ ਬਣਾਉਣ ਦੀ ਬੁਰਾਈ ਪੁਰਾਤਨ ਸਮਿਆਂ ਤੋਂ ਹੀ ਚਲੀ ਆ ਰਹੀ ਹੈ। ਅੱਜ ਵੀ ਇਹ ਸੋਚ ਕੇ ਡਰ ਲਗਦਾ ਹੈ ਕਿ ਜਿਵੇਂ ਭਾਰਤ ਦੇ ਪੁਰਾਣੇ ਇਤਿਹਾਸ ਵਿਚ ਕਈ ਧਰਮਾਂ ਨੂੰ ਸਿਆਸੀ ਲੂੰਬੜ ਚਾਲਾਂ ਨੇ ਖਾ ਲਿਆ। ਕਿਧਰੇ ਸਾਡੇ ਨਾਲ ਅੱਜ ਵੀ ਓਹੋ ਕੁਝ ਹੀ ਨਾ ਹੋ ਜਾਵੇ...।

ਅੱਜ ਕੁਲ ਟੀ.ਵੀ. ਰਾਹੀਂ ਅਰਥਾਂ ਦੇ ਅਨਰਥ ਕਰਨ ਲਈ ਹੋਰ ਵੀ ਸਹੂਲਤਾਂ ਪ੍ਰਾਪਤ ਹੋ ਗਈਆਂ ਹਨ। ਸ਼ਬਦ ਕੀਰਤਨ ਦਾ ਪ੍ਰਸਾਰਣ ਕਰਦਿਆਂ ਗੁਰਬਾਣੀ ਵਿਚਲੇ **ਰਾਮ** ਦੀ ਵਿਆਖਿਆ ਲਈ **ਸ੍ਰੀ ਰਾਮ ਚੰਦਰ ਜੀ** ਦੀ ਤਸਵੀਰ ਪੇਸ਼ ਕੀਤੀ ਜਾਂਦੀ ਦੇਖੀ ਗਈ ਹੈ। ਸੋਹਣੇ ਸੋਹਣੇ ਗਹਿਣੇ,ਮੁਕਟ ਤੇ ਸੁੰਦਰ ਪਹਿਰਾਵਿਆਂ ਵਾਲੀਆਂ ਰਾਮ ਚੰਦਰ ਜੀ ਦੀਆਂ ਮਨ-ਮੋਹਕ ਤਸਵੀਰਾਂ ਦਿਖਾ ਕੇ ਲੋਕਾਂ ਦੇ ਅਖੀਂ ਘੱਟਾ ਪਾਇਆ ਜਾਂਦਾ ਹੈ। ਅਸਲੀਅਤ ਤੋਂ ਉਲਟ **ਰਾਮ**(ਪਰਮਾਤਮਾ) ਨੂੰ **ਸ੍ਰੀ ਰਾਮ ਚੰਦਰ ਜੀ** ਦੇ ਸਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ।ਪਰ ਇਹ ਹੈ ਤਾਂ ਇਹ ਸਭ ਕੁਝ ਗਲਤ ਹੀ...! ਕਿਸੇ ਵੀ ਧਰਮ ਦਾ ਸੱਚਾ ਭਗਤ ਜਿਹੜਾ ਪਰਮਾਤਮਾ ਅਤੇ ਅਵਤਾਰ ਦੇ ਭੇਦ ਨੂੰ ਸਮਝਦਾ ਹੈ ਉਹ ਇਸ ਗਲ ਨੂੰ ਠੀਕ ਨਹੀਂ ਕਹੇਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਰਾਮ ਸ਼ਬਦ,ਰਾਮ ਚੰਦਰ ਜੀ ਲਈ ਨਹੀਂ ਸਗੋਂ ਸ੍ਰੀ ਰਾਮ ਚੰਦਰ ਨੂੰ ਪੈਦਾ ਕਰਨ ਵਾਲੇ ਲਈ ਹੀ ਵਰਤਿਆ ਗਿਆ ਹੈ। ਜਿਸ ਨੇ ਅਵਤਾਰਾਂ ਨੂੰ ਪੈਦਾ ਕੀਤਾ ਤੇ ਉਨ੍ਹਾਂ ਨੂੰ ਸਚਾਈ ਦੀ ਖਾਤਰ ਬੁਰਾਈ ਨਾਲ ਲੜਨ ਦੀ ਹਿੰਮਤ ਬਖਸ਼ੀ। ਗੁਰਬਾਣੀ ਵਿਚ **ਰਾਮ** ਰੱਬ ਦਾ ਨਾਮ ਹੈ। ਜਿਹੜਾ ਨਿਰ ਅਕਾਰ ਹੋ ਕੇ ਵੀ ਘਟ ਘਟ ਵਾਸੀ ਹੈ। ਸਰਵ-ਨਿਵਾਸੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਵੇਂ ਬਰ੍ਹਮਾਂ,ਵਿਸ਼ਨੂੰ,ਮਹੇਸ਼,ਪ੍ਰਹਲਾਦ ਅਤੇ ਹੋਰ ਰਿਸ਼ੀਆਂ ਮੁਨੀਆਂ ਤੇ ਅਵਤਾਰਾਂ ਦੇ ਜੀਵਨਾ ਦਾ ਵੇਰਵਾ ਮਿਲਦਾ ਹੈ ਉਸੇ ਤਰਾਂ ਹੀ **ਸ੍ਰੀ ਰਾਮ ਚੰਦਰ ਜੀ** ਦੇ ਜੀਵਨ ਦੀਆ ਘਟਨਾਵਾਂ ਦਾ ਜ਼ਿਕਰ ਕਰਦੇ ਹੋਇਆਂ ਸ੍ਰੀ ਰਾਮ ਚੰਦਰ ਜੀ ਦਾ ਨਾਮ ਸੀਤਾ ਅਤੇ ਲਸ਼ਮਣ ਸਮੇਤ ਆਉਂਦਾ ਹੈ। ਰਾਵਣ ਅਤੇ ਰਮਾਇਣ ਦੇ ਹੋਰ ਕਈ ਕਿਰਦਾਰਾਂ ਦਾ ਵੀ ਜ਼ਿਕਰ ਹੈ। ਜਿਵੇਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਫੁਰਮਾਨ ਹੈ;-

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰ॥ ਪੰਨਾਂ੧੪੨੮

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਮਾਇਣ ਵਿਚਲੀ ਰਾਮ ਕਹਾਣੀ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ:-

---

ਰੋਵੈ ਰਾਮ ਨਿਕਾਲਾ ਭਇਆ॥ ਸੀਤਾ ਲਖਮਣ ਵਿਛੜਿ ਗਇਆ॥

ਰੋਵੈ ਦਹਸਿਰੁ ਲੰਕ ਗਵਾਇ॥ ਜਿਨਿ ਸੀਤਾ ਆਦੀ ਡਉਰੂ ਵਾਇ॥

(ਪੰਨਾਂ ੯੫੪

---

ਸਿਰਜਨਹਾਰੇ ਨੇ ਸਾਨੂੰ ਮਨੁਖਾ ਦੇਹੀ ਦੀ ਬਖਸ਼ਿਸ਼ ਕਰ ਕੇ ਸਾਡੇ ਉਤੇ ਅਪਾਰ ਕਿਰਪਾ ਕੀਤੀ ਹੈ। ਕਿਉਂਕਿ ਇਸ ਦੇਹੀ ਦੇ ਨਾਲ ਹੀ ਸ਼ਬਦ ਸੁਰਤ ਦੇ ਮਿਲਾਪ ਦੀ ਅਵਸਥਾ ਪ੍ਰਾਪਤ ਕੀਤੀ ਜਾ ਸਕਦੀ ਹੈ। ਉਸ ਅਵਸਥਾ ਤੱਕ ਪਹੁੰਚਣ ਲਈ ਅਕਾਲ ਪੁਰਖ ਨੂੰ ਹੀ ਸੱਚਾ ਖਸਮ ਸਮਝ ਕੇ ਜਪ ਤਪ ਕਰਨ ਦੇ ਅਨੇਕਾਂ ਸਾਧਨਾਂ ਨਾਲ ਭਗਤ ਜਨ ਪ੍ਰਭੂ ਪ੍ਰੀਤਮ ਨੂੰ ਰੀਝਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਵਿਚ ਉਸ ਸੱਚੇ ਖਸਮ ਦਾ ਨਾਮ **ਰਾਮ** ਹੈ। **ਭਗਤ ਕਬੀਰ ਜੀ** ਉਸ ਰਾਮ ਦੀ ਸੱਚੀ ਸੁਹਾਗਣ ਬਣਨ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ;-

ਗਾਉ ਗਾਉ ਰੀ ਦੁਲਹਨੀ ਮੰਗਲ ਚਾਰਾ॥

ਮੇਰੇ ਗ੍ਰਿਹਿ ਆਏ ਰਾਜਾ ਰਾਮ ਭਤਾਰਾ॥ ਰਹਾਉ॥

ਨਾਭਿ ਕਮਲ ਮਹਿ ਬੇਦੀ ਰਚਿ ਲੇ॥

ਬ੍ਰਹਮ ਗਿਆਨ ਉਚਾਰਾ॥

ਰਾਮ ਰਾਇ ਸੋ ਦੂਲਹੁ ਪਾਇਓ॥ ਅਸ ਵਡਭਾਗ ਹਮਾਰਾ॥

ਸੁਰਿ ਨਰ ਮੁਨਿ ਜਨ ਕਉਤਕ ਆਏ॥ ਕੋਟਿ ਤੇਤੀਸ ਉਜਾਨਾ॥

ਕਹਿ ਕਬੀਰ ਮੋਹਿ ਬਿਆਹਿ ਚਲੇ ਹੈ॥ ਪੁਰਖ ਏਕ ਭਗਵਾਨਾ॥

---

ਕਿੰਨੇ ਸੁੰਦਰ ਤੇ ਸਪੱਸ਼ਟ ਸ਼ਬਦਾਂ ਵਿਚ ਵਰਨਣ ਕੀਤਾ ਹੋਇਆ ਹੈ ਕਿ ਜੋਤ ਸਰੂਪੀ ਰਾਜਾ **ਰਾਮ**(ਵਾਹਿਗੁਰੂ)ਭਗਤ-ਜਨਾ ਦੇ ਨਾਭ-ਕੰਵਲ (ਦਸਮ ਦੁਆਰ ਖੁਲ੍ਹਣ ਦਾ ਇਕ ਪੜਾ) ਵਿਚ ਵਿਆਹ ਦੀ ਬੇਦੀ ਰਚਾ ਕੇ ਸੱਚਾ ਸੁਹਾਗ ਬਣਨ ਦੀ ਰਸਮ ਨਿਭਾਉਣ ਆਉਂਦਾ ਹੈ।ਭਗਤ ਨੂੰ ਵਿਆਹ ਕੇ ਲਿਜਾਣ ਲਈ ਕਰੋੜਾਂ ਦੀਵਿਆਂ ਦੀ ਦੀਪ ਮਾਲਾ ਹੁੰਦੀ ਹੈ ਤੇ ਕਰੋੜਾਂ ਰਿਸ਼ੀ ਮੁਨੀ ਅਤੇ ਦੇਵ ਲੋਕ ਦੇ ਵਾਸੀ ਬਰਾਤ ਵਿਚ ਆਉਂਦੇ ਹਨ।"ਏਕਾ ਪੁਰਖ ਸਬਾਈ ਨਾਰ॥" ਦੇ ਅਧਾਰ ਉਤੇ ਭਗਤ ਆਪਣੇ ਆਪ ਨੂੰ ਦੁਲਹਨ ਦੇ ਰੂਪ ਵਿਚ ਦੇਖਦਾ ਹੋਇਆ ਸਖੀਆਂ ਸਹੇਲੀਆਂ(ਸਾਧ ਸੰਗਤ)ਵਿਚ ਰਲ ਕੇ ਸੱਚੀ ਸੁਹਾਗਣ(ਜੋਤ ਪ੍ਰਗਟ ਹੋਣੀ) ਬਣਨ ਦੇ ਸ਼ੁਭ ਮੌਕੇ ਉਤੇ ਮੰਗਲਾਚਾਰ ਦੇ ਗੀਤ ਗਾਉਂਦਾ ਹੈ।

*****************************

# ਸ਼ਹੀਦ ਸਿੰਘ

ਮੋਹ ਮਾਇਆ ਦੇ ਜਾਲ ਵਿਚ ਜੱਕੜੀ ਇਸ ਦੁਨੀਆਂ ਵਿੱਚ ਇਕ ਹੋਰ ਦੁਨੀਆਂ ਵੀ ਵਸਦੀ ਹੈ।ਜਿਸਨੂੰ ਅਸੀਂ ਸ਼ਹੀਦਾਂ ਸਿੰਘਾਂ,ਦੇਵੀ ਦੇਵਤਿਆਂ,ਭੂਤਾਂ ਪ੍ਰੇਤਾਂ ਅਤੇ ਜਮਾਂ ਦੀ ਦੁਨੀਆਂ ਕਹਿੰਦੇ ਹਾਂ।ਇਨ੍ਹਾਂ ਸਾਰਿਆਂ ਵਿਚੋਂ ਸ਼ਹੀਦ ਸਿੰਘ ਸਭ ਤੋਂ ਉਤੱਮ ਹਨ।ਸਿਰਜਨਹਾਰੇ ਨੇ ਸ਼ਹੀਦਾਂ ਸਿੰਘਾਂ ਨੂੰ ਸ਼ਕਤੀਆਂ ਦੇ ਅਥਾਹ ਭੰਡਾਰ ਬਖਸ਼ੇ ਹਨ।ਪਹਾੜ,ਦਰਿਆ,ਬਰਫ ਅਤੇ ਸੰਸਾਰ ਦੀਆਂ ਹੋਰ ਸਥੂਲ

ਵਸਤੂਆਂ ਸ਼ਹੀਦ ਸਿੰਘਾਂ ਦੇ ਰਸਤੇ ਵਿਚ ਰੁਕਾਵਟ ਨਹੀਂ ਬਣਦੀਆਂ। ਉਹ ਇੰਨ੍ਹਾਂ ਦੇ ਵਿਚੋਂ ਦੀ ਲੰਘ ਜਾਂਦੇ ਹਨ। ਪਲਾਂ ਵਿਚ ਹੀ ਲੰਬੀਆਂ ਉਡਾਰੀਆਂ ਮਾਰਦੇ ਹੋਏ ਕਿਤੇ ਦੇ ਕਿਤੇ ਪਹੁੰਚ ਜਾਂਦੇ ਹਨ। ਖੰਡਾਂ ਬ੍ਰਹਮੰਡਾਂ ਵਿਚ ਘੁੰਮ ਅਉਂਦੇ ਹਨ। ਇਹ ਹਰ ਇਕ ਬੋਲੀ ਸਮਝ ਲੈਂਦੇ ਹਨ ਅਤੇ ਬੋਲ ਵੀ ਲੈਂਦੇ ਹਨ। ਹਰੀ-ਭਗਤਾਂ ਦੀ ਰੱਖਿਆ ਲਈ ਇਹ ਦੇਸ਼ ਦਿਸ਼ਾਤ੍ਰਾਂ ਵਿਚ ਪਹੁੰਚ ਜਾਂਦੇ ਹਨ ਕਿਉਂਕਿ ਸੱਚੇ ਦਿਲਾਂ ਦੀ ਪੁਕਾਰ ਇਨ੍ਹਾਂ ਨੂੰ ਦੂਰੋਂ ਹੀ ਸੁਣ ਪੈਂਦੀ ਹੈ।

ਅੰਤਰਜਾਮੀ ਹੋਣ ਕਰਕੇ ਇਹ ਦੂਜਿਆਂ ਦੇ ਦਿਲਾਂ ਦੀ ਜਾਣ ਲੈਂਦੇ ਹਨ। ਆਉਣ ਵਾਲੇ ਸਮੇਂ ਵਿੱਚ ਕੀ ਹੋਣ ਵਾਲਾ ਹੈ, ਇਸ ਵਾਰੇ ਵੀ ਇੰਨ੍ਹਾਂ ਨੂੰ ਗਿਆਨ ਹੁੰਦਾ ਹੈ। ਸੱਚੇ ਪਾਤਸ਼ਾਹ ਦੇ ਹੁਕਮ ਅਨੁਸਾਰ ਇਹ ਗੁਰੂ ਪਿਆਰਿਆਂ ਨੂੰ ਉਨ੍ਹਾਂ ਉਤੇ ਅਉਣ ਵਾਲੀ ਮੁਸੀਬਤ ਦਾ ਇਸ਼ਾਰਾ ਮਾਤਰ ਸੰਕੇਤ ਦੇ ਦਿੰਦੇ ਹਨ ਅਤੇ ਫਿਰ ਮੌਕੇ 'ਤੇ ਉਨ੍ਹਾਂ ਦੀ ਸਹਾਇਤਾ ਵੀ ਕਰਦੇ ਹਨ। ਆਮ ਤੌਰ 'ਤੇ ਇਹ ਗੁਪਤ ਹੀ ਰਹਿੰਦੇ ਹਨ ਪਰ ਕਦੀ ਕਦੀ ਖਾਸ ਲੋੜ ਪੈਣ ਉਤੇ ਪ੍ਰਗਟ ਰੂਪ ਵਿਚ ਹਾਜਰ ਹੋ ਕੇ ਕਾਰਜ ਰਾਸ ਕਰ ਜਾਂਦੇ ਹਨ ਤੇ ਜੇ ਕਿਧਰੇ ਸਤਿਗੁਰਾਂ ਦੀ ਕ੍ਰਿਪਾ ਹੋ ਜਾਵੇ ਤਾਂ ਪ੍ਰਤੱਖ ਰੂਪ ਵਿਚ ਦਰਸ਼ਨ ਦੇ ਕੇ ਨਿਹਾਲ ਵੀ ਕਰ ਦਿੰਦੇ ਹਨ। ਸ਼ਹੀਦ ਸਿੰਘਾਂ ਕੋਲ ਦੇਵੀ ਦੇਵਤਿਆਂ ਨਾਲੋਂ ਵਧ ਸ਼ਕਤੀਆਂ ਹੁੰਦੀਆਂ ਹਨ। ਦੇਵੀ ਦੇਵਤੇ ਕਾਲ-ਚੱਕਰ ਵਿੱਚ ਫਸੇ ਹੋਏ ਹੁੰਦੇ ਹਨ। ਸੁੱਖ ਅਰਾਮ ਦੇ ਠਿਕਾਣੇ ਸਵਰਗਾਂ ਦੇ ਵਾਸੀ ਸਾਡੇ ਸੰਸਾਰੀ ਜੀਵਾਂ ਦੀ ਦੁਖਾਂ ਸੁਖਾਂ ਵਿਚ ਸਹਾਇਤਾ ਕਰਦੇ ਹੋਏ ਆਪਣੀ ਪੂਜਾ ਕਰਵਾਉਂਦੇ ਹਨ ਪਰ ਸ਼ਹੀਦ ਸਿੰਘ ਅਮਰ ਹੁੰਦੇ ਹਨ। ਮੋਹ ਮਾਇਆ ਤੋਂ ਨਿਰਲੇਪ ਰਹਿ ਕੇ ਆਪਣੇ ਫਰਜ਼ ਨਿਭਾਉਂਦੇ ਹੋਏ ਅਕਾਲ ਪੁਰਖ ਦੇ ਹੁਕਮ ਅਨੁਸਾਰ ਸ਼ੁਭ ਕਰਮ ਕਰਨਾ ਉਨ੍ਹਾਂ ਦਾ ਸੁਭਾ ਹੁੰਦਾ ਹੈ।

ਆਮ ਤੌਰ ਤੇ ਇਹ ਨਿਹੰਗਾਂ ਵਾਲੇ ਬਾਣੇ ਵਿੱਚ ਹੁੰਦੇ ਹਨ। ਨੀਲੇ, ਕਾਲੇ, ਸਫੈਦ ਅਤੇ ਕੇਸਰੀ ਬਾਣੇ ਵਿਚ ਸ਼ਸਤਰਾਂ ਨਾਲ ਸਜੇ ਹੋਏ ਤੇ ਇਲਾਹੀ ਤੇਜ ਪ੍ਰਤਾਪ ਨਾਲ ਸ਼ਿਗਾਰੇ ਹੋਏ ਹੁੰਦੇ ਹਨ। ਮੌਕੇ ਅਨੁਸਾਰ ਆਪਣਾ ਸਰੂਪ ਜ਼ਰੂਰਤ ਅਨੁਸਾਰ ਬਦਲ ਲੈਂਦੇ ਹਨ। ਕਦੀ ਭਿਖਾਰੀ ਜਾਂ ਪਿੰਗਲੇ ਦਾ ਰੂਪ ਧਾਰਨ ਕਰ ਕੇ ਦੁਨਿਆਵੀ ਲੋਕਾਂ ਦੇ ਮਨਾਂ ਵਿਚ ਭੁਲੇਖਾ ਪਾਉਂਦੇ ਹੋਏ ਗੁਰੂ ਪਿਆਰਿਆਂ ਦੇ ਕਾਰਜ ਸਿੱਧ ਕਰ ਜਾਂਦੇ ਹਨ ਅਤੇ ਕਦੀ ਸੁੰਦਰ ਸਰੂਪ ਧਾਰਨ ਕਰ ਲੈਂਦੇ ਹਨ। ਖਾਸ ਕਰਕੇ ੧੦-੧੧ ਸਾਲ ਦਾ ਭੁਜੰਗੀ ਸਿੰਘ ਬਣ ਕੇ ਸੁੰਦਰ ਅਤੇ ਭੋਲੀ ਭਾਲੀ ਸ਼ਕਲ ਨਾਲ ਮਿਠੀਆਂ ਮੁਸਕਾਨਾਂ ਖਿਲਾਰ ਕੇ ਸੰਗਤਾਂ ਦਾ ਦਿਲ ਬਹਿਲਾਉਂਦੇ ਹਨ। ਮਸੂਮ ਬਾਲੜੀ ਜਾਂ ਔਰਤ ਦੇ ਰੂਪ ਵਿਚ ਵੀ ਸ਼ਹੀਦ ਸਿੰਘ, ਸਿੰਘਣੀਆਂ ਗੁਰੂ ਪਿਆਰਿਆਂ ਨੂੰ ਭਟਕਣ ਤੋਂ ਬਚਾ ਕੇ ਸਿੱਧੇ ਰਸਤੇ ਪਾ ਜਾਂਦੇ ਹਨ, ਜਰੂਰਤਾਂ ਪੂਰੀਆਂ ਕਰ ਜਾਂਦੇ ਹਨ।

੧੯੫੪ ਵਿਚ ਬੀਬੀ ਗੁਦੀਪ ਕੌਰ ਜੀ ਪਟਨਾ ਸਾਹਿਬ ਦੀ ਯਾਤਰਾ ਲਈ ਗਏ। ਗੁਰੂ ਜੀ ਦੇ ਹੱਥੀਂ ਵਰਤੇ ਸ਼ਸਤਰਾਂ ਅਤੇ ਇਤਿਹਾਸਕ ਯਾਦਗਾਰਾਂ ਅੱਗੇ ਸਿਰ ਝੁਕਾਉਂਦਿਆਂ ਉਨ੍ਹਾਂ ਦੀ ਨਜ਼ਰ ਗੁਰੂ ਜੀ ਦੀ ਕਲਗੀ ਉਤੇ ਪਈ ਤੇ ਨਾਲ ਹੀ ਕਲਗੀਆਂ ਵਾਲੇ ਦੇ ਦਰਸ਼ਨ ਝਲਕਾਰਿਆਂ ਦੀ ਬਖਸ਼ਿਸ਼ ਵੀ ਹੋਈ। ਬੀਬੀ ਜੀ ਦੇ ਮਨ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਈ ਕਲਗੀ ਬਣਵਾਉਣ ਦੀ ਰੀਝ ਆਈ। ਹੀਰੇ ਲਾਲ ਜਵਾਹਰਾਤ ਅਤੇ ਰੂਬੀ ਨਾਲ ਜੜੀ ਹੋਈ ਕਲਗੀ ਤਿਆਰ ਕਰਨ ਲਈ ਉਨ੍ਹਾਂ ਨੇ ਉਸ ਸਮੇ (ਸੰਨ ੧੯੫੪) ਵਿਚ ਇਕ ਲੱਖ ਪੰਜਾਹ ਹਜ਼ਾਰ ਰੁਪੈ ਖਰਚੇ। ਗੁਰੂ ਜੀ ਦੇ ਸੁੰਦਰ ਪੁਸ਼ਾਕੇ ਵੀ

ਤਿਆਰ ਕਰਵਾਏ ਤੇ ਚਰਨ-ਕੰਵਲਾਂ ਲਈ ਸੁੰਦਰ-ਮਖਮਲੀ ਜੋੜਾ ਵੀ ਖਰੀਦਿਆ।ਪ੍ਰੇਮ ਵੈਰਾਗ ਵਿਚ ਭਿੱਜੇ ਹੋਏ ਕਲਗੀ ਤੇ ਪੁਸ਼ਾਕੇ ਤੇ ਕਲਗੀ ਲੈ ਕੇ ਆਪਣੇ ਘਰ(ਸਰਹਾਲੀ)ਜਾ ਰਹੇ ਸਨ ਕਿ ਦਿਲ ਵਿਚ ਤੀਬਰ ਉਮੰਗ ਪੈਦਾ ਹੋਈ ਕਿ ਕਲਗੀਆਂ ਵਾਲਾ ਕਲਗੀ ਪਹਿਨ ਕੇ ਦਿਖਾਏ।ਕਾਰ ਦੀ ਪਿਛਲੀ ਸੀਟ ਉਤੇ ਬੈਠਿਆਂ ਦਾ ਵੈਰਾਗ ਠਲ੍ਹਿਆ ਨਾ ਜਾਵੇ।।

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ਬਿਲਪ ਕਰੇ ਚਾਤ੍ਰਿਕ ਕੀ ਨਿਆਈ॥

ਤ੍ਰਿਖਾ ਨਾ ਉਤਰੈ ਸਾਂਤਿ ਨਾ ਆਵੇ ॥ਬਿਨੁ ਦਰਸਨ ਸੰਤ ਪਿਆਰੇ ਜੀਉ॥

ਰੀਝਾਂ ਨਾਲ ਬਣਾਈ ਕਲਗੀ ਸਤਿਗੁਰਾਂ ਦੇ ਸੀਸ ਉਤੇ ਸਜੀ ਹੋਈ ਦੇਖਣ ਲਈ ਮਨ ਪਪੀਹੇ ਵਾਲੀ ਕੂਕ ਪੁਕਾਰ ਨਾਲ ਤੜਫ ਰਿਹਾ ਸੀ ਕਿ ਕਲਗੀਆਂ ਵਾਲੇ ਨੇ ਬੀਬੀ ਜੀ ਦੇ ਚਾਤ੍ਰਿਕ ਮਨ ਦੀ ਪਿਆਸ ਬੁਝਾਉਣ ਲਈ ਦਰਸ਼ਨ ਬਖਸ਼ੇ..!ਜਿਹੜੀ ਕਲਗੀ ਬੀਬੀ ਜੀ ਦੇ ਹੱਥਾਂ ਵਿਚ ਫੜੀ ਹੋਈ ਸੀ,ਉਹੀ ਕਲਗੀ ਨੂਰੀ-ਪ੍ਰੀਤਮ ਦੇ ਸੀਸ ਉਤੇ ਸਜੀ ਹੋਈ ਸੀ।ਜਿਹੜੇ ਪੁਸ਼ਾਕੇ ਬੀਬੀ ਜੀ ਆਪਣੇ ਹੱਥਾਂ ਵਿਚ ਪ੍ਰੇਮ ਸਤਿਕਾਰ ਨਾਲ ਸੰਭਾਲੀ ਬੈਠੇ ਸਨ,ਉਹੀ ਪੁਸ਼ਾਕੇ ਸਤਿਗੁਰਾਂ ਨੇ ਪਹਿਨੇ ਹੋਏ ਸੀ।ਕੇਸਰੀ ਦਸਤਾਰ ਅਤੇ ਨੀਲਾ ਕਮਰ-ਕੱਸਾ ਵੀ ਉਹੀ ਸੀ ਜਿਸ ਨੂੰ ਬੀਬੀ ਜੀ ਨੇ ਸੌ ਸੌ ਚਾਵਾਂ-ਮਲ੍ਹਾਰਾਂ ਨਾਲ ਰੰਗਵਾਇਆ ਸੀ।ਰੰਗਲੇ ਪ੍ਰੀਤਮ ਦੇ ਚਰਨ-ਕੰਵਲਾਂ ਵਿਚ ਹੱਥੀਂ ਖਰੀਦਿਆ ਹੋਇਆ ਮਖਮਲੀ-ਜੋੜਾ ਦੇਖ ਕੇ ਪੂਰੀ ਤਸੱਲੀ ਹੋ ਗਈ।ਉਨਾਂ ਨੂੰ ਯਕੀਨ ਹੋ ਗਿਆ ਕਿ ਕਲਗੀਆਂ ਵਾਲੇ ਨੇ ਕਲਗੀ ਤੇ ਬਾਕੀ ਸਾਰੀਆਂ ਚੀਜ਼ਾਂ ਪ੍ਰਵਾਨ ਕਰ ਲਈਆਂ ਹਨ।

ਦਰਸ਼ਨ-ਝਲਕਾਂ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਬੀਬੀ ਜੀ ਪਟਨਾ ਸਾਹਿਬ ਪਹੁੰਚੇ ਅਤੇ ਗੁਰੂ ਜੀ ਦੀਆਂ ਇਤਿਹਾਸਕ ਯਾਦਗਾਰਾਂ ਵਿਚ ਰਖਣ ਲਈ ਕਲਗੀ ਭੇਟ ਕਰਕੇ ਲੱਖ ਲੱਖ ਸ਼ੁਕਰਾਨੇ ਕੀਤੇ।ਗੁਰੂ ਜੀ ਲਈ ਤਿਆਰ ਕੀਤੇ ਹੋਏ ਵਸਤਰ ਤੇ ਮਖਮਲੀ ਜੋੜਾ ਕਿਸੇ ਜੁੜੀ ਹੋਈ ਸੁਰਤੀ ਵਾਲੇ ਸਿੰਘ ਨੂੰ ਭੇਟ ਕੀਤੇ ਤੇ ਜਦੋਂ ਉਹ ਉਚਾ ਲੰਬਾ ਦਰਸ਼ਨੀ ਸਿੰਘ ਵਸਤਰ ਪਹਿਨ ਕੇ ਬੀਬੀ ਜੀ ਦੇ ਸਾਹਮਣੇ ਆਇਆ ਤਾਂ ਉਨ੍ਹਾਂ ਨੂੰ ਇਸ ਤਰ੍ਹਾਂ ਲੱਗੇ ਜਿਵੇਂ ਉਹ ਗੁਰੂ ਜੀ ਦੇ ਪਹਿਨੇ ਹੋਏ ਵਸਤਰ ਅਤੇ ਮਖਮਲੀ ਜੋੜਾ ਪਾ ਕੇ ਬੀਬੀ ਜੀ ਦੇ ਅੱਗੇ ਖੜ੍ਹਾ ਹੋਵੇ।

***************

ਇਕ ਵਾਰੀ ਬੀਬੀ ਜੀ ਨੇ ਆਪਣੇ ਬੇਟੇ **ਉਪਿੰਦਰ ਜੀਤ ਸਿੰਘ** ਨੂੰ ਕਿਹਾ ਕਿ ਉਨ੍ਹਾਂ ਦਾ ਕਿਸੇ ਇਤਿਹਾਸਿਕ ਗੁਰਦੁਆਰੇ ਜਾਣ ਨੂੰ ਦਿਲ ਕਰਦਾ ਹੈ।ਪਰ ਉਸ ਨੇ ਬੀਬੀ ਜੀ ਦੀ ਗੱਲ ਨੂੰ ਅਣਗੌਲਿਆਂ ਕਰ ਦਿੱਤਾ।ਕੁਝ ਦਿਨ ਬੀਬੀ ਜੀ ਲਾਡ ਪਿਆਰ ਨਾਲ ਪੁੱਤਰ ਨੂੰ ਮਨਾਉਂਦੇ ਰਹੇ ਪਰ ਉਹ ਜਵਾਨ ਪੁਤਰਾਂ

ਵਾਲੇ ਰੋਅਬ ਨਾਲ ਟਾਲ ਦਿੰਦਾ ਰਿਹਾ।ਅਖੀਰ ਆਪਣੀ ਆਦਤ ਅਨੁਸਾਰ ਬੀਬੀ ਜੀ ਤੋਂ ਵਾਰ ਵਾਰ ਕਹਾਉਣ ਪਿਛੋਂ ਬੀਬੀ ਜੀ ਦੀ ਇੱਛਾ ਮੁਤਾਬਿਕ ਜਿੱਥੇ ਉਹ ਕਹਿੰਦੇ ਸੀ,ਉਥੇ ਲੈ ਗਿਆ।

ਗੁਰੂ ਘਰ ਦੀ ਯਾਤਰਾ ਦਾ ਅਨੰਦ ਮਾਣ ਕੇ ਵਾਪਿਸ ਆਉਂਦਿਆਂ ਬੀਬੀ ਜੀ ਉਪਿੰਦਰ ਜੀਤ ਦੇ ਨਾਲ ਦੀ ਸੀਟ ਉਤੇ ਬੈਠੇ ਹੋਏ ਮ੍ਰਿਨਾਂ ਮ੍ਰਿਨਾਂ ਮੁਸਕਾਈ ਜਾ ਰਹੇ ਸੀ। ਇਉਂ ਲੱਗ ਰਿਹਾ ਸੀ ਕਿ ਉਹ ਕਿਸੇ ਅਨੋਖੀ ਖੁਸ਼ੀ ਦਾ ਰੰਗ ਮਾਣ ਰਹੇ ਹਨ।ਉਪਿੰਦਰ ਜੀਤ ਨੇ ਕਾਰ ਚਲਾਉਂਦੇ ਹੋਏ ਬੀਬੀ ਜੀ ਨੂੰ ਆਪਣੇ ਆਪ ਵਿਚ ਹੀ ਹੱਸਦਿਆਂ ਦੇਖ ਕੇ ਮਜ਼ਾਕ ਨਾਲ ਪੁਛਿਆ ਕਿ ਉਹ ਇਸ ਤਰ੍ਹਾਂ ਕਿਉਂ ਹੱਸ ਰਹੇ ਹਨ।ਤਾਂ ਅੱਗੋਂ ਬੀਬੀ ਜੀ ਖੁੱਲ੍ਹ ਕੇ ਹੱਸਦੇ ਹੋਏ ਕਹਿੰਦੇ ਕਿ ਹੁਣ ਉਨ੍ਹਾਂ ਦਾ ਸੁਲਤਾਨ ਪੁਰ ਲੋਧੀ ਗੁਰਦੁਆਰੇ ਜਾਣ ਨੂੰ ਦਿਲ ਕਰਦਾ ਹੈ।ਇਹ ਗੱਲ ਉਪੰਦਰ ਜੀਤ ਨੂੰ ਬੜੀ ਓਪਰੀ ਜਿਹੀ ਲੱਗੀ।ਉਸ ਨੇ ਬੜਾ ਅਹਿਸਾਨ ਜਤਾਉਂਦਿਆਂ ਕਿਹਾ ਕਿ ਬੀਬੀ ਜੀ ਨੂੰ ਇਸ ਗਲ ਦਾ ਸ਼ੁਕਰ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਇਕ ਗੁਰਦੁਆਰੇ ਦੀ ਯਾਤਰਾ ਕਰਵਾ ਦਿੱਤੀ ਹੈ।ਹੁਣ ਉਹ ਚੁੱਪ ਕਰਕੇ ਘਰ ਜਾ ਕੇ ਬੈਠਣ...।ਐਵੇਂ ਹੀ  ਹੋਰ ਥਾਵਾਂ ਉਤੇ ਜਾਣ ਦੇ ਸੁਪਨੇ ਨਾ ਸਜਾਈ ਜਾਣ...।ਉਹ ਕੋਈ ਵੇਹਲਾ ਬੰਦਾ ਨਹੀਂ ਹੈ ਕਿ ਐਵੇਂ ਹੀ  ਲੈ ਕੇ ਤੁਰਿਆ ਰਹੇ...।

ਉਪਿੰਦਰ ਜੀਤ ਨੇ ਬੀਬੀ ਜੀ ਨੂੰ ਸੁਲਤਾਨ ਪੁਰ ਜਾਣ ਲਈ ਕੋਰਾ ਇਨਕਾਰ ਕਰ ਦਿੱਤਾ ਪਰ ਬੀਬੀ ਜੀ ਉਤੇ ਉਸਦੀ ਨਾਂਹ ਦਾ ਕੋਈ ਅਸਰ ਨਾ ਹੋਇਆ।ਪੁੱਤਰ ਦੀਆਂ ਗੱਲਾਂ ਦਾ ਜਵਾਬ,  ਉਸੇ ਦੀ ਬੋਲੀ ਦੇ ਸੁਰਾਂ ਵਿਚ ਦੇਣ ਦੀ ਥਾਂ ਉਹ ਡੁਲ੍ਹ ਡੁਲ੍ਹ ਜਾਂਦੀਆਂ ਖੁਸ਼ੀਆਂ ਖੇੜਿਆਂ ਦੀ ਮਸਤੀ ਵਿਚ ਮਿੱਠੀਆਂ ਮਿੱਠੀਆਂ ਮੁਸਕਾਨਾਂ ਦੇਈ ਜਾਣ..।

ਉਪਿੰਦਰ ਜੀਤ ਨੂੰ ਪਤਾ ਹੀ ਨਾ ਲੱਗਿਆ ਕਿ ਕਿਹੜੇ ਵੇਲੇ ਸਫਰ ਤਹਿ ਹੋ ਗਿਆ।ਉਨ੍ਹਾਂ ਨੇ ਅਚਾਨਕ ਕਾਰ ਰੋਕੀ।ਸਾਹਮਣੇ ਸੁਲਤਾਨ ਪੁਰ ਲੋਧੀ ਦਾ ਗੁਰਦੁਆਰਾ ਸਾਹਿਬ ਦੇਖ ਕੇ ਉਸ ਦੀ ਹੈਰਾਨੀ ਦੀ ਕੋਈ ਹੱਦ ਹੀ ਨਾ ਰਹੀ।ਡੌਰ ਭੌਰਿਆਂ ਹੋ ਕੇ ਕਿਹਾ,- "ਉਫ....!ਹੈਂ..! ਇਹ ਕਿਦਾਂ ਹੋ ਗਿਆ..? ਮੈ ਕਿੱਥੇ ਆਣ ਪਹੁੰਚਿਆ...?"

ਤਦ ਬੀਬੀ ਜੀ ਨੇ ਪੁਤੱਰ ਨੂੰ ਸ਼ਹੀਦਾਂ ਸਿੰਘਾਂ ਦੀ ਹੋਂਦ ਦੇ ਪ੍ਰਗਟਾਵੇ ਦਾ ਅਹਿਸਾਸ ਕਰਵਾਉਂਦਿਆਂ ਕਿਹਾ,-**"ਤੂੰ ਕੌਣ ਹੁੰਦਾ ਹੈਂ...? ਮੈਨੂੰ ਇੱਥੇ ਲਿਆਉਣ ਵਾਲਾ..।ਜਿਸਨੇ ਲਿਆਉਣਾ ਸੀ, ਉਸਨੇ ਲੈ ਆਂਦਾ।"** ਮਾਂ ਦੇ ਚੇਹਰੇ ਦਾ ਜਲਾਲ ਦੇਖ ਕੇ ਉਪਿੰਦਰ ਜੀਤ ਨੂੰ ਸਾਰੀ ਗੱਲ ਸਮਝ ਆ ਗਈ...।ਮਾਂ ਦੇ ਅੰਗ ਰੱਖਿਅਕ ਅਤੇ ਯਾਤਰਾਵਾਂ ਵਿਚ ਸਹਾਈ ਹੋਣ ਵਾਲੇ ਸ਼ਹੀਦਾਂ ਸਿੰਘਾਂ ਦੀਆਂ ਰੰਗ-ਰੰਗੀਲੀਆਂ ਖੇਡਾਂ ਤੋਂ ਪੂਰੀ ਤਰ੍ਹਾਂ ਜਾਣੂੰ ਪੁੱਤਰ ਜਾਣ ਗਿਆ ਕਿ ਇਹ ਸੱਭ ਸ਼ਹੀਦਾਂ ਸਿੰਘਾਂ ਦੀ ਅਗੰਮੀ ਖੇਡ ਸੀ ਕਿ ਉਸ ਨੂੰ ਪਤਾ ਹੀ ਨਹੀਂ ਲੱਗਿਆ ਕਿ ਉਹ ਕਿਹੜੇ ਵੇਲੇ ਆਪਣੇ ਪਿੰਡ ਸਰਹਾਲੀ ਜਾਣ ਵਾਲੀ ਸੜਕ ਉਤੇ ਮੁੜਨ ਦੀ ਥਾਂ ਕਾਰ ਨੂੰ ਸੁਲਤਾਨ ਪੁਰ ਜਾਣ ਵਾਲੀ ਸੜਕ ਵਲ ਮੋੜ ਲਿਆ ਤੇ ਦੂਜੇ ਪਾਸੇ ਮਾਂ ਨੂੰ ਪਤਾ ਸੀ ਕਿ ਸ਼ਹੀਦ ਸਿੰਘ ਉਸਦੀ

ਮਦਦ ਕਰ ਰਹੇ ਹਨ ਇਸ ਲਈ ਉਹ ਅਣਦਿਸਦੀ ਦੁਨੀਆਂ ਦੇ ਵਾਸੀਆਂ ਨਾਲ ਮਿਲ ਕੇ ਬੇਬੇ ਨਾਨਕੀ ਦੇ ਗੁਰਦੁਆਰੇ ਆਉਣ ਦੀਆ ਖੁਸ਼ੀਆਂ ਵਿਚ ਨਿਹਾਲ ਹੋ ਰਹੀ ਸੀ।

********************

ਬੀਬੀ ਗੁਰਦੀਪ ਕੌਰ ਜੀ ਦੀ ਇਕ ਬਹੁਤ ਪਿਆਰੀ ਸਤਸੰਗਣ **ਬੀਬੀ ਬਲਵੰਤ ਕੌਰ ਜੀ** ਪੂਰਬਲੇ ਜਨਮਾਂ ਦੀ ਨਾਮ ਬਾਣੀ ਦੀ ਅਤੁੱਟ ਕਮਾਈ ਅਤੇ ਗੁਰੂ ਕਿਰਪਾ ਨਾਲ ਰੂਹਾਨੀ ਰਾਹਾਂ ਦੀਆਂ ਉਚੀਆਂ ਮੰਜਿਲਾਂ ਤਹਿ ਕਰ ਚੁੱਕੇ ਸਨ ਅਤੇ ਸ਼ਹੀਦਾਂ ਸਿੰਘਾਂ ਦੇ ਸਹਿਯੋਗ ਨਾਲ ਉਨ੍ਹਾਂ ਦੇ ਬਹੁਤ ਵੱਡੇ ਵੱਡੇ ਕਾਰਜ ਰਾਸ ਹੋਏ। ਇਕ ਵਾਰੀ ਉਨ੍ਹਾਂ ਨੇ ਰੂਹਾਨੀ ਦ੍ਰਿਸ਼ਟਾਂਤ ਰਾਹੀਂ ਸੁਲਤਾਨ ਪੁਰ ਵਿਚ ਇਕ ਖਾਸ ਥਾਂ ਉਤੇ ਬੇਬੇ ਨਾਨਕੀ ਜੀ ਦੇ ਹੱਥੀ ਵਰਤੇ ਬਰਤਣ ਅਤੇ ਚੁਲ੍ਹਾ ਦੇਖਿਆ।ਜਿਸ ਚੁੱਲ੍ਹੇ ਉਤੇ ਰੋਟੀ ਪਕਾਉਂਦਿਆਂ ਉਹ ਆਪਣੇ ਵੀਰ ਨਾਨਾਕ ਨੂੰ ਯਾਦ ਕਰਦੇ ਸੀ ਅਤੇ ਨਿਰੰਕਾਰੀ ਜੋਤ ਵਾਲਾ ਵੀਰ ਨਾਨਕ ਸੈਂਕੜੇ ਕੋਹਾਂ ਤੋਂ ਪਲਾਂ ਵਿਚ ਹੀ ਪਹੁੰਚ ਕੇ ਭੈਣ ਦੇ ਹੱਥੋਂ ਆ ਕੇ ਤਾਜੀ ਤਾਜੀ ਰੋਟੀ ਖਾਂਦਾ ਸੀ,ਉਹੀ ਚੁਲ੍ਹਾ ਬੀਬੀ ਬਲਵੰਤ ਕੌਰ ਜੀ ਨੇ ਦ੍ਰਿਸਟਾਂਤ ਰਾਹੀਂ ਦੇਖਿਆ।

ਉਹ ਉਸ ਥਾਂ ਉਤੇ ਪਹੁੰਚੇ।ਜਾ ਕੇ ਦੇਖਿਆ ਤਾਂ ਉਸ ਥਾਂ ਉਤੇ ਕੰਡਿਆਲੀਆਂ ਝਾੜੀਆਂ ਤੋਂ ਸਿਵਾ ਕੁਝ ਨਹੀਂ ਸੀ।ਬੇ-ਅਬਾਦ,ਸੁੰਨ-ਸਾਨ ਥਾਂ ਉਤੇ ਥਾਂ ਉਤੇ ਕੋਈ ਧਾਰਮਿਕ ਅਸਥਾਨ ਹੋਣ ਦਾ ਸਪਨਾ ਵੀ ਨਹੀਂ ਸੀ ਲਿਆ ਜਾ ਸਕਦਾ।ਪਰ ਬੀਬੀ ਜੀ ਨੇ ਅਲੌਕਿਕ ਦ੍ਰਿਸ਼ਟਾਂਤ ਉਤੇ ਪੂਰਨ ਭਰੋਸਾ ਰੱਖ ਕੇ ਉਸ ਥਾਂ ਦੀ ਖੁਦਾਈ ਕਰਵਾਉਣੀ ਸ਼ੁਰੂ ਕਰਵਾ ਦਿੱਤੀ।ਆਪਣਾ ਸਾਰਾ ਪੈਸਾ ਲਗਾ ਦਿੱਤਾ।ਉਜਾੜ ਬੀਆਬਾਨ ਵਿਚ ਖੁਦਾਈ ਕਰਵਾਉਂਦਿਆਂ ਦੇਖ ਕੇ ਲੋਕ ਬੀਬੀ ਜੀ ਉਤੇ ਹੱਸਣ ਲੱਗੇ।ਬੇਬੇ ਨਾਨਾਕੀ ਦੇ ਭਾਂਡਿਆਂ ਦੀ ਗੱਲ ਦਾ ਕਿਸੇ ਨੂੰ ਯਕੀਨ ਨਾ ਆਵੇ।ਖੁਦਾਈ ਕਰਦਿਆਂ ਸੱਪ ਬਹੁਤ ਨਿਕਲੇ।ਲੋਕ ਕਹਿਣ ਲੱਗ ਪਏ ਕਿ ਬੇਬੇ ਨਾਨਕੀ ਦੇ ਘਰ ਦੀ ਨਹੀਂ, ਸੱਪਾਂ ਦੇ ਘਰਾਂ ਦੀ ਖੁਦਾਈ ਹੋ ਰਹੀ ਹੈ।ਪਰ ਬੀਬੀ ਜੀ ਨੇ ਹਿੰਮਤ ਨਾ ਹਾਰੀ।ਉਹ ਪੂਰੀ ਲਗਨ ਨਾਲ ਕੰਮ ਕਰਵਾਉਂਦੇ ਰਹੇ ਅਖੀਰ ਬੀਬੀ ਜੀ ਦੀਆਂ ਗੱਲਾਂ ਸੱਚੀਆਂ ਨਿਕਲੀਆਂ।ਖੁਦਾਈ ਕਰਨ ਪਿਛੋਂ ਬੀਬੀ ਜੀ ਨੂੰ ਉਹ ਸੱਭ ਕੁਝ ਮਿਲ ਗਿਆ ਜੋ ਦ੍ਰਿਸ਼ਟਾਂਤ ਉਨ੍ਹਾਂ ਗੁਰੂ ਕਿਰਪਾ ਨਾਲ ਦੇਖਿਆਂ ਸੀ।ਬੀਬੀ ਬਲਵੰਤ ਕੌਰ ਜੀ ਨੇ ਬੀਬੀ ਗੁਰਦੀਪ ਕੌਰ ਜੀ ਅਤੇ ਹੋਰ ਸੰਗਤਾਂ ਨਾਲ ਮਿਲ ਕੇ ਉਥੇ ਬਹੁਤ ਸੁੰਦਰ ਗੁਰਦੁਆਰਾ ਬੜਵਾਇਆ।ਫਿਰ ਬੇਬੇ ਨਾਨਕੀ ਦੇ ਨਾਮ ਉਤੇ ਉਸੇ ਤਰ੍ਹਾਂ ਦਾ ਹੀ ਬਹੁਤ ਵੱਡਾ ਗੁਰਦੁਆਰਾ ਇੰਗਲੈਂਡ ਵਿਚ ਵੀ ਸੰਗਤਾਂ ਦੇ ਸਹਿਯੋਗ ਨਾਲ ਬਣਵਾਇਆ ਗਿਆ।ਬੀਬੀ ਜੀ ਨੇ ਅਨੰਦ ਪੁਰ ਸਾਹਿਬ ਵਿਚ ਇਕ ਅਖੀਆਂ ਦਾ ਹਸਪਤਾਲ ਬਣਵਾਇਆ ਅਤੇ ਗੁਰੂ ਪੰਥ ਦੀ ਤਨ ਮਨ ਧਨ ਨਾਲ ਅਣਥੱਕ ਸੇਵਾ ਕੀਤੀ।ਉਨ੍ਹਾਂ ਦੀ ਸ਼ਖਸੀਅਤ ਵਿਚੋਂ ਗੁਰਸਿੱਖੀ ਦੀ

ਅਗੰਮੀ ਝਲਕ ਦੇਖ ਕੇ ਕਈਆਂ ਦੇ ਜਵਿਨ ਗੁਰਸਿੱਖੀ ਵਿਚ ਰੰਗੇ ਗਏ।ਇੰਗਲੈਂਡ ਵਿਚ ਬੀਬੀ ਜੀ ਦੀ ਲੋਕ ਸੇਵਾ ਨੂੰ ਕਰਕੇ ਉਥੋਂ ਦੀ ਮਹਾਰਾਣੀ ਐਲਿਜ਼ਬੈਥ ਦੇ ਹੱਥੋਂ ਉਨ੍ਹਾਂ ਨੂੰ ਅਵਾਰਡ ਮਿਲਿਆ।।

******************

੧੯੯੦ ਦੀ ਗੱਲ ਹੈ ਕਿ **ਇਕ ਯਾਤਰੀ** ਦੇ ਪੈਰਾਂ ਵਿਚ ਜ਼ਖਮ ਸਨ।ਫਿਰ ਵੀ ਉਹ ਹੇਮ ਕੁੰਟ ਸਾਹਿਬ ਦੀਆਂ ਔਖੀਆਂ ਘਾਟੀਆਂ ਦੇ ਰਾਹੇ ਪਿਆ ਹੋਇਆ ਭੁੱਲ ਬਖਸ਼ਾਉਣ ਲਈ ਜੋਦੜੀਆਂ ਕਰ ਰਿਹਾ ਸੀ।ਕਿਸੇ ਦੇ ਪੁੱਛਣ 'ਤੇ ਉਸਨੇ ਦੱਸਿਆ ਕਿ ਪਿਛਲੇ ਸਾਲ ਉਹ ਹੇਮਕੁੰਟ ਦੀ ਯਾਤਰਾ ਕਰਨ ਆਇਆ ਸੀ।ਉਸਨੂੰ ਇਕ ਬਿਰਧ ਮਈ ਮਿਲੀ ਜਿਹੜੀ ਬਹੁਤ ਥੱਕੀ ਹੋਈ ਸੀ ਤੇ ਉਸ ਲਈ ਅੱਗੇ ਤੁਰਨਾ ਮੁਸ਼ਕਿਲ ਸੀ।ਮਾਈ ਨੇ ਉਸ ਅਗੇ ਬੇਨਤੀ ਕੀਤੀ ਕਿ ਉਹ ਉਸਦਾ ਹੱਥ ਫੜ ਕੇ, ਉਸ ਨੂੰ ਸਹਾਰੇ ਨਾਲ ਤੋਰ ਕੇ ਧੁਰ ਪਹੁੰਚਾ ਦੇਵੇ।ਪਰ ਉਸਨੇ ਮਾਈ ਦੀ ਕੋਈ ਪਰਵਾਹ ਨਹੀਂ ਕੀਤੀ।ਬਿਰਧ ਮਾਈ ਦੀ ਗੁਰੂ ਘਰ ਲਈ ਸ਼ਰਧਾ ਅਤੁ ਬੁਢਾਪੇ ਦੀ ਬੇਬਸੀ ਨੂੰ ਅਣਗੌਲਿਆਂ ਕਰਕੇ ਆਪਣੀ ਜਵਾਨੀ ਦੇ ਜੁੱਸੇ ਉਤੇ ਮਾਣ ਕਰਦਾ ਹੋਇਆ ਉਹ ਦੋਸਤਾਂ ਨਾਲ ਮੌਜ ਮਸਤੀ ਕਰਦਾ ਤੁਰਦਾ ਗਿਆ।ਜਦੋਂ ਧੁਰ ਉਪਰ ਪਹੁੰਚਿਆ ਤਾਂ ਅੱਗੋਂ ਕੀ ਦੇਖਦਾ ਹੈ ਕਿ ਮਾਈ ਪਹਿਲਾਂ ਹੀ ਪਹੁੰਚੀ ਹੋਈ ਹੈ ਅਤੇ ਸਰੋਵਰ ਵਿਚ ਇਸ਼ਨਾਨ ਕਰਕੇ ਗੁਰੂ ਦਰਬਾਰ ਵਲ ਜਾ ਰਹੀ ਹੈ।ਹੈਰਾਨ ਹੋ ਕੇ ਉਸਨੇ ਮਾਈ ਕੋਲੋਂ ਪਹਿਲਾਂ ਪਹੁੰਚਣ ਦਾ ਰਾਜ਼ ਪੁਛਿਆ ਤਾਂ ਮਾਈ ਨੇ ਦੱਸਿਆ ਕਿ ਇਕ ਬਹੁਤ ਹੀ ਸੋਹਣਾ ਬਾਰਾਂ ਕੁ ਸਾਲ ਦਾ ਬਾਲਕ ਆਇਆ, ਉਸਨੇ ਉਸਦਾ ਹੱਥ ਫੜ ਕੇ ਅੱਗੇ ਤੋਰਿਆ ਤੇ ਪਲਾਂ ਵਿਚ ਹੀ ਲਿਆ ਕੇ ਸਰੋਵਰ ਦੇ ਕੰਢੇ ਖੜ੍ਹੀ ਕਰ ਦਿੱਤਾ।ਮਾਈ ਦੀ ਗੱਲ ਸੁਣ ਕੇ ਉਹ ਥ੍ਹੋੜਾ ਪਰ੍ਹੇ ਹੋਇਆ ਤਾਂ ਉਥੇ ਹੀ ਉਸਦੇ ਪੈਰ ਨੂੰ ਠੋਕਰ ਵੱਜੀ।ਉਹੀ ਠੋਕਰ ਇਕ ਐਸਾ ਜ਼ਖਮ ਬਣ ਗਿਆ ਕਿ ਕਿਸੇ ਡਾਕਟਰ ਕੋਲੋਂ ਵੀ ਇਸਦਾ ਇਲਾਜ ਨਹੀਂ ਹੋ ਸਕਿਆ।ਹਾਰ ਕੇ ਉਹ ਗੁਰੂ ਦੇ ਦਰ ਉਤੇ ਭੁੱਲ ਭਖਸ਼ਾਉਣ ਲਈ ਆਇਆ ਹੈ।

*************

**ਲੁਧਿਆਣਾ ਨਿਵਾਸੀ ਡੀ.ਐਸ.ਪੀ. ਗੁਰਭਗਤ ਸਿੰਘ ਦੀ ਬੇਟੀ(ਗੋਗੀ)** ੨੦ ਸਾਲਾਂ ਤੋਂ ਹੇਮਕੁੰਟ ਸਾਹਿਬ ਦੀ ਯਾਤਰਾ ਬੜੇ ਚਾਅ-ਉਮਾਹ ਨਾਲ ਕਰਿਆ ਕਰਦੀ ਸੀ।ਹਰ ਸਾਲ ਯਾਤਰਾ ਉਸਦੇ ਜੀਵਨ ਵਿਚ ਗੁਰੂ ਪ੍ਰੇਮ ਦੇ ਨਵੇਂ ਤੋਂ ਨਵੇਂ ਰੰਗ ਭਰਦੀ ਰਹੀ।੧੯੯੫ ਦੀ ਗੱਲ ਹੈ ਕਿ ਉਸ ਰੰਗ-ਰੱਤੜੀ ਨੇ ਆਪਣੇ ਜੀਵਨ ਦੀ ਅਲੌਕਿਕ ਰੰਗਾਂ ਵਾਲੀ ਹੱਡ ਬੀਤੀ ਸੁਣਾਉਂਦਿਆਂ ਦੱਸਿਆ ਕਿ ੧੮ ਸਾਲ ਦੀ ਉਮਰ ਵਿਚ ਉਹ ਪਹਿਲੀ ਵਾਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਗਈ।ਔਖੀਆਂ ਘਾਟੀਆਂ ਚੜ੍ਹਦੀ ਥੱਕ ਕੇ ਚੂਰ ਹੋ ਗਈ ਤੇ ਜਦੋਂ ਉਸ ਕੋਲੋਂ ਇਕ ਕਦਮ ਵੀ ਪੁੱਟਿਆ ਨਹੀਂ ਸੀ ਜਾ

ਰਿਹਾ ਤਦ ਉਸ ਨੇ ਦੇਖਿਆ ਕਿ ਇਕ ਲੰਬਾ ਪਤਲਾ ਅੰਮ੍ਰਿਤਧਾਰੀ ਸਿੰਘ (ਸ਼ਹੀਦ ਸਿੰਘ) ਉਸਦੇ ਕੋਲ ਖੜ੍ਹਾ ਹੈ।ਉਸ ਨੇ ਲੰਬਾ ਚੋਲਾ ਪਾਇਆ ਹੋਇਆ ਹੈ।ਸਿੰਘ ਨੇ ਉਸ ਦੀ ਬਾਂਹ ਫੜੀ ਅਤੇ ਉਸਨੂੰ ਬਰਫਾਂ ਦੇ ਉਤੋਂ ਦੀ ਫੁੱਲਾਂ ਵਾਂਗੂੰ ਉੜਾਉਂਦਾ ਹੋਇਆ ਪਲਾਂ ਵਿਚ ਹੀ ਹੇਮਕੁੰਟ ਸਾਹਿਬ ਪਹੁੰਚਾ ਕੇ ਅਲੋਪ ਹੋ ਗਿਆ।

ਦੁਸਟ ਦਮਨ ਦੀ ਘੋਰ ਤਪੱਸਿਆਂ ਅਤੇ ਅਨੇਕਾਂ ਰਿਸ਼ੀਆਂ ਮੁਨੀਆਂ ਦੀ ਤਪ ਸਾਧਨਾ ਨਾਲ ਇਲਾਹੀ ਰੰਗ ਬਰਸਾ ਰਹੀ ਸਪਤ-ਸ੍ਰਿੰਗ ਦੀ ਵਾਦੀ ਵਿਚ ਸ਼ਰਧਾਲੂਆਂ ਨਾਲ ਬੀਤੀਆਂ ਅਲੌਕਿਕ ਗੱਲਾਂ ਬਿਆਨ ਕਰਕੇ, ਉਸਨੇ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਪ੍ਰੇਮ-ਵੈਰਾਗ, ਸ਼ਰਧਾ ਅਤੇ ਸੱਚੀ ਸੁੱਚੀ ਭਾਵਨਾ ਨੂੰ ਭਾਗ ਲਗਾਉਣ ਲਈ, ਸਰਵ-ਕਲਾ-ਸਮਰੱਥ ਪਿਤਾ ਕਿਸੇ ਵੀ ਸਮੇ ਪ੍ਰਗਟ ਹੋਣ ਦੀ ਗੁੱਝੀ ਕਲਾ ਵਰਤਾ ਜਾਂਦਾ ਹੈ,ਕਿਸੇ ਵੀ ਥਾਂ ਉਤੇ ਅਣਦਿਸਦੀ ਦੁਨੀਆਂ ਦੇ ਦ੍ਰਿਸ਼ਟਾਂਤ ਦਿਖਾ ਦਿੰਦਾ ਹੈ ਤੇ ਕਿਸੇ ਵੀ ਅਕਾਰ ਵਿਚ ਪ੍ਰਗਟ ਹੋ ਕੇ ਦਰਸ਼ਨ ਪਿਆਸੇ ਭਗਤਾਂ ਤੇ ਸੀਨੇ ਠੰਡ ਵਰਤਾ ਦਿੰਦਾ ਹੈ।ਇੱਛਾ ਪੂਰਕ ਸਤਿਗੁਰੂ ਭਗਤਾਂ ਦੀ ਇੱਛਾ ਪੂਰਨ ਕਰਨ ਲਈ ਕਦੀ ਵੀ ਢਿੱਲ ਨਹੀਂ ਕਰਦਾ।ਅਗਮ ਅਪਾਰ ਨੂੰ ਜਿਸ ਰੂਪ ਵਿਚ ਵੀ ਯਾਦ ਕਰੀਏ ਉਹ ਉਸੇ ਰੂਪ ਵਿਚ ਹੀ ਦਰਸ਼ਨਾਂ ਦੀ ਬਖਸ਼ਿਸ਼ ਨਾਲ ਜਾਹਰੀ ਕਲਾ ਵਰਤਾ ਦਿੰਦਾ ਹੈ।

ਉਸਨੇ ਇਕ ਹਿੰਦੂ ਪ੍ਰਾਣੀ ਦੀ ਵਾਰਤਾ ਸੁਣਾਈ।ਜਿਸ ਨਾਲ ਉਸਨੇ ਆਪਣੀ ਯਾਤਰਾ ਦੌਰਾਨ ਸ਼ਹੀਦਾਂ ਸਿੰਘਾਂ ਅਤੇ ਗੁਰੂ ਦਰਸ਼ਨਾਂ ਦੇ ਅਨੁਭਵ ਕਰਨ ਦੀਆਂ ਗੱਲਾਂ ਸਾਂਝੀਆਂ ਕੀਤੀਆਂ ਸੀ।ਉਸ ਪ੍ਰਭੂ ਪਿਆਰੇ ਨੇ ਉਸ ਵਾਦੀ ਦਾ ਵਸਨੀਕ ਬਣਨ ਲਈ ਕਿਸੇ ਲਾਗਲੇ ਪਿੰਡ ਵਿਚ ਰਿਹਾਇਸ਼ ਬਣਾਈ ਹੋਈ ਸੀ। ਉਸਨੇ ਗੋਗੀ ਨੂੰ ਦੱਸਿਆ ਕਿ ਉਹ ਕਿਸੇ ਯੁਨੀਵਰਸਿਟੀ ਵਿਚ ਸਾਇੰਸ ਦਾ ਵਿਦਿਆਰਥੀ ਸੀ।ਦੋ ਸਾਲ ਪਹਿਲੇ ਉਹ ਆਪਣੇ ਇਕ ਦੋਸਤ ਨਾਲ ਕੁਦਰਤ ਦੇ ਰੰਗ ਮਾਨਣ ਲਈ ਹੇਮਕੁੰਟ ਸਾਹਿਬ ਪਹੁੰਚਿਆ।ਫੁਲਾਂ ਦੀ ਵੈਲੀ ਵਿਚ ਕੁਦਰਤੀ ਨਜ਼ਾਰਿਆਂ ਦਾ ਰੰਗ ਮਾਣਦਾ ਹੋਇਆ ਇਕ ਥਾਂ ਆਪਣੇ ਇਸ਼ਟ ਦਾ ਧਿਆਨ ਧਰ ਕੇ ਸਮਾਧੀ ਲਗਾ ਕੇ ਬੈਠ ਗਿਆ।**ਧਿਆਨ** ਵਿਚ ਲੀਨ ਹੋਏ ਦੇ ਰੋਮ ਰੋਮ ਵਿਚੋਂ ਅੰਨਦ ਦੀਆਂ ਲਹਿਰਾਂ ਚੱਲਣ ਲੱਗੀਆਂ ਤੇ ਨਾਲ ਹੀ ਉਸ ਨੂੰ ਪ੍ਰਕਾਸ਼ ਸਰੂਪ ਵਿਚ ਬ੍ਰਹਮਾਂ ਵਿਸ਼ਨੂੰ ਤੇ ਮਹੇਸ਼ ਦੀ ਮੂਰਤੀ ਦੇ ਦਰਸ਼ਨ ਹੋਏ।ਇਕੋ ਹੀ ਝਲਕਾਰੇ ਨੇ ਉਸਦਾ ਤਨ ਮਨ ਸੀਤਲ ਕਰਕੇ ਰੰਗ ਰਸ ਨਾਲ ਭਰ ਦਿੱਤਾ।ਅਨੰਦ ਭਰਪੂਰ ਅਵੱਸਥਾ ਦੇਖ ਕੇ ਉਸਦੇ ਦੋਸਤ ਨੇ ਉਸਦੀ ਪਰਮ-ਅਨੰਦ ਦੀ ਅਵੱਸਥਾ ਨੂੰ ਕਾਇਮ ਰੱਖਣ ਵਿਚ ਪੂਰਾ ਧਿਆਨ ਦਿੱਤਾ।ਆਮ ਲੋਕਾਂ ਦੀਆਂ ਨਜਰਾਂ ਤੋਂ ਬਚਾ ਕੇ ਉਸਨੂੰ ਚਰਚਾ ਦਾ ਵਿਸ਼ਾ ਬਣਾਉਣ ਤੋਂ ਬਚਾਇਆ।ਉਸਦੇ ਸੁੱਖ ਅਰਾਮ ਲਈ ਕੁਝ ਦਿਨ ਗੋਬਿੰਦ ਧਾਮ ਰਹਿ ਕੇ ਉਸਨੂੰ ਫੁੱਲਾਂ ਦੀ ਵੈਲੀ ਅਤੇ ਹੇਮਕੁੰਟ ਸਾਹਿਬ ਦੀਆਂ ਵਿਸਮਾਦੀ ਅਨਹਦ ਦੀਆਂ ਧੁਨੀਆਂ ਦੇ ਅਨੰਦ ਮਾਨਣ ਦਾ ਮੌਕਾ ਦਿੱਤਾ।ਪਹਿਲੇ ਪਹਿਲ ਤਪ-ਸਥਾਨ ਦੀ ਵਾਦੀ ਵਿਚ ਰਹਿ ਕੇ ਦਸਮ ਦੁਆਰ ਦੇ ਰੰਗ ਰਸ ਵਿਚੋਂ ਨਿਕਲਣ ਨੂੰ ਦਿਲ ਨਹੀਂ ਸੀ ਕਰਦਾ।ਜਦੋਂ ਕੁਝ ਟਿਕਾਅ ਦੀ ਅਵੱਸਥਾ ਬਣੀ ਤਾਂ ਦੋਸਤ ਉਸਦੀ ਰਿਹਇਸ਼ ਦੇ ਸਾਰੇ ਪ੍ਰਬੰਧ ਕਰਕੇ ਵਾਪਸ ਚਲੇ ਗਿਆ ਤੇ ਹੁਣ ਤੱਕ ਜਰੂਰਤਾਂ ਪੂਰੀਆਂ ਕਰਨ ਜੋਗੇ ਪੈਸੇ ਭੇਜ ਕੇ ਦੋਸਤੀ ਦਾ ਫਰਜ ਨਿਭਾ ਰਿਹਾ ਹੈ

ਕੁਦਰਤ ਦੇ ਅਸੂਲਾਂ ਮਤਾਬਿਕ ਕਰਤਾ ਪੁਰਖ ਨੇ ਮਨੁੱਖਾਂ ਨੂੰ ਸ਼ਹੀਦਾਂ ਸਿੰਘਾਂ ਦੀ ਅਣਦਿਸਦੀ ਦੁਨੀਆਂ ਦੇ ਨਜ਼ਾਰਿਆਂ ਤੋਂ ਦੂਰ ਰੱਖਿਆ ਹੋਇਆ ਹੈ ਤੇ ਸ਼ਹੀਦ ਸਿੰਘ ਵੀ ਕੁਦਰਤ ਦੇ ਰੰਗ ਵਿਚ ਭੰਗ ਨਹੀਂ ਪਾਉਂਦੇ। ਉਹ ਮਨੁਖੀ ਜੀਵਨ ਦੀ ਅਜ਼ਾਦੀ ਵਿਚ ਫਰਕ ਨਹੀਂ ਪੈਣ ਦਿੰਦੇ। ਮਨੁੱਖੀ ਜੀਵਨ ਤੋਂ ਦੂਰ ਰਹਿਕੇ ਆਪਣੀ ਹੋਂਦ ਬਣਾਈ ਰੱਖਦੇ ਹਨ ਪਰ ਭਗਤ-ਜਨ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਨਾਲ ਜਦੋਂ ਸਿਰਜਨਹਾਰੇ ਦੇ ਗੋਹਜ ਜਾਨਣ ਦੇ ਕਾਬਿਲ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਕਰਤਾ ਪੁਰਖ ਦੀ ਰਚਨਾਂ ਵਿਚੋਂ ਸ਼ਹੀਦ ਸਿੰਘਾਂ ਦੀ ਦੁਨੀਆਂ ਦੇ ਨਜਾਰੇ ਵੀ ਦਿਸਣ ਲੱਗ ਪੈਂਦੇ ਹਨ। ਸ਼ਹੀਦ ਸਿੰਘ ਉਨ੍ਹਾਂ ਦੇ ਅੰਗ ਰੱਖਿਅਕ ਬਣ ਕੇ ਸਹਾਈ ਹੁੰਦੇ ਹਨ ਅਤੇ ਭਗਤੀ ਭੰਡਾਰਾਂ ਦੀ ਸਾਂਝ ਬਣਾਈ ਰੱਖਦੇ ਹਨ।

ਬਖਸ਼ਿੰਦ ਗੁਰੂ ਦੇ ਪਿਆਰਿਆਂ ਦੀਆਂ ਲੋੜਾਂ ਅਤੇ ਰੀਝਾਂ ਪੂਰੀਆਂ ਕਰਨ ਸਮੇਂ ਸ਼ਹੀਦ ਸਿੰਘ ਉਨ੍ਹਾਂ ਦੇ ਸਬੰਧੀਆਂ ਦਾ ਰੂਪ ਧਾਰ ਕੇ ਉਨ੍ਹਾਂ ਦੇ ਸਾਮ੍ਹਣੇ ਆ ਖੜ੍ਹਦੇ ਹਨ। ਗਲਾਂ ਕਰ ਜਾਂਦੇ ਹਨ। ਜ਼ਰੂਰਤਾਂ ਪੂਰੀਆਂ ਕਰ ਜਾਂਦੇ ਹਨ ਪਰ ਕਿਸੇ ਨੂੰ ਪਤਾ ਨਹੀਂ ਲੱਗਣ ਦਿੰਦੇ ਕਿ ਉਹ ਕੌਣ ਹਨ। ਕੌਤਕ ਵਰਤ ਜਾਣ ਪਿਛੋਂ ਜਦੋਂ ਸਬੰਧੀਆਂ ਦੇ ਮੂੰਹੋਂ ਇਹ ਸੁਣਨ ਵਿਚ ਆਉਂਦਾ ਹੈ ਕਿ ਉਹ ਤਾਂ ਇਸ ਘਟਨਾਂ ਤੋਂ ਅਣਜਾਣ ਦੂਰ ਬੈਠੇ ਹਨ। ਉਹ ਤਾਂ ਉਸ ਥਾਂ ਉਤੇ ਪਹੁੰਚੇ ਹੀ ਨਹੀਂ ਜਿਥੇ ਇਹ ਘਟਨਾ ਵਾਪਰੀ ਹੈ। ਤਾਂ ਫਿਰ ਅਸਲੀ ਗਲ ਦਾ ਪੋਲ ਖੁਲ੍ਹਦਾ ਹੈ। ਸ਼ਹੀਦਾਂ ਸਿੰਘਾਂ ਦੀ ਮਿਹਰਬਾਨੀ ਦਾ ਪਤਾ ਲਗਦਾ ਹੈ। ਇਕੋ ਹੀ ਸਮੇਂ ਵੱਖ ਵੱਖ ਥਾਵਾਂ ਉਤੇ ਅਤੇ ਵੱਖਰੇ ਵੱਖਰੇ ਭੇਸਾਂ ਵਿਚ ਅਗੰਮੀ ਖੇਡ ਵਰਤਾਉਣ ਦੀ ਸਮਰੱਥਾ ਵੀ ਸ਼ਹੀਦਾਂ ਸਿੰਘਾਂ ਵਿਚ ਹੁੰਦੀ ਹੈ।

ਇਕ ਵਾਰੀ ਹੇਮ ਕੁੰਟ ਸਾਹਿਬ ਦੀਆਂ ਔਖੀਆਂ ਘਾਟੀਆਂ ਪਾਰ ਕਰਦੇ ਸਮੇ ਬੀਬੀ ਗੁਰਦੀਪ ਕੌਰ ਜੀ ਨੂੰ ਸਖਤ ਪਿਆਸ ਲੱਗੀ ਹੋਈ ਸੀ ਪਰ ਪਾਣੀ ਕਿਧਰੇ ਨਜ਼ਰ ਨਹੀਂ ਸੀ ਆ ਰਿਹਾ। ਉਸ ਸਮੇ ਤਰਨ ਤਾਰਨ ਦੇ **ਮੇਜਰ ਤੇਜਾ ਸਿੰਘ ਜੀ** (ਨਾਮ ਬਾਣੀ ਦੇ ਰਸੀਏ ਅਤੇ ਗੁਰੂ ਘਰ ਦੇ ਸੱਚੇ ਸੇਵਕ, ਜਿਹੜੇ ਹੇਮ ਕੁੰਟ ਸਾਹਿਬ ਦੇ ਰਸਤੇ ਵਿਚ ਯਾਤਰੀਆਂ ਲਈ ਪਾਣੀ ਦੀ ਸੇਵਾ ਕਰਨ ਕਰਕੇ ਭਾਈ ਘਨਈਆਂ ਜੀ ਕਰਕੇ ਜਾਣੇ ਜਾਂਦੇ ਸੀ)ਪਾਣੀ ਦੀਆਂ ਕੇਨੀਆਂ ਚੁੱਕੀ ਆਣ ਪਹੁੰਚੇ। ਬੀਬੀ ਜੀ ਨੇ ਉਨ੍ਹਾਂ ਕੋਲੋਂ ਪਾਣੀ ਪੀਤਾ। ਗੱਲਾਂ ਬਾਤਾਂ ਕਰਕੇ ਕਨ੍ਹਈਆ ਜੀ ਕਿਸੇ ਹੋਰ ਸ਼ਰਧਾਲੂ ਦੀ ਪਿਆਸ ਬੁਝਾਉਣ ਲੱਗ ਪਏ ਤੇ ਬੀਬੀ ਜੀ ਆਪਣੇ ਰਸਤੇ ਤੁਰ ਪਏ। ਗੋਬਿੰਦ ਧਾਮ ਪਹੁੰਚ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਮੇਜਰ ਤੇਜਾ ਸਿੰਘ(ਕਨ੍ਹਈਆ ਜੀ) ਤਾਂ ਹੇਮਕੁੰਟ ਸਾਹਿਬ ਗਏ ਹੀ ਨਹੀਂ ਸੀ ਉਹ ਤਾਂ ਕਿਸੇ ਜਰੂਰੀ ਕੰਮ ਕਾਰਨ ਗੋਬਿੰਦ ਧਾਮ ਹੀ ਰੁਕੇ ਹੋਏ ਸੀ।

*****************

ਬੜੀ ਪੁਰਾਣੀ ਗੱਲ ਹੈ। ਉਦੋਂ ਗੋਬਿੰਦ ਘਾਟ ਵਿਖੇ ਕਮਰੇ ਨਹੀਂ ਸੀ ਬਣੇ। ਸੰਗਤਾਂ ਦੀ ਗਿਣਤੀ ਵੀ ਬੜੀ ਥੋੜੀ ਹੁੰਦੀ ਸੀ। ਗੁਰਦੁਆਰੇ ਦੀਆਂ ਪਰਕਰਮਾਂ ਵਿਚ ਹੀ ਸੰਗਤ ਸੌਂ ਜਾਇਆ ਕਰਦੀ ਸੀ। ਇਕ ਦਿਨ ਸੌਣ ਤੋਂ ਪਹਿਲੇ ਤਪ-ਸਥਾਨ ਦੀਆਂ ਬਖਸ਼ਿਸ਼ਾਂ ਦੀਆਂ ਗੱਲਾਂ ਹੋ ਰਹੀਆਂ ਸੀ। ਇਕ ਬੀਬੀ ਨੇ ਆਪਣੇ ਅਨੁਭਵ ਰਾਹੀਂ ਦੱਸਿਆ ਕਿ ਧੁਰ ਹੇਮਕੁੰਟ ਸਾਹਿਬ ਪਹੁੰਚ ਕੇ ਪ੍ਰਾਣੀ ਸਾਧੂ ਬਿਰਤੀ ਵਾਲਾ ਜੋ ਜਾਂਦਾ ਹੈ ਅਤੇ ਗੋਬਿੰਦ ਘਾਟ ਵਿਖੇ ਸਤਿਗੁਰਾਂ ਨੇ ਯਾਤਰੂਆਂ ਦੀ ਸੈਰ ਗਾਹ ਬਣਾਈ ਹੋਈ ਹੈ। ਇਥੇ ਸੈਲਾਨੀਆਂ ਨੂੰ ਆਪਣੇ ਸੁੱਖ ਅਰਾਮ ਦੀਆਂ ਸਾਰੀਆਂ ਸਹੂਲਤਾਂ ਮਿਲਦੀਆਂ ਹਨ। ਜੋ ਮੰਗੀਏ ਸੋ ਮਿਲ ਜਾਂਦਾ ਹੈ।

ਸੈਲਾਨੀਆਂ ਦੇ ਸੁੱਖ ਅਰਾਮ ਦੀਆਂ ਗਲਾਂ ਪਿੱਛੋਂ ਸਭ ਨੇ ਰਲ ਕੇ ਕੀਰਤਨ ਸੋਹਿਲੇ ਦੇ ਪਾਠ ਦਾ ਅਨੰਦ ਮਾਣਿਆਂ ਤੇ ਸੌਂ ਗਏ। ਦੂਜੇ ਦਿਨ **ਬੀਬੀ ਗੁਰਦੀਪ ਕੌਰ ਜੀ** ਅੰਮ੍ਰਿਤ ਵੇਲੇ ਉਠ ਕੇ ਬਾਹਰ ਨਿਕਲੇ ਤਾਂ ਮੀਂਹ ਦੀ ਕਿਣ ਮਿਣ ਹੋ ਰਹੀ ਸੀ। ਸੋਹਣੇ ਮੌਸਮ ਦਾ ਵਰਤਾਰਾ ਦੇਖ ਕੇ ਰੂਹ ਖਿੜ ਗਈ। ਮਿੱਠੀ ਮਿੱਠੀ ਠੰਡ ਵਿਚ ਬੀਬੀ ਜੀ ਦਾ ਗਰਮ ਗਰਮ ਕੜਾਹ ਪ੍ਰਸ਼ਾਦ ਛਕਣ ਨੂੰ ਦਿਲ ਕੀਤਾ। ਉਸੇ ਵੇਲੇ ਹੀ ਸਾਹਮਣੇ **ਸਰਦਾਰ ਮਦਨ ਮੋਹਨ ਸਿੰਘ ਜੀ** ਆ ਖੜੇ ਹੋਏ। ਉਨ੍ਹਾਂ ਬੀਬੀ ਜੀ ਨੂੰ ਬੁੱਕ ਭਰ ਕੇ ਪ੍ਰਸ਼ਾਦ ਦਿੱਤਾ। ਬੀਬੀ ਜੀ ਨੇ ਰੱਜ ਕੇ ਖਾਧਾ। ਥੋੜੀ ਦੇਰ ਮਗਰੋਂ ਬੀਬੀ ਜੀ ਆਪਣੇ ਭਤੀਜੇ **ਬ੍ਰੀਗੇਡੀਆਰ ਜਸਵੰਤ ਸਿੰਘ ਸੰਧੂ(ਅੱਜ ਕਲ੍ਹ ਹੇਮ ਕੁੰਟ ਟਰੱਸਟ ਦੇ ਪ੍ਰਧਾਨ)** ਅਤੇ ਉਨ੍ਹਾਂ ਦੇ ਸਾਥੀਆਂ ਨਾਲ ਖੜ੍ਹੇ ਗੱਲ ਬਾਤ ਕਰ ਰਹੇ ਸੀ ਕਿ ਸਰਦਾਰ ਮਦਨ ਮੋਹਨ ਸਿੰਘ ਜੀ ਵੀ ਉਥੇ ਆਣ ਪਹੁੰਚੇ। ਬੀਬੀ ਜੀ ਨੇ ਖੁਸ਼ੀ ਜਾਹਰ ਕਰਦਿਆਂ ਮਦਨ ਮੋਹਨ ਸਿੰਘ ਜੀ ਨੂੰ ਕਿਹਾ ਕਿ ਅੱਜ ਉਸ ਦੇ ਹੱਥੋਂ ਗਰਮ ਗਰਮ ਪ੍ਰਸ਼ਾਦ ਛਕ ਕੇ ਉਨ੍ਹਾਂ ਨੂੰ ਬਹੁਤ ਅਨੰਦ ਆਇਆ। ਅਗੋਂ ਮਦਨ ਮੋਹਨ ਸਿੰਘ ਨੇ ਹੈਰਾਨ ਹੋ ਕੇ ਕਿਹਾ ਕਿ ਉਹ ਤਾਂ ਬੀਬੀ ਜੀ ਨੂੰ ਮਿਲੇ ਹੀ ਨਹੀਂ ਤੇ ਉਸਨੇ ਤਾਂ ਹਾਲੇ ਤੱਕ ਦੇਗ ਸਜਾਈ ਹੀ ਨਹੀਂ..। ਤਾਂ ਫਿਰ ਉਹ ਬੀਬੀ ਜੀ ਨੂੰ ਦੇਗ ਕਿਹੜੇ ਵੇਲੇ ਛਕਾ ਅਇਆ..? ਬ੍ਰੀਗੇਡੀਅਰ ਸਾਹਿਬ ਨੂੰ ਸੈਲਾਨੀਆਂ ਦੀਆਂ ਜਰੂਰਤਾਂ ਪੂਰੀਆਂ ਕਰਨ ਵਾਲੇ ਪ੍ਰੀਤਮ ਪਿਆਰੇ ਦੀਆਂ ਗੁੱਝੀਆਂ ਰਮਜਾਂ ਦੀ ਸਮਝ ਆਈ। ਉਹ ਜਾਣ ਗਏ ਕਿ ਉਨ੍ਹਾਂ ਦੇ ਚਾਚੀ ਜੀ ਨੂੰ ਕੜਾਹ ਪ੍ਰਸ਼ਾਦ ਦੇ ਖੁਲ੍ਹੇ ਗੱਫੇ ਛਕਾਉਣ ਵਾਲਾ ਕੌਣ ਸੀ। ਜਦੋਂ ਦੁਸ਼ਟ ਦਮਨ ਦੀ ਤਪੋ-ਭੂਮੀ ਉਤੇ ਆਪਣੇ ਪਿਆਰੇ ਭਗਤਾਂ ਨਾਲ ਰੰਗ ਰਲੀਆਂ ਮਨੌਣ ਵਾਲੇ ਦੇ ਅਸਚਰਜ ਕੌਤਕ ਦੇ ਵਰਤਾਰੇ ਦੀ ਸਮਝ ਆਈ ਤਾਂ ਸਾਰੇ ਗੁਰੂ ਚਰਨਾਂ ਤੋਂ ਬਲਿਹਾਰੀ ਜਾਣ ਲੱਗੇ।

***************

ਇਸੇ ਯਾਤਰਾ ਵਿਚ ਹੀ ਦਿੱਲੀ ਤੋ ਆਈ ਹੋਈ ਇਕ ਬੀਬੀ ਕਹਿੰਦੀ ਕਿ ਜਿਹੜੇ ਗੁਲੇਲਿਆਂ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਚਪਨ ਵਿਚ ਨਿਸ਼ਾਨ-ਬਾਜ਼ੀ ਦੀ ਖੇਡ ਖੇਢਦੇ ਹੁੰਦੇ ਸੀ ਉਹੀ ਗੁਲੇਲੇ ਲੈਣ ਨੂੰ ਦਿਲ ਕਰਦਾ ਹੈ। ਬ੍ਰੀਗੇਡੀਅਰ ਜਸਵੰਤ ਸਿੰਘ ਤੇ ਬਾਕੀ ਸੰਗਤ ਨੂੰ ਇਹ ਸੁਣ ਕੇ ਸ੍ਰੀ ਗੁਰੂ

ਗੋਬਿੰਦ ਸਿੰਘ ਜੀ ਦੀ ਬਾਲ ਲੀਲ੍ਹਾ ਦੀਆਂ ਰੰਗਲੀਆਂ ਖੇਡਾਂ ਯਾਦ ਆ ਗਈਆਂ। ਸਰਦਾਰ ਮਦਨ ਮੋਹਨ ਸਿੰਘ ਜੀ ਆਪਣੀ ਫੌਜੀਆਂ ਵਾਲੇ ਰੋਅਬ ਭਰੇ ਅੰਦਾਜ਼ ਵਿਚ ਕਹਿੰਦੇ, "ਉਹ ਗੁਲੇਲੇ ਅਸੀਂ ਹੁਣ ਕਿਥੋਂ ਲੈ ਕੇ ਆਈਏ?"

ਦਰਬਾਰ ਵਿਚ ਕੀਰਤਨ ਦੀ ਸਮਾਪਤੀ ਪਿਛੋਂ ਦੇਗ ਵਰਤਾਈ ਜਾ ਰਹੀ ਸੀ। ਦਿੱਲੀ ਵਾਲੀ ਬੀਬੀ ਅਖੀਆਂ ਮੀਟੀ ਪ੍ਰੇਮ-ਮੁਗ੍ਧ ਹੋਈ ਬੈਠੀ ਸੀ ਕਿ ਪਤਾ ਨਹੀਂ ਕਿਸ ਤਰ੍ਹਾਂ ਉਸਦੀ ਝੋਲੀ ਵਿਚ ਦੋ ਲੱਕੜੀ ਦੇ ਗੁਲੇਲੇ ਆਣ ਪਹੁੰਚੇ। ਸਾਰੀ ਸੰਗਤ ਇਸ ਅਸਚਰਜ ਕੌਤਕ ਨੂੰ ਬੜੀ ਉਤਸੁਕਤਾ ਨਾਲ ਦੇਖਣ ਲੱਗੀ। ਨਿਰਾਲੇ ਚੋਜ ਵਰਤਾਉਣ ਵਾਲੇ ਦੀਆਂ ਕਥਾ ਕਹਾਣੀਆਂ ਕਰਕੇ ਨਿਹਾਲ ਹੋਣ ਲੱਗੀ। ਯਾਤਰਾ ਤੋਂ ਵਾਪਿਸ ਆ ਕੇ ਸੰਗਤ ਉਹੀ ਗੁਲੇਲੇ ਨਾਲ ਲੈ ਕੇ ਪਟਨਾ ਸਾਹਿਬ ਗਈ ਤੇ ਉਨ੍ਹਾਂ ਗੁਲੇਲਿਆਂ ਦੇ ਦਰਸ਼ਨ ਕੀਤੇ ਜਿਹੜੇ ਬਾਲਾ ਪ੍ਰੀਤਮ ਦੀਆਂ ਬਚਪਨ ਦੀਆਂ ਇਤਿਹਾਸਿਕ ਯਾਦਗਾਰਾਂ ਵਿਚ ਰੱਖੇ ਹੋਏ ਸਨ ਜ੍ਹਿਨਾਂ ਗੁਲੇਲਿਆਂ ਨਾਲ ਬਾਲਕ ਗੋਬਿੰਦ ਰਾਏ ਆਪਣੀ ਗੁਲੇਲ ਨਾਲ ਨਿਸ਼ਾਨ-ਬਾਜ਼ੀ ਦੀਆਂ ਖੇਡਾਂ ਖੇਡਦੇ ਹੁੰਦੇ ਸੀ। ਬਰੀਗੇਡੀਅਰ ਸਾਹਿਬ ਦੱਸਦੇ ਹਨ ਕਿ ਜਦੋਂ ਉਸ ਬੀਬੀ ਵਾਲੇ ਗੁਲੇਲਿਆਂ ਨੂੰ ਉਨ੍ਹਾਂ ਇਤਿਹਾਸਿਕ ਗੁਲੇਲਿਆਂ ਦੇ ਨਾਲ ਰੱਖ ਕੇ ਦੇਖਿਆ ਤਾਂ ਉਨ੍ਹਾਂ ਵਿਚ ਕੋਈ ਫਰਕ ਨਹੀਂ ਸੀ। ਬੀਬੀ ਜੀ ਵਾਲੇ ਦੋ ਗੁਲੇਲੇ ਬਾਕੀ ਗੁਲੇਲਿਆਂ ਦਾ ਹੀ ਇਕ ਹਿੱਸਾ ਹੀ ਲੱਗ ਰਹੇ ਸੀ।

ਗੁਰੂ ਲੜ ਲਗਿਆਂ ਨੂੰ ਦੁਨਿਆਵੀ ਦੁੱਖਾਂ ਤੇ ਖਤਰਿਆਂ ਤੋਂ ਬਚਾ ਕੇ ਰੱਖਣ ਲਈ ਸ਼ਹੀਦ ਸਿੰਘ ਪਹਿਰੇਦਾਰਾਂ ਦਾ ਕੰਮ ਕਰਦੇ ਹਨ। ਜਿਵੇਂ ਦੁਨਿਆਵੀ ਹਾਕਮਾਂ ਦੇ ਅੰਗ-ਰਖਿਅਕ ਆਪਣਾਂ ਫਰਜ ਨਿਭਾਉਂਦੇ ਹਨ ਉਸੇ ਤਰ੍ਹਾਂ ਹੀ ਪ੍ਰਭੂ-ਭਗਤਾਂ ਦੀ ਰੱਖਿਆ ਲਈ ਵੀ ਸ਼ਹੀਦ ਸਿੰਘਾਂ ਦਾ ਪਹਿਰਾ ਹੁੰਦਾ ਹੈ।

**ਭਾਈ ਜੋਗਾ ਸਿੰਘ** ਦੀ ਸਾਖੀ ਇਕ ਇਤਿਹਾਸਿਕ ਘਟਨਾ ਹੈ। ਗੁਰੂ ਜੀ ਦਾ ਪਿਆਰਾ ਸਿੰਘ ਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਨ ਲਈ ਜਾ ਰਿਹਾ ਸੀ ਕਿ ਰਸਤੇ ਵਿਚ ਵੇਸਵਾਵਾਂ ਦਾ ਠਿਕਾਣਾਂ ਦੇਖ ਕੇ ਮੱਤ ਉਤੇ ਪੜਦਾ ਪੈ ਗਿਆ ਤੇ ਉਹ ਉਸੇ ਪਾਸੇ ਹੀ ਤੁਰ ਪਿਆ। ਦਿਲਾਂ ਦੀਆਂ ਬੁੱਝਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੂਰ ਬੈਠਿਆਂ ਹੀ ਜਾਣ ਲਿਆ ਕਿ ਉਨ੍ਹਾਂ ਦਾ ਸਿੰਘ ਗੁਰਸਿੱਖੀ ਦਾ ਰਸਤਾ ਛੱਡ ਕੇ ਗਲਤ ਪਾਸੇ ਤੁਰ ਪਿਆ ਹੈ ਤਾਂ ਉਸੇ ਵੇਲੇ ਹੀ ਸਤਿਗੁਰਾਂ ਨੇ ਆਪਣੀ ਆਤਮਿਕ ਸ਼ਕਤੀ ਨਾਲ ਪਹੁੰਚ ਕੇ ਉਸ ਵੇਸਵਾਵਾਂ ਦੇ ਠਿਕਾਣੇ ਅੱਗੇ ਖੜ੍ਹ ਕੇ ਪਹਿਰਾ ਦਿੱਤਾ ਤੇ ਭਾਈ ਜੋਗਾ ਸਿੰਘ ਨੂੰ ਅੰਦਰ ਜਾਣ ਤੋਂ ਰੋਕਿਆ। ਅੱਜ ਉਸ ਅਸਥਾਨ (ਹੁਸ਼ਿਆਰਪੁਰ) ਉਤੇ ਗੁਰਦਵਾਰਾ ਸੁਸ਼ੋਭਤਿ ਹੈ ਤੇ ਉਸ ਗੁਰਦੁਆਰੇ ਦਾ ਨਾਮ ਵੀ ਭਾਈ ਜੋਗਾ ਸਿੰਘ ਦੇ ਨਾਮ ਉਤੇ ਹੀ ਹੈ।

*************

ਸਿਮਰਨ ਦੇ ਰਸ ਨਾਲ ਰਸੀਆਂ ਹੋਈਆਂ,ਇਲਾਹੀ ਬਾਣੀ ਦੀ ਮਿੱਠੀ ਧੁਨੀ ਨਾਲ ਮਹਿਕੀਆਂ ਹੋਈਆਂ, ਕੀਰਤਨ ਦੇ ਰੰਗ ਵਿੱਚ ਰੰਗੀਆਂ ਹੋਈਆਂ ਅਤੇ ਸ਼ਹੀਦਾਂ ਦੇ ਲਹੂ ਨਾਲ ਭਿੱਜ ਕੇ ਪਵਿੱਤਰ ਹੋਈਆਂ ਥਾਵਾਂ ਉਤੇ ਸ਼ਹੀਦਾਂ ਸਿੰਘਾਂ ਦੇ ਡੇਰੇ ਹੁੰਦੇ ਹਨ।ਅਜਿਹੀਆਂ ਭਾਗਾਂ ਭਰੀਆਂ ਥਾਵਾਂ ਉਤੇ ਉਹ ਪ੍ਰਗਟ ਰੂਪ ਵਿੱਚ ਵੀ ਦਿਖਾਈ ਦੇ ਦਿੰਦੇ ਹਨ। ਲੋਕਾਂ ਦੀਆਂ ਮੁਰਾਦਾਂ ਪੂਰੀਆਂ ਕਰਦੇ ਹਨ।ਲੋਕਾਂ ਦੀਆਂ ਝੋਲੀਆਂ ਖੁਸ਼ੀਆਂ ਨਾਲ ਭਰਦੇ ਹਨ।ਅਜਿਹੀਆਂ ਥਾਵਾਂ ਉਤੇ ਲੋਕੀਂ ਸ਼ਹੀਦਾਂ ਸਿੰਘਾਂ ਦੀ ਯਾਦ ਵਿਚ ਗੁਰਦਵਾਰੇ ਬਣਾ ਲੈਂਦੇ ਹਨ।

ਜੇ ਕਿਸੇ ਪੂਰਨ ਰਹਿਤ ਮਰਿਆਦਾ ਵਾਲੇ ਗੁਰਸਿੱਖ ਦੇ ਘਰ ਵਿਚ ਭੈ-ਭਾਵਨੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਨਿਰਸੁਆਰਥ ਭਾਵਨਾ ਨਾਲ ਹੁੰਦੀ ਹੋਵੇ,ਪ੍ਰੇਮਾਂ-ਭਗਤੀ ਦੇ ਰੰਗਾਂ ਵਿਚ ਰਹਿ ਕੇ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਹੁੰਦੀਆਂ ਹੋਣ ਅਤੇ ਸੰਤਾਂ ਮਹਾਂਪੁਰਖਾਂ ਨੂੰ ਘਰ ਬੁਲਾ ਕੇ ਉਨ੍ਹਾਂ ਦੀ ਸੇਵਾ ਕੀਤੀ ਜਾਂਦੀ ਹੋਵੇ ਤਾਂ ਉਥੇ ਵੀ ਸ਼ਹੀਦ ਸਿੰਘਾਂ ਅਤੇ ਸ਼ਹੀਦ ਸਿੰਘਣੀਆਂ ਦੀ ਆਵਾ ਜਾਈ ਲੱਗੀ ਰਹਿੰਦੀ ਹੈ।

ਇਕ ਵਾਰੀ **ਇਕ ਮਾਈ** ਦੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਬੜੀ ਸ਼ਰਧਾ ਭਾਵਨਾ ਨਾਲ ਕੀਤਾ ਹੋਇਆ ਸੀ।ਉਹ ਸਤਿਗੁਰਾਂ ਦੇ ਚਰਨਾਂ ਵਿਚ ਫੁਲ ਸਜਾਉਣ ਦਾ ਕੰਮ ਬੜੀ ਰੀਝ ਨਾਲ ਕਰਿਆ ਕਰਦੀ ਸੀ।ਇਕ ਦਿਨ ਉਸਨੂੰ ਬਾਗ ਦੇ ਮਾਲੀ ਨੇ ਬਹੁਤ ਸਾਰੇ ਗੁਲਾਬ ਦੇ ਫੁਲ ਲਿਆ ਦਿਤੇ।ਜਦੋ ਉਹ ਸਤਿਗੁਰਾਂ ਦੇ ਚਰਨਾਂ ਵਿਚ ਫੁਲ ਸਜਾਉਣ ਲਈ ਬੈਠੀ ਤਾਂ ਉਸ ਨੂੰ ਇਉਂ ਲਗਿਆ,ਜਿਵੇਂ ਉਸਦੇ ਸੱਜੇ ਪਾਸੇ ਇਕ ਸਿੰਘ ਆਪਣੇ ਸੂਖਸ਼ਮ ਸਰੂਪ ਵਿਚ ਚੌਂਕੜੀ ਲਗਾ ਕੇ ਬੈਠਾ ਹੋਇਆ ਹੈ ਜਿਸ ਨੂੰ ਉਹ ਕਈ ਸਾਲਾਂ ਤੋਂ ਜਾਣਦੀ ਸੀ।ਪਰ ਹੁਣ ਇਕ ਦੋ ਸਾਲਾਂ ਤੋਂ ਉਸਦੀ ਕੋਈ ਖਬਰ ਨਹੀਂ ਸੀ।ਉਹ ਕੀ ਦੇਖਦੀ ਹੈ ਕਿ ਉਹ ਡੀਲ ਡੌਲ ਵਾਲਾ,ਉਚਾ ਲੰਬਾ ਦਰਸ਼ਨੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਫੁੱਲਾਂ ਦੀ ਸੇਵਾ ਬੜੇ ਚਾਅ ਨਾਲ ਦੇਖ ਰਿਹਾ ਹੈ। ।ਬੁੱਢੜੀ ਮਾਈ ਨੂੰ ਇੰਜ ਮਹਿਸੂਸ ਹੋਵੇ ਕਿ ਉਹ ਫੁਲਾਂ ਦੀ ਸਜਾਵਟ ਆਪਣੀ ਮਰਜੀ ਨਾਲ ਨਹੀਂ ਕਰ ਰਹੀ।ਸਗੋਂ ਉਸ ਸਿੰਘ ਦੀ ਇੱਛਾ ਅਨੁਸਾਰ ਉਸਦੇ ਹੱਥ ਚਲ ਰਹੇ ਹਨ।ਉਸਨੇ ਦੋ ਫੁਲਾਂ ਦੇ ਗੁਲਦਸਤੇ ਸਜਾ ਕੇ,ਸਤਿਗੁਰਾਂ ਦੇ ਆਲੇ ਦੁਆਲੇ ਰੱਖੇ ਤੇ ਵਿਚਕਾਰ ਫਲੋਟਿੰਗ ਫਲਾਵਰ (ਪਾਣੀ ਵਾਲੇ ਫੂਲਦਾਨ ਵਿਚ ਤਰਦੇ ਫੁਲ) ਦਾ ਇਕ ਵਧੀਆ ਨਮੂਨਾਂ ਬਣਾ ਦਿੱਤਾ।ਬਾਕੀ ਫੁਲਾਂ ਦਾ ਇਕ ਹਾਰ ਬਣਾ ਕੇ ਸਤਿਗੁਰਾਂ ਅੱਗੇ ਸਜਾ ਦਿੱਤਾ।ਅੱਜ ਸਾਰਾ ਕਮਰਾ ਗੁਲਾਬ ਦੀ ਸੁਗੰਧੀ ਨਾਲ ਮਹਿਕਿਆ ਹੋਇਆ ਸੀ।ਫੁਲਾਂ ਦੇ ਖੇੜੇ ਉਤੇ ਵੀ ਕੋਈ ਅਲਹਿਦਾ ਰੰਗ ਹੀ ਸੀ।ਮਾਈ ਇਸ ਗੱਲ ਤੋਂ ਪੂਰੀ ਤਰ੍ਹਾਂ ਜਾਣੂੰ ਸੀ ਕਿ ਉਹ ਘਰ ਵਿਚ ਇਕੱਲੀ ਹੀ ਹੈ।ਪਰ ਅੱਜ ਉਹ ਆਪਣੇ ਆਪ ਨੂੰ ਇਕੱਲਿਆਂ ਮਹਿਸੂਸ ਨਹੀਂ ਸੀ ਕਰ ਰਹੀ।ਉਸ ਨੂੰ ਉਸ ਸਿੰਘ ਦੀ ਹਾਜਰੀ ਮਹਿਸੂਸ ਹੋ ਰਹੀ ਸੀ।

ਜੀਵਨ ਵਿਚ ਪਹਿਲੀ ਵਾਰੀ ਉਸ ਨੇ ਐਸਾ ਅਚੰਭਾ ਦੇਖਿਆ ਸੀ,ਪਰ ਉਸ ਨੂੰ ਡਰ ਨਹੀਂ ਲਗਿਆ।ਸਗੋਂ ਇਕ ਸੁਖਾਵਾਂ ਜਿਹਾਂ ਅਹਿਸਾਸ ਹੋ ਰਿਹਾ ਸੀ।ਇਸ ਨਿਆਰੀ ਤੇ ਦਿਲਚਸਪ ਖੇਡ ਨੂੰ ਖੇਡਦਿਆਂ ਤਿੰਨ ਦਿਨ ਬੀਤ ਗਏ।ਉਸਦਾ ਜ਼ਿਆਦਾ ਸਮਾ ਸਤਿਗੁਰਾਂ ਦੇ ਚਰਨਾ ਵਿਚ ਨਾਮ ਬਾਣੀ ਦੇ ਰੰਗ ਵਿਚ ਹੀ ਬੀਤਿਆ ਤੇ ਸਿੰਘ ਸਤਿਗੁਰਾਂ ਦੇ ਚਰਨਾਂ ਵਿਚ ਚੌਂਕੜਾ ਲਗਾ ਕੇ ਸਮਾਧੀ ਰੂਪ ਵਿਚ ਬੈਠਾ ਰਿਹਾ।ਉਥੋਂ ਜ਼ਰਾ ਨਾ ਹਿਲਿਆ।ਤੀਜੇ ਦਿਨ ਉਹ ਘਰੋਂ ਬਾਹਰ ਗਈ ਤਾਂ ਉਸਦੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ,ਜਦੋਂ ਉਸਨੇ ਅਖਬਾਰ ਵਿਚ ਉਸ ਸਿੰਘ ਦੀ ਫੋਟੋ ਦੇਖੀ।ਫੋਟੋ ਦੇ ਥੱਲੇ ਲਿਖਿਆ ਹੋਇਆ ਸੀ ਕਿ ਤਿੰਨ ਦਿਨ ਪਹਿਲੇ ਉਹ ਸਿੰਘ ਅਕਾਲ ਚਲਾਣਾ ਕਰ ਗਿਆ ਹੈ।ਅਕਾਲ ਚਲਾਣੇ ਦਾ ਸਮਾ ਉਹੀ ਲਿਖਿਆ ਹੋਇਆ ਸੀ ਜਿਸ ਸਮੇ ਉਹ ਮਾਈ ਦੀ ਸੰਗਤ ਵਿਚ ਬੈਠਾ ਸਤਿਗੁਰਾਂ ਦੇ ਚਰਨਾਂ ਵਿਚ ਗੁਲਾਬ ਸਜਾ ਰਿਹਾ ਸੀ।

ਇਸ ਗੋਹਜ ਨੂੰ ਜਾਨਣ ਦੇ ਲਈ ਮਾਈ ਇਕ ਗੁਰਮੁਖ ਪ੍ਰਾਣੀ ਕੋਲ ਗਈ ਜਿਹੜਾ ਅਣਦਿਸਦੀ ਦੁਨੀਆਂ ਦੇ ਕਈ ਗੁੱਝੇ ਭੇਦਾਂ ਦਾ ਜਾਣੂ ਸੀ।ਰੂਹਾਨੀ ਬਖਸ਼ਿਸ਼ਾਂ ਨਾਲ ਮਾਲੋ ਮਾਲ ਗੁਰਮੁਖ ਰਾਤ ਦੇ ੧੨ ਵਜੇ ਉਠ ਕੇ ਇਸ਼ਨਾਨ ਕਰਨ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਸਮਾਧੀ ਅਵੱਸਥਾ ਵਿਚ ਬੈਠ ਕੇ ਅਨਹਦ ਧੁਨੀਆਂ ਅਤੇ ਦਸਮ ਦੁਆਰ ਦੇ ਰੰਗ ਮਾਣਦਾ ਸੀ।ਰੋਮ ਰੋਮ ਵਿਚੋਂ ਨਾਮ-ਰਸ ਦਾ ਅਨੰਦ ਲੈਣ ਵਾਲੇ ਮਹਾਂ ਪੁਰਖ ਨੇ ਮਾਈ ਨੂੰ ਸਮਝਾਇਆ ਕਿ ਮਨੁੱਖੀ ਜੀਵਨ ਦਾ ਲਾਹਾ ਲੈਣ ਲਈ ਸਾਨੂੰ ਜੀਉਂਦੇ ਜੀਅ ਹੀ ਭਗਤੀ ਕਰਕੇ ਅਕਾਲ ਪੁਰਖ ਨਾਲ ਅਭੇਦਤਾ ਪ੍ਰਾਪਤ ਕਰ ਲੈਣੀ ਚਾਹੀਦੀ ਹੈ।ਕਿਉਂਕਿ ਮਰਨ ਪਿਛੋਂ ਬੰਦੇ ਨੂੰ ਆਪਣੀ ਅਵੱਸਥਾ ਅਨੁਸਾਰ ਅਲੱਗ ਅਲੱਗ ਹਾਲਤਾਂ ਵਿਚੋਂ ਦੀ ਲੰਘਣਾਂ ਪੈਦਾ ਹੈ।ਜੰਮਣ ਮਰਣ ਦੇ ਗੇੜ ਵਿਚ ਸਾਨੂੰ ਸਰੀਰ ਦਾ ਇਕ ਚੋਲਾ ਛੱਡ ਕੇ ਦੂਜਾ ਮਿਲ ਜਾਂਦਾ ਹੈ ਪਰ ਆਤਮ-ਹੱਤਿਆ,ਐਕਸੀਡੈਂਟ,ਜੰਗਾਂ ਜੁਧਾਂ ਤੇ ਕੁਝ ਹੋਰ ਹਾਲਤਾਂ ਵਿਚ ਸਰੀਰ ਦਾ ਚੋਲਾ ਨਹੀਂ ਮਿਲਦਾ।ਫਿਰ ਬੁਰੇ ਕਰਮ ਕਰਨ ਵਾਲਿਆਂ ਦੇ ਸੁਖਸ਼ਮ ਸਰੀਰਾਂ ਦਾ ਝੁਕਾ ਬੁਰੇ ਕੰਮਾਂ ਵਲ ਹੋ ਜਾਂਦਾ ਹੈ।ਤ੍ਰਿਸ਼ਨਾਵਾਂ ਦੀ ਅੱਗ ਵਿਚ ਜਲ ਕੇ ਮਰਨ ਵਾਲੇ ਭੂਤ ਪ੍ਰੇਤਾਂ ਦੀ ਜੂਨ ਹੰਡਾਉਂਦੇ ਹਨ ਤੇ ਚੰਗੇ ਕਰਮ ਕਰਨ ਵਾਲਿਆਂ ਦੇ ਅੰਤਸ਼ਕਰਣ ਵਿਚ ਚੰਗਿਆਂਈਆਂ ਹੀ ਹੁੰਦੀਆਂ ਹਨ।ਉਹ ਅਛਾਈਆਂ ਦਾ ਰਾਹ ਨਹੀਂ ਛੱਡਦੇ।ਪ੍ਰੇਮਾ-ਭਗਤੀ ਵਾਲੇ ਆਪਣੇ ਸੂਖਸ਼ਮ ਸਰੀਰ ਰਾਹੀਂ ਅਜਿਹੀਆਂ ਥਾਵਾਂ ਉਤੇ ਜਾ ਵਸਦੇ ਹਨ ਜਿਥੇ ਨਾਮ ਬਾਣੀ ਦੇ ਰੰਗ ਰਸ ਦੀਆਂ ਬਹਾਰਾਂ ਲਗੀਆਂ ਹੋਈਆਂ ਹੋਣ।ਜਦੋਂ ਤਕ ਉਨ੍ਹਾਂ ਦੀ ਭਗਤੀ ਪੂਰੀ ਨਹੀਂ ਹੋ ਜਾਂਦੀ,ਉਦੋਂ ਤਕ ਉਹ ਅਜਿਹੀਆ ਥਾਵਾਂ ਉਤੇ ਨਿਵਾਸ ਕਰਕੇ ਭਗਤੀ ਭੰਡਾਰਾਂ ਦੇ ਲਾਹੇ ਖੱਟਦੇ ਰਹਿੰਦੇ ਹਨ ਤੇ ਗੁਰੂ-ਪੰਥ ਦੀ ਸੇਵਾ ਕਰਨ ਦੀਆਂ ਸ਼ੁੱਭ ਭਾਵਨਾਵਾਂ ਰੱਖਣ ਵਾਲੇ ਪੰਥ ਦੀ ਚੜ੍ਹਦੀ ਕਲਾ ਲਈ ਜੂਝਣ ਵਾਲਿਆਂ ਦੀ ਗੁਪਤ ਰਹਿ ਕੇ ਸਹਾਇਤਾ ਕਰਦੇ ਹਨ।ਸੱਚਖੰਡ ਵਾਸੀਆਂ ਦੀਆਂ ਗੁਪਤ ਫੌਜਾਂ ਸੱਚ ਉਤੇ ਪਹਿਰਾ ਦੇਣ ਲਈ ਗੁਪਤ ਰਹਿ ਕੇ ਪੰਥ ਦਰਦੀਆਂ ਦੀ ਮਦਦ ਕਰਦੀਆਂ ਹਨ।

ਗੁਰਸਿੱਖੀ ਦੀਆਂ ਗੁੱਝੀਆਂ ਰਮਜਾਂ ਤੋਂ ਜਾਣੂੰ ਗੁਰਸਿੱਖ ਨਾਲ ਵਿਚਾਰ ਵਟਾਂਦਰਾ ਕਰਨ ਪਿਛੋਂ ਮਾਈ ਨੇ ਘਰ ਆ ਕੇ ਨਾਮ ਬਾਣੀ ਦੇ ਪਰਵਾਹ ਚਲਾਉਣ ਲਈ ਰੰਗੀਆਂ ਰੂਹਾਂ ਵਾਲਿਆਂ ਨੂੰ ਘਰ ਬੁਲਾ

ਕੇ ਕਈ ਰੈਣ-ਸਬਾਈ ਕੀਰਤਨ ਕਰਵਾਏ। ਕਈ ਵਾਰੀ ਆਪਣੇ ਆਪ ਹੀ ਕੁਝ ਐਸੇ ਹਾਲਾਤ ਬਣ ਜਾਂਦੇ ਰਹੇ ਕਿ ਰੈਣ ਸਬਾਈ ਕੀਰਤਨ ਹੋਣ ਦਾ ਠਿਕਾਣਾ ਬਦਲ ਕੇ ਉਸ ਬੁਢੜੀ ਮਾਈ ਦੇ ਘਰ ਸਾਰੀ ਰਾਤ ਕੀਰਤਨ ਤੇ ਸਿਮਰਨ ਦੀਆਂ ਘੁੰਮਰਾਂ ਪੈਣ ਲਗ ਜਾਂਦੀਆਂ। ਨਾਮ ਬਾਣੀ ਦੇ ਰੰਗ-ਰਸ ਦੀ ਝੜੀ ਲੱਗ ਜਾਂਦੀ। ਭਗਤੀ-ਰੰਗ ਵਿਚ ਚਾਤ੍ਰਿਕ-ਮਨ ਦੀ ਪਿਆਸ ਨਾਲ ਕੂਕ-ਪੁਕਾਰ ਕਰਨ ਵਾਲੇ ਜੀਊੜੇ ਉਸ ਗਰੀਬਣੀ ਦੇ ਘਰ ਵਲ ਭੱਜੇ ਆਉਂਦੇ।

ਮਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ-ਸੰਭਾਲ ਅਤੇ ਸੰਗਤ ਦੀ ਚਾਕਰੀ ਵਿਚ ਸੱਚੇ ਦਿਲੋਂ ਜੁੜ ਗਈ। ਐਸੇ ਹਾਲਾਤ ਬਣ ਗਏ ਕਿ ਬਿਨ ਬੁਲਾਇਆਂ ਹੀ ਉਨ੍ਹਾਂ ਨਾਮ-ਰੱਤੀਆਂ ਬੀਬੀਆਂ ਦਾ ਉਸ ਘਰ ਵਿਚ ਆਉਣਾ ਜਾਣਾ ਸ਼ੁਰੂ ਹੋ ਗਿਆ, ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਬੈਠ ਕੇ ਆਪਣੇ ਪੂਰਬਲੇ ਜਨਮਾਂ ਦੀ ਭਗਤੀ ਦੇ ਅੰਕੁਰ ਫੁੱਟਣ ਦੇ ਪੂਰੇ ਲਾਹੇ ਲਏ ਤੇ ਲੰਬੀਆਂ ਸਮਾਧੀਆਂ ਰਾਹੀਂ ਇਲਾਹੀ ਮੰਡਲਾਂ ਵਿਚ ਫੇਰੀਆਂ ਮਾਰੀਆਂ। ਚੜ੍ਹਦੀ ਕਲਾ ਦੇ ਰੰਗਾਂ ਵਿਚ ਰਹਿਣ ਵਾਲੀ ਸੰਗਤ ਦਾ ਆਉਣਾ ਜਾਣਾ ਸ਼ੁਰੂ ਹੋਇਆ। ਰੈਣ ਸਬਾਈਆਂ ਵਿਚ ਨਾਮ, ਸਿਮਰਣ ਤੇ ਕੀਰਤਨ ਦੇ ਗੂੜ੍ਹੇ ਰੰਗਾਂ ਦੀਆਂ ਛਹਿਬਰਾਂ ਲਗਣ ਲੱਗੀਆਂ।

*****************

**ਸ਼ਹੀਦ ਸਿੰਘ**, ਦੇਵੀ ਦੇਵਤੇ ਅਤੇ ਹੋਰ ਚੰਗੀਆਂ ਮਾੜੀਆਂ ਰੂਹਾਂ ਸਭ ਸਾਡੇ ਕੋਲ ਕੋਲ ਹੀ ਵਿਚਰਦੀਆਂ ਰਹਿੰਦੀਆਂ ਹਨ। ਜੇ ਅਸੀਂ ਇਕ ਕਮਰੇ ਦੇ ਬੂਹੇ ਬਾਰੀਆਂ ਬੰਦ ਕਰਕੇ ਇਹ ਸੋਚੀਏ ਕਿ ਸਾਨੂੰ ਕੋਈ ਦੇਖਦਾ ਨਹੀਂ ਹੈ ਤਾਂ ਇਹ ਸਾਡੀ ਭੁੱਲ ਹੋਏਗੀ। ਕਿਉਂਕਿ ਉਸ ਬੰਦ ਕਮਰੇ ਵਿਚ ਅਣਦਿਸਦੀ ਦੁਨੀਆਂ ਦੇ ਵਸਨੀਕਾਂ ਵਿਚੋਂ ਕੋਈ ਚੰਗੀ ਮਾੜੀ ਰੂਹ ਜਾਂ ਕੋਈ ਸ਼ਹੀਦ ਸਿੰਘ ਸਾਨੂੰ ਦੇਖ ਰਿਹਾ ਹੋ ਸਕਦਾ ਹੈ।

ਅਜ ਸਾਇੰਸ ਦੇ ਯੁਗ ਵਿਚ ਟੈਲੀਵਿਜ਼ਨ ਸੈਂਟਰ ਦੇ ਬੰਦ ਕਮਰਿਆਂ ਵਿਚ ਮਸ਼ੀਨਾਂ ਅਤੇ ਕੈਮਰਿਆਂ ਦੇ ਸਾਹਮਣੇ ਬੈਠਿਆਂ ਬੰਦਿਆਂ ਦੀਆਂ ਚਲਦੀਆਂ ਫਿਰਦੀਆਂ ਬੋਲਦੀਆਂ ਤਸਵੀਰਾਂ ਅਤੇ ਅਵਾਜਾਂ ਹਜਾਰਾਂ ਮੀਲਾਂ ਤੱਕ ਦਿਖਾਈ ਅਤੇ ਸੁਣਾਈ ਦਿੰਦੀਆਂ ਹਨ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜਿਸ ਲੰਮੇ ਰਸਤੇ ਉਤੋਂ ਦੀ ਚੱਲ ਕੇ ਇਹ ਤਸਵੀਰਾਂ ਸਾਡੇ ਘਰਾਂ ਵਿਚ ਪਏ ਟੀ.ਵੀ. ਸੈਟਾਂ ਤੱਕ ਪਹੁੰਚਦੀਆਂ ਹਨ ਉਸ ਰਸਤੇ ਉਤੇ ਤੁਰਦਿਆਂ ਜਾਂਦਿਆਂ ਜਾਂ ਉੜਦਿਆਂ ਜਾਂਦਿਆਂ ਇੰਨ੍ਹਾਂ ਨੂੰ ਕਿਸੇ ਨੇ ਨਾ ਦੇਖਿਆ, ਨਾ ਹੀ ਕਿਸੇ ਨੇ ਇਨ੍ਹਾਂ ਅਵਾਜਾਂ ਨੂੰ ਸੁਣਿਆਂ। ਸਾਇੰਸਦਾਨ ਹੀ ਸਮਝ ਸਕਦੇ ਹਨ ਕਿ ਉਹ ਤਸਵੀਰਾਂ ਕਿਸ ਤਰ੍ਹਾਂ ਪਹੁੰਚੀਆਂ। ਕੰਪੀਊਟਰ ਅਤੇ ਸਾਇੰਸ ਦੇ ਇਹੋ ਜਿਹੇ ਹੋਰ ਚਮਤਕਾਰ ਵੀ ਸਾਇੰਸਦਾਨ ਹੀ ਜਾਣਦੇ ਹਨ। ਇਸੇ ਤਰ੍ਹਾਂ ਹੀ ਰੂਹਾਨੀ ਰਾਹਾਂ ਦੇ ਪਾਂਧੀ ਭਗਤ-ਜਨ ਜਾਣਦੇ ਹਨ ਕਿ

ਅਣਡਿੱਠੀ ਦੁਨੀਆਂ ਦੇ ਅਦਭੁੱਤ ਅਤੇ ਰੰਗੀਨ ਨਜ਼ਾਰੇ ਸਾਥੋਂ ਦੂਰ ਨਹੀਂ ਹਨ।ਅਸਲੀਅਤ ਇਹ ਹੈ ਕਿ ਇੰਨ੍ਹਾਂ ਨੂੰ ਦੇਖਣ ਲਈ ਕਰਤਾ ਪੁਰਖ ਦੀ ਅਪਾਰ ਕਿਰਪਾ ਰੂਪੀ ਟੈਲੀਵਿਜ਼ਨ ਸੈਟ ਚਾਹੀਦਾ ਹੈ ਅਤੇ ਭਗਤੀ-ਬਲ ਰੂਪੀ ਬਿਜਲੀ ਦੀ ਜ਼ਰੂਰਤ ਹੈ।ਸੋ ਸਾਨੂੰ ਜਾਣ ਲੈਣਾ ਚਾਹੀਦਾ ਹੈ ਕਿ ਸ਼ਹੀਦਾਂ ਸਿੰਘਾਂ ਦੀ ਦੁਨੀਆਂ ਵੀ ਸਾਡੇ ਵਿੱਚ ਹੀ ਵਸਦੀ ਹੈ।ਦੇਵੀ ਦੇਵਤੇ ਸਾਡੇ ਕੋਲ ਕੋਲ ਹੀ ਰਹਿੰਦੇ ਹਨ।ਭੂਤ ਪ੍ਰੇਤ ਸਾਥੋਂ ਦੂਰ ਨਹੀਂ ਹਨ।ਜਮਾਂ ਦੀ ਆਵਾਜਾਈ ਤਾਂ ਲੱਗੀ ਹੀ ਰਹਿੰਦੀ ਹੈ।ਸਾਡੇ ਸਾਮ੍ਹਣੇ ਕਿੰਨੀਆਂ ਮੌਤਾਂ ਹੁੰਦੀਆਂ ਹਨ?ਕੋਲ ਖੜ੍ਹਿਆਂ ਹੀ ਜਮ ਆਉਂਦੇ ਹਨ ਅਤੇ ਪਤਾ ਨਹੀਂ ਲੱਗਣ ਦਿੰਦੇ ਕਿ ਕਿਹੜੇ ਕਿਹੜੇ ਤਰੀਕੇ ਅਪਣਾ ਕੇ ਬੰਦੇ ਦੀ ਜੀਵ ਆਤਮਾ ਸਰੀਰ ਤੋਂ ਅਲੱਗ ਕਰਕੇ ਲੈ ਜਾਂਦੇ ਹਨ।ਸਾਨੂੰ ਕੁੱਝ ਵੀ ਦਿਖਾਈ ਨਹੀਂ ਦਿੰਦਾ।ਸਿਰਫ ਮਰਨ ਵਾਲੇ ਨੂੰ ਹੀ ਪਤਾ ਹੁੰਦਾ ਹੈ ਕਿ ਜਮ ਕੀ ਕੁਝ ਕਰ ਰਹੇ ਹਨ।ਸਾਨੂੰ ਮਰਨ ਵਾਲੇ ਦੀ ਤਰਸਯੋਗ ਹਾਲਤ ਤਾਂ ਦਿਖਾਈ ਦਿੰਦੀ ਹੈ ਪਰ ਉਸ ਦੀ ਹਾਲਤ ਦੇ ਜਿੰਮੇਵਾਰ ਜਮ ਨਜ਼ਰ ਨਹੀਂ ਆਉਂਦੇ।ਮਰਨ ਵਾਲੇ ਦੀ ਜ਼ੁਬਾਨ ਤਾਂ ਸ਼ਾਇਦ ਉਹ ਆਉਂਦਿਆਂ ਹੀ ਖਿੱਚ ਲੈਂਦੇ ਹਨ,ਤਾਂ ਜੋ ਉਹ ਉਨ੍ਹਾਂ ਦੇ ਭੇਦ ਬਾਰੇ ਕਿਸੇ ਨੂੰ ਦੱਸ ਨਾ ਸਕੇ।

ਰੂਹਾਨੀ ਵਿਦਿਆ ਦੇ ਸਾਇੰਸਦਾਨਾਂ(ਬਰ੍ਹਮ ਗਿਆਨੀਆਂ) ਨੂੰ ਅਣਦਿਸਦੀ ਦੁਨੀਆਂ ਦਾ ਗਿਆਨ ਹੁੰਦਾ ਹੈ।ਆਮ ਲੋਕੀਂ ਇਨ੍ਹਾਂ ਗੱਲਾਂ ਤੋਂ ਬੇਖਬਰ ਹੁੰਦੇ ਹਨ।ਜਪ ਤਪ ਦੀ ਸਾਧਨਾ ਕਰਨ ਵਾਲੇ ਪ੍ਰਾਣੀ ਜੀਊਂਦੇ ਜੀਅ ਹੀ ਇਸ ਪੰਚ-ਭੂਤਕ ਦੇਹੀ ਵਿਚੋਂ ਆਪਣੀ ਜੀਵ-ਆਤਮਾ ਅਲੱਗ ਕਰਨ ਦੇ ਸਮਰੱਥ ਹੋ ਜਾਂਦੇ ਹਨ।ਅਜਿਹੀ ਅਵੱਸਥਾ ਵਾਲਿਆਂ ਨੂੰ ਜੀਊਂਦੇ ਜੀਅ ਹੀ ਅਣਦਿਸਦੀ ਦੁਨੀਆਂ ਦੇ ਨਜਾਰੇ ਦਿਸਣ ਲਗ ਪੈਂਦੇ ਹਨ।ਉਨ੍ਹਾਂ ਦਾ ਸ਼ਹੀਦਾਂ ਸਿੰਘਾਂ ਨਾਲ ਮੇਲ ਮਿਲਾਪ ਬਣਿਆ ਰਹਿੰਦਾ ਹੈ।

ਗੁਰਮੁੱਖ ਪਿਆਰੇ ਦਇਆ ਧਰਮ ਵਾਲਾ ਜੀਵਨ ਬਤੀਤ ਕਰਦੇ ਹੋਏ ਪ੍ਰਭੂ-ਪ੍ਰੇਮ ਵਿਚ ਲੀਨ ਹੋ ਕੇ ਹਉਮੈ ਦਾ ਤਿਆਗ ਕਰਦੇ ਹਨ।ਫੁਰਨਿਆਂ ਦੀ ਖੁਆਰੀ ਵਿਚੋਂ ਨਿਕਲ ਕੇ ਨਾਮ ਸਿਮਰਨ ਵਿਚ ਨਿਵਾਸ ਕਰਦੇ ਹਨ।ਆਪਣਾ ਮਨ ਪਿਆਰੇ ਦੇ ਚਰਨਾ ਤੋਂ ਵਾਰ ਕੇ ਸੁੱਟ ਦਿੰਦੇ ਹਨ **ਤੇ ਲਿਵ ਦੀ ਪੱਕੀ ਡੋਰ ਵਿਚ ਬੱਝ ਕੇ ਜਿਉਂ ਜਿਉਂ ਕਣ ਕਣ ਵਿਚ ਰਮੇ ਹੋਏ ਰਾਮ ਪਿਆਰੇ ਨਾਲ ਇਕ ਸੁਰ ਹੋਈ ਜਾਂਦੇ ਹਨ ਤਿਉਂ ਤਿਉਂ ਪ੍ਰਭੂ-ਪ੍ਰੀਤਮ ਆਪਣੀਆਂ ਅਥਾਹ ਸ਼ਕਤੀਆਂ ਦੀਆਂ ਬਖਸ਼ਿਸ਼ਾਂ ਦੇ ਭੰਡਾਰ ਲਗਾਉਂਦਾ ਹੈ।**

ਪਿਤਾ ਆਪਣੀ ਜਾਇਦਾਦ ਦਾ ਸਰਮਾਇਆ ਬੱਚਿਆਂ ਕੋਲੋਂ ਕਿਉਂ ਛੁਪਾਵੇ..? ਪਰ ਪ੍ਰਭੂ-ਪਿਤਾ ਦੇ ਭਰਪੂਰ ਖਜਾਨੇ ਦੇਖ ਕੇ ਕਈ ਭਗਤ ਆਪਣਾ ਰਾਹ ਭੁੱਲ ਜਾਂਦੇ ਹਨ।ਉਹ ਰਿੱਧੀਆਂ ਸਿੱਧੀਆਂ ਦੇ ਚੱਕਰ ਵਿਚ ਫਸ ਕੇ ਬਾਬੇ ਬਣ ਬੈਠਦੇ ਹਨ ਤੇ ਮੰਜਿਲ ਤੱਕ ਪਹੁੰਚਣ ਦੀ ਥਾਂ ਸਿਰਫ ਬਾਬੇ ਹੀ ਰਹਿ ਜਾਂਦੇ ਹਨ। ਕਈ ਸੁਭਾਗੇ ਜੀਊੜੇ ਪਿਤਾ-ਪ੍ਰਮੇਸ਼ਰ ਦੇ ਹੁਕਮੀ ਬੱਚੇ ਬਣ ਕੇ ਉਸ ਦੇ ਆਦੇਸ਼ ਅਨੁਸਾਰ ਚਲਦੇ ਹੋਏ ਸਚਾਈ ਦੇ ਰਾਹਾਂ ਦੇ ਉਤੇ ਆਪਾ ਵਾਰ ਕੇ ਸ਼ਹੀਦਾਂ ਸਿੰਘਾਂ ਦੀਆਂ ਅਥਾਹ ਸ਼ਕਤੀਆਂ ਪਰਾਪਤ ਕਰ ਲੈਂਦੇ ਹਨ।

**ਸਾਇੰਸਦਾਨ ਅਖੀਆਂ ਖੋਲ੍ਹ ਕੇ ਸਾਇੰਸ ਦੇ ਤਜਰਬੇ ਕਰਦੇ ਹਨ** ਦੂਰ ਨੇੜੇ ਦੀਆਂ ਚੀਜਾਂ ਦੇਖਣ ਲਈ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਯੰਤਰਾਂ ਦੀ ਜਰੂਰਤ ਪੈਂਦੀ ਹੈ।ਉਹ ਪੁਲਾੜ ਵਿਚ ਜਾ ਕੇ ਚੰਦ,ਸੂਰਜ ਤੇ ਤਾਰਿਆਂ ਦੀਆਂ ਤਸਵੀਰਾਂ ਲੈ ਕੇ ਕੁਦਰਤ ਦੇ ਗੋਹਜ ਜਾਨਣ ਵਿਚ ਆਪਣੀ ਕਾਮਣਾਬੀ ਸਮਝਦੇ ਹਨ।**ਬ੍ਰਹੰਮਗਿਆਨੀ ਅਖੀਆਂ ਮੀਟੀ ਆਤਮ-ਰਸ ਵਿਚ ਲੀਨ ਹੁੰਦੇ ਹਨ ਤੇ ਬਿਦੇਹ ਹੋ ਕੇ** ਅਨੇਕਾਂ ਸੂਰਜ ਮੰਡਲਾਂ ਵਿਚ ਘੁੰਮ ਆਉਂਦੇ ਹਨ।ਆਪਣੀ ਧਰਤੀ ਤੋਂ ਐਨੇ ਦੂਰ ਚਲਾ ਜਾਂਦੇ ਹਨ ਕਿ ਇਹ ਧਰਤੀ ਉਨ੍ਹਾਂ ਨੂੰ ਇਕ ਗੇਂਦ ਵਰਗੀ ਹੀ ਨਜ਼ਰ ਆਉਂਦੀ ਹੈ,ਨਾਲ ਹੀ ਇਸਦਾ ਸੂਰਜ ਦੁਆਲੇ ਘੁੰਮਣਾ ਅਤੇ ਆਪਣੇ ਦੁਆਲੇ ਘੁੰਮਣਾਂ,ਦੋਨੋ ਗਤੀਆਂ ਨਜ਼ਰ ਆਉਂਦੀਆਂ ਹਨ।ਸਰਵ-ਵਿਆਪਕ ਦਾਤਾਰ ਪਿਤਾ ਜਦੋਂ ਆਪਣੇ ਪਿਆਰਿਆਂ ਨੂੰ ਗਲੇ ਲਗਾਉਂਦਾ ਹੈ ਤਾਂ ਆਪਣੀ ਸਰਵ-ਵਿਆਪਕ ਐਨਕ ਥਾਣੀ ਝਾਕਣ ਦੀ ਖੁਲ੍ਹੀ ਛੁੱਟੀ ਦੇ ਕੇ ਦੂਰ ਨੇੜੇ ਦੇ ਸਾਰੇ ਫਾਸਲੇ ਮਿਟਾ ਦਿੰਦਾ ਹੈ।ਲੱਖਾਂ ਪਾਤਾਲਾਂ,ਲੱਖਾਂ ਆਕਾਸ਼ਾਂ ਦੀ ਸੋਝੀ ਕਰਵਾ ਦਿੰਦਾ ਹੈ।ਅਨਹਦ ਸੰਗੀਤ ਅਤੇ ਨੂਰਾਨੀ ਪ੍ਰਕਾਸ਼ ਦੇ ਅੰਬਾਰਾਂ ਉਤੇ ਬਿਠਾ ਕੇ ਸਵਰਗ ਪੁਰੀਆਂ ਦੀ ਸੈਰ ਕਰਵਾ ਦਿੰਦਾ ਹੈ।ਸ਼ਹੀਦਾਂ ਸਿੰਘਾਂ ਨਾਲ ਸਾਂਝਾਂ ਪੁਆ ਦਿੰਦਾ ਹੈ।

ਸਾਇੰਸਦਾਨ ਸੂਰਜ ਦੀਆਂ ਸਭ ਤੋਂ ਨੇੜਿਓਂ ਲਈਆਂ ਤਸਵੀਰਾਂ ਰਾਹੀਂ ਅੱਗ ਦੇ ਲਾਵਿਆਂ ਨੂੰ ਸੂਰਜ ਦੇ ਗੋਲੇ ਵਿਚੋਂ ਨਿਕਲ ਕੇ ਬਾਹਰ ਉਡਦੇ ਦਿਖਾਉਣ ਵਿਚ ਬੜੀ ਕਾਮਯਾਬੀ ਸਮਝਦੇ ਹਨ।ਓਧਰ ਸੰਤ ਪੁਰਸ਼ ਅਖੀਆਂ ਮੀਟ ਕੇ ਇਸ ਹੱਡ ਮਾਸ ਦੀ ਦੇਹੀ ਵਿਚੋਂ ਜੀਵ ਆਤਮਾ ਨੂੰ ਅਲੱਗ ਕਰਦੇ ਹਨ।ਜੀਵ ਆਤਮਾ ਨਾਲ ਚੰਦ ਤਾਰਿਆਂ ਦੇ ਦੇਸ਼ ਪਹੁੰਚ ਜਾਂਦੇ ਹਨ।ਅਨੇਕਾਂ ਸੂਰਜਾਂ ਨੂੰ ਬਣਾਉਣ ਵਾਲੇ ਪ੍ਰਭੂ-ਪ੍ਰੀਤਮ ਦੇ ਤੇਜ ਪ੍ਰਤਾਪ ਨਾਲ ਰੰਗ ਹੋ ਕੇ,ਉਹ ਸੂਰਜ ਵਿਚੋਂ ਨਿਕਲ ਨਿਕਲ ਕੇ ਬਾਹਰ ਵਲ ਆਉਂਦੀਆਂ ਅੱਗ ਦੀਆਂ ਪਰਤਾਂ ਦੇ ਵਿਚੋਂ ਦੀ ਲੰਘਦੇ ਹੋਏ ਵੀ ਨਾਮ-ਰਸ ਦੀ ਠੰਡੀ ਮਿਠਾਸ ਨਾਲ ਭਰੇ ਰਹਿੰਦੇ ਹਨ।ਪ੍ਰਭੂ-ਪ੍ਰੀਤਮ ਦੇ ਤੇਜ ਪ੍ਰਤਾਪ ਨਾਲ ਸਜੇ ਰਹਿੰਦੇ ਹਨ।ਜਿਸ ਹੱਡ ਮਾਸ ਦੇ ਜਿਸਮ ਨੂੰ ਅੱਗ ਦਾ ਸੇਕ ਲੱਗਣਾ ਸੀ ਉਹ ਤਾਂ ਮਿੱਟੀ ਦੀ ਢੇਰੀ ਦੇ ਰੂਪ ਵਿਚ ਪਿਆ ਹੋਇਆ ਹੁੰਦਾ ਹੈ। ਦੇਖਣ ਵਾਲਿਆਂ ਨੂੰ ਕੀ ਪਤਾ,ਕਿ ਇਸਦੀ ਜੀਵ ਆਤਮਾ ਕਿੱਥੇ ਗਈ।

ਰਚਨਹਾਰੇ ਨੇ ਖੰਡਾਂ ਬ੍ਰਹਮੰਡਾਂ ਦੀ ਰਚਨਾ ਕੀਤੀ।ਇਨ੍ਹਾਂ ਨੂੰ ਲੰਬੀਆਂ ਉਮਰਾਂ ਬਖਸ਼ੀਆਂ।ਉਸ ਨੇ ਸਾਡੀ ਧਰਤੀ ਦੀ ਸੰਭਾਲ ਦੇ ਸਾਰੇ ਇੰਤਜਾਮ ਕੀਤੇ।ਇਹ ਆਪਣੇ ਦੁਆਲੇ ਘੁੰਮਣ ਲੱਗੀ।ਕਰਤਾ ਪੁਰਖ ਨੇ ਇਸ ਨੂੰ ਸੂਰਜ ਦੇ ਦੁਆਲੇ ਚੱਕਰ ਕੱਟਣ ਦੀ ਸ਼ਕਤੀ ਦਿੱਤੀ।ਚੰਦ ਤਾਰਿਆਂ ਦੇ ਵਸਦੇ ਰਸਦੇ ਪਰਿਵਾਰ ਵਿਚ ਜੀਵਨ ਜੀਊਣ ਲਈ ਸੱਚੜੇ ਸਾਈਂ ਨੇ ਇਸ ਧਰਤੀ ਨੂੰ ਚਾਰੋ ਪਾਸਿਆਂ ਤੋਂ ਲੋੜੀਂਦੀਆਂ ਗੈਸਾਂ ਦੀ ਇਕ ਮਜਬੂਤ ਛਤਰੀ ਨਾਲ ਢੱਕ ਦਿੱਤਾ।ਇਸ ਛਤਰੀ ਦੇ ਸਹਾਰੇ, ਧਰਤੀ ਰਾਣੀ ਪੁਲਾੜ ਵਿਚ ਆਪਣੇ ਭਾਈ ਚਾਰੇ ਦੇ ਦੂਜੇ ਗ੍ਰਹਾਂ ਦੇ ਅਣ-ਸੁਖਾਵੇਂ ਅਸਰਾਂ ਦੀ ਬਰਸਾਤ ਤੋਂ ਬਚ ਕੇ ਆਪਣੀ ਮਟਕਵੀਂ ਚਾਲੇ ਚੱਲਣ ਲੱਗੀ।ਇਹ ਛਤਰੀ ਧਰਤੀ ਨੂੰ ਬੜੀ ਹੀ ਸ੍ਹੋਂਦੀ..! ਪਾਰ-ਦਰਸ਼ੀ ਹੋਣ ਕਰਕੇ ਪੁਲਾੜ ਦੇ ਦੂਜੇ ਗ੍ਰੈਹਾਂ ਦੀ ਸੁੰਦ੍ਰਤਾ, ਇਸ ਛਤਰੀ ਥਾਣੀ ਦਿਖਦੀ ਰਹਿੰਦੀ ਅਤੇ ਉਪਰੋਂ ਵ੍ਹਰਨ ਵਾਲੀਆਂ ਅਣਸੁਖਾਵੀਆਂ ਸੜਦੀਆਂ ਬਲਦੀਆਂ ਕਿਰਨਾਂ ਦੀ ਝੜੀ ਤੋਂ ਵੀ ਬਚਾ ਹੋਇਆ ਰਹਿੰਦਾ।

ਸਾਇੰਸਦਾਨਾਂ ਨੇ ਆਪਣੇ ਤਜਰਬੇ ਕਰਨ ਲਈ ਧਰਤੀ ਮਾਂ ਨੂੰ ਕਈ ਤਰ੍ਹਾਂ ਨਾਲ ਨੁਕਸਾਨ ਪਹੁੰਚਾਇਆ।ਆਪ-ਹੁਦਰੇ ਹੋ ਕੇ ਉਨ੍ਹਾਂ ਚੰਦ ਤਾਰਿਆਂ ਕੋਲ ਪਹੁੰਚਣ ਲਈ ਰਾਕਿਟ ਬਣਾਏ ਜਿਹੜੇ ਇਸ ਛਤਰੀ ਵਿਚ ਛੇਕ ਕਰਦੇ ਹੋਏ ਚੰਦ ਤਾਰਿਆਂ ਦੇ ਦੇਸ਼ ਪਹੁੰਚਦੇ ਰਹੇ ਅਤੇ ਉਥੋਂ ਦੀ ਜਾਣ ਕਾਰੀ ਲਿਆਉਂਦੇ ਰਹੇ।ਇਨ੍ਹਾਂ ਸਾਇੰਸਦਾਨਾ ਦੀ ਹੂੜ੍ਹ-ਮੱਤ ਦਾ ਹੀ ਨਤੀਜਾ ਹੈ ਕਿ ਅੱਜ ਧਰਤੀ ਮਾਂ ਦੀ ਛਤਰੀ ਨਿੱਕੇ ਵੱਡੇ ਛੇਕਾਂ ਅਤੇ ਮਘੋਰਿਆਂ ਨਾਲ ਭਰੀ ਪਈ ਹੈ।ਭਲਾ ਕਿੰਨੇ ਕੁ ਦਿਨ ਇਸ ਲੀਰੋ ਲੀਰ ਹੋਈ ਛਤਰੀ ਨਾਲ ਅਸੀਂ ਧਰਤੀ ਮਾਂ ਦੀ ਗੋਦ ਵਿਚ ਸੁੱਖ ਦਾ ਸਾਹ ਲੈ ਸਕਾਂਗੇ..?

ਸੰਤ-ਜਨ ਸਿਰਜਨਹਾਰੇ ਦੀ ਸੁੰਦਰ ਸਿਰਜਨਾ ਨੂੰ ਪਿਆਰ ਕਰਦੇ ਹਨ, ਕੁਦਰਤ ਵਿਚੋਂ ਕਾਦਰ ਨੂੰ ਨਿਹਾਰਦੇ ਹਨ ਤੇ ਰਚਨਹਾਰੇ ਦੀ ਪ੍ਰੇਮ ਡੋਰ ਵਿਚ ਬੱਝ ਕੇ ਕੁਦਰਤ ਦੇ ਵਿਸਮਾਦੀ ਰੰਗਾਂ ਵਿਚ ਲੀਨ ਹੋ ਕੇ ਆਪਣੇ ਪੂਰਨ ਪਰਮਾਨੰਦ ਦੇ ਮੇਲ ਮਿਲਾਪ ਦਾ ਅਨੁਭਵ ਕਰਦੇ ਹਨ।

***************

ਧਰਮੀ ਜੀਊੜਿਆਂ ਦਾ ਮਰਨਾ ਦੁੱਖਦਾਈ ਨਹੀਂ ਸਗੋਂ ਸੁੱਖਦਾਈ ਅਤੇ ਅਨੰਦਮਈ ਹੁੰਦਾ ਹੈ।ਅਜਿਹੀ ਮੌਤੇ ਮਰਨ ਵਾਲਿਆਂ ਦੀਆਂ ਜੀਵ ਆਤਮਾਵਾਂ ਨੂੰ ਸ਼ਹੀਦਾਂ ਸਿਘਾਂ ਦੀਆਂ ਅਮਰ ਪਦਵੀਆਂ ਦਾ ਵਰਦਾਨ ਮਿਲਦਾ ਹੈ।

**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦ॥**

**ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦ॥**

॥੨੨॥ (੧੩੬੫)

ਭਗਤੀ ਭੰਡਾਰਾਂ ਨਾਲ ਮਾਲੋ ਮਾਲ ਹੋਈਆਂ ਸੁਭਾਗੀਆਂ ਜਿੰਦੜੀਆਂ ਪਹਿਲਾਂ ਹੀ "ਜੀਵਤਿਆਂ ਮਰ ਰਹੀਏ" ਵਾਲਾ ਯੋਗ ਕਮਾ ਕੇ ਨਿਰੰਕਾਰ ਦੇ ਦੇਸ਼ ਵਿਚ ਆਪਣਾ ਆਉਣਾ ਜਾਣਾ ਬਣਾਈ ਰਖਦੀਆਂ ਹਨ।ਉਨ੍ਹਾਂ ਦੀ ਜੀਵ ਆਤਮਾ ਨੂੰ ਸਰੀਰ ਦਾ ਚੋਲਾ ਛੱਡਣ ਵੇਲੇ ਕੋਈ ਤਕਲੀਫ ਨਹੀਂ ਹੁੰਦੀ।ਮੌਤ ਵੇਲੇ ਉਨ੍ਹਾਂ ਨੂੰ ਲੈਣ ਲਈ ਵੀ ਅਣਡਿੱਠੀ ਦੁਨੀਆਂ ਦੇ ਵਸਨੀਕ ਹੀ ਆਉਂਦੇ ਹਨ ਪਰ ਉਹ ਜਮ ਨਹੀਂ ਹੁੰਦੇ।ਸਗੋਂ ਰਿਸ਼ੀਆਂ ਮੁਨੀਆਂ ਦੇ ਨੂਰਾਨੀ ਪਹਿਰਾਵਿਆਂ ਵਿਚ,ਦੇਵੀ ਦੇਵਤਿਆਂ ਦੇ ਸੁੰਦਰ ਸਰੂਪਾਂ ਜਾਂ ਸ਼ਹੀਦਾਂ ਸਿੰਘਾਂ ਦੇ ਇਲਾਹੀ ਵੇਸਾਂ ਵਿਚ ਅਨੰਦ ਮਈ ਢੰਗ ਨਾਲ ਜੀਵ ਆਤਮਾ ਨੂੰ ਸਰੀਰ ਦੇ ਚੋਲੇ ਤੋਂ ਅਲੱਗ ਕਰਦੇ ਹਨ ਤੇ ਖੁਸ਼ੀਆਂ ਖੇੜਿਆਂ ਦਾ ਮੀਂਹ ਵਰ੍ਹਾਉਦੇ ਹੋਏ ਨਿਰੰਕਾਰ ਦੇ ਇਲਾਹੀ ਮੰਡਲ ਦੇ ਵਸਨੀਕ ਬਣਾ ਦਿੰਦੇ ਹਨ।ਅਜਿਹੀਆਂ ਸੁਹਾਣੀਆਂ ਘੜੀਆਂ ਸਮੇਂ ਵੀ ਮਰਨ ਵਾਲੇ ਦੇ ਕੋਲ ਖੜ੍ਹੇ ਲੋਕ ਹਰ ਗੱਲ ਤੋਂ ਬੇਖਬਰ ਹੀ ਰਹਿ ਜਾਂਦੇ ਹਨ।

ਜਿਹੜੇ ਸੂਰੇ ਦੁਨੀਆਂ ਉਤੋਂ ਹਨੇਰ ਗਰਦੀ ਖਤਮ ਕਰਨ ਲਈ ਆਪਣੀ ਜਾਨ ਦੀ ਬਾਜੀ ਲਗਾ ਦਿੰਦੇ ਹਨ,ਉਹ ਮੌਤ ਨੂੰ ਤਾਂ ਉਦੋਂ ਹੀ ਜਿੱਤ ਲੈਂਦੇ ਹਨ ਜਦੋਂ ਆਪਣੇ ਸਾਹਿਬ ਦੇ ਦੱਸੇ ਅਸੂਲਾਂ ਦੀ ਖਾਤਰ ਮੌਤ ਦੀ ਪ੍ਰਵਾਹ ਕਰਨੀ ਛੱਡ ਦਿੰਦੇ ਹਨ।ਪੰਥ ਦੀ ਖਾਤਰ ਨਿਰ ਸੁਆਰਥ ਭਾਵਨਾ ਨਾਲ ਸ਼ਹੀਦੀਆਂ ਦਾ ਜਾਮ ਪੀਣ ਵਾਲੇ ਯੋਧਿਆਂ ਦੀ ਸ਼ਹਾਦਤ ਵੇਲੇ ਸ਼ਹੀਦ ਸਿੰਘ ਆਪਣੇ ਪੂਰੇ ਜਲੌ ਵਿਚ ਆਉਂਦੇ ਹਨ।ਅਨੰਦ ਮਈ ਖੁਸ਼ੀਆਂ ਦਾ ਮੀਂਹ ਵਰ੍ਹਾਉਂਦੇ ਹੋਏ ਅਤਿ ਸੋਹਣੀਆਂ ਨੂਰਾਨੀ ਰਿਸ਼ਮਾਂ ਦੀਆਂ ਸੱਤ-ਰੰਗੀ ਸੜਕਾਂ ਵਿਛਾਉਂਦੇ ਹਨ।ਮਹਿਕਾਂ ਦੇ ਅੰਬਾਰਾਂ ਵਿਚੋਂ ਨਿਕਲਦੀਆਂ ਅਨਹਦ ਸ਼ਬਦ ਦੀਆਂ ਗੂੰਜਾਰਾਂ ਇੰਨਾਂ ਦੇ ਸਵਾਗਤੀ ਗੀਤ ਗਾਉਂਦੀਆਂ ਹਨ।

ਅਸੀਂ ਬੜੇ ਖੁਸ਼ਕਿਸਮਤ ਹਾਂ ਕਿ ਸਾਨੂੰ ਮਨੁੱਖੀ ਜੀਵਨ ਮਿਲਿਆ ਹੈ।ਮਾਂ ਦੇ ਗਰਭ ਵਿਚ ਸਾਡੀ ਰੂਹ ਨੂੰ ਤਨ ਦੇ ਵਸਤਰ ਪਾਉਣ ਲਈ ਨੌਂ ਮਹੀਨੇ ਲੱਗੇ।ਮਾਂ ਬਾਪ ਅਤੇ ਵਿਰਸੇ ਦੇ ਗੁਣਾਂ ਔਗੁਣਾਂ ਅਤੇ ਸ਼ਕਲ ਸੂਰਤ ਦੇ ਰੰਗਾਂ ਵਿਚ ਰੰਗ ਹੋ ਕੇ ਇਸ ਤਨ ਨੇ ਦੁਨੀਆਂ ਵਿਚ ਆ ਕੇ ਚੰਗੇ ਮਾੜੇ ਕਰਮਾਂ ਦਾ ਫਲ ਭੋਗਣਾ ਹੁੰਦਾ ਹੈ।ਤਨ ਦੀ ਖੁਰਾਕ ਸਰੀਰ ਨੂੰ ਪਲਦੀ ਹੈ ਤੇ ਸਾਡੇ ਚੰਗੇ ਮਾੜੇ ਕਰਮਾਂ ਦਾ ਅਸਰ ਕਬੂਲਦੀ ਹੋਈ ਰੂਹ,ਆਪਣੇ ਤਰੀਕੇ ਨਾਲ ਵਿਕਾਸ ਕਰਦੀ ਰਹੀ।ਜਿਉਂ ਹੀ ਇਸ ਰੂਹ ਦੇ ਬਾਣੇ(ਤਨ) ਵਿਚੋਂ ਸਾਹਾਂ ਦਾ ਦੌਰ ਖਤਮ ਹੁੰਦਾ ਹੈ ਤਾਂ ਇਹ ਮਿੱਟੀ ਦੀ ਢੇਰੀ ਬਣ ਕੇ ਰਹਿ ਜਾਂਦਾ ਹੈ।ਰੂਹ ਦਾ ਪੰਛੀ ਉਡ ਜਾਂਦਾ ਹੈ।ਪਰ ਉਸਦੀ ਉੜਾਨ ਇਸ ਗੱਲ ਉਤੇ ਨਿਰਭਰ ਹੁੰਦੀ ਹੈ ਕਿ ਇਸ ਦੁਨੀਆਂ ਵਿਚ ਆ ਕੇ ਉਸਨੇ ਕਿਹੋ ਜਿਹੇ ਕਰਮ ਕਮਾਏ।ਜੇਕਰ ਉਸ ਹੰਸਲੇ ਜੀਊੜੇ ਨੇ ਸੁੱਚੇ ਮੋਤੀ ਚੁਗੇ ਹਨ ਤਾਂ ਉਸਦੇ ਖੰਭ ਵੀ ਹੰਸਾਂ ਵਰਗੇ ਹੋਣਗੇ।ਉਸ ਦਾ ਰੰਗ ਰੂਪ ਵੀ ਹੰਸਾਂ ਵਰਗਾ ਹੋਵੇਗਾ।ਉਸਦਾ ਸੁਭਾ ਵੀ ਹੰਸਾਂ ਵਰਗਾ ਹੋਏਗਾ।ਮਰਨ ਵੇਲੇ ਹੰਸਾਂ ਦੀ ਟੋਲੀ ਆਏਗੀ ਤੇ ਉਸਨੂੰ ਆਪਣੇ ਨਾਲ ਰਲਾਈ ਉਚੀਆਂ ਉਡਾਰੀਆਂ ਮਾਰਦੀ ਹੋਈ ਪ੍ਰੀਤਮ ਦੇ ਦੇਸ਼ ਪਹੁੰਚ ਜਾਵੇਗੀ।ਪਰ ਜੇ ਉਸਨੇ ਕੁਕਰਮਾਂ ਦਾ ਚੋਗਾ ਚੁਗਿਆ ਹੈ ਤਾਂ ਉਸ ਦੇ ਖੰਭ ਵੀ ਕਾਲੇ ਕਾਵਾਂ ਵਰਗੇ ਹੋਣਗੇ।ਰੰਗ ਰੂਪ ਅਤੇ ਸੁਭਾ ਕਾਵਾਂ ਵਰਗਾ ਹੋਏਗਾ,ਅੰਤ ਸਮੇਂ ਕਾਵਾਂ ਦੀ ਟੋਲੀ ਆਏਗੀ ਅਤੇ ਜਮਾਂ ਦੀ ਮਾਰ ਨਾਲ ਝੰਬ ਕੇ ਉਸਨੂੰ ਆਪਣੀ ਟੋਲੀ ਵਿੱਚ ਰਲਾ ਕੇ ਗੰਦ ਫ੍ਰੋਲਣ ਲੱਗ ਪਏਗੀ।

ਸੇਵਾ,ਤਿਆਗ,ਕੁਰਬਾਨੀਆਂ ਅਤੇ ਸ਼ਹੀਦੀਆਂ ਦੇ ਸੁੱਚੇ ਮੋਤੀ ਚੁਗਣ ਵਾਲੇ ਜੀਊੜੇ ਖੂਨ ਦੇ ਰਿਸ਼ਤਿਆਂ ਨਾਲੋਂ ਰੂਹ ਦੇ ਰਿਸ਼ਤਿਆਂ ਦੀ ਵੱਧ ਕਦਰ ਕਰਦੇ ਹਨ।ਰੂਹ ਦੀ ਦੌਲਤ ਇਕੱਠੀ ਕਰਨ ਲਈ ਉਹ ਸੱਚ ਦੇ ਪਿੱਛੇ ਲਗੀਆਂ ਬਲਵਾਨ ਰੂਹਾਂ ਦੇ ਇਸ਼ਾਰਿਆਂ ਉਤੇ ਚਲਦੇ ਹਨ।ਦੂਜਿਆਂ ਦੇ ਜੀਵਨ ਵਿਚ ਅੰਮ੍ਰਿਤ ਰਸ ਘੋਲਣ ਲਈ ਉਹ ਆਪ ਜ਼ਹਿਰ ਦੇ ਘੁੱਟ ਪੀ ਜਾਂਦੇ ਹਨ।ਦੁਨੀਆਂ ਨੂੰ ਸੋਨ-ਸੁਨਹਿਰੀ ਰਿਸ਼ਮਾਂ ਨਾਲ ਰੰਗਣ ਦੀ ਖਾਤਿਰ ਹਨੇਰ ਕੋਠੜੀਆਂ ਵਿਚ ਉਮਰਾਂ ਗਾਲ ਲੈਂਦੇ ਹਨ। ਵਸਦੇ ਰਸਦੇ ਘਰਾਂ ਦੀ ਨਿੱਘੀ ਧੁੱਪ ਛੱਡ ਕੇ ਸਿਵਿਆਂ ਦੀ ਅੱਗ ਸੇਕਣ ਜਾਂਦੇ ਹਨ।ਇਹ ਰੱਬ ਦੇ ਜੀਊੜੇ ਜੋ ਦੂਜਿਆਂ ਦੇ ਜੀਵਨ ਵਿੱਚੋਂ ਦੁਖਾਂ ਦਾ ਜ਼ਹਿਰ ਚੂਸਦੇ ਹਨ,ਉਨ੍ਹਾਂ ਨੂੰ ਹੀ ਅਸਲੀ ਜੀਵਨ-ਰਸ ਦੀ ਪ੍ਰਾਪਤੀ ਹੁੰਦੀ ਹੈ।ਉਹ ਸਤਿਗੁਰਾਂ ਦੀ ਪ੍ਰੇਮ ਡੋਰ ਵਿੱਚ ਬੱਝੇ ਹੋਏ ਕੰਕਰ ਕੰਡਿਆਂ ਅਤੇ ਅੰਗਿਆਰਾਂ ਉਤੇ ਚਲਦੇ ਹੋਏ ਮੌਤ ਪਿਛੋਂ ਸ਼ਹੀਦ ਸਿੰਘਾਂ ਦੀ ਦੁਨੀਆਂ ਵਿਚ ਪਹੁੰਚ ਜਾਂਦੇ ਹਨ।

ਗਰਮੀ ਦੀ ਰੁੱਤੇ ਅਸੀਂ ਤਿੱਖੀ ਧੁੱਪ ਤੋਂ ਤੰਗ ਆ ਕੇ ਇਸ ਤੋਂ ਛੁਟਕਾਰਾ ਚਾਹੁੰਦੇ ਹਾਂ ਪਰ ਇਹੀ ਧੁੱਪ ਕਈ ਫਸਲਾਂ ਅਤੇ ਫਲਾਂ ਦੇ ਪੱਕਣ ਲਈ,ਕੱਟਣ ਲਈ ਤੇ ਸਾਂਭਣ ਲਈ ਬਹੁਤ ਜ਼ਰੂਰੀ ਹੁੰਦੀ ਹੈ।ਇਸੇ ਤਰ੍ਹਾਂ ਰਣ ਭੂਮੀ ਵਿੱਚ ਖੇਲੀ ਜਾ ਰਹੀ ਖ਼ੂਨ ਦੀ ਹੋਲੀ ਦੇਖਣੀ ਕਿਸੇ ਨੂੰ ਚੰਗੀ ਨਹੀਂ ਲੱਗਦੀ ਪਰ ਰਣ ਭੂਮੀ ਵਿੱਚ ਹੀ ਸੂਰਿਆਂ ਦੀ ਪਰਖ ਹੁੰਦੀ ਹੈ,ਬਹਾਦਰਾਂ ਦੀ ਪਛਾਣ ਹੁੰਦੀ ਹੈ। ਲੜਾਈ ਵਿੱਚ ਹੀ ਜੂਝ ਕੇ ਮਰਨ ਵਾਲਿਆਂ ਨੂੰ ਸ਼ਹੀਦੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਮਿਲਦਾ ਹੈ।

ਸਾਡਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜ਼ੁਲਮ ਦਾ ਨਾਸ ਕਰਨ ਲਈ ਜਦੋਂ ਵੀ ਸਿਰਾਂ ਦੀ ਲੋੜ ਪਈ, ਅਸੀਂ ਹੱਸ ਹੱਸ ਕੇ ਸੀਸ ਭੇਟ ਕੀਤੇ,ਖੋਪੜੀਆਂ ਉਤਰਵਾਈਆਂ,ਬੰਦ ਬੰਦ ਕਟਵਾਏ ਤੇ ਪੁੱਠੀਆਂ ਖੱਲਾਂ ਲੁਹਾਈਆਂ।ਆਪਣਾ ਆਪ ਹੀ ਨਹੀਂ ਸਗੋਂ ਸਰਬੰਸ ਵਾਰੇ। ਦੁੱਧ ਮੱਖਣਾਂ ਨਾਲ ਪਾਲੇ ਜਾਨ ਦੇ ਟੁਕੜੇ ਮਾਵਾਂ ਨੇ ਕੌਮ ਦੇ ਹਵਾਲੇ ਕੀਤੇ।ਸ਼ੁਕਰ ਹੈ! ਦਾਤਾਰ ਪਿਤਾ ਦਾ,ਕਿ ਉਸਨੇ ਸਾਨੂੰ ਅਜਿਹੇ ਵਿਰਸੇ ਨਾਲ ਜੋੜਿਆ ਹੈ,ਜਿਥੇ ਹੰਸਾਂ ਦੀ ਭਰਮਾਰ ਹੈ।ਸਾਡੀਆਂ ਰਗਾਂ ਵਿਚ ਦੌੜ ਰਿਹਾ ਹੰਸਾਂ ਦਾ ਖ਼ੂਨ,ਸਾਨੂੰ ਹੰਸ ਬਨਣ ਲਈ ਪ੍ਰੇਰਦਾ ਹੈ।ਜ਼ੁਲਮ ਦਾ ਨਾਸ ਕਰਕੇ ਸ਼ਹੀਦੀਆਂ ਅਤੇ ਕੁਰਬਾਨੀਆਂ ਦਾ ਸਰਮਾਇਆ ਇਕੱਠਾ ਕਰਨ ਲਈ ਉਛਾਲੇ ਮਾਰਦਾ ਹੈ।ਜਦੋਂ ਸੁੱਚੇ ਮੋਤੀਆਂ ਦੀ ਭੁੱਖ ਜਾਗ ਪਵੇ ਤਾਂ ਫਿਰ ਸਰੀਰ ਦਾ ਮੋਹ ਨਹੀਂ ਰਹਿੰਦਾ ਸੱਚੇ ਪਾਤਿਸ਼ਾਹ ਕੋਲ ਜਾਣ ਲਈ ਤਾਂਘਾਂ ਜੋਰ ਫੜਦੀਆਂ ਹਨ।ਚੋਜੀ ਪ੍ਰੀਤਮ ਦੇ ਦੇਸ ਜਾਣ ਦਾ ਚਾਅ ਹੀ ਐਸਾ ਹੁੰਦਾ ਹੈ ਕਿ ਸ਼ਹੀਦੀ ਦੇ ਰਸਤੇ,ਉਸਦੇ ਚਰਨਾਂ ਵਿੱਚ ਜਾਣ ਲਈ ਜੀਅੜਾ ਲੋਚਦਾ ਹੈ।ਮੌਤ ਦੇ ਦਰ ਵਲ ਰੀਝਾਂ ਨਾਲ ਨਿਹਾਰਦਾ ਹੈ।ਸਰੀਰ ਦੇ ਬੋਝ ਤੋਂ ਹਲਕੇ ਹੋ ਕੇ ਸ਼ਹੀਦਾਂ ਸਿੰਘਾਂ ਨਾਲ ਲੰਬੀਆਂ ਉਡਾਰੀਆਂ ਮਾਰ ਖੰਡਾਂ ਬ੍ਰਹਮੰਡਾਂ ਦੀ ਸੈਰ ਕਰਨ ਦੀ ਸੱਧਰ ਜਾਗ ਪੈਂਦੀ ਹੈ।ਸੱਚੇ ਪਾਤਿਸ਼ਾਹ ਦੀ ਸ਼ਹੀਦਾਂ ਸਿੰਘਾਂ ਦੀ ਛਾਉਣੀ ਵਿੱਚ ਜਾਣ ਲਈ ਮਨ ਰੀਝਦਾ ਹੈ,ਡਰ ਹੁੰਦਾ ਹੈ ਤਾਂ ਸਿਰਫ ਇਸ ਗੱਲ ਦਾ ਕਿ ਸਰੀਰ ਦਾ ਭਾਂਡਾ ਐਂਵੇ ਹੀ ਨਾ ਭੱਜ ਜਾਵੇ।ਸਤਿਗੁਰੂ ਦੇ ਰਾਹ ਉਤੇ ਕਿਤੇ ਲੇਖੇ ਲੱਗੇ।

ਬੇਸ਼ੱਕ ਸੰਸਾਰ ਵਿੱਚ ਕਾਲੇ ਕਾਵਾਂ ਦੀ ਗਿਣਤੀ ਦਾ ਕੋਈ ਅੰਤ ਨਹੀਂ ਹੈ ਤੇ ਕਾਵਾਂ ਦੀ ਕਾਵਾਂ-ਰੌਲੀ ਵਿੱਚ ਹੰਸਾਂ ਦੇ ਮਿੱਠੜੇ ਬੋਲ ਘੱਟ ਹੀ ਸੁਣਾਈ ਦਿੰਦੇ ਹਨ ਪਰ ਕਾਵਾਂ ਦੀ ਬਹੁ ਗਿਣਤੀ ਦੇ ਰਾਜ ਵਿੱਚ ਹੰਸਾਂ ਦੀ ਹੋਂਦ ਮਿਟਾਈ ਵੀ ਨਹੀਂ ਜਾ ਸਕਦੀ। ਜਦੋਂ ਕੁਰਬਾਨੀਆਂ ਦੀ ਰੁੱਤ ਹੋਵੇ...! ਸਾਹਮਣੇ ਸੁੱਚੇ ਮੋਤੀਆਂ ਦੀ ਭਰਮਾਰ ਹੋਵੇ....! ਤਾਂ ਫਿਰ ਹੰਸ ਭਲਾ ਆਪਣਾ ਚੋਗਾ ਕਿਉਂ ਨਾ ਚੁਗਣ? ਭੁੱਖੇ ਕਿਉਂ ਰਹਿਣ?ਜਦੋਂ ਸ਼ਹੀਦਾਂ ਸਿੰਘਾਂ ਦੀ ਭਰਤੀ ਖੁਲ੍ਹੀ ਹੋਈ ਹੋਵੇ ਤਾਂ ਫਿਰ ਸੱਚੇ ਪਾਤਿਸ਼ਾਹ ਦੀ ਫੌਜ ਵਿੱਚ ਭਰਤੀ ਹੋਣ ਲਈ ਕੋਈ ਪਿਛੇ ਕਿਉਂ ਰਹੇ?

ਸੂਰਿਆਂ ਲਈ ਮੌਤ ਬਖਸ਼ਸ਼ਾਂ ਦੇ ਭੰਡਾਰ ਲੈ ਕੇ ਆਉਂਦੀ ਹੈ।ਕੁਰਬਾਨੀਆਂ ਸ਼ਹੀਦੀਆਂ ਦੇ ਸੱਚੇ ਮੋਤੀ ਚੁਗ ਜਦੋਂ ਉਹ ਸਰੀਰ ਦਾ ਚੋਲਾ ਛਡਦੇ ਹਨ ਤਾਂ ਸਤਿਗੁਰਾਂ ਦੇ ਚਰਨਾਂ ਵਿੱਚ ਜਾ ਬਿਰਾਜਦੇ ਹਨ ਤਦ ਸੱਚਾ ਪਾਤਿਸ਼ਾਹ ਉਹਨਾਂ ਨੂੰ ਗਲੇ ਲਗਾਉਂਦਾ ਹੈ।ਸ਼ਹੀਦਾ ਸਿੰਘਾਂ ਸਿੰਘਣੀਆਂ ਦੀਆਂ ਪਦਵੀਆਂ ਨਾਲ ਸਨਮਾਨਿਤ ਕਰਦਾ ਹੈ।ਮਾਣ ਬਖਸ਼ਦਾ ਹੈ।ਆਪਣੇ ਬਣਾਉਂਦਾ ਹੈ।

ਅਕਾਲ ਪੁਰਖ ਨੇ ਸਾਡੇ ਦਸ਼ਮੇਸ਼ ਪਿਤਾ ਨੂੰ ਸ਼ਹੀਦਾਂ ਸਿੰਘਾਂ ਦੀ ਫੌਜ ਦਾ ਸੈਨਾਪਤੀ ਥਾਪਿਆ ਹੈ।ਕੁਦਰਤ ਦੇ ਅਸੂਲਾਂ ਵਿੱਚ ਰਹਿ ਕੇ ਕਲਗੀਧਰ ਪਾਤਿਸ਼ਾਹ ਨੇ ਇੰਨ੍ਹਾਂ ਗੁਪਤ ਦੁਨੀਆਂ ਦੇ ਵਸਨੀਕਾਂ ਦੀਆਂ ਡਿਊਟੀਆਂ ਲਗਾਈਆਂ ਹੋਈਆਂ ਹਨ। ਇਹ ਗੁਪਤ ਰਹਿ ਕੇ ਇਹ ਗੁਹਜ-ਕਲਾ ਵਰਤਾਉਂਦੇ ਹਨ।ਬਹੁਤੀ ਵਾਰੀ ਤਾਂ ਪਤਾ ਵੀ ਨਹੀਂ ਲ਼ਗਦਾ ਕਿ ਇਹਨਾਂ ਦੀ ਮਿਹਰਬਾਨੀ ਨਾਲ ਸਾਡੇ ਬਿਗੜੇ ਕੰਮ ਕਿਸ ਤਰ੍ਹਾਂ ਸੰਵਰ ਜਾਂਦੇ ਹਨ।ਉਹ ਆਪ ਅਨੰਦ ਮਈ ਅਵੱਸਥਾ ਵਿਚ ਰਹਿੰਦੇ ਹਨ ਅਤੇ ਦੂਜਿਆਂ ਨੂੰ ਸੁੱਖ ਦੇਣ ਦੇ ਆਹਰ ਵਿਚ ਜੁੱਟੇ ਰਹਿੰਦੇ ਹਨ। ਭਲਾ ਕਰਨਾ ਸ਼ਹੀਦਾਂ ਸਿੰਘਾਂ ਦਾ ਸੁਭਾ ਹੁੰਦਾ ਹੈ ਪਰ ਜੇਕਰ ਕੋਈ ਗੁਰੂ ਲੜ ਲਗਿਆਂ ਨੂੰ ਪ੍ਰੇਸ਼ਾਨ ਕਰੇ ਜਾਂ ਦੁੱਖ ਦੇਵੇ ਤਾਂ ਅਜਿਹੇ ਦੋਖੀਆਂ ਨੂੰ ਉਹ ਦੰਡ ਦੇਣਾ ਵੀ ਜਾਣਦੇ ਹਨ।ਹੇਮ ਕੁੰਟ ਸਾਹਿਬ ਦੀ ਪਵਿੱਤਰ ਧਰਤੀ ਉਤੇ ਤਾਂ ਫੂਕ ਫੂਕ ਕੇ ਕਦਮ ਰੱਖਣਾ ਚਾਹੀਦਾ ਹੈ ਕਿਉਂਕਿ ਇੱਥੇ ਤਾਂ ਵੱਡਿਆਂ ਵੱਡਿਆਂ ਦੇ ਹੰਕਾਰ ਟੁੱਟ ਜਾਂਦੇ ਹਨ।ਗੁਰਮੁੱਖ ਪਿਆਰਿਆਂ ਦਾ ਨਿਰਾਦਰ ਕਰਨ ਵਾਲਾ ਜਾਂ ਉਨ੍ਹਾਂ ਨੂੰ ਦੁੱਖ ਦੇਣ ਵਾਲਾ ਕੋਈ ਬੰਦਾ ਵੀ ਦੰਡ ਤੋਂ ਬਚ ਨਹੀਂ ਸਕਦਾ।ਇਹੋ ਜਿਹੀਆਂ ਅਨੇਕਾਂ ਘਟਨਾਵਾਂ ਦੇਖਣ ਵਿੱਚ ਆਈਆਂ ਹਨ ਕਿ ਮਾੜਾ ਬੋਲਣ ਵਾਲਿਆਂ ਨੂੰ ਸਜਾਵਾਂ ਭੁਗਤਣੀਆਂ ਪਈਆਂ ਹਨ।ਸ਼ਰਧਾ ਪ੍ਰੇਮ ਵਿੱਚ ਭਿੱਜੇ ਯਾਤਰੂਆਂ ਨੂੰ ਦੁੱਖ ਦੇਣ ਵਾਲਿਆਂ ਨੂੰ ਦੁਖੀ ਹੋਣਾ ਪਿਆ ਹੈ।

***************

ਕਣ ਕਣ ਵਿਚ ਰਮਿਆ ਹੋਇਆ ਰਾਮ ਪਿਆਰਾ ਹਰ ਥਾਂ ਉਤੇ ਮੌਜੂਦ ਹੈ।ਇਹ ਧਰਤੀ,ਖੰਡ,ਬ੍ਰਹਮੰਡ ਸਭ ਉਸੇ ਦਾ ਹੀ ਨਿਵਾਸ ਸਥਾਨ ਹੈ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਨ੍ਹਾਂ ਥਾਵਾਂ ਉਤੇ ਰੱਬ ਦੀ ਬੰਦਗੀ ਕੀਤੀ ਗਈ ਹੋਵੇ,ਕੀਰਤਨ-ਜੁੜੀਆਂ ਰੂਹਾਂ ਨੇ ਰਸ ਭਿੰਨੇ ਸੰਗੀਤ ਨਾਲ ਵਾਤਾਵਰਣ ਮਹਿਕਾਇਆ ਹੋਇਆ ਹੋਵੇ ਤੇ ਤਪੱਸਵੀਆਂ ਨੇ ਲਿਵ ਲੀਨ ਹੋ ਕੇ ਸਮਾਧੀਆਂ ਲਗਾਈਆਂ ਹੋਣ, ਉਸ ਧਰਤੀ ਦੀ ਰੰਗਤ ਕੁਝ ਹੋਰ ਹੀ ਹੁੰਦੀ ਹੈ।ਤਪ ਅਸਥਾਨ ਦੀ ਹਵਾ ਵਿਚ ਸਾਹ ਲੈਂਦਿਆਂ ਹੀ ਸੀਨੇ ਠੰਡ ਪੈਂਦੀ ਹੈ।ਸੁਰਤੀ ਬਿਰਤੀ ਬਦਲ ਜਾਂਦੀ ਹੈ।ਅਜਿਹੀ ਥਾਂ ਉਤੇ ਮਨ ਦੀ ਭਟਕਣਾਂ ਖਤਮ ਹੋ ਜਾਂਦੀ ਹੈ ਅਤੇ ਚੈਨ ਮਿਲਦੀ ਹੈ।ਜਿਥੇ ਉਚ ਕੋਟੀ ਦੇ ਤਪੱਸਵੀ ਤਪੱਸਿਆ ਕਰਦੇ ਹੋਣ ਅਤੇ ਆਮ ਲੋਕ ਘੱਟ ਜਾਂਦੇ ਹੋਣ।ਉਥੇ ਇਕ ਖਾਸ ਕਿਸਮ ਦੀ ਮਿੱਠੀ,ਪਿਆਰੀ ਤੇ ਨੂਰਾਨੀ ਪ੍ਰਕਾਸ਼ ਦੀ ਛੋਟੀ ਜਿਹੀ ਬੱਦਲੀ ਵਰਗਾ ਪ੍ਰਕਾਸ਼ ਲਰਜ਼ਦਾ ਰਹਿੰਦਾ ਹੈ ਜਿਹੜਾ ਕਿ ਉਚੀਆਂ ਅਵੱਸਥਾਵਾਂ ਵਾਲਿਆਂ ਨੂੰ ਹੀ ਦਿਖਾਈ ਦਿੰਦੀ ਹੈ।ਮੈਲੇ ਮਨਾ ਵਾਲਿਆਂ ਨੂੰ ਅਜਿਹੀਆਂ ਬਖਸ਼ਿਸ਼ਾ ਨਹੀਂ ਹੁੰਦੀਆਂ ਅਜਿਹੀਆਂ ਥਾਵਾਂ ਉਤੇ ਮੱਥਾ ਟੇਕਦਿਆਂ ਜਦੋਂ ਮਸਤਕ ਜ਼ਮੀਨ ਨਾਲ ਲਗਦਾ ਹੈ ਤਾਂ ਸਾਡੇ ਅੰਦਰ ਕੁੱਝ ਭਰ ਹੁੰਦਾ ਮਹਿਸੂਸ ਹੁੰਦਾ ਹੈ।ਸਾਡੀ ਅਪੂਰਣਤਾ ਪੂਰਣਤਾ ਵਿੱਚ ਬਦਲਦੀ ਜਾਂਦੀ ਹੈ।ਅਜਿਹੀਆਂ ਥਾਵਾਂ ਉਤੇ ਰੂਹਾਨੀ ਦੌਲਤਾਂ ਦੇ ਭੰਡਾਰੇ ਖੁਲ੍ਹੇ ਰਹਿੰਦੇ ਹਨ।ਅਜਿਹੇ ਤਪ ਸਥਾਨਾਂ ਉਤੇ ਬੈਠ ਕੇ ਬੰਦਗੀ ਕਰਨ ਵਾਲਿਆਂ ਉਤੇ ਰੱਬੀ ਰਹਿਮਤਾਂ ਦੀ ਬਰਸਾਤ ਲਗੀ ਰਹਿੰਦੀ ਹੈ ਤੇ ਕਿਣਕੇ ਆਮ ਸੰਗਤਾਂ ਦੀਆਂ ਝੋਲੀਆਂ ਵਿਚ ਵੀ ਕਿਰਦੇ ਰਹਿੰਦੇ ਹਨ।

ਸ੍ਰੀ ਹੇਮਕੁੰਟ ਸਾਹਿਬ ਦੀ ਧਰਤੀ ਵਿੱਚ ਇਹ ਸਾਰੇ ਹੀ ਗੁਣ ਹਨ।ਇਥੇ ਤਾਂ ਪਤਾ ਨਹੀਂ ਕਿੰਨੇ ਕੁ ਯੁਗਾਂ ਤੋਂ ਤਪ ਹੁੰਦਾ ਰਿਹਾ ਹੈ। ਦੁਆਪਰ ਯੁਗ ਵਿਚ ਮੂਰਛਿਤ ਹੋਏ **ਲਕਸ਼ਮਣ** ਲਈ ਹਨੂਮਾਨ ਇਸੇ ਥਾਂ ਤੋਂ ਹੀ ਸੰਜੀਵਨੀ ਬੂਟੀ ਲੈ ਕੇ ਗਿਆ ਸੀ।ਅੰਮ੍ਰਿਤ ਸਰੋਵਰ ਦੇ ਇਕ ਪਾਸੇ ਸ੍ਰੀ ਲਕਸ਼ਮਣ ਜੀ ਦਾ ਛੋਟਾ ਜਿਹਾ ਮੰਦਰ ਵੀ ਹੈ।।ਤ੍ਰੇਤਾ ਯੁੱਗ ਵਿਚ **ਪਾਂਡਵਾਂ** ਨੇ ਵੀ ਤਪ ਸਾਧਨਾਂ ਕਰਨ ਲਈ ਇਹੀ ਥਾਂ ਚੁਣੀ ਸੀ।



ਸਪਤ ਸ੍ਰਿੰਗ ਤਿਹ ਨਾਮ ਕਹਾਵਾ॥

ਪੰਡ ਰਾਜ ਜਹ ਜੋਗ ਕਮਾਵਾ॥

ਹੁਣ ਇਸ ਵੇਲੇ ਵੀ ਪਤਾ ਨਹੀਂ ਕਿੰਨੇ ਕੁ ਸਿੱਧ ਯੋਗੀ ਅਤੇ ਤਪੀਸ਼ਰ ਇਹਨਾਂ ਬਰਫਾਨੀ ਚੋਟੀਆਂ ਵਿੱਚ ਸਮਾਧੀ ਅਵਸਥਾ ਵਿੱਚ ਬੈਠੇ ਹੋਏ ਹਨ।ਜਿੰਨ੍ਹਾਂ ਨੂੰ ਖਾਣ ਪੀਣ ਵਾਲੀ ਕਿਸੇ ਚੀਜ਼ ਦੀ ਜਰੂਰਤ ਮਹਿਸੂਸ ਨਹੀਂ ਹੁੰਦੀ ਤੇ ਨਾ ਹੀ ਸਰਦੀ ਤੋਂ ਬਚਣ ਲਈ ਕਿਸੇ ਕਮਰੇ ਜਾਂ ਕੱਪੜੇ ਦੀ ਜਰੂਰਤ ਪੈਂਦੀ ਹੈ।




ਭਾਈ ਸਾਹਿਬ ਭਾਈ ਵੀਰ ਸਿੰਘ ਜੀ ਬਜੁਰਗ ਹੋਣ ਕਰਕੇ ਬਿਖੜੇ ਰਾਹਾਂ ਨੂੰ ਪਾਰ ਕਰਨ ਵਿਚ ਅਸਮਰੱਥ ਸਨ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਬਲੇ ਜਨਮ ਦੇ ਤਪ ਸਥਾਨ ਦੀ ਵਾਰਤਾ ਪੜ੍ਹ ਕੇ ਉਨ੍ਹਾਂ ਨੇ ਆਪਣੀ ਰੂਹਾਨੀ ਸ਼ਕਤੀ ਨਾਲ ਥਹੁ ਪਤਾ ਦੱਸ ਕੇ ਸਪਤ-ਸ੍ਰਿੰਗ ਦੇ ਵਿਚਕਾਰ ਸੋਭਦੇ ਅੰਮ੍ਰਿਤ ਕੁੰਡ ਨੂੰ ਲੱਭਣ ਲਈ ਸੰਤ ਸੋਹਣ ਸਿੰਘ ਜੀ ਨੂੰ ਪ੍ਰੇਰਤ ਕੀਤਾ।ਸੰਤ ਸੋਹਣ ਸਿੰਘ ਜੀ ਨੇ ਪੂਰੀ ਲਗਨ ਅਤੇ ਹਿੰਮਤ ਨਾਲ ਖੋਜ ਕਰਕੇ ਸਪਤਸ੍ਰਿੰਗ ਦੀ ਵਾਦੀ ਲੱਭਣ ਵਿਚ ਕਾਮਯਾਬ ਹੋ ਗਏ ਤਾਂ ਫਿਰ ਭਾਈ ਵੀਰ ਸਿੰਘ ਜੀ ਨੇ ਮਾਇਆ ਦੇ ਕੇ ਸਭ ਤੋਂ ਪਹਿਲੇ ਇਕ ਕਮਰੇ ਦੀ ਸੇਵਾ ਕਰਵਾਈ।

ਬਾਬਾ ਮੋਦਨ ਸਿੰਘ ਵਰਗੇ ਗੁਰੂ ਘਰ ਦੇ ਸੇਵਕਾਂ ਦੀ ਸਖਤ ਘਾਲਣਾ ਅਤੇ ਸੱਚੀ ਲਗਨ ਨਾਲ ਹੇਮਕੁੰਟ ਸਾਹਿਬ ਦੇ ਗੁਰਦਵਾਰਿਆਂ ਦੀ ਸੇਵਾ ਹੋਈ।ਉਨ੍ਹਾਂ ਵਡਭਾਗਿਆਂ ਨੇ ਇਥੇ ਚਿਰੰਜੀਵੀ ਰਾਜ ਰਿਸ਼ੀਆਂ ਦੇ ਦਰਸ਼ਨ ਕੀਤੇ।ਜੋ ਇੰਨ੍ਹਾਂ ਬਰਫੀਲੀਆਂ ਚੋਟੀਆਂ ਉਤੇ ਨੰਗੇ ਹੀ ਰਹਿੰਦੇ ਹਨ।ਲੰਮੀਆਂ ਉਮਰਾਂ ਵਾਲਿਆਂ ਦੇ ਸਰੀਰ ਉਤੇ ਚਿੱਟੇ ਰੋਮ ਸੋਂਹਦੇ ਹਨ।ਰੂਹਾਨੀ ਤਾਕਤਾਂ ਦੇ ਮਾਲਿਕ ਜਦੋਂ ਕਿਸੇ ਨੂੰ ਮੇਹਰ ਭਰੀ ਨਜ਼ਰ ਨਾਲ ਤੱਕ ਲੈਣ ਤਾਂ ਉਨ੍ਹਾਂ ਦੀ ਦ੍ਰਿੱਬ ਦ੍ਰਿਸ਼ਟੀ ਨਾਲ ਲੋਕਾਂ ਦੇ ਕਾਰਜ ਸੰਵਰ ਜਾਂਦੇ ਹਨ।ਹੇਮਕੁੰਟ ਸਾਹਿਬ ਪਹੁੰਚ ਕੇ ਜਦੋਂ **ਸੰਤ ਸੋਹਣ ਸਿੰਘ ਜੀ** ਨੇ ਸਰੋਵਰ ਵਿਚ ਇਸ਼ਨਾਨ ਕਰਕੇ ਪਾਠ ਕੀਤਾ ਤਾਂ ਉਨ੍ਹਾਂ ਦੇ ਮਨ ਵਿਚ ਸ਼ੰਕਾ ਪੈਦਾ ਹੋਈ ਕਿ ਕੀ ਇਹੋ ਹੀ ਸਪਤਸ੍ਰਿੰਗ ਦੀ ਵਾਦੀ ਹੈ?ਤਦ ਸ਼ਹੀਦਾਂ ਵਾਂਗੂ ਹੀ ਦਿਲਾਂ ਦੀਆਂ ਬੁੱਝਣ ਵਾਲੇ ਰਾਜ ਰਿਸ਼ੀ ਉਥੇ ਆਣ ਪਹੁੰਚੇ ਤੇ ਹੱਥ ਉਪਰ ਕਰਕੇ ਸੰਤ ਜੀ ਨੂੰ ਅਸ਼ੀਰਵਾਦ ਦਿੱਤਾ ਤੇ ਕਿਹਾ ਕਿ ਇਹੀ ਦੁਸ਼ਟ ਦਮਨ ਦਾ ਤਪ ਅਸਥਾਨ ਹੈ ਅਤੇ ਇਥੇ ਗੁਰਦਵਾਰੇ ਦੀ ਸੇਵਾ ਕਰਕੇ ਸੰਤ ਜੀ ਬਹੁਤ ਅੱਛਾ ਕੰਮ ਕਰਦੇ ਪਏ ਹਨ।ਉਨ੍ਹਾਂ ਦੇ ਇਸ ਸ਼ੁਭ ਕੰਮ ਉਤੇ ਰਾਜ ਰਿਸ਼ੀ ਖੁਸ਼ ਸੀ।

ਇਸ ਸਵਰਗੀ ਧਰਤੀ ਉਤੇ ਸ਼ਹੀਦਾਂ ਸਿੰਘਾਂ ਨੇ ਛਾਉਣੀ ਪਾਈ ਹੋਈ ਹੈ ਤੇ ਇਹ ਛਾਉਣੀ ਦੁਨੀਆਂ ਦੀ ਸਭ ਤੋਂ ਵੱਡੀ ਛਾਉਣੀ ਹੈ।ਜਿਨ੍ਹਾਂ ਨੇ **ਸ੍ਰੀ ਗੁਰੂ ਗੋਬਿੰਦ ਸਿੰਘ ਜੀ** ਸਮੇਤ ਸ਼ਹੀਦਾ ਸਿੰਘਾਂ ਦੀ ਫੋਜ ਦੇ ਦਰਸ਼ਨ ਕੀਤੇ ਹਨ,ਉਹ ਦਸਦੇ ਹਨ ਕਿ ਗੁਰੂ ਜੀ ਦੀ ਸ਼ਹੀਦਾਂ ਸਿੰਘਾਂ ਦੀ ਫੌਜ ਦਾ ਕੋਈ ਅੰਤ ਨਹੀਂ ਹੈ।ਇਕ ਬੀਬੀ ਨੇ ਦਸਿਆ ਕਿ ਉਸਨੂੰ ਅਸਮਾਨ ਦੇ ਅਣਗਿਣਤ ਤਾਰਿਆਂ ਵਾਂਗੂੰ ਬੇਸ਼ੁਮਾਰ ਸ਼ਹੀਦ ਸਿੰਘਾਂ ਦੀ ਫੌਜ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਲਾਹੀ ਪ੍ਰਕਾਸ਼ ਵਿਚ ਜਗਮਾਉਂਦੇ ਹੋਇਆਂ ਦੇ ਦਰਸ਼ਨ ਹੋਏ।ਉਸਨੇ ਆਪਣੇ ਇਸ ਅਨੁਭਵ ਦਾ ਵਰਨਣ ਕਰਦੀ ਹੋਈ ਨੇ,ਇਸ ਗੱਲ ਉਤੇ ਜ਼ਿਆਦਾ ਜੋਰ ਪਾਇਆ ਕਿ ਸਾਡੀਆਂ ਇਨ੍ਹਾਂ ਅੱਖੀਆਂ ਵਿਚ ਦੇਖਣ ਦੀ ਉਹ ਸ਼ਕਤੀ ਨਹੀਂ ਹੈ ਜਿਹੜੀ ਦਰਸ਼ਨ ਝਲਕਾਰੇ ਦੇਖਣ ਵਾਲੀਆਂ ਅੱਖੀਆਂ ਵਿਚ ਸੀ।ਉਨ੍ਹਾਂ ਅਖੀਆਂ ਵਿਚ ਤਾਂ ਇਹੋ ਜਿਹੇ ਅਨੇਕਾਂ ਅਕਾਰਾਂ ਦਾ ਘੇਰਾ ਦੇਖਣ ਦੀ ਸ਼ਕਤੀ ਸੀ ਤੇ ਸਭ ਦੂਰੀਆਂ ਮਿਟ ਕੇ ਸਭ ਕੁਝ ਕੋਲ ਕੋਲ ਹੀ ਤੇ ਬਹੁਤ ਸਾਫ ਦਿਖਾਈ ਦੇ ਰਿਹਾ ਸੀ। ਕਈਆਂ ਨੇ' ਸਤਿ ਸ੍ਰੀ ਅਕਾਲ ॥ ' ਦੇ ਜੈਕਾਰਿਆਂ ਦੀਆਂ ਗੈਬੀ ਅਵਾਜਾਂ ਗੂੰਜਦੀਆਂ ਸੁਣੀਆਂ ਹਨ।ਇਹ ਅਵਾਜ਼ਾਂ ਕਈ ਵਾਰੀ ਥੋੜੇ ਸਿੰਘਾਂ ਦੀਆਂ ਹੁੰਦੀਆਂ ਹਨ ਅਤੇ ਕਈ ਵਾਰੀ ਬੇਸ਼ੁਮਾਰ ਸਿੰਘਾਂ ਦੀਆਂ ਹੁੰਦੀਆਂ ਹਨ।

*******************

ਇਸ ਵਾਦੀ ਵਿਚ ਕਦੀ ਕਦੀ ਰੰਗੀਆਂ ਰੂਹਾਂ ਵਾਲਿਆਂ ਨੂੰ ਰਸ-ਭਿੰਨਾ ਕੀਰਤਨ ਵੀ ਸੁਣਾਈ ਦਿੰਦਾ ਹੈ।ਪੱਥਰਾਂ ਦੇ ਢੇਰਾਂ ਅਤੇ ਝਰਨਿਆਂ ਦੀ ਝਨਕਾਰ ਉਪਰੋਂ ਦੀ ਲਹਿਰਾਉਂਦੀਆਂ ਆ ਰਹੀਆਂ ਸੁਰੀਲੇ ਸਾਜਾਂ ਨਾਲ ਅਲਾਪ ਹੋ ਰਹੀਆਂ ਰਸ-ਭਿੰਨੀਆਂ ਅਵਾਜ਼ਾਂ ਵਾਲਾ ਅੰਮ੍ਰਿਤ-ਕੀਰਤਨ,ਸਚੱਖੰਡ ਦੀਆਂ ਵਸਨੀਕ ਸੰਗਤਾਂ ਦੀਆਂ ਟੋਲੀਆਂ ਦੀ ਹੋਂਦ ਮਹਿਸੂਸ ਕਰਵਾਉਂਦਾ ਹੈ।ਇਹ ਅਵਾਜ਼ਾਂ ਕਈਆਂ ਨੇ

ਸੁਣੀਆਂ ਹਨ।੧੯੭੪ ਵਿਚ **ਮਾਤਾ ਰਾਮ ਕੌਰ ਤੇ ਬੀਬੀ ਗੁਰਦੀਪ ਕੌਰ ਜੀ** ਨੇ ਢੋਲਕੀਆਂ ਛੈਣਿਆਂ ਨਾਲ ਕੀਰਤਨ ਕਰਦੇ ਸ਼ਹੀਦਾਂ ਸਿੰਘਾਂ ਤੇ ਸਿੰਘਣੀਆਂ ਦਾ ਕੀਰਤਨ ਸੁਣਿਆਂ।ਪੰਜਵੀਂ ਚੋਟੀ ਉਤੇ,ਪਥੱਰਾਂ ਦੇ ਢੇਰਾਂ ਉਤੇ ਤੁਰੇ ਜਾਂਦਿਆਂ ਉਨ੍ਹਾਂ ਨੂੰ ਇਲਾਹੀ ਕੀਰਤਨ ਹੁੰਦਾ ਸੁਣਿਆਂ।ਉਸ ਗੰਧਰਵਾਂ ਦੇ ਸੰਗੀਤ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਖਿੱਚ ਪਾਈ ਜਿਵੇਂ ਚੁੰਬਕ ਲੋਹੇ ਨੂੰ ਖਿੱਚਦਾ ਹੈ।ਮਿਕਨਾਤੀਸੀ ਖਿੱਚ ਨਾਲ ਖਿੱਚੀਆਂ ਹੋਈਆਂ ਉਹ ਉਸੇ ਪਾਸੇ ਤੁਰ ਪਈਆਂ,ਜਿਧਰੋਂ ਅਵਾਜਾਂ ਆਉਂਦੀਆਂ ਸਨ।ਅਵਾਜਾਂਚ ਤੱਕ ਪਹੁੰਚਣ ਲਈ ਉਹ ਦੋਨੋਂ ਅੱਗੇ ਤੁਰਦੀਆਂ ਗਈਆਂ ਪਰ ਆਵਾਜਾਂ ਉਨ੍ਹਾਂ ਤੋਂ ਓਨਾਂ ਹੀ ਹੋਰ ਅੱਗੇ ਤੁਰੀਆਂ ਰਹੀਆਂ।ਕੁਝ ਦੂਰ ਜਾ ਕੇ ਉਨ੍ਹਾਂ ਦਾ ਸੰਬੰਧ ਉਸ ਇਲਾਹੀ ਰੰਗ-ਰਸ ਦੀ ਛਹਿਬਰ ਲਗਾਉਣ ਵਾਲੀ ਕੀਰਤਨ-ਮੰਡਲੀ ਦੀਆਂ ਅਵਾਜਾਂ ਨਾਲੋਂ ਟੁੱਟ ਗਿਆ।

ਗੁਰੂ ਦਰਸ਼ਨਾਂ ਲਈ ਤਰਸਦੀਆਂ ਸੰਗਤਾਂ ਦੀ ਯਾਤਰਾ ਸਮੇਂ ਸ਼ਹੀਦ ਸਿੰਘ ਸੰਗਤ ਦੇ ਸੁੱਖ ਅਰਾਮ ਦਾ ਪੂਰਾ ਖਿਆਲ ਰੱਖਦੇ ਹਨ।ਜਦੋਂ ਕਦੀ ਕਿਸੇ ਦੀਆਂ ਚਲਦਿਆਂ ਚਲਦਿਆਂ ਲੱਤਾਂ ਜਵਾਬ ਦੇ ਦੇਣ ਤਾਂ ਇਹ ਉਸ ਨੂੰ ਫੁਲਾਂ ਵਾਂਗੂ ਉੜਾ ਕੇ ਬਿੱਖੜੇ ਪੈਂਡੇ ਤਹਿ ਕਰਵਾ ਦਿੰਦੇ ਹਨ।ਇਹੋ ਜਿਹੀਆਂ ਬਹੁਤ ਘਟਨਾਵਾਂ ਹੁੰਦੀਆਂ ਹਨ ਜਦੋਂ ਯਾਤਰੀਆਂ ਦੀ ਤੁਰਨ ਵਿੱਚ ਮਦਦ ਹੁੰਦੀ ਹੈ।ਉਹ ਯਾਤਰੂ,ਜਿਹਨਾਂ ਦੇ ਸੀਨੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਿਆਰ ਠਾਠਾਂ ਮਾਰਦਾ ਹੋਵੇ,ਜੋ ਕਰੁਣਾ ਦੀ ਮੂਰਤੀ ਬਣ ਦੁਸ਼ਟ ਦਮਨ ਦੇ ਤਪ-ਸਥਾਨ ਨੂੰ ਹੰਝੂਆਂ ਦੇ ਹਾਰਾਂ ਨਾਲ ਸਜਾਉਂਦੇ ਹੋਣ,ਸ਼ਹੀਦ ਸਿੰਘ ਉਹਨਾਂ ਦੀ ਖਾਸ ਪ੍ਰਾਹੁਣਚਾਰੀ ਕਰਦੇ ਹਨ। ਉਨ੍ਹਾਂ ਦੀ ਸੇਵਾ ਲਈ ਹਮੇਸ਼ਾਂ ਤਤਪਰ ਰਹਿੰਦੇ ਹਨ।

***********

੧੯੭੧ ਦੀ ਗਲ ਹੈ ਕਿ ਨਾਮ-ਬਾਣੀ ਦੀਆਂ ਅਤੁੱਟ ਕਮਾਈਆਂ ਵਾਲੇ ਤੇ ਅੰਮ੍ਰਿਤ ਸੰਚਾਰਾਂ ਵਿਚ ਅਨੇਕਾਂ ਪ੍ਰਾਣੀਆਂ ਨੂੰ ਆਪਣੀ ਆਤਮਿਕ ਉਚ ਅਵਸਥਾ ਦੀ ਲਾਗ ਨਾਲ ਉਚ ਮੰਡਲੀਂ ਪਹੁੰਚਾਉਣ ਵਾਲੇ ਇਕ **ਪੂਰਨ ਗੁਰਸਿੱਖ**,ਹੇਮਕੁੰਟ ਸਾਹਿਬ ਦੀਆਂ ਚੜ੍ਹਾਈਆਂ ਚੜ੍ਹਦੇ ਹੋਏ,ਚੜ੍ਹਦੀ ਕਲਾ ਦੇ ਰੰਗਾਂ ਵਿਚ ਰੰਗ ਹੋ ਕੇ ਇਸ ਤਰ੍ਹਾਂ ਤੁਰਨ ਜਿਵੇਂ ਹਵਾ ਵਿਚ ਉਡਾਰੀਆਂ ਮਾਰਦੇ ਹੋਣ।ਆਪੇ ਹੱਸੀ ਜਾਣ ਤੇ ਕਦੀ ਆਲੇ ਦੁਆਲੇ ਦੇਖਦੇ ਹੋਏ ਜੋਸ਼ ਵਿਚ ਆ ਕੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ' ਗਜਾ ਕੇ ਮਸਤੀ ਵਿਚ ਝੂੰਮਣ ਲਗ ਪੈਣ। ਦੇਖਣ ਵਾਲਿਆਂ ਨੂੰ ਇਸ ਤ੍ਰਰਾਂ ਲਗੇ ਜਿਵੇਂ ਹਵਾ ਨਾਲ ਗਲਾਂ ਕਰਦੇ ਪਏ ਹੋਣ।ਤਦ ਉਨ੍ਹਾਂ ਦੇ ਇਕ ਬਹੁਤ ਨੇੜਲਾ ਸਾਥੀ( ਜਿਹੜਾ ਉਨ੍ਹਾਂ ਦੇ ਆਤਮਿਕ ਰੰਗਾਂ ਦੀ ਖੇਡ ਤੋਂ ਜਾਣੂੰ ਸੀ) ਨੇ ਪੁਛਿਆ ਕਿ ਉਹ ਇਸ ਤ੍ਰਰਾਂ ਕਿਉਂ ਕਰਦੇ ਪਏ ਹਨ ਤਾਂ ਭਾਈ ਸਾਹਿਬ ਨੇ ਆਤਮਿਕ ਮੰਡਲਾਂ ਦੇ ਖੇੜੇ ਦੀ ਅਵਸਥਾ ਦੇ ਰੰਗ ਵਿਚ ਰੰਗ ਹੋ ਕੇ ਜਵਾਬ ਦਿਤਾ,—"ਓਹ ਦੇਖ ....! ਸ਼ਹੀਦ ਸਿੰਘ ਕਿਸ ਤਰ੍ਹਾਂ ਘੁੰਮ ਰਹੇ ਹਨ।ਫਤਿਹ ਗਜਾਉਂਦੇ ਪਏ ਹਨ...।" ਫੌਜ ਵਿਚ ਨੌਕਰੀ ਕਰਦਿਆਂ ਜੰਗਾਂ ਜੁੱਧਾਂ ਵਿਚ, ਬੋਲੇ ਸੋ ਨਿਹਾਲ..ਸਤਿ ਸ੍ਰੀ ਅਕਾਲ...। ਦੇ ਜੈਕਾਰਿਆਂ ਦੀ ਗੂੰਜ ਨਾਲ ਸ਼ਹੀਦ ਸਿੰਘਾਂ ਦੇ ਵਰਤਾਰੇ ਦੇ ਅਨੁਭਵ ਕਰਨ ਵਾਲੇ ਫੋਜੀ ਨੇ ਕਿਹਾ,_"ਦੇਖ ਤਾਂ.....!

ਹਿੰਦੁਸਤਾਨ ਦੀਆਂ ਫੌਜਾਂ ਇ੍ਹਨਾਂ ਦੀ ਸਹਾਇਤਾ ਨਾਲ ਹੀ ਲੜਾਈਆਂ ਵਿਚ ਜਿੱਤਾਂ ਪ੍ਰਾਪਤ ਕਰਦੀਆਂ ਹਨ ।"

ਇਹ ਫੌਜੀ(ਕਰਨਲ)ਸਿੰਘ ਸਾਹਿਬ,ਫੌਜ ਵਿਚੋਂ ਰਿਟਾਇਰ ਹੋਣ ਪਿਛੋਂ ਸ੍ਰੀ ਹਰਮੰਦਰ ਸਾਹਿਬ ਦੇ ਨੇੜੇ ਇਕ ਘਰ ਵਿਚ ਰਹਿ ਕੇ ਹਰਮੰਦਰ ਸਹਿਬ ਨਾਲ ਜੁੜੇ ਰਹੇ।ਅੰਮ੍ਰਿਤ-ਵੇਲੇ ਦੇ ਇਸ਼ਨਾਨ ਅਤੇ ਨਿਤਨੇਮ ਦੀਆਂ ਬਾਣੀਆਂ ਦੀ ਸਾਂਝ ਕਰਨ ਲਈ ਸੰਗਤ ਨੂੰ ਨਾਮ ਬਾਣੀ ਨਾਲ ਜੋੜ ਕੇ ਚੜ੍ਹਦੀ ਕਲਾ ਦੇ ਰੰਗ ਵਰਤਾਉਂਦੇ ਰਹੇ। ਪਰਕਰਮਾਂ ਦੇ ਇਕ ਕਮਰੇ ਵਿਚ ਰਾਤ ਦੇ ੧੨ ਵਜੇ ਤੋਂ ਸਵੇਰ ਦੇ ੨ ਵਜੇ ਤੱਕ ਸਿਮਰਨ ਦੀਆਂ ਘੂੰਮਰਾਂ ਵਿਚੋਂ ਨਿਤਨੇਮ ਦੀਆਂ ਬਾਣੀਆਂ ਦਾ ਉਚਾਰਣ ਹਰਮੰਦਰ ਸਾਹਿਬ ਦੇ ਸਵਰਗੀ ਰੰਗ ਨੂੰ ਦੂਣ ਸਵਾਇਆ ਕਰ ਦਿੰਦਾ ਸੀ।ਆਖਰੀ ਸਾਹਾਂ ਤੱਕ ਗੁਰਸਿਖੀ ਜੀਵਨ ਦੀਆਂ ਬਖਸ਼ਿਸ਼ਾਂ ਹੰਢਾਉਂਦੇ ਹੋਏ ੨੦੦੮ ਵਿਚ ਗੁਰ ਪੁਰੀ ਸਿਧਾਰ ਗਏ।

****************

ਇਕ ਵਾਰੀ ਹੇਮਕੁੰਟ ਸਾਹਿਬ ਸਰੋਵਰ ਵਿਚ ਬੀਬੀਆਂ ਦੇ ਇਸ਼ਨਾਨ ਘਰ ਵਿਚ ਇਕ ਬੀਬੀ ਇਸ਼ਨਾਨ ਕਰ ਰਹੀ ਸੀ ਕਿ ਖੁਸ਼ੀ ਦੇ ਮਾਰਿਆਂ ਉਸਦੀਆਂ ਚੀਕਾਂ ਨਿਕਲ ਗਈਆਂ।ਉਸ ਕੋਲੋਂ ਆਪਣਾ ਆਪ ਸੰਭਾਲਿਆ ਨਾ ਜਾਵੇ।ਅਜਰ ਨੂੰ ਜਰਨਾ ਔਖਾ ਹੋ ਗਿਆ।ਕੁਝ ਦੇਰ ਪਿਛੋਂ ਜਦੋਂ ਉਸ ਵਿਚ ਆਪਣੇ ਆਪ ਨੂੰ ਸੰਭਾਲਣ ਦੀ ਹਿੰਮਤ ਆ ਗਈ ਤਾਂ ਪੁੱਛਣ ਤੇ ਪਤਾ ਲੱਗਿਆ ਕਿ ਉਸਨੂੰ ਸੁੰਦਰ ਸਰੂਪ ਬਾਲਿਕ ਦੇ ਰੂਪ ਵਿਚ ਦਰਸ਼ਨ ਹੋਏ।ਗੁਰੂ ਪ੍ਰੇਮ ਵਿਚ ਭਿੱਜੀ ਹੋਈ ਦੇ ਮਨ ਵਿਚ ਗੁਰੂ ਦਰਸ਼ਨਾ ਦੀ ਤੀਬਰ ਇੱਛਾ ਜਦੋਂ ਸਾਰੀਆਂ ਹੱਦਾਂ ਟੱਪ ਗਈ ਤਾਂ **ਬਾਲਾ ਪ੍ਰੀਤਮ** ਦੇ ਰੂਪ ਵਿਚ ਦਰਸ਼ਨ ਦੇ ਕੇ ਸਰਵ-ਕਲਾ ਸਮਰੱਥ ਨੇ ਉਸਦੀ ਆਸ ਪੂਰੀ ਕੀਤੀ। ਇਸ਼ਨਾਨ ਕਰਨ ਸਮੇ ਉਸਦੀ ਸੁਰਤੀ ਉਚ ਮੰਡਲੀਂ ਜਾ ਪਹੁੰਚੀ।ਉਸ ਵਿਚ ਅਣਦਿਸਦੀ ਦੁਨੀਆਂ ਨੂੰ ਦੇਖ ਸਕਣ ਦੀ ਸਮਰੱਥਾ ਆ ਗਈ।

********************

ਇਹ ਇਕ ਅਟੱਲ ਸਚਾਈ ਹੈ ਕਿ ਤਪ-ਸਥਾਨ ਹੋਣ ਕਰਕੇ ਹੇਮਕੁੰਟ ਸਾਹਿਬ ਦੀ ਧਰਤੀ ਉਤੇ ਸ਼ਹੀਦ ਸਿੰਘਾਂ ਦੀ ਮੌਜੂਦਗੀ ਜ਼ਿਆਦਾ ਹੈ।ਪਰ ਦੁਨੀਆਂ ਦੇ ਕਿਸੇ ਕੋਨੇ ਵਿਚ ਵੀ ਸ਼ਹੀਦ ਸਿੰਘਾਂ ਦਾ ਵਰਤਾਰਾ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।ਜਿਸ ਥਾਂ ਉਤੇ ਮਰਜੀਵੜੇ ਸੱਚ ਧਰਮ ਲਈ ਆਪਣਾਂ ਖੂੰਨ ਡੋ੍ਹਲਣਗੇ ਉਥੇ ਇਲਾਹੀ ਪ੍ਰਕਾਸ਼ ਦੇ ਦੀਵਿਆਂ ਨੇ ਜਗਣਾ ਹੀ ਹੈ। ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇਗਾ ਅਤੇ ਨਾਮ ਬਾਣੀ ਦੇ ਰੰਗ ਵਿਚ ਰਹਿ ਕੇ ਸਤਿਗੁਰਾਂ ਦੀ ਸੇਵਾ ਸੰਭਾਲ ਦਾ ਕੰਮ ਭੈ ਭਾਵਨੀ ਨਾਲ ਕੀਤਾ ਜਾਂਦਾ ਹੋਵੇਗਾ ਉਥੇ ਸ਼ਹੀਦਾਂ ਸਿੰਘਾਂ ਦਾ ਪਹਿਰਾ ਹੋਵੇਗਾ।ਇਕ ਇਤਿਹਾਸਿਕ ਘਟਨਾਂ ਵਰਨਣ ਯੋਗ ਹੈ।ਉਦੋਂ ਅੰਗਰੇਜ਼ਾਂ ਦੇ ਰਾਜ ਵਿਚ ਸੂਰਜ ਕਦੀ ਨਹੀਂ ਸੀ ਡੁੱਬਦਾ ਅਤੇ ਭਾਰਤ ਵਿਚ ਵੀ ਅੰਗਰੇਜ਼ਾਂ ਦੀ ਹਕੂਮਤ ਸੀ।ਭਾਵ ਦੁਨੀਆਂ ਦੇ ਬਹੁਤੇ ਦੇਸ਼ਾਂ ਵਿਚ ਅੰਗਰੇਜ਼ਾਂ ਦਾ ਰਾਜ ਸੀ ਤਾਂ ਉਸ ਸਮੇ ਅਫਰੀਕਾ ਦੇ ਕਿਸੇ ਘਣੇ ਜੰਗਲਾਂ ਵਿਚ ਅੰਗਰੇਜ਼ਾਂ ਨੇ ਸੜਕ ਬਣਾਉਣ ਲਈ

ਪੰਜਾਬੀ ਸਿਖਾਂ ਨੂੰ ਚੁਣਿਆ। ਕਿਉਂਕਿ ਉਹ ਸਿੱਖਾਂ ਨੂੰ ਇਕ ਬਹਾਦਰ ਕੌਮ ਮੰਨਦੇ ਸੀ। ਉਹ ਜਾਣਦੇ ਸੀ ਕਿ ਸਿੱਖ ਹੀ ਹਨ, ਜਿਹੜੇ ਜੰਗਲੀ ਸ਼ੇਰਾਂ ਵਿਚ ਰਹਿ ਕੇ ਲੰਬੇ ਸਮੇ ਤੱਕ ਕੰਮ ਕਰ ਸਕਦੇ ਹਨ। ਹਵਾਈ ਜਹਾਜ਼ ਰਾਹੀਂ ਸਿੱਖਾਂ ਦਾ ਕਾਫਲਾ ਅਫਰੀਕਾ ਪਹੁੰਚਿਆ। ਹਾਕਮਾਂ ਅੱਗੇ ਜਾਣ ਤੋਂ ਇਨਕਾਰ ਕਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੋ ਸਕਦਾ। ਸਿੱਖ ਬਿਪਤਾ ਵਿਚ ਸਹਾਈ ਹੋਣ ਲਈ,ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦਾ ਸਰੂਪ ਲੈ ਗਏ। । ਸੜਕ ਬਣਾਉਣ ਦਾ ਕੰਮ ਅਰੰਭ ਕਰਨ ਤੋਂ ਪਹਿਲੇ ਉਨ੍ਹਾਂ ਨੇ ਇਕ ਲੱਕੜੀ ਦਾ ਖੋਖਾ ਤਿਆਰ ਕਰਕੇ ਉਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਘਣੇ ਜੰਗਲ ਦੀ ਸਫਾਈ ਕਰਕੇ ਸੜਕ ਬਣਾਉਣ ਦੀ ਸਖਤ ਕਮਾਈ ਦੇ ਨਾਲ ਨਾਲ ਸਿੰਘਾਂ ਦਾ ਨਿਤ ਨੇਮ ਅਤੇ ਨਾਮ ਬਾਣੀ ਦਾ ਪਰਵਾਹ ਵੀ ਚੜ੍ਹਦੀ ਕਲਾ ਵਿਚ ਹੋਣ ਲੱਗਾ। ਜਿਉਂ ਜਿਉਂ ਸੜਕ ਬਣਕੇ ਅੱਗੇ ਵਧਦੀ ਗਈ,ਤਿਉਂ ਤਿਉਂ ਗੁਰੂ ਜੀ ਦਾ ਖੋਖਾ ਵੀ ਅੱਗੇ ਜਾ ਕੇ ਬਣਾ ਲਿਆ ਜਾਂਦਾ। ਜੰਗਲੀ ਸ਼ੇਰਾਂ ਵਿਚ ਰਹਿ ਕੇ ਸਿੰਘ ਸਤਿਗੁਰੂ ਜੀ ਦੀ ਸੇਵਾ ਵਿਚ ਪ੍ਰੇਮ ਤੇ ਸ਼ਰਧਾ ਦੇ ਫੁਲ ਚੜ੍ਹਾਉਂਦੇ ਰਹੇ।

ਅਖੀਰ ਸੜਕ ਪੂਰੀ ਹੋ ਗਈ। ਅੰਗਰੇਜ਼ਾਂ ਨੇ ਥ੍ਹੋੜੇ ਥ੍ਹੋੜੇ ਕਰਕੇ ਸਿੱਖਾਂ ਨੂੰ ਵਾਪਿਸ ਭੇਜਣਾਂ ਸ਼ੁਰੂ ਕਰ ਦਿੱਤਾ। ਅੰਤ ਵਿਚ ਸਿਰਫ ਇਕ ਹੀ ਸਿੰਘ ਉਥੇ ਰਹਿ ਗਿਆ ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਕਰਦਾ ਰਿਹਾ। ਇਕ ਦਿਨ ਉਹ ਸਤਿਗੁਰਾਂ ਦਾ ਪ੍ਰਕਾਸ਼ ਕਰਕੇ ਨਾਮ ਬਾਣੀ ਦੇ ਰੰਗ ਵਿਚ ਬੈਠਾ ਸੀ ਕਿ ਉਸਨੂੰ ਕਿਸੇ ਖਾਸ ਕੰਮ ਲਈ ਛੇਤੀ ਦਫਤਰ ਪੁਜੱਣ ਲਈ ਕਿਹਾ ਗਿਆ। ਉਹ ਖੋਖੇ ਦਾ ਦਰਵਾਜਾ ਬੰਦ ਕਰਕੇ ਚਲੇ ਗਿਆ। ਹਾਲਾਤ ਕੁਝ ਐਸੇ ਬਣ ਗਏ ਕਿ ਉਸਨੂੰ ਉਥੋਂ ਹੀ ਹੁਕਮ ਦੇ ਬੱਧੇ ਨੂੰ ਇੰਡੀਆ ਜਾਣਾ ਪੈ ਗਿਆ। ਉਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੁੱਖ-ਆਸਣ ਦੀ ਸੇਵਾ ਵਾਰੇ ਬਥੇਰਾ ਕਿਹਾ ਪਰ ਉਸਦੀ ਕੋਈ ਪੇਸ਼ ਨਾ ਗਈ।

ਇਸ ਦੇ ਪਿਛੋਂ ਇਕ ਦਿਨ ਇਕ **ਅਫਰੀਕਨ** (ਕਾਲਾ) ਉਥੋਂ ਦੀ ਲੰਘਿਆ ਤਾਂ ਉਸਨੇ ਖੋਖੇ ਦੇ ਆਲੇ ਦੁਆਲੇ ਇਕ ਨੂਰਾਨੀ ਤੇਜ ਪ੍ਰਤਾਪ ਵਾਲੇ ਸਿੰਘ ਨੂੰ ਘੋੜੇ ਉਤੇ ਸਵਾਰ ਹੋ ਕੇ ਪਹਿਰਾ ਦਿੰਦੇ ਦੇਖਿਆ। ਇਸ ਘਟਨਾਂ ਨੇ ਉਸਨੂੰ ਹੈਰਾਨ ਕਰ ਦਿੱਤਾ। ਉਸਨੂੰ ਆਪਣੀਆਂ ਅਖੀਆਂ ਉਤੇ ਯਕੀਨ ਨਹੀਂ ਸੀ ਆ ਰਿਹਾ ਇਸ ਲਈ ਉਹ ਦੁਬਾਰਾ ਫਿਰ ਉਸੇ ਥਾਂ ਉਤੇ ਹੀ ਗਿਆ। ਦੂਜੀ ਵਾਰੀ ਵੀ ਉਸ ਨੇ ਉਸੇ ਤਰ੍ਹਾਂ ਹੀ ਕਿਸੇ ਅਰਸ਼ੀ ਫਰਿਸ਼ਤੇ ਵਰਗੇ,ਕਲਗੀ ਵਾਲੇ ਘੋੜ-ਸਵਾਰ ਨੂੰ ਖੋਖੇ ਦੇ ਦੁਆਲੇ ਘੁੰਮਦਿਆਂ ਦੇਖਿਆ।

ਸੋਚਾਂ ਵਿਚ ਡੁੱਬੇ ਹੋਏ ਨੂੰ ਇਕ ਸਰਦਾਰ ਦੀ ਯਾਦ ਆਈ ਜਿਸ ਦੀ ਪਗੜੀ ਤੇ ਲਿਬਾਸ ਕੁਝ ਕੁਝ ਉਸ ਘੋੜ-ਸਵਾਰ ਨਾਲ ਮਿਲਦਾ ਜੁਲਦਾ ਸੀ। ਉਸਨੇ ਆਪਣੇ ਕੁਝ ਸਾਥੀਆਂ ਨਾਲ ਗੱਲ ਕੀਤੀ ਤੇ ਉਨ੍ਹਾਂ ਨੂੰ ਨਾਲ ਲੈ ਕੇ ਉਸ ਸ਼ਹਿਰ ਵਿਚ ਗਿਆ ਜਿਥੇ ਇਕ ਸਰਦਾਰ ਦੁਕਾਨਦਾਰੀ ਦਾ ਕੰਮ ਕਰਦਾ ਸੀ। ਕਾਲੇ ਆਦਮੀਆਂ ਨੇ ਸਰਦਾਰ ਨਾਲ ਸਾਰੀ ਗੱਲ ਕੀਤੀ ਤੇ ਫਿਰ ਉਸ ਨੂੰ ਨਾਲ ਲੈ ਕੇ ਉਸ ਖੋਖੇ ਕੋਲ ਪਹੁੰਚੇ। ਖੋਖਾ ਖੋਲ੍ਹ ਕੇ ਦੇਖਿਆ ਤਾਂ ਸਰਦਾਰ ਨੂੰ ਸਾਰੀ ਗੱਲ ਸਮਝ ਆ ਗਈ। ਉਸਨੇ ਆਪਣੇ ਸਾਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਗਟ ਗੁਰਾਂ ਕੀ ਦੇਹੁ ਹੋਣ ਬਾਰੇ ਚਾਨਣਾਂ ਪਾਇਆ ਤੇ ਸ੍ਰੀ

ਗੁਰੂ ਗੋਬਿੰਦ ਸਿੰਘ ਜੀ ਦੇ ਉਸ ਖੋਖੇ ਦੁਆਲੇ ਪਹਿਰਾ ਦੇਣ ਦੀ ਸਾਰੀ ਗਲ ਸਮਝਾਈ। ਕਲਗੀਆਂ ਵਾਲੇ ਦੀ ਇਲਾਹੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਕਾਲਿਆਂ ਨੇ ਸ਼ਰਧਾ ਦੇ ਫੁਲ ਚੜ੍ਹਾਏ।ਪ੍ਰਤੱਖ ਨਜਾਰਾ ਦੇਖ ਕੇ ਉਨ੍ਹਾਂ ਨੂੰ ਸਮਝ ਆ ਗਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਿਰਾ ਧਰਮ ਗ੍ਰੰਥ ਹੀ ਨਹੀਂ ਹੈ ਸਗੋਂ ਇਕ ਜੀਊਂਦੀ ਜਾਗਦੀ ਹਸਤੀ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੋਈ ਐਸੀ ਗੋਹਜ ਕਲਾ ਵਰਤਾਈ ਹੈ ਕਿ ਜਿਸ ਬਾਬੇ ਨਾਨਕ ਦੀ ਗੁਰਗੱਦੀ ਉਤੇ ਦਸੋ ਪਾਤਿਸ਼ਾਹੀਆਂ,ਗੁਰੂ ਭਗਤ ਤੇ ਫਕੀਰ ਪ੍ਰਗਟ ਰੂਪ ਵਿਚ ਬਿਰਾਜਮਾਨ ਹਨ।ਅਪਰੀਕਨਾਂ ਨੇ ਉਥੇ ਖੋਖੇ ਦੀ ਥਾਂ ਗੁਰਦੁਆਰਾ ਬਣਾਇਆ। ਅੱਜ ਅਪਰੀਕਾ ਵਿਚ ਵਸਦੀ ਸਿੱਖ ਸੰਗਤ ਅਤੇ ਅਫਰੀਕਨਾਂ ਦੀ ਸ਼ਰਧਾ ਦਾ ਸਿੱਟਾ ਉਥੇ ਇਕ ਬਹੁਤ ਵੱਡਾ ਗੁਰਦੁਆਰਾ ਹੈ।ਕਈ ਇਸ ਨੂੰ ਕਾਲਿਆਂ ਦਾ ਗੁਰਦੁਆਰਾ ਵੀ ਕਹਿੰਦੇ ਹਨ। ੨੪ ਘੰਟੇ ਲੰਗਰ ਚਲਦਾ ਹੈ।ਸੜਕ ਉਤੋਂ ਦੀ ਜਾਣ ਵਾਲੇ ਸਾਰੇ ਟਰੱਕ ਡਰਾਈਵਰ ਰੁਕ ਕੇ ਮੱਥਾ ਟੇਕਦੇ ਹਨ ਤੇ ਲੰਗਰ ਸ਼ਕ ਕੇ ਜਾਂਦੇ ਹਨ। ਅੱਛੇ ਅੱਛੇ ਕੀਰਤਨੀਏ ਸਿੰਘਾਂ ਨੂੰ ਬੁਲਾ ਕੇ ਕੀਰਤਨ ਕਰਵਾਇਆ ਜਾਂਦਾ  ਹੈ।ਨਾਮ ਬਾਣੀ ਦੇ ਪ੍ਰਵਾਹ ਚੜ੍ਹਦੀ ਕਲਾ ਵਿਚ ਹੁੰਦੇ ਹਨ।ਕਾਲੇ ਲੋਕੀ ਬੜੀ ਸ਼ਰਧਾ ਭਾਵਨਾਂ ਨਾਲ ਸੇਵਾ ਕਰਦੇ ਹਨ।

********************

**ਸਰਦਾਰ ਜੁਗਿੰਦਰ ਸਿੰਘ ਮਾਨ**( ਹੇਮਕੁੰਟ ਸਾਹਿਬ ਟਰਸਟ ਦੇ ਪੂਰਬਲੇ ਪਰਧਾਨ ਅਤੇ ਸਰਦਾਰ ਸਿਮਰਨ ਜੀਤ ਸਿੰਘ ਮਾਨ ਦੇ ਪਿਤਾ) ਅਤੇ ਉਨ੍ਹਾਂ ਦੀ ਪਤਨੀ ਨੂੰ ਇਕ ਵਾਰੀ ਪਹਾੜਨ ਦੇ ਰੂਪ ਵਿਚ ਦਰਸ਼ਨ ਹੋਏ।ਉਨ੍ਹਾਂ ਦਿਨਾ ਵਿਚ ਹੇਮ ਕੁੰਟ ਸਾਹਿਬ ਦੇ ਗੁਰਦੁਆਰੇ  ਬਣੇ ਨਹੀਂ ਸਨ।ਸਰੋਵਰ ਦੇ ਕੰਢੇ ਇਕ ਛੋਟਾ ਜਿਹਾ ਕਮਰਾ ਹੀ ਸੀ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਨਹੀਂ ਸੀ ਤੇ ਆਵਾ ਜਾਈ ਨਾ ਹੋਣ ਕਰਕੇ ਕੋਈ ਰਸਤਾ ਵੀ ਬਣਿਆ ਹੋਇਆ ਨਹੀਂ ਸੀ।ਮਾਨ ਸਾਹਿਬ ਦੀ ਪਤਨੀ ਨੇ ਗੋਬਿੰਦ ਧਾਮ ਤੋਂ ਬੜੀ ਸ਼ਰਧਾ ਨਾਲ ਕੜ੍ਹਾ ਪ੍ਰਸ਼ਾਦ ਬਣਾ ਕੇ ਨਾਲ ਲਿਆ ਤੇ ਬਾਬਾ ਨੰਦਾ ਸਿੰਘ(ਨੇੜੇ ਦੇ ਪਿੰਡ ਵਿਚ ਰਹਿਣ ਵਾਲਾ ਇਕ ਸ਼ਰਧਾਲੂ ਪਹਾੜੀਆ)ਕੋਲੋਂ ਰਸਤਾ ਪੁੱਛ ਕੇ ਦੋਨੋ ਪਤੀ ਪਤਨੀ ਹੇਮ ਕੁੰਟ ਸਾਹਿਬ ਦੇ ਰਾਹੇ ਪਏ।ਉਪਰ ਜਾ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਕੇ ਪ੍ਰੇਮ ਵੈਰਾਗ ਭਰੇ ਹਿਰਦਿਆਂ ਨਾਲ ਅਰਦਾਸ ਕੀਤੀ।ਸਪਤ ਸ੍ਰਿੰਗ ਦੀ ਸੁੰਦਰਤਾ ਨੂੰ ਰੱਜ ਕੇ ਨਿਹਾਰਿਆ।ਆਪਣੇ ਆਪ ਨੂੰ ਭਾਗਾਂ ਵਾਲੇ ਸਮਝ ਕੇ ਸੋਚ ਰਹੇ ਸੀ ਕਿ ਉਹ ਉਸ ਪਵਿਤਰ ਥਾਂ ਦੇ ਦਰਸ਼ਨ ਕਰ ਰਹੇ ਹਨ ਜਿਥੇ ਬੈਠ ਕੇ ਸਾਡੇ ਮਹਾਂ-ਤਪੱਸਵੀ ਸਤਿਗੁਰਾਂ ਨੇ ਪੂਰਬਲੇ ਜਨਮ ਵਿਚ ਜੁਗਾਂ-ਜੁਗਾਂਤਰਾਂ ਦੀ ਘੋਰ ਤਪੱਸਿਆ ਕਰਕੇ ਆਪਣੀ 'ਮੈ' ਨੂੰ ਗੁਆ ਕੇ 'ਤੂੰ ਹੀ...! ਤੂੰ ਹੀ....!' ਕਰਦਿਆਂ ਅਕਾਲ ਪੁਰਖ ਨਾਲ ਅਭੇਦਤਾ ਪ੍ਰਾਪਤ ਕੀਤੀ ਸੀ।ਉਹ ਇਹੋ ਸਵਰਗੀ ਥਾਂ ਹੈ,ਜਿਥੇ ਬੈਠਿਆਂ ਸਾਡੇ ਪਿਆਰੇ ਪਾਤਿਸ਼ਾਹ ਦੀ ਸੁਰਤੀ ਪ੍ਰਭੂ-ਚਰਨਾ ਵਿਚ ਚੁੱਭੀ ਹੋਈ ਸੀ ,

ਚਿਤ ਨਾ ਭਇਓ ਹਮਰੋ ਆਵਨ ਕਹ॥ਚੁਭੀ ਰਹੀ ਸਰੁਤ ਪ੍ਰਭ ਚਰਨਨ ਮਹਿ॥

ਤੇ ਉਹ ਇਸ ਤਪੋ ਭੂਮੀ ਨੂੰ ਛੱਡ ਕੇ ਹੋਰ ਕਿਧਰੇ ਜਾਣਾ ਨਹੀਂ ਸੀ ਚਹੁੰਦੇ। ਨਾਮ ਬਾਣੀ ਦੇ ਰਸੀਏ ਮਾਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਲੀਨ ਹੋ ਕੇ ਬਚਿਤ੍ਰ ਨਾਟਕ ਵਿਚ ਲਿਖਿਆਂ ਹੋਇਆ ਸ਼ਬਦ ਦਾ ਉਚਾਰਨ ਕਰਨ ਲਗ ਪਏ;-

ਹੇਮ ਕੁੰਟ ਪ੍ਰਬਤ ਹੈ ਜਹਾਂ ॥

ਸਪਤ ਸ੍ਰਿੰਗ ਸੋਭਿਤ ਹੈ ਤਹਾਂ॥

ਮਾਨ ਸਾਹਿਬ ਦੀ ਪਤਨੀ ਨੂੰ ਪਹਾੜਾਂ ਦੇ ਵਿਚਕਾਰ ਖੱਡ ਪ੍ਰਕਾਸ਼ ਨਾਲ ਭਰੀ ਹੋਈ ਦਿਖਾਈ ਦਿਤੀ।ਜਦੋਂ ਵਾਪਿਸ ਪਰਤਣ ਲਗੇ ਤਾਂ ਉਨ੍ਹਾਂ ਦੇ ਮਨ ਵਿਚ ਆਇਆ ਕਿ ਹੁਣ ਪ੍ਰਸ਼ਾਦ ਦਾ ਕੀ ਕੀਤਾ ਜਾਵੇ?ਕੋਈ ਹੋਰ ਤਾਂ ਉਥੇ ਹੈ ਨਹੀ ਸੀ ਜਿਸ ਨੂੰ ਵਰਤਾਇਆ ਜਾ ਸਕਦਾ।ਉਦੋਂ ਉਥੇ ਕੋਈ ਸੇਵਾਦਾਰ ਭੀ ਨਹੀਂ ਸੀ ਹੁੰਦਾ।ਕਿਸੇ ਨੂੰ ਦੇਣ ਦੀ ਇੱਛਾ ਨਾਲ ਉਨ੍ਹਾਂ ਪ੍ਰਸ਼ਾਦ ਆਪਣੇ ਨਾਲ ਹੀ ਲੈ ਲਿਆ ਤੇ ਵਾਪਿਸ ਤੁਰ ਪਏ।ਥੋੜੀ ਦੂਰ ਹੀ ਗਏ ਸੀ ਕਿ ਰਸਤਾ ਭੁੱਲ ਗਏ। ਕੁਝ ਪਤਾ ਨਾ ਲੱਗੇ ਕਿ ਕਿੱਧਰ ਨੂੰ ਜਾਣਾ ਹੈ।ਤਦ ਉਨ੍ਹਾਂ ਨੂੰ ਇਕ ਪਹਾੜਨ ਮਿਲੀ।ਮਿਠੀਆਂ ਮਿਠੀਆਂ ਮੁਸਕ੍ਰਾਹਟਾਂ ਦਿੰਦੀ ਹੋਈ ਨੇ ਰਸਤਾ ਦਸਿਆ।ਤੇ ਬੜੇ ਪ੍ਰੇਮ ਸਤਿਕਾਰ ਨਾਲ ਪ੍ਰਸ਼ਾਦ ਲਿਆ।ਪ੍ਰਸ਼ਾਦ ਵਰਤਾ ਕੇ ਮਾਨ ਸਾਹਿਬ ਦੀ ਪਤਨੀ ਨੂੰ ਅਜੀਬ ਖੁਸ਼ੀ ਹੋਈ।ਰਸਤਾ ਦੱਸਣ ਲਈ ਪਹਾੜਨ ਦਾ ਧੰਨਵਾਦ ਕਰਕੇ ਉਨ੍ਹਾਂ ਦੋ ਕਦਮ ਚਲ ਕੇ ਪਿਛੇ ਦੇਖਿਆ ਤਾਂ ਉਥੇ ਕੋਈ ਵੀ ਨਹੀਂ ਸੀ।ਪਹਾੜਨ ਤਾਂ ਦਾਤੇ ਦੀ ਗੁਹਜ-ਕਲਾ ਦੀ ਅਗੰਮੀ ਖੇਡ ਸੀ।

*******************

**ਬੀਬੀ ਗੁਰਦੀਪ ਕੌਰ ਜੀ** ਨੇ ਉਨ੍ਹਾਂ ਦਿਨਾ ਵਿਚ ਹੇਮਕੁੰਟ ਸਾਹਿਬ ਦੀ ਯਾਤਰਾ ਕਰਨੀ ਅਰੰਭ ਕੀਤੀ ਜਿਨ੍ਹਾਂ ਦਿਨਾਂ ਵਿਚ ਉਥੇ ਸਰੋਵਰ ਕੰਢੇ ਇਕ ਛੋਟਾ ਕਮਰਾ ਹੀ ਸੀ।ਰਸਤੇ ਬਣੇ ਹੋਏ ਨਹੀਂ ਸੀ ਪਰ ਸਿਦਕ ਵਾਲਿਆਂ ਨੂੰ ਬਿਖੜੇ ਪੈਂਡਿਆਂ ਦੇ ਕੰਡੇ ਵੀ ਫੁੱਲਾਂ ਵਾਂਗੂੰ ਲਗਦੇ।ਬਾਬਾ ਨੰਦਾ ਸਿੰਘ ਦੀ ਮਦਦ ਨਾਲ ਰਸਤਾ ਲੱਭਦੇ ਹੋਏ, ਬੀਬੀ ਜੀ ਆਪਣੇ ਸਾਥੀਆਂ ਨਾਲ ਹੇਮਕੁੰਟ ਪਹੁੰਚੇ।ਸਭ ਦੇ ਮਨ ਗੁਰੂ ਪ੍ਰੇਮ ਨਾਲ ਭਰੇ ਹੋਏ ਸਨ।ਸਾਜਾਂ ਤੋਂ ਬਿਨਾ ਹੀ, ਸਾਰੇ ਲੋਰ ਵਿਚ ਆ ਕੇ ਗੁਰੂ ਦਰਸ਼ਨਾਂ ਦੇ ਸ਼ਬਦ ਪੜ੍ਹ ਰਹੇ ਸਨ।ਬੀਬੀ ਜੀ ਪ੍ਰੇਮ-ਰਸ ਵਿਚ ਪੂਰੀ ਤਰ੍ਹਾਂ ਲੀਨ ਸੀ।ਪਰ ਨਾਲ ਹੀ ਉਨ੍ਹਾਂ ਨੂੰ ਪਿਆਸ ਲੱਗਣ ਲੱਗ ਪਈ।ਸੰਘ ਸੁੱਕਣ ਲੱਗ ਪਿਆ, ਪਾਣੀ ਤੋਂ ਬਿਨਾ ਰਿਹਾ ਨਾ ਜਾਵੇ।ਦੂਜੇ ਪਾਸੇ ਸ਼ਬਦ ਵਿਚੋਂ ਐਨਾ ਰਸ ਆਵੇ ਕਿ ਉਠੱਣ ਨੂੰ ਦਿਲ ਨਾ ਕਰੇ।ਉਨ੍ਹਾਂ ਨੇ ਪਿਆਸ ਵਲੋਂ ਧਿਆਨ ਹਟਾ ਕੇ ਸ਼ਬਦ ਵਿਚ ਲੀਨ ਹੋਈ ਰਹਿਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਪਾਣੀ ਦੀ ਪਿਆਸ ਸ਼ਬਦ ਦੇ ਰਸ ਵਿਚ ਵਿਘਨ ਪਾਈ ਜਾਵੇ।ਤਦ ਬੀਬੀ ਜੀ ਨੇ ਦੇਖਿਆ ਕਿ ਉਨ੍ਹਾਂ ਦੇ ਸਾਹਮਣੇ ਇਕ ਗਿਆਰਾਂ ਕੁ ਸਾਲ ਦੀ ਲੜਕੀ ਪਾਣੀ ਦਾ ਗਲਾਸ ਲੈ ਕੇ ਖੜ੍ਹੀ ਹੈ।ਉਨ੍ਹਾਂ ਲੜਕੀ ਕੋਲੋਂ ਪਾਣੀ ਦਾ ਗਲਾਸ ਲੈ ਕੇ ਪੀਤਾ।ਫਿਰ ਓੁਨ੍ਹਾਂ ਨੇ ਉਸ ਚਮਕਦੇ ਸੋਹਣੇ ਗਲਾਸ ਵਲ ਦੇਖਿਆ ਤੇ ਇਸ ਗੱਲ ਦੀ ਪਰਖ ਕੀਤੀ ਕਿ ਗਲਾਸ ਚਾਂਦੀ ਦਾ ਹੈ।ਗਲਾਸ ਲੜਕੀ ਦੇ

ਹੱਥ ਫੜਾ ਕੇ ਫਿਰ ਸ਼ਬਦ ਵਿਚ ਲੀਨ ਹੋਣ ਲਈ ਉਨ੍ਹਾਂ ਅਖੀਆਂ ਮੀਟ ਲਈਆਂ ਤੇ ਪੂਰੇ ਅਨੰਦ ਵਿਚ ਸ਼ਬਦ ਦਾ ਰਸ ਮਾਣਿਆਂ।

ਵਾਪਿਸ ਆਉਣ ਲੱਗਿਆਂ ਉਨ੍ਹਾਂ ਨੂੰ ਉਸ ਲੜਕੀ ਦਾ ਖਿਆਲ ਆਇਆ ਜਿਸ ਨੇ ਊਨ੍ਹਾਂ ਨੂੰ ਚਾਂਦੀ ਦੇ ਗਲਾਸ ਵਿਚ ਪਾਣੀ ਪਿਲਾਇਆ ਸੀ।ਉਹ ਕਿਧਰੇ ਨਜਰ ਨਹੀਂ ਸੀ ਆ ਰਹੀ।ਉਨ੍ਹਾਂ ਆਪਣੇ ਸਾਥੀਆਂ ਕੋਲੋਂ ਉਸ ਲੜਕੀ ਬਾਰੇ ਪੁੱਛਿਆ ਪਰ ਸਾਰੇ ਹੀ ਹੈਰਾਨ ਸੀ ਕਿ ਬੀਬੀ ਜੀ ਕਿਹੜੀ ਲੜਕੀ ਦੀ ਗੱਲ ਕਰ ਰਹੇ ਹਨ।ਸੰਗਤ ਵਿਚ ਤਾਂ ਕੋਈ ਛੋਟੀ ਲੜਕੀ ਨਹੀਂ ਸੀ ਤੇ ਅਲੇ ਦੁਆਲੇ ਦੇ ਪਹਾੜੀ ਪਿੰਡਾਂ ਵਿਚੋਂ ਐਨੇ ਬਿਖੜੇ ਤੇ ਲੰਬੇ ਪੈਂਡੇ ਗੱਛ ਕੇ ਕੋਈ ਛੋਟੀ ਲੜਕੀ ਇਕੱਲੀ ਹੀ ਕਿਵੇਂ ਪਹੁੰਚ ਸਕਦੀ ਹੈ।ਸਾਰੇ ਹੀ ਏਧਰ ਓਧਰ ਦੇਖਣ ਲੱਗੇ।ਜਦੋਂ ਉਹ ਕਿਧਰੇ ਵੀ ਨਜਰ ਨਾ ਅਈ ਤਾਂ ਰੂਹਾਨੀ ਰੰਗਾਂ ਵਿਚ ਰੰਗੀ ਹੋਈ ਸੰਗਤ ਸ਼ਹੀਦਾਂ ਸਿੰਘਾਂ ਦੀਆਂ ਰੰਗਲੀਆਂ ਖੇਡਾਂ ਤੋਂ ਬਲਿਹਾਰ ਜਾਣ ਲੱਗੀ।

**********************

ਕਈ ਵਾਰੀ ਐਸੇ ਅਸਚਰਜ ਕੌਤਕ ਹੋ ਜਾਂਦੇ ਹਨ ਕਿ ਉਨ੍ਹਾਂ ਉਤੇ ਯਕੀਨ ਕਰਨਾ ਸਧਾਰਣ ਵਿਅਕਤੀ ਲਈ ਔਖਾ ਹੋ ਜਾਂਦਾ ਹੈ ਪਰ ਜਿਸ ਨੇ ਉਹ ਸੱਚ ਹੰਢਾਇਆ ਹੁੰਦਾ ਹੈ ਉਸ ਲਈ ਸ਼ੰਕਾ ਕਰਨ ਲਈ ਕੋਈ ਗੁੰਜਾਇਸ਼ ਨਹੀਂ ਰਹਿੰਦੀ।੧੯੮੬ ਦੀ ਗਲ ਹੈ ਕਿ ਇਕ **ਗੁਰਸਿਖ ਬੀਬੀ** ਕੈਨੇਡਾ ਨਿਵਾਸੀ,ਗੋਬਿੰਦ ਧਾਮ ਤੋਂ ਹੇਮ ਕੁੰਟ ਹਾਹਿਬ ਦੇ ਦਰਸ਼ਨਾ ਲਈ ਜਾ ਰਹੀ ਸੀ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਣ ਗਾਉਂਦੀ ਹੋਈ ਚੜ੍ਹਾਈਆਂ ਚੜ੍ਹ ਰਹੀ ਸੀ।ਚਲਦਿਆਂ ਚਲਦਿਆਂ ਥਕਾਵਟ ਐਨੀ ਜ਼ਿਆਦਾ ਹੋ ਗਈ ਕਿ ਇਕ ਕਦਮ ਵੀ ਅਗੇ ਪੁਟੱਣਾਂ ਔਖਾ ਹੋ ਗਿਆ।ਰਸਤਾ ਹਾਲੇ ਲੰਬਾ ਸੀ। ਗੁਰਦੁਆਰੇ ਦਾ ਕੋਈ ਨਾਮੋ ਨਿਸ਼ਾਨ ਦਿਖਾਈ ਨਹੀਂ ਸੀ ਦੇ ਰਿਹਾ।ਨਾ ਹੀ ਕਿਧਰੇ ਚੋਟੀਆਂ ਉਤੇ ਝੂਲਦੇ ਹੋਏ ਨਿਸ਼ਾਨ ਸਾਹਿਬ ਨਜਰੀਂ ਆਉਣ ਲਗੇ ਸੀ।ਉਸਨੇ ਪੂਰੀ ਕੋਸ਼ਿਸ਼ਿ ਕੀਤੀ ਕਿ ਉਹ ਅਗੇ ਤੁਰਨ ਲਈ ਹੰਬਲਾ ਮਾਰੇ ਪਰ ਪੈਰ ਪੁਟਿਆ ਨਾ ਜਾਵੇ।ਇਸ ਤਰ੍ਹਾਂ ਲੱਗਣ ਲੱਗ ਪਿਆ ਕਿ ਜਿਵੇਂ ਉਸਦੇ ਪੈਰ ਧਰਤੀ ਨਾਲ ਜੁੜ ਗਏ ਹੋਣ।ਅਜਿਹੀ ਹਾਲਤ ਵਿਚ ਉਹ ਜਿਥੇ ਸੀ ਉਥੇ ਹੀ ਪਹਾੜ ਨਾਲ ਲੱਗ ਕੇ ਖੜ੍ਹੀ ਹੋ ਗਈ ਤੇ ਸਤਿਗੁਰਾਂ ਦੀ ਯਾਦ ਵਿਚ ਲੀਨ ਹੋ ਕੇ ਦਰਸ ਪਿਆਸੀਆਂ ਅਖੀਆਂ ਮੀਟ ਲਈਆਂ।

ਜਦ ਉਸਦੀ ਅੱਖ ਖੁਲ੍ਹੀ ਤਾਂ ਉਸਨੇ ਦੇਖਿਆ ਕਿ ਉਹ ਸਰੋਵਰ ਦੇ ਕੰਢੇ ਉਤੇ ਖੜ੍ਹੀ ਹੈ।ਐਨਾ ਲੰਬਾ ਤੇ ਬਿੱਖੜਾ ਰਸਤਾ ਉਹ ਕਿਵੇਂ ਪਾਰ ਕਰ ਗਈ...? ਕੌਣ ਉਸਨੂੰ ਉੜਾ ਕੇ ਲੈ ਅਇਆ..? ਉੜਾਉਣ ਵਾਲੇ ਦਾ ਪਤਾ ਹੀ ਨਾ ਲਗਿਆ...! ਉਹ ਕਿਸ ਤਰ੍ਹਾਂ ਸਰੋਵਰ ਦੇ ਕੰਢੇ ਪਹੁੰਚ ਗਈ..? ਇਨ੍ਹਾਂ ਗੁੱਝੀਆਂ ਰਮਜ਼ਾਂ ਦੀ ਕੋਈ ਸਮਝ ਨਾ ਆਵੇ ਪਰ ਜਦੋਂ ਸਾਹਮਣੇ ਸਚਾਈ ਦਾ ਪ੍ਰਤੱਖ ਨਜ਼ਾਰਾ ਦੇਖ ਕੇ ਅਰਸ਼ੀ ਦਾਤੇ ਦੇ ਵਿਸਮਾਦੀ ਖੇਲ ਦੀ ਸਮਝ ਆਈ ਤਦ ਭਾਵਨਾਵਾਂ ਦਾ ਵੇਗ ਸਿਮਰਨ ਦਾ ਰੂਪ ਧਾਰ ਗਿਆ।ਥਕਾਵਟ ਨਾਲ ਚੂਰ ਹੋਏ ਜਿਸਮ ਕੋਲੋਂ ਅਰਸ਼ੀ ਉਡਾਰੀਆਂ ਮਰਵਾ ਕੇ ਪ੍ਰੇਮ-ਰਸ ਨਾਲ ਮਹਿਕਾਉਣ ਵਾਲੇ ਸੱਚੇ ਸਾਹਿਬ ਦੇ ਸ਼ੁਕਰਾਨੇ ਕਰ ਕੇ ਰੱਜ ਹੀ ਨਾ ਆਵੇ..!

ਬੀਬੀ ਜੀ ਦੀ ਕਹਿਣੀ ਸਹਿਣੀ,ਰਹਿਣੀ ਬਹਿਣੀ ਗੁਰਸਿੱਖਾਂ ਵਾਲੀ ਸੀ।ਉਹ ਪਹਿਲਾਂ ਹੀ ਗੁਰਸਿੱਖੀ ਦੀਆਂ ਰਹਿਮਤਾਂ ਵਾਲਾ ਜੀਵਨ ਜੀਉਂਦੀ ਸੀ।ਪਰ ਹੇਮ ਕੁੰਟ ਸਾਹਿਬ ਦੀ ਇਸ ਘਟਨਾ ਨੇ ਉਸਦੇ ਸਿਦਕ ਤੇ ਭਰੋਸੇ ਨੂੰ ਚਾਰ ਚੰਦ ਲਗਾ ਦਿਤੇ।ਜਦੋਂ ਵੀ ਉਹ ਇਸ ਘਟਨਾਂ ਨੂੰ ਯਾਦ ਕਰ ਕੇ ਸੁਰਤੀ ਰਾਹੀਂ ਅਰਸ਼ੀ ਉਡਾਰੀਆਂ ਮਾਰਦੀ ਹੋਈ ਹੇਮ ਕੁੰਟ ਸਾਹਿਬ ਪਹੁੰਚ ਕੇ ਸਤਗੁਰਾਂ ਨੂੰ ਅੰਗ ਸੰਗ ਸਮਝਦੀ ਹੋਈ ਨਾਮ ਬਾਣੀ ਦੇ ਰੰਗ ਮਾਣਦੀ ਸੀ ਤਾਂ ਦੇਖਣ ਵਾਲੇ ਨੂੰ ਇਸ ਤਰ੍ਹਾਂ ਲਗਦਾ,ਕਿ ਜਿਵੇਂ ਉਹ ਸਤਿਗੁਰਾਂ ਨਾਲ ਗਲਾਂ ਕਰਦੀ ਹੋਵੇ।

ਉਸਦੇ ਜੀਵਨ ਦੀ ਇਕ ਹੋਰ ਵਿਸ਼ੇਸ਼ ਗਲ ਸੀ ਕਿ ਉਸਦਾ ਟੈਲੀਵੀਯਨ ਦੇਖਣ ਦਾ ਢੰਗ ਬੜਾ ਹੀ ਰਹੱਸਮਈ ਸੀ। ਗੁਰਬਾਣੀ,ਕਥਾ ਤੇ ਕੀਰਤਨ ਤੋਂ ਬਿਨਾ ਹੋਰ ਕੁਝ ਦੇਖਦੀ ਹੀ ਨਹੀਂ ਸੀ,ਸੁਣਦੀ ਹੀ ਨਹੀਂ ਸੀ।ਨਿੰਦਿਆ ਚੁਗਲੀ ਕਰਨ ਵਾਲਿਆਂ ਦੇ ਕੋਲ ਤਾਂ ਉਹ ਖੜੀ ਵੀ ਨਹੀਂ ਹੋ ਸਕਦੀ ਸੀ।ਸੋਫੇ ਉਤੇ ਬੈਠਣ ਦੀ ਥਾਂ ਟੀ.ਵੀ.ਅਗੇ ਆਪਣਾ ਪੂਜਾ-ਆਸਣ ਵਿਛਾ ਕੇ ਚੌਂਕੜੀ ਲਗਾ ਕੇ ਬੈਠ ਜਾਂਦੀ ।ਪ੍ਰੋਗਰਾਮ ਦੇਖਦੀ ਹੋਈ ਨਾਮ ਬਾਣੀ ਵਿਚ ਲੀਨ ਹੋ ਕੇ ਕੀਰਤਨ ਦਾ ਅਨੰਦ ਮਾਣਦੀ।

ਇਕ ਛੋਟੀ ਉਮਰ ਦੇ ਸੋਹਣੀ,ਸੁਨੱਖੀ ਤੇ ਇਲਾਹੀ ਸੂਰਤ ਵਾਲੇ ਸੰਤ ਨਾਲ ਉਸ ਦਾ ਖਾਸ ਲਗਾਓ ਸੀ।ਜਿਹੜਾ ਗਿਆਰਾਂ ਸਾਲ ਦੀ ਉਮਰ ਵਿਚ ਹੀ ਵੱਡੇ ਵੱਡੇ ਦੀਵਾਨਾ ਵਿਚ ਕੀਰਤਨ ਕਰਨ ਲੱਗ ਪਿਆ ਸੀ।ਉਦੋਂ ਉਸਦੀ ਸੋਹਣੀ ਸ਼ਕਲ ਅਤੇ ਮਿੱਠੀ ਅਵਾਜ ਕਈਆਂ ਨੂੰ ਉਸਦੇ ਲੜਕੀ ਹੋਣ ਦਾ ਭੁਲੇਖਾ ਪਾਉਂਦੀ ਸੀ।ਉਸ ਦੇ ਰੂਹਾਨੀ ਅਉਰੇ ਦਾ ਪ੍ਰਭਾਵ ਤਾਂ ਹਰ ਇਕ ਉਤੇ ਪੈਂਦਾ ਸੀ ਪਰ ਇਸ ਬੀਬੀ ਲਈ ਉਹ ਇਲਾਹੀ ਮੰਡਲਾਂ ਦਾ ਵਸਨੀਕ ਸੀ।ਉਚੇ ਦੁਮਾਲੇ ਤੇ ਗੁਰਸਿੱਖੀ ਬਾਣੇ ਵਿਚ ਸਜੇ ਹੋਏ ਸੰਤ ਵਿਚੋਂ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਰੂਪ ਨੂੰ ਲੱਭਣ ਦੀ ਕੋਸ਼ਿਸ਼ ਕਰਦੀ।ਟੀ. ਵੀ. ਰਾਹੀਂ ਉਸ ਦੇ ਮੂਹੋਂ ਕਥਾ ਕੀਰਤਨ ਸੁਣਦਿਆਂ ਉਸਨੂੰ ਆਲੇ ਦੁਆਲੇ ਦੀ ਕੋਈ ਸੋਝੀ ਨਹੀਂ ਸੀ ਰਹਿੰਦੀ।ਐਨਾ ਲੀਨ ਹੋ ਜਾਂਦੀ ਕਿ ਸੰਤਾਂ ਨੂੰ ਟੈਲੀਵੀਯਨ ਵਿਚ ਨਹੀਂ,ਸਗੋਂ ਹੂ-ਬ-ਹੂ ਆਪਣੇ ਸਾਹਮਣੇ ਬੈਠਿਆਂ ਮਹਿਸੂਸ ਕਰਦੀ।ਇਹ ਉਸਦੀਆਂ ਅਤਿ ਦੀਆਂ ਤੀਖਣ ਭਾਵਨਾਵਾਂ ਦੀ ਸਮਰੱਥਾ ਸੀ ਕਿ ਉਹ ਆਪਣੇ ਆਪ ਨੂੰ ਸੰਤਾਂ ਦੇ ਐਨਾ ਨੇੜੇ ਸਮਝ ਲੈਂਦੀ ਕਿ ਟੈਲੀਵੀਯਨ ਦੀ ਦੀਵਾਰ ਖਤਮ ਹੋ ਜਾਂਦੀ ਤੇ ਇਲਾਹੀ ਮੰਡਲ ਦੀਆਂ ਉਚੀਆਂ ਉਡਾਰੀਆਂ ਵਿਚ ਪਹੁੰਚ ਕੇ ਉਹ ਸੰਤਾਂ ਦੇ ਸਾਹਮਣੇ ਬੈਠੇ ਹੋਣ ਦਾ ਅਨੁਭਵ ਕਰਦੀ,ਸੁਣਦੀ ,ਦੇਖਦੀ ਤੇ ਮਹਾਂਪੁਰਖਾਂ ਦੀ ਸੰਗਤ ਦਾ ਅਨੰਦ ਮਾਣਦੀ ਸੀ।

ਗੁਰੂ ਪਿਆਰ ਦੇ ਗੂੜ੍ਹੇ ਰੰਗਾਂ ਦੀ ਛਹਿਬਰ ਵਿਚ ਨਹਾ ਰਹੇ ਸੰਤਾਂ ਦੀ ਰਸਨਾ ਰਾਹੀਂ ਦਸ਼ਮੇਸ਼ ਪਿਤਾ ਤੇ ਚਾਰੋ ਸਾਹਿਬਜ਼ਾਦਿਆਂ ਦੀਆਂ ਅਦੁੱਤੀ ਸ਼ਹੀਦੀਆਂ ਤੇ ਕੁਰਬਾਨੀਆ ਦਾ ਇਤਿਹਾਸ ਸੁਣ ਕੇ ਉਸਨੂੰ ਇਉਂ ਲਗਦਾ ਜਿਵੇਂ ਸੰਤ ਜੀ ਪਿਛਲੇ ਜਨਮ ਵਿਚ ਸ੍ਰੀ ਗੁਰੂ ਗੋਬੰਦ ਸਿੰਘ ਜੀ ਦੇ ਕੋਈ ਕਰੀਬੀ ਸੰਗੀ-ਸਾਥੀ ਹੋਣ।ਤੇ ਕਦੀ ਉਨ੍ਹਾਂ ਦੀ ਛੋਟੀ ਓਮਰ ਤੇ ਚੜ੍ਹਦੀ ਜਵਾਨੀ ਦੇਖ ਕੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੇ ਸਿਖੀ ਪ੍ਰਚਾਰ ਲਈ ਦੁਬਾਰਾ ਜਨਮ ਲੈਣ ਦੇ ਅੰਦਾਜ਼ੇ ਲਗਾਉਣ ਲਗ ਪੈਂਦੀ।ਸੰਤਾਂ ਦੇ ਸੁੰਦਰ ਸਰੂਪ ਵਿਚੋਂ ਆ ਰਹੀ ਇਲਾਹੀ ਕਿਰਨਾ ਦੀ ਬਰਸਾਤ,ਉਸਨੂੰ ਆਤਮਿਕ-ਮੰਡਲਾਂ ਵਿਚ ਪਹੁੰਚਾਈ ਰੱਖਦੀ।

ਪ੍ਰੋਗਰਾਮ ਦੇ ਅਖੀਰ ਵਿਚ ਜਦੋਂ ਅਨੰਦ ਸਾਹਿਬ ਦਾ ਪਾਠ ਸ਼ੁਰੂ ਹੁੰਦਾ ਤਾਂ ਉਹ ਸੰਤਾਂ ਦੇ ਨੈਣ-ਕਟੋਰੇ ਰੰਗ-ਰਸ ਨਾਲ ਛਲਕਦੇ ਹੋਏ ਦੇਖ ਕੇ ਇਸ ਤਰ੍ਹਾਂ ਅਨੁਭਵ ਕਰਦੀ ਜਿਵੇਂ ਸੰਤ ਜੀ ਉਸੇ ਅਨੰਦ ਦੀ ਪ੍ਰਾਪਤੀ ਵਿਚ ਹੀ ਨੈਣ ਛਲਕਾ ਰਹੇ ਹੋਣ ਜਿਸ ਅਨੰਦ ਦਾ ਜ਼ਿਕਰ ਸ੍ਰੀ ਗੁਰੂ ਅਮਰ ਦਾਸ ਜੀ ਨੇ ਅਨੰਦ ਸਾਹਿਬ ਵਿਚ ਕੀਤਾ ਹੈ। ਸਿਰ ਝੁਕਾਈ,ਇਕ ਥਾਂ ਉਤੇ ਨਜ਼ਰ ਟਿਕਾਈ,ਪ੍ਰੇਮ ਹੁਲਾਰਿਆਂ ਦੀ ਮਸਤੀ ਵਿਚ ਝੂਮਦੇ ਹੋਏ ਸੰਤ ਦਰਸ਼ਨ ਝਲਕਾਂ ਦੇ ਅਨੁਭਵੀ ਲਿਸ਼ਕਾਰੇ ਮਾਰਦੇ ਹੋਏ ਅਨੰਦ-ਮੰਗਲ ਦੀ ਮੂਰਤੀ ਦਿਖਾਈ ਦਿੰਦੇ।ਕਲਪਨਾਂ ਦੀਆਂ ਉਡਾਰੀਆਂ ਰਾਹੀਂ ਉਹ ਦੇਖਦੀ ਕਿ ਸਾਰੀ ਸੰਗਤ ਸੰਤਾਂ ਵਲ ਦੇਖ ਰਹੀ ਹੈ ਪਰ ਸੰਤਾ ਦਾ ਧਿਆਨ ਸਿਰਫ ਸਤਿਗੁਰਾਂ ਦੇ ਚਰਨ-ਕੰਵਲਾਂ ਵਿਚ ਟਿਕਿਆ ਹੋਇਆ ਹੈ।ਸਤਿਗੁਰੂ ਸੰਤ ਜੀ ਨੂੰ ਦਰਸ਼ਨ ਦੇ ਕੇ ਰਿਝਾ ਰਹੇ ਹਨ।ਵਧਾਈਆਂ ਹੋ ਰਹੀਆਂ ਹਨ।ਰਾਗ ਰਤਨ ਪਰਿਵਾਰ ਪਰੀਆਂ ਉਸੇ ਸਟੇਜ ਉਤੇ ਆ ਕੇ ਸ਼ਬਦ ਗਾ ਰਹੀਆਂ ਹਨ।ਹਾਂ ਜੀ...!ਅਨੰਦ ਮੰਗਲ ਹੋ ਰਿਹਾ ਹੈ।

ਆਪਣੇ ਘਰ ਵਿਚ ਬੈਠੀ ਹੀ ਉਹ ਸੰਤਾਂ ਮਹਾਂ ਪੁਰਖਾਂ ਦੀ ਸੁਰਤੀ ਨਾਲ ਸੁਰਤੀ ਜੋੜ ਕੇ ਲਾਹੇ ਖੱਟ ਰਹੀ ਹੈ।ਟੀ.ਵੀ.ਅੱਗੇ ਅਨੰਦ ਮੰਗਲ ਹੋ ਰਿਹਾ ਹੈ ਪਰ ਬਾਹਰ ਕੁਝ ਹੋਰ ਹੀ ਰੰਗ ਵਰਤ ਰਿਹਾ ਹੈ। ਕਮਰੇ ਦੇ ਬਾਹਰ ਦਰਵਾਜੇ ਕੋਲ ਕੁਰਸੀ ਉਤੇ ਬੈਠੇ ਬੀਬੀ ਜੀ ਦੇ ਪਤੀ ਬੀਬੀ ਜੀ ਨੂੰ ਸੁਣਾ ਸੁਣਾ ਆਪਣੇ ਦਿਲ ਹਲਕਾ ਕਰ ਰਹੇ ਹਨ;- " ਦੇਖੋ...! ਕਿਦਾਂ ਇਸ ਨਿੱਕੂ ਸਾਧ ਦੇ ਪਿਛੇ ਲਗੀ ਹੋਈ ਹੈ...?ਸਿੱਠਣੀਆਂ (ਸੰਤ ਸਿੱਠਣੀਆਂ ਦੀ ਧੁਨੀ ਉਤੇ ਗੁਰੂ ਪਿਆਰ ਦੇ ਸ਼ਬਦ ਪੜ੍ਹਦੇ ਸੀ) ਸੁਣ ਸੁਣ ਕੇ ਇਸ ਨੂੰ ਰੱਜ ਨਹੀਂ ਆਉਂਦਾ...।ਸ੍ਰੀ ਗੁਰੁ ਅਮਰਦਾਸ ਜੀ ਨੇ ਅਨੰਦ ਸਾਹਿਬ ਵਿਚ ਸਾਫ ਕਿਹਾ ਹੈ।

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥

ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥

ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥

ਇਸ ਨੇ ਤਾਂ ਗੁਰੂ ਦੀ ਗਲ ਭੀ ਨਹੀਂ ਮੰਨੀ...! ਮੇਰੀ ਗਲ ਤਾਂ ਕੀ ਮੰਨਣੀ ਹੈ.. ? ਬਸ...! ਇਸ ਨਿੱਕੂ ਸਿੰਘ ਦੇ ਪਿਛੇ ਪਈ ਰਹਿਣਾ ਹੈ।"ਕਮਰੇ ਦੇ ਅੰਦਰ ਜਾ ਕੇ ਬੋਲਣ ਤੋਂ ਤਾਂ ਗੁਰੇਜ਼ ਕੀਤੀ ਪਰ ਬਾਹਰ ਬੈਠ ਕੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰ ਲਿਆ।ਓਧਰ ਬੀਬੀ ਜੀ ਦੀ ਮਸਤੀ ਉਤੇ ਕਿਸੇ ਗਲ ਦਾ ਕੋਈ ਅਸਰ ਹੀ ਨਾ ਹੋਇਆ।ਉਸਨੇ ਸੁਣ ਕੇ ਭੀ ਸਭ ਕੁਝ ਅਣ-ਸੁਣਿਆਂ ਕਰ ਦਿਤਾ ਤੇ ਆਪਣੇ ਅਨੰਦ ਨੂੰ ਵਿਘਨ ਪੈਣ ਤੋਂ ਬਚਾਈ ਰਖਿਆ।ਬੜੇ ਅਰਾਮ ਨਾਲ ਖਾਣਾਂ ਲਿਆ ਕੇ ਮੇਜ ਉਤੇ ਸਜਾਇਆ।

ਗੁੱਸੇ ਵਿਚ ਆ ਕੇ ਕਹੀ ਹੋਈ ਗਲ ਦਾ ਜਵਾਬ ਅਗੋਂ ਗੁੱਸੇ ਵਿਚ ਆਉਂਦਾ ਤਾਂ ਫਿਰ ਤਾਂ ਕੋਈ ਗਲ ਬਣਦੀ...!ਪਰ ਪਤਨੀ ਦੇ ਚੇਹਰੇ ਉਤੇ ਤਾਂ ਗੁੱਸੇ ਦੀ ਕਾਲਖ ਦੀ ਥਾਂ ਪ੍ਰਭੂ-ਭਗਤੀ ਦੀ ਲੋਅ ਲਿਸ਼ਕਾਰੇ ਮਾਰਦੀ ਪਈ ਸੀ।ਪਤੀ ਨੂੰ ਆਪਣੇ ਗੁੱਸੇ ਵਿਚ ਕਹੀਆਂ ਹੋਈਆਂ ਗੱਲਾਂ ਦੇ ਵਿਅਰਥ ਜਾਣ

ਦਾ ਅਫਸੋਸ ਹੋਇਆ।ਪਤਨੀ ਦੀ ਇਲਾਹੀ ਮੰਡਲਾਂ ਦੀ ਦੁਨੀਆਂ ਦੇ ਅਨੁਭਵਾਂ ਤੋਂ ਅਣਜਾਣ ਪਤੀ ਨੇ ਇਕ ਵਾਰੀ ਫਿਰ ਕੱਚੀ ਬਾਣੀ ਅਤੇ ਸਿੱਠਣੀਆਂ ਦੀ ਗੱਲ ਛੇੜੀ ਪਰ ਪਤਨੀ ਦੀ ਦਿਲ-ਧਰਤੀ ਉਤੇ ਤਾਂ ਗੁੱਸੇ ਦੀਆਂ ਕੰਡਿਆਲੀਆਂ ਝਾੜੀਆਂ ਦੀ ਥਾਂ ਪ੍ਰੇਮ ਅਤੇ ਸ਼ਰਧਾ ਦੇ ਫੁੱਲ ਟਹਿਕ ਰਹੇ ਸਨ।ਉਸ ਨੇ ਗੱਲ ਨਿਪਟਾਉਣ ਲਈ ਬੱਸ ਐਨਾ ਹੀ ਕਿਹਾ;"ਬਹੁਤੀਆਂ ਗੱਲਾਂ ਦੀ ਤਾਂ ਮੈਨੂੰ ਸੋਝੀ ਨਹੀਂ ਹੈ।ਮੈ ਤਾਂ ਸਿਰਫ ਐਨਾਂ ਹੀ ਜਾਣਦੀ ਹਾਂ ਕਿ ਸੰਤਾਂ ਦੇ ਬਚਨਾਂ ਨਾਲ ਸੁਰਤੀ ਜੁੜਦੀ ਹੈ।ਲੱਖਾਂ ਲੋਕੀਂ ਇਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤ ਸ਼ਕ ਰਹੇ ਹਨ। "




**ਨੋਟ: ਸ਼ਹੀਦਾਂ ਸਿੰਘਾਂ ਦੇ ਸੰਧਰਵ ਵਿਚ ਜੋ ਕੁਝ ਲਿਖਿਆ ਗਿਆ ਹੈ ਉਹ ਸਭ ਬੀਬੀ ਗੁਰਦੀਪ ਕੌਰ ਜੀ ਦੇ ਮੂਹੋਂ ਸੁਣੀਆਂ ਉਨ੍ਹਾਂ ਦੀਆਂ ਹੱਡ-ਬੀਤੀਆਂ ਹਨ ਜਾਂ ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਗੁਰੂ ਪਿਆਰਿਆਂ ਦੇ ਹੰਢਾਏ ਹੋਏ ਪਲਾਂ ਦੇ ਅਨੁਭਵ ਹਨ।**

**ਸੁਸ਼ੀਲ ਕੌਰ**

# ਬ੍ਰਹਮੰਡੀ ਊਰਜਾ ਦਾ ਹੜ੍ਹ

ਰੂਹਾਨੀ ਵਿਦਿਆ ਦੀ ਮਾਹਿਰ,ਇਕ ਡਾਕਟਰ ਟੀ.ਵੀ.ਪ੍ਰੋਗਰਾਮ ਵਿਚ ਅੰਮ੍ਰਿਤ ਵੇਲੇ ਅਤੇ ਸੰਧਿਆਂ ਕਾਲ ਸਮੇ ਕੀਤੇ ਜਪ ਤਪ ਦੇ ਲਾਹੇ ਪ੍ਰਾਪਤ ਕਰਨ ਦੀ ਗਲ ਕਰਦੀ ਹੋਈ ਬੜੀ ਭਾਵੁਕ ਹੋ ਕੇ ਬ੍ਰਹਮੰਡੀ ਊਰਜਾ ਦੀ ਜਾਣਕਾਰੀ ਦੇ ਰਹੀ ਸੀ।ਉਹ ਦੱਸ ਰਹੀ ਸੀ ਕਿ ਰਾਤ ਅਤੇ ਦਿਨ ਦੇ ਮਿਲਾਪ ਸਮੇ ਬ੍ਰਹਮੰਡੀ ਊਰਜਾ ਦਾ ਹੜ੍ਹ ਆਇਆ ਹੋਇਆ ਹੁੰਦਾ ਹੈ।‘ਊਰਜਾ ਦਾ ਹੜ੍ਹ’ ਆਪ-ਮੁਹਾਰੇ ਉਸਦੇ ਮੂੰਹੋਂ ਵਾਰ ਵਾਰ ਨਿਕਲੀ ਜਾਵੇ ਪਰ ਉਸ ਕੋਲ ਉਸ ਹੜ੍ਹ ਦੀ ਚਿੱਤ੍ਰ-ਰੇਖਾ ਉਲੀਕਣ ਲਈ ਕੋਈ ਸ਼ਬਦ ਨਹੀਂ ਸੀ।ਉਸ ਨੇ ਇਹ ਨਹੀਂ ਦੱਸਿਆ ਕਿ ਇਹ ਹੜ੍ਹ ਕਿੱਥੇ ਆਉਂਦਾ ਹੈ।ਧਰਤੀ ਉਤੇ ਆਉਂਦਾ ਹੈ ਜਾਂ ਅਸਮਾਨ ਵਿਚ ਆਉਂਦਾ ਹੈ ਪਰ ਉਸਦੀਆਂ ਗੱਲਾਂ ਤੋਂ ਸੰਕੇਤ ਮਿਲ ਰਿਹਾ ਸੀ ਕਿ ਉਸ ਹੜ੍ਹ ਦਾ ਰਿਸ਼ਤਾ ਸਾਡੇ ਦਿਲਾਂ ਨਾਲ ਹੈ।ਦਿਨ ਤੇ ਰਾਤ ਦੇ ਸੁਮੇਲ ਨਾਲ ਹੈ।ਜਦੋਂ ਚਾਨਣ ਹਨੇਰੇ ਨੂੰ ਗਲੇ ਲਗਾਉਂਦਾ ਹੈ ਤਾਂ ਪਤਾ ਨਹੀਂ ਉਹ ਕਿਹੜੀਆਂ ਪ੍ਰੇਮ-ਕੰਬਣੀਆਂ ਛਿੜਦੀਆਂ ਹਨ ਜਿਨ੍ਹਾਂ ਦੀ ਥਰ-ਥਰਾਹਟ ਬ੍ਰਹਮੰਡੀ ਊਰਜਾ ਦਾ ਹੜ੍ਹ ਬਣ ਕੇ ਵਹਿਣ ਲੱਗ ਪੈਂਦੀ ਹੈ।ਉਸ ਵੇਲੇ ਕਣ ਕਣ ਵਿਚ ਹਰਕਤ ਆ ਜਾਂਦੀ ਹੈ।ਭਗਤਾਂ ਲਈ ਇਹ ‘ਦੇਵਤਿਆਂ ਦਾ ਵੇਲਾ’ ਹੁੰਦਾ ਹੈ।ਆਰਤੀਆਂ ਉਤਾਰਨ ਦਾ ਵੇਲਾ...।

ਅਨੰਤ ਕਾਲ ਤੋਂ,ਨਿਰੰਤਰ ਹੋ ਰਹੀ ਬਾਬੇ ਨਾਨਕ ਦੀ ਆਰਤੀ ਦੇ ਰੰਗ ਅੰਮ੍ਰਿਤ ਵੇਲੇ ਅਤੇ ਸੰਧਿਆ ਕਾਲ ਵਿਚ ਹੋਰ ਗੂੜ੍ਹੇ ਹੋ ਜਾਂਦੇ ਹਨ।ਗਗਨ ਰੂਪੀ ਥਾਲ ਵਿਚ ਰੰਗਾਂ ਦੇ ਮੇਲਾ ਲਗ ਜਾਂਦਾ ਹੈ।ਚੰਦ ਸੂਰਜ ਦੇ ਦੀਵੇ ਅਤੇ ਤਾਰਿਆਂ ਦੇ ਮੋਤੀਅ ਨਾਲ ਸਜੇ ਇਸ ਆਰਤੀ ਦੇ ਥਾਲ ਉਤੇ ਝੂੱਲ ਰਹੇ ਪਵਣ ਦੇ ਚੌਰ ਦੀ ਝੋਲ ਵਿਚੋਂ ਨਿਕਲਦੀਆਂ ਅਨਾਹਤ ਵਾਜੇ(ਭੇਰੀ)ਦੀਆਂ ਅਨਹਦੀ ਧੁਨੀਆਂ ਭਗਤੀ ਦੇ ਰੰਗਾਂ ਵਿਚ ਵਾਧਾ ਕਰਨ ਲਈ ਬ੍ਰਹਮੰਡੀ ਊਰਜਾ ਦਾ ਰੰਗ ਵਰ੍ਹਾਉਂਦੀਆਂ ਹਨ।

ਲਿਵ ਦੀਆਂ ਡੋਰਾਂ ਵਿਚ ਬੱਝ ਕੇ ਆਤਮਿਕ ਹੁਲਾਰਿਆਂ ਦਾ ਅਨੰਦ ਲੈਣ ਵਾਲੀ ਬੀਬੀ ਦੇ ਚੇਹਰੇ ਦੇ ਹਾਵ ਭਾਵ ਦੱਸ ਰਹੇ ਸੀ ਕਿ ਉਸਨੇ ਇਸ ਹੜ੍ਹ ਵਿਚ ਰੱਜ ਰੱਜ ਕੇ ਤਾਰੀਆਂ ਲਾਈਆਂ ਹੋਈਆਂ ਹਨ।ਆਪ ਹੀ ਨਹੀਂ ਸਗੋਂ ਦੂਜਿਆਂ ਨੂੰ ਵੀ ਆਪਣੇ ਮਜਬੂਤ ਹੱਥਾਂ ਦੀ ਪਕੜ ਵਿਚ ਲੈ ਕੇ ਇਸ ਹੜ੍ਹ ਵਿਚ ਡੁਬਕੀਆਂ ਦੁਆ ਕੇ ਉਚ-ਮੰਡਲਾਂ ਦੇ ਰੰਗ-ਰਸ ਦੀ ਜਾਣ ਪਛਾਣ ਕਰਵਾਈ ਹੈ।ਊਰਜਾ ਦੇ ਹੜ੍ਹ ਵਿਚੋਂ ਚੂਲੀਆਂ ਭਰ ਭਰ ਦੁਖਿਆਰਿਆਂ ਦੇ ਸੱਲੜੇ ਜ਼ਖਮਾਂ ਉਤੇ ਡੋਲ੍ਹੀਆਂ ਅਤੇ ਉਨ੍ਹਾਂ ਨੂੰ ਹਰਿਆਂ ਭਰਿਆਂ ਕੀਤਾ।

ਰੂਹਾਨੀ ਰਾਹਾਂ ਦੇ ਪਾਂਧੀਆਂ ਮੂਹੋਂ ਨਿਕਲਦੀਆਂ ਗੱਲਾਂ ਸੱਚ ਦੇ ਤ੍ਰਿਹਾਇਆਂ ਦੇ ਦਿਲਾਂ ਉਤੇ ਸਿੱਧੀਆਂ ਟਕੋਰਾਂ ਮਾਰਦੀਆਂ ਹਨ।ਉਨ੍ਹਾਂ ਦੇ ਮਿੱਠੜੇ ਬੋਲ ਕੰਨਾਂ ਵਿਚ ਰਸ ਘੋਲ ਜਾਂਦੇ ਹਨ।ਰੰਗ-ਰੱਤੜੀਆਂ ਜਿੰਦਾਂ ਜਦੋਂ ਆਪਣੇ ਹੰਢਾਏ ਹੋਏ ਰੂਹਾਨੀ ਪਲਾਂ ਦੀਆਂ ਕਥਾ ਕਹਾਣੀਆਂ ਕਰਦੀਆਂ ਹਨ ਤਾਂ ਉਨ੍ਹਾਂ ਦੀਆਂ ਨੂਰਾਨੀ ਰਸ-ਰੰਗ ਨਾਲ ਭਰੀਆਂ ਅਖੀਆਂ ਰਾਹੀਂ ਵਰ੍ਹਦੀਆਂ ਕਿਰਨਾ, ਉਨ੍ਹਾਂ ਰੰਗਾਂ ਦੀ ਬਰਸਾਤ ਲਗਾ ਦਿੰਦੀਆਂ ਹਨ,ਜਿਨ੍ਹਾਂ ਰੰਗਾਂ ਦਾ ਵਰਨਣ ਕਰਨ ਲਈ ਅੱਜ ਤੱਕ ਦੁਨੀਆਂ ਦੀ ਕਿਸੇ ਭਾਸ਼ਾ ਨੂੰ ਵੀ ਕੋਈ ਸ਼ਬਦ ਨਹੀਂ ਲੱਭਿਆ।ਗੁੰਗੇ ਦੀ ਮਠਿਆਈ ਖਾਣ ਵਾਂਗੂੰ ਕੁਝ ਬੋਲਿਆ ਤਾਂ ਨਹੀਂ ਜਾਂਦਾ ਪਰ ਇਲਾਹੀ ਰਸਾਂ ਦੇ ਸਵਾਦ-ਚਿਤੱਰ ਉਨ੍ਹਾਂ ਦੇ ਚੇਹਰਿਆਂ ਦੀਆਂ ਦਗ੍ਹ ਦਗ੍ਹ ਕਰਦੀਆਂ ਲਾਲੀਆਂ ਰਾਹੀਂ ਟਪਕ ਪੈਂਦੇ ਹਨ।

ਟੀ.ਵੀ.ਪ੍ਰੋਗਰਾਮ ਦੇਖਣ ਵਾਲੇ ਨੂੰ ਇਸ ਗੱਲ ਦਾ ਗਿਆਨ ਹੋ ਗਿਆ ਕਿ ਅੰਮ੍ਰਿਤ ਵੇਲੇ ਦੇ ਨਿਤ ਨੇਮ ਅਤੇ ਸ਼ਾਮ ਵੇਲੇ ਰਹਿਰਾਸ ਸਾਹਿਬ ਦੀ ਬਾਣੀ ਪੜ੍ਹਨ ਸਮੇ ਇਲਾਹੀ ਮੰਡਲ ਦੀਆਂ ਘਨਘੋਰ ਘਟਾਵਾਂ ਦੀਆਂ ਘੇਰਾਂ ਵਿਚ ਮਨ ਕਿਵੇਂ ਟਿਕ ਜਾਂਦਾ ਹੈ ਤੇ ਫਿਰ ਬਾਕੀ ਸਾਰਾ ਦਿਨ ਉਹ ਗੱਲ ਕਿਉਂ ਨਹੀਂ ਬਣਦੀ। ਉਸਨੂੰ ਬਚਪਨ ਤੋਂ ਹੀ ਚੜ੍ਹਦੇ ਅਤੇ ਲਹਿੰਦੇ ਸੂਰਜ ਦੀਆਂ ਲਾਲੀਆਂ ਦੇ ਰੰਗ ਮਾਨਣ ਦੀ ਆਦਤ ਸੀ।ਫਿਰ ਸਾਧੂ ਸੰਤਾਂ ਦੀ ਸੰਗਤ ਜੀਵਨ ਵਿਚ ਗੁਰਬਾਣੀ ਦੇ ਪ੍ਰੇਮ ਦਾ ਰਸ ਘਚੋਲਦੀ ਰਹੀ। ਭਾਈ ਵੀਰ ਸਿੰਘ ਜੀ ਦੀਆਂ ਲਿਖਤਾਂ ਨੇ ਕੁਦਰਤ ਵਿਚੋਂ ਕਾਦਰ ਦੇ ਰੰਗ ਦੇਖਣ ਦੀ ਲਗਨ ਲਗਾ ਦਿੱਤੀ, ਹੇਮ ਕੁੰਟ ਸਾਹਿਬ ਦੀ ਯਾਤਰਾ ਵਿਚੋਂ 'ਬਲਿਹਾਰੀ ਕੁਦਰਤਿ ਵਸਿਆ॥' ਦੇ ਅਨੁਭਵ ਨੇ ਜੀਵਨ ਵਿਚ ਨਵਾਂ ਰੰਗ ਭਰ ਦਿੱਤਾ ਤੇ ਅੱਜ ਘਰ ਬੈਠਿਆਂ ਹੀ ਟੀ.ਵੀ. ਪ੍ਰੋਗਰਾਮ ਦੇਖਦਿਆਂ 'ਬ੍ਰਹਮੰਡੀ ਊਰਜਾ ਦੇ ਹੜ੍ਹ' ਨੇ ਐਸੀ ਖਿੱਚ ਪਾਈ ਕਿ ਇਸ ਧਰਤੀ ਤੋਂ ਪਰ੍ਹੇ ਉਚ ਮੰਡਲਾਂ ਵਿਚੋਂ ਖਿੱਚਾਂ ਪਾਉਣ ਵਾਲੇ ਊਰਜਾ ਦੇ ਹੜ੍ਹ ਵਿਚ ਤਾਰੀਆਂ ਲਉਣ ਲਈ ਜੀਅ ਤਰਸਿਆ।ਦਿਲ ਕਰੇ ਕਿ ਟੀ.ਵੀ.ਅੱਗੇ ਹੀ ਸਮਾਧੀ ਲਗਾ ਕੇ ਬੈਠ ਜਾਵੇ ਤੇ ਧਿਆਨ ਦੀਆਂ ਡੋਰਾਂ ਕੱਸ ਕੇ ਅੰਮ੍ਰਿਤ ਵੇਲਾ ਹੋਣ ਤੋਂ ਪਹਿਲੇ ਹੀ ਜਾ ਵੜੇ ਬ੍ਰਹਮੰਡੀ ਊਰਜਾ ਦੇ ਹੜ੍ਹ ਵਿਚ..।ਪਰ ਦਿਨ ਭਰ ਦੇ ਕੰਮਾਂ ਕਾਰਾਂ ਦੀਆਂ ਜਿੰਮੇਵਾਰੀਆਂ ਅੱਗੇ ਕੋਈ ਪੇਸ਼ ਨਾ ਗਈ।ਬ੍ਰਹਮੰਡੀ ਊਰਜਾ ਦਾ ਹੜ੍ਹ ਉਸਦੇ ਅੰਤਸ਼-ਕਰਣ ਵਿਚ ਟਿਕ ਕੇ ਬੈਠ ਗਿਆ।

ਰਾਤ ਨੂੰ ਸੁਪਨੇ ਵਿਚ ਦੇਖਦਾ ਹੈ ਕਿ ਉਹ ਆਪਣੇ ਘਰ ਦੀ ਛੱਤ ਉਤੇ ਖੜ੍ਹਾ ਹੈ ਪਰ ਉਸਦਾ ਘਰ ਉਚ ਅਸਮਾਨੀ ਪਹੁੰਚਿਆ ਹੋਇਆ ਹੈ।ਉਪਰ ਅੱਤਿ ਸੋਹਣੇ ਪ੍ਰਕਾਸ਼ ਨਾਲ ਭਰਿਆ ਹੋਇਆ,ਬਹੁਤ ਵੱਡੇ ਅਕਾਰ ਵਾਲਾ ਅਕਾਸ਼ ਇਲਾਹੀ ਨੂਰ ਨਾਲ ਜਗ ਮਗਾ ਰਿਹਾ ਹੈ ਤੇ ਫਿਰ ਅਲੌਕਿਕ ਚਮਕ ਨਾਲ

ਚਮਕਦਾ ਹੋਇਆ ਇਕ ਗ੍ਰਹਿ ਉਸਦੀਆਂ ਅਖੀਆਂ ਦੇ ਸਾਹਮਣੇ ਆਉਂਦਾ ਹੈ ਜੋ ਪੂਰਾ ਗੋਲ ਨਹੀਂ ਹੈ। ਇਕ ਪਾਸੇ ਤੋਂ ਉਸਦਾ ਇਕ ਹਿੱਸਾ ਥੋੜ੍ਹਾ ਜਿਹਾ ਉਭਰਿਆ ਹੋਇਆ ਦਿਖਾਈ ਦਿੰਦਾ ਹੈ।ਉਸਦੀ ਅੱਤਿ ਤਿੱਖੀ ਚਮਕ ਨਾਲ ਅਖੀਆਂ ਚੁੰਧਿਆਉਂਦੀਆਂ ਨਹੀਂ,ਸਗੋਂ ਇਕ ਬਹੁਤ ਸੁਖਾਵੀਂ ਚੈਨ ਦਾ ਅਨੁਭਵ ਕਰਦੀਆਂ ਹਨ ਤੇ ਉਸਨੂੰ ਵਾਰ ਵਾਰ ਦੇਖਦੀਆਂ ਹਨ।ਗ੍ਰਹਿ ਨੂੰ ਵੀ ਜਿਵੇਂ ਅਖੀਆਂ ਲੱਗੀਆਂ ਹੋਈਆਂ ਹੋਣ...। ਉਹ ਵੀ ਜਿਵੇਂ ਆਪਣੀ ਜਾਣ ਪਛਾਣ ਕਰਵਾ ਰਿਹਾ ਹੋਵੇ..।ਕਿਸੇ ਬ੍ਰਹਮੰਡੀ ਰਿਸ਼ਤੇ ਦੀ ਖਿੱਚ ਦਾ ਅਹਿਸਾਸ ਕਰਵਾ ਰਿਹਾ ਸੀ।ਗ੍ਰਹਿ ਆਪਣੀ ਚਾਲੇ ਚਲਦਾ ਗਿਆ ਤੇ ਦੇਖਣ ਵਾਲੇ ਦੀਆਂ ਨਿਗਾਹਾਂ ਉਸਦੀ ਚਾਲ ਉਤੇ ਟਿਕੀਆਂ ਰਹੀਆਂ।ਉਹ ਆਪ ਵੀ ਉਸਦੇ ਨਾਲ ਨਾਲ ਚਲਦਾ ਗਿਆ।ਪਰ ਹੁਣ ਉਸਦੇ ਪੈਰਾਂ ਥੱਲੇ ਉਸਦੇ ਘਰ ਦੀ ਛੱਤ ਨਹੀਂ ਸੀ।ਉਹ ਆਪਣੇ ਨੂਰੀ ਗ੍ਰਹਿ ਦਾ ਸੰਗੀ ਸਾਥੀ ਬਣ ਕੇ ਖੁਲ੍ਹੇ ਅਸਮਾਨੀ ਤਾਰੀਆਂ ਲਗਾ ਰਿਹਾ ਸੀ।ਛੱਤ ਪਤਾ ਨਹੀਂ ਕਿੱਥੇ ਰਹਿ ਗਈ।ਥੋੜ੍ਹੀ ਦੇਰ ਪਿਛੋਂ ਉਸਨੇ ਦੇਖਿਆ ਕਿ ਪਹਿਲਾਂ ਤਾਂ ਗ੍ਰਹਿ ਇਕੱਲਾ ਹੀ ਸੀ ਪਰ ਹੁਣ ਗ੍ਰਹਿ ਦੇ ਆਲੇ ਦੁਆਲੇ ਇਕ ਦੁੱਧ-ਚਿੱਟੇ ਬੱਦਲਾਂ ਦੇ ਛੋਟੇ ਛੋਟੇ ਟੁਕੜਿਆਂ ਨਾਲ ਭਰਿਆ ਹੋਇਆ ਅਥਾਹ ਸਾਗਰ ਲਹਿਰਾ ਰਿਹਾ ਹੈ।ਸਾਗਰ ਦੀਆਂ ਲੰਬਾਈਆਂ ਚੁੜਾਈਆਂ ਬੇ-ਹਿਸਾਬੀਆਂ ਹਨ ਤੇ ਉਸ ਚਾਂਦੀ ਦੀ ਲਿਸ਼ਕੋਰ ਵਾਂਗੂੰ ਚਮਕਦੇ ਗ੍ਰਹਿ ਦੀਆਂ ਦੂਰੀਆਂ ਵੀ ਅਣ-ਮਿਣਵੀਆਂ ਹਨ।ਇਹ ਸਭ ਕੁਝ ਉਸਨੂੰ ਨੇੜੇ ਨੇੜੇ ਲੱਗੇ..! ਬਿਲਕੁਲ ਸਾਹਮਣੇ ਹੀ..!ਕੋਲ ਕੋਲ....!

ਸਾਗਰ ਦੀ ਚੁੰਬਕੀ ਖਿੱਚ ਆਪਣੇ ਵਲ ਖਿੱਚਣ ਲੱਗੀ।ਸੋਹਜ-ਸੁਖਾਵੀ ਚਾਲ ਚਲਦੀਆਂ ਲਹਿਰਾਂ ਦੀ ਚਾਲ ਵਿਚੋਂ ਨਾਮ ਸਿਮਰਨ ਦੀ ਰਵਾਨਗੀ ਸੁਣਾਈ ਦੇਣ ਲੱਗੀ।ਉਸਨੇ ਲੰਬੀ ਬਾਂਹ ਕਰਕੇ ਸਾਗਰ ਦੀਆਂ ਲਹਿਰਾਂ ਵਿਚ ਹੱਥ ਪਇਆ।ਹੈਂ....! ਇਥੇ ਪਾਣੀ ਤੇ ਹੈ ਹੀ ਨਹੀਂ...!ਇਥੇ ਤਾਂ ਨਿਰਾ ਨੂਰ ਹੀ ਨੂਰ ਹੈ...!ਉਸਦਾ ਹੱਥ ਗਿੱਲਾ ਨਹੀਂ ਹੋਇਆ।ਨੂਰ ਨਾਲ ਭਰ ਗਿਆ ਤੇ ਨਾਲ ਹੀ ਇਕ ਐਸਾ ਕਰੰਟ ਵੱਜਿਆ ਕਿ ਉਸਦੇ ਸਾਹਾਂ ਵਿਚ ਪਈ ਨਾਮ-ਰਸ ਦੀ ਪੀਂਘ ਉਤੇ ਸਿਮਰਨ ਦੇ ਤੇਜ ਹੁਲਾਰਿਆਂ ਨਾਲ ਉਸਦੀ ਜਾਗ ਖੁਲ੍ਹ ਗਈ।ਉਸਨੇ ਦੇਖਿਆ ਉਸਦਾ ਤਨ ਮਨ ਨਾਮ-ਰਸ ਨਾਲ ਸਿੰਜਿਆ ਪਿਆ ਹੈ।

ਸੁਪਨਾ ਰੰਗ ਦਿਖਾ ਗਿਆ ਪਰ ਸਿਮਰਨ ਦਾ ਅਸਰ ਹਾਲੇ ਵੀ ਪੂਰੀ ਤਰ੍ਹਾਂ ਕਾਇਮ ਸੀ।ਇਕ ਵਾਰੀ ਅੱਖ ਖੁਲ੍ਹਣ ਦੇ ਪਿਛੋਂ ਉਸਨੇ ਸੁਪਨੇ ਦੇ ਰੰਗ-ਰਸ ਨੂੰ ਸੰਭਾਲਣ ਲਈ ਸੁਰਤੀ ਦੇ ਖੰਭਾਂ ਨੂੰ ਘੁੱਟ ਕੇ ਸਮੇਟ ਲਿਆ ਤੇ ਦੁਬਾਰਾ ਅਖੀਆਂ ਬੰਦ ਕਰਕੇ ਸਿਮਰਨ ਵਿਚ ਲੀਨ ਹੋ ਗਿਆ।ਪਤਾ ਹੀ ਨਾ ਲੱਗਿਆ ਕਿ ਕਿਹੜੇ ਵੇਲੇ ਅੰਮ੍ਰਿਤ ਵੇਲਾ ਬੀਤ ਗਿਆ।ਦਿਨ ਚੜ੍ਹ ਗਿਆ।ਨਿੱਤ ਦੇ ਰੁਝੇਵਿਆਂ ਨੇ ਉਸਨੂੰ ਬਿਸਤਰੇ ਤੋਂ ਉਠਾਇਆ ਪਰ ਉਹ ਤਾਂ ਲੜਖੜਾ ਰਿਹਾ ਸੀ।ਉਸਨੂੰ ਤਾਂ ਸਿਮਰਨ ਦੀ ਘੂਕੀ ਚੜ੍ਹੀ ਹੋਈ ਸੀ।ਖੜ੍ਹੇ ਖੜ੍ਹੇ ਦੀਆਂ ਵੀ ਅੱਖੀਆਂ ਬੰਦ ਹੋਈ ਜਾ ਰਹੀਆਂ ਸਨ।

**ਸੁਸ਼ੀਲ ਕੌਰ**



ਇਹ ਕਿਹੇ ਦਰਸ਼ਨ..? ਅੱਖੀਆਂ ਤਾਂ ਸਭ ਦੀਆਂ ਬੰਦ ਹਨ...!ਪਰ ਦਰਸ਼ਨ ਹੋ ਰਹੇ ਹਨ ਨਿਸ਼ਾਨ ਸਾਹਿਬ ਸੀਨੇ ਨਾਲ ਲਗਾਈ,ਨੰਗੇ ਪੈਰੀ, ਔਖੀਆਂ ਘਾਟੀਆਂ ਨੂੰ ਕੀਰਤਨ ਗੁੰਜਾਰਾਂ ਨਾਲ ਗੁੰਜਾਉਂਦੇ ਆਏ ਸੁੰਦਰ ਸੋਹਣੇ ਦਰਸ਼ਨ ਕਰ ਰਹੇ ਹਨ।ਹਾਂ ਜੀ!ਇਹ ਧੁਰ ਪਹੁੰਚੇ ਹੋਏ ਹਨ।

# ਦੋ ਸ਼ਬਦ

ਦਰਸਨੁ ਦੇਖਣੈ ਕਾ ਚਾਉ ਵਿਚ ਸੁਸ਼ੀਲ ਕੌਰ ਨੇ ਅੱਖਰਾਂ ਰਾਹੀਂ ਕੁਝ ਐਸੇ ਦ੍ਰਿਸ਼-ਚਿੱਤ੍ਰ ਪੇਸ਼ ਕੀਤੇ ਹਨ ਜਿਨ੍ਹਾਂ ਦੇ ਪੜ੍ਹਨ ਸੁਣਨ ਨਾਲ ਗੁਰਮੁੱਖ ਜੀਉੜਿਆਂ ਦੇ ਦਿਲਾਂ ਦੀਆਂ ਪ੍ਰੇਮ-ਤ੍ਰੰਗਾਂ ਵਿਚ ਵਾਧਾ ਹੁੰਦਾ ਹੈ ਤੇ ਪ੍ਰੇਮ-ਵਿਹੂਣੇਂ ਦਿਲਾਂ ਵਿਚ ਗੁਰੂ-ਪ੍ਰੇਮ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨ ਲਈ ਚਾਅ ਪੈਦਾ ਹੁੰਦਾ ਹੈ।

ਕਿਸੇ ਦੂਜੇ ਵਿਅਕਤੀ ਦੇ ਬਾਰੇ ਵਿਚ ਲਿਖਣ ਵੇਲੇ, ਲਿਖਣ ਵਾਲੇ ਨੂੰ ਦੂਜੇ ਦੀਆਂ ਅੰਤਰੀਵ-ਭਾਵਨਾਵਾਂ ਨੂੰ ਸਮਝਣ ਦੇ ਸਮਰੱਥ ਹੋਣਾ ਪੈਂਦਾ ਹੈ। ਸੁਸ਼ੀਲ ਕੌਰ ਨੇ ਬੀਬੀ ਗੁਰਦੀਪ ਕੌਰ ਜੀ ਦੇ ਜੀਵਨ ਦੇ ਰਾਜਨੀਤਕ ਪੱਖ ਨੂ ਬੜੀ ਸੂਰਮਤਾਈ ਨਾਲ ਉਲੀਕਿਆ ਹੈ, ਸਮਾਜਕ ਪੱਖ ਉਘਾੜਨ ਦਾ ਕੰਮ ਬੜੀ ਇਮਾਨਦਾਰੀ ਨਾਲ ਨਿਭਾਉਂ ਦਿਆਂ ਜਾਤ ਪਾਤ ਦਾ ਕੋੜ੍ਹ ਨੰਗਾ ਕੀਤਾ ਹੈ ਤੇ ਪ੍ਰੇਮਾਂ-ਭਗਤੀ ਦੇ ਦ੍ਰਿਸ਼-ਚਿਤਰਣ ਲਗਿਆਂ ਉਸ ਨੇ ਸ਼ਬਦਾਂ ਦਾ ਸੰਕੋਚ ਨਹੀਂ ਕੀਤਾ। ਸਗੋਂ ਬੀਬੀ ਜੀ ਦੀ ਮਨੋਂ-ਬ੍ਰਿਤੀ ਨਾਲ ਇਕ-ਸੁਰ ਹੋ ਕੇ, ਉਚ-ਮੰਡਲੀਂ ਉਡਾਰੀਆਂ ਮਾਰਦਿਆਂ ਬ੍ਰਿਹੋਂ-ਸੱਲੜੇ ਦਿਲ ਦੀ ਵੇਦਨਾਂ, ਡੂੰਘੀ ਮਾਨਸਿਕ ਪੀੜਾ ਤੇ ਪ੍ਰੀਤਮ ਮਿਲਾਪ ਦੀਆਂ ਅਤਿ-ਤੀਖਣ ਤਾਂਘਾਂ ਸ਼ਬਦਾਂ ਰਾਹੀਂ ਇਕ ਝਰਨੇਂ ਵਾਂਗੂੰ ਫੁਟ ਨਿਕਲੀਆਂ ਹਨ।

ਪ੍ਰੇਮ-ਵੈਰਾਗ ਦੇ ਹੰਝੂਆਂ ਵਿਚ ਭਿੱਜੀ ਕਾਵਿ ਮਈ ਸ਼ੈਲੀ ਵਿਚ ਬਿਰਹੋਂ ਗੀਤ ਅਲਾਪਦਿਆਂ ਉਸ ਨੇਂ ਬੀਬੀ ਜੀ ਦੀ ਹੇਕ ਨਾਲ ਹੇਕ ਮਿਲਾ ਕੇ ਬ੍ਰਿਹੋਂ-ਰਸ ਦੇ ਗਟਾਕ ਪੀਤੇ ਤੇ ਪਾਠਕਾਂ ਨੂੰ ਹਮਰਾਜ਼ ਬਣਾ ਕੇ ਇਸ ਮਿੱਠੜੇ ਰਸ ਨਾਲ ਮੂੰਹ ਮਿੱਠਾ ਕਰਨ ਲਈ ਸੱਦੇ ਦਿੱਤੇ ਹਨ।

ਕੁਦਰਤ ਦੇ ਰੰਗਾਂ ਦਾ ਡੂੰਘਾ ਅਸਰ ਕਬੂਲਿਆ ਹੈ। ਸਿਰਜਨਹਾਰੇ ਦੀ ਯਾਦ ਵਿਚ ਲੀਨ ਹੋ ਕੇ ਕਰਤਾ ਪੁਰਖ ਨੂੰ ਉਸ ਦੀ ਸਿਰਜਨਾਂ ਦੇ ਸ਼ੀਸ਼ੇ ਥਾਣੀ ਨਿਹਾਰਿਆ ਹੈ ਤੇ ਉਸ ਦੇ ਸੰਦੇਸ਼ ਸੁਣੇਂ ਹਨ। ਕੁਦਰਤੀ -ਦ੍ਰਿਸ਼-ਚਿਤ੍ਰਣ ਵੇਲੇ ਰੂਪ-ਰੰਗ-ਰਸ ਉਭਾਰਨ ਲਈ ਸ਼ਬਦਾਂ ਦੀ ਭਰਮਾਰ ਰਹੀ ਹੈ।

ਆਸ ਹੈ ਕਿ ਸੁਹਿਰਦ ਪਾਠਕ ਸੁਸ਼ੀਲ ਕੌਰ ਦੀ ਇਸ ਲਿਖਤ ਦਾ ਭਰਪੂਰ ਸੁਆਗਤ ਕਰਨਗੇ।

ਡਾ.ਗੁਰਵਿੰਦਰ ਕੌਰ